ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 79
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 22 March, 2026) ਐਤਵਾਰ, 22 ਮਾਰਚ, 2026, 9 ਚੇਤ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ


## ਛੇ ਰੱਖਿਆ ਪ੍ਰਾਜੈਕਟਾਂ 'ਤੇ ਕੇਂਦਰ 2.19 ਲੱਖ ਕਰੋੜ ਖ਼ਰਚ ਕਰੇਗਾ

ਨਵੀਂ ਦਿੱਲੀ, 21 ਮਾਰਚ (ਚ.ਨ.ਸ.):ਭਾਰਤ ਸਰਕਾਰ ਨੇ ਰੱਖਿਆ ਖੇਤਰ ਵਿਚ ਵੱਡਾ ਨਿਵੇਸ਼ ਕਰਦੇ ਹੋਏ ਛੇਵੀਂ ਪੀੜ੍ਹੀ ਦੇ ਜੰਗੀ ਸਾਜੋ-ਸਾਮਾਨ ਦੀ ਤਿਆਰੀ ਸ਼ੁਰੂ ਕਰ ਦਿਤੀ ਹੈ। ਕੁਲ 2.19 ਲੱਖ ਕਰੋੜ ਰੁਪਏ ਦੇ ਛੇ ਪ੍ਰਾਜੈਕਟਾਂ ਉਤੇ ਕੰਮ ਚੱਲ ਰਿਹਾ ਹੈ, ਜਿਸ ਵਿਚ 'ਅਨੰਤ ਸ਼ਸਤਰ' ਵਰਗੇ ਨਵੇਂ ਮਿਜ਼ਾਈਲ ਸਿਸਟਮ ਵੀ ਸ਼ਾਮਲ ਹਨ। ਇਹ ਪ੍ਰਾਜੈਕਟ ਡਰੋਨ ਅਤੇ ਘੱਟ ਉਚਾਈ ਵਾਲੇ ਖ਼ਤਰਨਾਕ ਹਮਲਿਆਂ ਨੂੰ ਤੁਰਤ ਨਸ਼ਟ ਕਰਨ ਲਈ ਤਿਆਰ ਕੀਤਾ ਗਿਆ ਹੈ। ਰੱਖਿਆ ਕਮੇਟੀ ਦੀ ਰਿਪੋਰਟ ਅਨੁਸਾਰ, ਭਾਰਤ 5ਵੀਂ ਅਤੇ 6ਵੀਂ ਪੀੜ੍ਹੀ ਦੇ ਲੜਾਕੂ ਜਹਾਜ਼ਾਂ ਉਤੇ

(ਬਾਕੀ ਸਫ਼ਾ 2 'ਤੇ)






# 13 ਅਪ੍ਰੈਲ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾਵੇਗਾ: ਮਾਨ

## ਸੂਬੇ ਦੀ ਆਸਥਾ ਤੇ ਮਰਯਾਦਾ ਦੀ ਰੱਖਿਆ ਲਈ ਸਖ਼ਤ ਕਾਨੂੰਨ ਲਿਆਂਦਾ ਜਾਵੇਗਾ: ਮੁੱਖ ਮੰਤਰੀ



**ਬਬਲੂ ਮਹਾਜਨ**

ਅੰਮ੍ਰਿਤਸਰ, 21 ਮਾਰਚ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਪੰਜਾਬ ਸਰਕਾਰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008 ਵਿੱਚ ਸੋਧ ਕਰਨ ਅਤੇ ਸਖ਼ਤ ਕਾਨੂੰਨ ਲਿਆਉਣ ਲਈ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਏਗੀ। ਪ੍ਰਸਤਾਵਿਤ ਕਾਨੂੰਨ ਵਿੱਚ ਸਖ਼ਤ ਸਜ਼ਾ, ਭਾਰੀ ਜੁਰਮਾਨੇ, ਜਾਇਦਾਦ ਜ਼ਬਤ ਕਰਨ ਅਤੇ ਡਿਜੀਟਲ ਸਮੱਗਰੀ ਰਾਹੀਂ ਕੀਤੇ ਗਏ ਅਪਰਾਧਾਂ ਨੂੰ ਇਸ ਦੇ ਦਾਇਰੇ ਹੇਠ ਲਿਆਉਣ ਦੀ ਵਿਵਸਥਾ ਹੋਵੇਗੀ, ਜਿਸ ਦਾ ਖਰੜਾ ਸੰਤ ਸਮਾਜ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਤਿਆਰ ਕੀਤਾ ਜਾ ਰਿਹਾ ਹੈ। ਕੋਈ ਲਿਹਾਜ਼ ਨਾ ਵਰਤਣ ਦੇ ਸਟੈਂਡ 'ਤੇ ਜ਼ੋਰ ਦਿੰਦੇ ਹੋਏ ਸਰਕਾਰ ਨੇ ਕਿਹਾ ਕਿ 'ਬੇਅਦਬੀ' ਦੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।ਸੰਤ ਸਮਾਜ ਦੇ ਮੈਂਬਰਾਂ ਅਤੇ

(ਬਾਕੀ ਸਫਾ 2 'ਤੇ)

## 'ਪੰਜਾਬ ਛੇਤੀ ਹੀ ਯੂ.ਪੀ.ਐਸ.ਸੀ. ਨੂੰ ਭੇਜੇਗਾ ਡੀ.ਜੀ.ਪੀ. ਦੇ ਨਾਵਾਂ ਦੀ ਸੂਚੀ'

ਚੰਡੀਗੜ੍ਹ, 21 ਮਾਰਚ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਸੂਬਾ ਸਰਕਾਰ ਜਲਦੀ ਹੀ ਡੀ.ਜੀ.ਪੀ. ਦੀ ਅਹੁਦੇ ਲਈ ਉਮੀਦਵਾਰਾਂ ਦਾ ਇੱਕ ਸੂਚੀ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐਸ.ਸੀ.) ਨੂੰ ਭੇਜੇਗੀ। ਸ਼ਨੀਵਾਰ ਨੂੰ ਮੁੱਖ ਮੰਤਰੀ ਨੇ ਸੂਬੇ ਦੇ ਪੁਲਿਸ ਮੁਖੀ ਦੀ ਲੰਬੇ ਸਮੇਂ ਤੋਂ ਲਟਕ ਰਹੀ ਪੱਕੀ ਨਿਯੁਕਤੀ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਇਸ ਫੈਸਲੇ ਦੀ ਪੁਸ਼ਟੀ ਕੀਤੀ। ਹਾਲਾਂਕਿ ਉਨ੍ਹਾਂ ਨੇ ਇੱਕ ਮੁੱਖ ਸ਼ਰਤ ਰੱਖੀ ਹੈ ਕਿ ਅਧਿਕਾਰੀਆਂ ਦੀ ਚੋਣ ਕਰਨ ਵਾਲੇ ਯੂ.ਪੀ.ਐਸ.ਸੀ.ਪੈਨਲ (ਇਮਪੈਨਲਮੈਂਟ ਕਮੇਟੀ) ਵਿੱਚ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਇੱਕ ਮੈਂਬਰ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਸੂਬੇ ਦੇ ਪੱਖ ਦੀ ਬਿਹਤਰ ਨੁਮਾਇੰਦਗੀ

(ਬਾਕੀ ਸਫਾ 2 'ਤੇ)

### ਡਿਸਟ੍ਰਿਕਟ ਮੈਨੇਜਰ ਮੌਤ ਮਾਮਲੇ 'ਚ ਹੋਈ ਕਾਰਵਾਈ

# ਮਾਨ ਨੇ ਮੰਤਰੀ ਲਾਲਜੀਤ ਸਿੰਘ ਭੁੱਲਰ ਤੋਂ ਲਿਆ ਅਸਤੀਫ਼ਾ

## ਕਿਸੇ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ : ਮੁੱਖ ਮੰਤਰੀ

**ਚੜ੍ਹਦੀਕਲਾ ਬਿਊਰੋ**



ਚੰਡੀਗੜ੍ਹ, 21 ਮਾਰਚ: ਵਿਵਾਦਿਤ ਵੀਡੀਓ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਾਰਵਾਈ ਕਰਦੇ ਹੋਏ ਮੰਤਰੀ ਲਾਲਜੀਤ ਸਿੰਘ ਭੁੱਲਰ ਤੋਂ ਅਸਤੀਫ਼ਾ ਲੈ ਲਿਆ ਗਿਆ ਹੈ। ਮੁੱਖ ਮੰਤਰੀ ਨੇ ਮੁੱਖ ਸਕੱਤਰ ਨੂੰ ਮਾਮਲੇ ਦੀ ਨਿਰਪੱਖ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਕਿਸੇ ਤਰ੍ਹਾਂ ਦੀ ਕੁਤਾਹੀ ਬਰਾਦਸ਼ਤ ਨਹੀਂ ਕਰਾਂਗੇ। ਦੱਸ ਦੇਈਏ ਕਿ ਪੰਜਾਬ ਰਾਜ ਵੇਅਰਹਾਊਸ ਕਾਰਪੋਰੇਸ਼ਨ ਦੇ ਅੰਮ੍ਰਿਤਸਰ ਜ਼ਿਲ੍ਹਾ ਮੈਨੇਜਰ (ਡੀ.ਐਮ.) ਗਗਨਦੀਪ ਸਿੰਘ ਰੰਧਾਵਾ ਨੇ ਖੁਦਕੁਸ਼ੀ ਕਰ ਲਈ ਹੈ। ਉਨ੍ਹਾਂ ਨੇ ਕਥਿਤ ਤੌਰ 'ਤੇ ਆਮ ਆਦਮੀ ਪਾਰਟੀ ਦੇ ਮੰਤਰੀ ਲਾਲਜੀਤ ਭੁੱਲਰ ਨੂੰ ਆਪਣੇ ਕੰਮਾਂ ਲਈ ਜ਼ਿੰਮੇਵਾਰ ਠਹਿਰਾਇਆ ਹੈ।ਉਨ੍ਹਾਂ ਨੇ ਜ਼ਹਿਰ ਨਿਗਲਣ ਤੋਂ ਪਹਿਲਾਂ ਇੱਕ ਵੀਡੀਓ ਬਣਾਈ, ਜੋ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ। ਗਗਨਦੀਪ ਸਿੰਘ ਰੰਧਾਵਾ ਕਥਿਤ ਤੌਰ 'ਤੇ ਅੰਮ੍ਰਿਤਸਰ ਅਤੇ ਤਰਨਤਾਰਨ ਵਿੱਚ ਸੇਵਾ ਨਿਭਾ ਰਹੇ ਸਨ। ਘਟਨਾ ਤੋਂ ਬਾਅਦ, ਉਨ੍ਹਾਂ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ।ਦੱਸ ਦੇਈਏ ਕਿ ਡੀ.ਐਮ. ਮੌਤ ਮਾਮਲੇ ਵਿਚ ਮੁੱਖ ਮੰਤਰੀ ਵੱਲੋਂ ਇਹ ਅਸਤੀਫਾ ਲਿਆ ਹੈ। ਹੁਣ ਦੇਖਣਾ ਹੋਵੇਗਾ ਕਿ ਜਾਂਚ ਵਿਚ ਕੀ ਸਾਹਮਣੇ ਆਉਂਦਾ ਹੈ। ਦੇਖਿਆ ਜਾਵੇਗਾ ਕਿ ਵੀਡੀਓ ਵਿਚ ਜੋ ਮੰਤਰੀ ਲਾਲਜੀਤ ਭੁੱਲਰ ਦਾ ਨਾਂ ਸਾਹਮਣੇ ਆਇਆ ਹੈ ਤੇ ਉਨ੍ਹਾਂ 'ਤੇ ਜੋ ਦੋਸ਼ ਲਗਾਏ ਗਏ ਹਨ ਕੀ ਉਹ ਸੱਚਮੁੱਚ ਸਹੀ ਹਨ। ਵਾਇਰਲ ਵੀਡੀਓ ਵਿਚ ਮੰਤਰੀ ਲਾਲਜੀਤ ਭੁੱਲਰ 'ਤੇ ਕੁੱਟਮਾਰ ਦੇ ਦੋਸ਼ ਲਗਾਏ ਗਏ ਹਨ। ਹਾਈ ਲੈਵਲ 'ਤੇ ਕਮੇਟੀ ਬਣਾ ਦਿੱਤੀ ਗਈ ਹੈ ਜਿਸ ਵੱਲੋਂ ਪੂਰੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

ਅਸਤੀਫ਼ੇ ਤੋਂ ਬਾਅਦ ਲਾਲਜੀਤ ਭੁੱਲਰ ਦਾ ਪਹਿਲਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਮੇਰੇ 'ਤੇ ਜੋ ਇਲਜ਼ਾਮ ਲੱਗ ਰਹੇ ਨੇ ਉਹ ਗਲਤ ਨੇ ਮੈਂ ਨਿਰਦੋਸ਼ ਹਾਂ।ਮਾਮਲੇ ਦੀ ਜਾਂਚ 'ਚ ਕੋਈ ਮੁਸ਼ਕਿਲ ਨਾ ਆਵੇ ਇਸ ਲਈ ਮੈਂ ਮੁੱਖ ਮੰਤਰੀ ਨੂੰ ਆਪਣਾ ਅਸਤੀਫ਼ਾ ਦੇ ਦਿੱਤਾ ਹੈ। ਮੇਰੀ ਬੇਨਤੀ ਹੈ ਕਿ ਮਾਮਲੇ ਦੀ ਨਿਰਪੱਖ ਤਰੀਕੇ ਨਾਲ ਜਾਂਚ ਕਰਵਾਈ ਜਾਵੇ। ਸਾਡੀ ਪਾਰਟੀ ਇਮਾਨਦਾਰ ਹੈ ਤੇ ਮੈਂ ਵੀ ਇਮਾਨਦਾਰੀ ਨਾਲ ਸੇਵਾ ਕੀਤੀ ਹੈ।

### ਗਗਨਦੀਪ ਸਿੰਘ ਰੰਧਾਵਾ ਵੱਲੋਂ ਲਿਖੀ ਚਿੱਠੀ ਆਈ ਸਾਹਮਣੇ

## ਭੁੱਲਰ 'ਤੇ ਲਗਾਏ ਕਈ ਗੰਭੀਰ ਇਲਜ਼ਾਮ

**ਚੜ੍ਹਦੀਕਲਾ ਬਿਊਰੋ**



ਅੰਮ੍ਰਿਤਸਰ, 21 ਮਾਰਚ: ਵੇਅਰ ਹਾਊਸ ਕਾਰਪੋਰੇਸ਼ਨ ਦੇ ਡੀ.ਐਮ. ਗਗਨਦੀਪ ਸਿੰਘ ਰੰਧਾਵਾ ਦੀ ਇੱਕ ਚਿੱਠੀ ਸਾਹਮਣੇ ਆਈ ਹੈ। ਇਹ ਚਿੱਠੀ ਪੰਜਾਬ ਰਾਜ ਗੁਦਾਮ ਨਿਗਮ ਅੰਮ੍ਰਿਤਸਰ ਅਤੇ ਮੈਨੇਜਿੰਗ ਡਾਇਰੈਕਟਰ ਗੌਤਮ ਜੈਨ ਨੂੰ ਲਿਖੀ ਗਈ ਹੈ। ਇਸ ਚਿੱਠੀ 'ਚ ਉਨ੍ਹਾਂ ਲਿਖਿਆ ਕਿ ਲਾਲਜੀਤ ਸਿੰਘ ਭੁੱਲਰ ਟਰਾਂਸਪੋਰਟ ਮੰਤਰੀ ਪੰਜਾਬ ਵੱਲੋਂ ਮੈਨੂੰ 13 ਮਾਰਚ ਨੂੰ ਆਪਣੇ ਦਫ਼ਤਰ ਪੱਟੀ ਵਿਖੇ ਬੁਲਾਇਆ ਗਿਆ। ਉਨ੍ਹਾਂ ਵੱਲੋਂ ਕਿਹਾ ਕਿ ਸੁਖਦੇਵ ਸਿੰਘ ਭੁੱਲਰ ਵੱਲੋਂ ਪਾਏ ਪੀ.ਈ.ਜੀ. ਗੁਦਾਮਾਂ ਦੇ ਟੈਂਡਰ ਮੇਰੇ ਵੱਲੋਂ ਜਾਣ ਬੁੱਝ ਅਤੇ ਪੈਸੇ ਲੈ ਕੇ ਬਾਬਾ ਨਾਗਾ ਉਸਮਾ ਪੀ.ਈ.ਜੀ. ਗੁਦਾਮ ਨੂੰ ਦਿੱਤੇ ਗਏ ਹਨ। ਜਦਕਿ ਟੈਂਡਰ ਪ੍ਰਕਿਰਿਆ ਵਿਚ ਮੇਰੇ ਵੱਲੋਂ ਸਿਰਫ਼ ਸਾਂਝੀ ਨਿਰੀਖਣ ਰਿਪੋਰਟ ਬਣਾ ਕੇ ਮੁੱਖ ਦਫ਼ਤਰ ਨੂੰ ਭੇਜੀ ਗਈ ਸੀ। ਕਿਸੇ ਦਾ ਟੈਂਡਰ ਪਾਸ ਕਰਨਾ ਜਾਂ ਰੱਦ ਕਰਨਾ

ਮੇਰੇ ਇਕੱਲੇ ਦੇ ਹੱਥ ਵਿਚ ਨਹੀਂ ਹੈ। ਉਨ੍ਹਾਂ ਯਾਨੀ ਕਿ ਲਾਲਜੀਤ ਭੁੱਲਰ ਨੇ ਮੈਨੂੰ ਬਹੁਤ ਪ੍ਰੇਸ਼ਾਨ ਕੀਤਾ ਅਤੇ ਮੇਰੇ ਲਈ ਗੰਦੀ ਭਾਸ਼ਾ ਦੀ ਵਰਤੋਂ ਕਰਕੇ ਜਬਰਦਸਤੀ ਵੀਡੀਓ ਬਣਾ ਕੇ ਮੇਰੇ ਕੋਲੋਂ ਕਬੂਲ ਕਰਵਾਇਆ ਕਿ ਮੈਂ ਬਾਬਾ ਨਾਗਾ ਉਸਮਾ ਪੀ.ਈ.ਜੀ. ਗੁਦਾਮਾਂ ਦੇ ਮਾਲਕਾਂ ਕੋਲੋਂ 10 ਲੱਖ ਰੁਪਇਆ ਲੈ ਕੇ ਉਨ੍ਹਾਂ ਦਾ ਟੈਂਡਰ ਪਾਸ ਕੀਤਾ ਹੈ। ਚਿੱਠੀ 'ਚ ਅੱਗੇ ਲਿਖਿਆ ਗਿਆ ਕਿ ਮੈਂ ਬਹੁਤ ਜ਼ਿਆਦਾ ਪਰੈਸ਼ਰ ਹੋਣ ਕਰਕੇ ਇਸ ਜ਼ਿਲ੍ਹੇ ਵਿਚ ਮੈਂ ਨੌਕਰੀ ਕਰਨ ਤੋਂ ਅਸਮਰੱਥ ਹਾਂ। ਇਸ ਲਈ ਕ੍ਰਿਪਾ ਕਰਕੇ ਮੇਰੀ ਬਦਲੀ ਕਿਤੇ ਹੋਰ ਕਰ ਦਿੱਤੀ ਜਾਵੇ।

### ਪ੍ਰਧਾਨ ਮੰਤਰੀ ਵੱਲੋਂ ਈਰਾਨ ਦੇ ਰਾਸ਼ਟਰਪਤੀ ਨਾਲ ਫ਼ੋਨ 'ਤੇ ਗੱਲਬਾਤ

# ਮੋਦੀ ਨੇ ਈਰਾਨ ਦੇ ਬੁਨਿਆਦੀ ਢਾਂਚੇ 'ਤੇ ਹਮਲਿਆਂ ਸਬੰਧੀ ਪ੍ਰਗਟਾਈ ਚਿੰਤਾ

**ਚੜ੍ਹਦੀਕਲਾ ਬਿਊਰੋ**



ਨਵੀਂ ਦਿੱਲੀ, 21 ਮਾਰਚ:ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪੱਛਮੀ ਏਸ਼ੀਆ ਵਿੱਚ ਅਹਿਮ ਬੁਨਿਆਦੀ ਢਾਂਚੇ 'ਤੇ ਹੋਏ ਹਾਲੀਆ ਹਮਲਿਆਂ ਦੀ ਸਖ਼ਤ ਨਿਖੇਧੀ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਅਜਿਹੀਆਂ ਕਾਰਵਾਈਆਂ ਖੇਤਰੀ ਸਥਿਰਤਾ ਲਈ ਖ਼ਤਰਾ ਹਨ ਅਤੇ ਵਿਸ਼ਵਵਿਆਪੀ ਸਪਲਾਈ ਚੇਨ ਨੂੰ ਪ੍ਰਭਾਵਿਤ ਕਰਦੀਆਂ ਹਨ।

ਖੇਤਰ ਵਿੱਚ ਵਧਦੇ ਤਣਾਅ ਦੇ ਵਿਚਕਾਰ ਇਹ ਗੱਲਬਾਤ ਹੋਈ ਹੈ, ਕਿਉਂਕਿ ਭਾਰਤ ਸੁਰੱਖਿਆ ਸਥਿਤੀ ਨੂੰ ਹੋਰ ਵਿਗੜਨ ਤੋਂ ਰੋਕਣ ਲਈ ਉੱਚ-ਪੱਧਰੀ ਕੂਟਨੀਤਕ ਕੋਸ਼ਿਸ਼ਾਂ ਤੇਜ਼ ਕਰ ਰਿਹਾ ਹੈ।

ਮੋਦੀ ਨੇ ਈਦ ਅਤੇ ਨੌਰੋਜ਼ ਦੇ ਮੌਕੇ 'ਤੇ ਵਧਾਈਆਂ ਦਿੱਤੀਆਂ ਅਤੇ ਉਮੀਦ ਜਤਾਈ ਕਿ ਇਹ ਤਿਉਹਾਰ ਪੱਛਮੀ ਏਸ਼ੀਆ ਵਿੱਚ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਲੈ ਕੇ ਆਉਣਗੇ। ਉਨ੍ਹਾਂ ਨੇ ਊਰਜਾ ਅਤੇ ਲਾਜਿਸਟਿਕਸ ਨਾਲ ਜੁੜੇ ਅਹਿਮ ਢਾਂਚੇ 'ਤੇ ਹੋਏ ਹਮਲਿਆਂ ਦੀ ਨਿੰਦਾ ਕੀਤੀ, ਜੋ ਚੱਲ ਰਹੇ ਟਕਰਾਅ ਵਿੱਚ ਮੁੱਖ ਕੇਂਦਰ ਬਣੇ ਹੋਏ ਹਨ। ਪ੍ਰਧਾਨ ਮੰਤਰੀ ਨੇ ਸਮੁੰਦਰੀ ਆਵਾਜਾਈ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ 'ਤੇ ਜ਼ੋਰ ਦਿੱਤਾ, ਖਾਸ ਕਰਕੇ ਸਟਰੇਟ ਆਫ ਹੋਰਮੁਜ਼ ਵਰਗੇ ਰਣਨੀਤਕ ਗਲਿਆਰਿਆਂ ਵਿੱਚ। ਮੋਦੀ ਨੇ ਈਰਾਨ ਵਿੱਚ ਮੌਜੂਦ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਈਰਾਨ ਦੇ ਸਹਿਯੋਗ ਦੀ ਸ਼ਲਾਘਾ ਕੀਤੀ।

ਦੁਨੀਆਂ ਦੇ ਸਭ ਤੋਂ ਵੱਡੇ ਊਰਜਾ ਦਰਾਮਦਕਾਰਾਂ ਵਿੱਚੋਂ ਇੱਕ ਹੋਣ ਦੇ ਨਾਤੇ, ਭਾਰਤ ਨੇ ਲਗਾਤਾਰ ਈਰਾਨ ਅਤੇ ਇਜ਼ਰਾਈਲ ਵਿਚਕਾਰ ਵਧਦੇ ਟਕਰਾਅ ਕਾਰਨ ਵਿਸ਼ਵ ਸਪਲਾਈ ਚੇਨ ਅਤੇ

(ਬਾਕੀ ਸਫ਼ਾ 2 'ਤੇ)

# ਮੰਤਰੀ ਭੁੱਲਰ ਦੀਆਂ ਕਥਿਤ ਵਧੀਕੀਆਂ ਤੋਂ ਤੰਗ ਆ ਕੇ ਡੀ.ਐਮ. ਵੱਲੋਂ ਖ਼ੁਦਕੁਸ਼ੀ

**ਗੁਰਦਿਆਲ ਸਿੰਘ**



ਅੰਮ੍ਰਿਤਸਰ, 21 ਮਾਰਚ:ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਡੀ ਐਮ ਸ੍ਰੀ ਗਗਨਦੀਪ ਸਿੰਘ ਨੇ ਪੰਜਾਬ ਕੈਬਨਿਟ ਦੇ ਇਕ ਮੰਤਰੀ ਦੀਆਂ ਕਥਿਤ ਤੌਰ 'ਤੇ ਵਧੀਕੀਆਂ ਤੋਂ ਤੰਗ ਆ ਕੇ ਆਪਣੀ ਜੀਵਨ ਲੀਲਾ ਸਮਾਪਤ ਕੀਤੀ ਹੈ। ਬੀਤੀ ਰਾਤ ਮਰਹੂਮ ਸ੍ਰੀ ਗਗਨਦੀਪ ਸਿੰਘ ਨੇ ਸੋਸ਼ਲ ਮੀਡੀਆ ਤੇ ਇਕ ਵੀਡੀਓ ਜਾਰੀ ਕਰਕੇ ਪੰਜਾਬ ਕੈਬਨਿਟ ਦੇ ਪਾਵਰਫੁੱਲ ਮੰਤਰੀ ਸ੍ਰੀ ਲਾਲਜੀਤ ਸਿੰਘ ਭੁੱਲਰ ਦਾ ਨਾਮ ਲੈ ਕਿਹਾ ਕਿ ਉਨ੍ਹਾਂ ਮੰਤਰੀ ਦੇ ਕਾਰਨ ਸਲਫਾਸ ਖਾ ਲਈ ਹੈ ਤੇ ਉਹ ਇਸ ਸੰਸਾਰ ਤੋਂ ਰੁਖ਼ਸਤ ਹੋ ਰਹੇ ਹਨ।ਇਸ ਵੀਡੀਓ ਦੇ ਸਾਹਮਣੇ ਆ ਜਾਣ 'ਤੇ ਮੰਤਰੀ ਦਾ ਨਾਮ ਸ਼ਾਮਲ ਹੋਣ ਤੋਂ ਬਾਅਦ ਸਖ਼ਤ ਕਾਰਵਾਈ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੇ ਮੰਤਰੀ ਲਾਲਜੀਤ ਸਿੰਘ ਭੁੱਲਰ ਕੋਲੋਂ ਅਸਤੀਫ਼ਾ ਲਿਆ ਤੇ ਪੰਜਾਬ ਦੇ ਮੁੱਖ ਸਕੱਤਰ ਨੂੰ ਆਦੇਸ਼ ਕੀਤਾ ਕਿ ਉਹ ਇਸ ਮਾਮਲੇ ਦੀ ਨਿਰਪਖ ਜਾਂਚ ਕਰਨ।

ਜਾਣਕਾਰੀ ਮੁਤਾਬਿਕ ਸ੍ਰੀ ਗਗਨਦੀਪ ਸਿੰਘ ਵਲੋਂ ਇਕ ਟੈਂਡਰ ਕਿਸੇ ਹੋਰ ਵਿਅਕਤੀ ਨੂੰ ਦਿੱਤਾ ਸੀ ਜਿਸ ਕਾਰਨ ਲਾਲਜੀਤ ਸਿੰਘ ਭੁੱਲਰ ਉਸ ਤੋਂ ਨਰਾਜ਼ ਹੋ ਗਏ ਸਨ।ਕਿਹਾ ਜਾ ਰਿਹਾ ਹੈ ਕਿ ਇਹ ਮਾਮਲਾ ਪਿਛਲੇ ਚਾਰ ਦਿਨ ਤੋਂ ਚਲ ਰਿਹਾ ਸੀ।ਭੁੱਲਰ ਨੇ ਗਗਨਦੀਪ ਸਿੰਘ ਨੂੰ ਕਿਸੇ ਜਗ੍ਹਾ 'ਤੇ ਬੁਲਾ ਕੇ ਇਹ ਟੈਂਡਰ ਉਸ ਦੇ ਚਹੇਤੇ ਨੂੰ ਦੇਣ ਦਾ ਫੁਰਮਾਣ ਜਾਰੀ ਕੀਤਾ ਜਿਸ ਨੂੰ ਗਗਨਦੀਪ ਸਿੰਘ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।ਚਰਚਾ ਹੈ ਕਿ ਮੰਤਰੀ ਦੇ ਇਸ਼ਾਰੇ 'ਤੇ ਸ੍ਰੀ ਗਗਨਦੀਪ ਸਿੰਘ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਤਸੀਹੇ ਵੀ ਦਿੱਤੇ ਗਏ ਤੇ ਉਸ ਨੂੰ ਜ਼ਲੀਲ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

(ਬਾਕੀ ਸਫ਼ਾ 2 'ਤੇ)

# ਪੰਜਾਬ 'ਚ ਚਾਰ ਦਿਨ ਪਵੇਗਾ ਮੀਂਹ

**ਚੜ੍ਹਦੀਕਲਾ ਬਿਊਰੋ**



ਚੰਡੀਗੜ੍ਹ, 21 ਮਾਰਚ:ਪੰਜਾਬ ਦੇ ਮੌਸਮ ਦੀ ਨਵੀਂ ਅਪਡੇਟ ਸਾਹਮਣੇ ਆਈ ਹੈ। ਮੌਸਮ ਵਿਭਾਗ ਨੇ ਅੱਜ ਤੋਂ ਲੈ ਕੇ 26 ਮਾਰਚ ਤੱਕ ਪੰਜਾਬ ਦੇ ਮੌਸਮ ਦੀ ਤਾਜ਼ਾ ਜਾਣਕਾਰੀ ਸਾਂਝੀ ਕੀਤੀ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰਿੰਦਰ ਪਾਲ ਦਾ ਕਹਿਣਾ ਹੈ ਕਿ 21 ਅਤੇ 24 ਤਾਰੀਖ਼ ਨੂੰ ਮੌਸਮ ਖ਼ੁਸ਼ਕ ਰਹਿਣ ਦੀ ਉਮੀਦ ਹੈ। 22, 23, 25 ਅਤੇ 26 ਤਾਰੀਖ਼ ਨੂੰ ਰਾਜ 'ਚ ਕੁਝ ਥਾਵਾਂ 'ਤੇ ਹਲਕੀ ਬਾਰਿਸ਼ ਹੋ ਸਕਦੀ ਹੈ। ਅਗਲੇ 24 ਘੰਟਿਆਂ ਦੌਰਾਨ ਵੱਧ ਤੋਂ ਵੱਧ ਤਾਪਮਾਨ 'ਚ ਕੋਈ ਵੱਡੀ ਤਬਦੀਲੀ ਨਹੀਂ ਹੋਵੇਗੀ।

(ਬਾਕੀ ਸਫਾ 2 'ਤੇ)

## ਰਾਸ਼ਨ ਕਾਰਡ 'ਤੇ ਅਪ੍ਰੈਲ ਤੋਂ ਇੱਕਠਾ ਮਿਲੇਗਾ 3 ਮਹੀਨਿਆਂ ਦਾ ਰਾਸ਼ਨ: ਕੇਂਦਰ

ਨਵੀਂ ਦਿੱਲੀ, 21 ਮਾਰਚ (ਚ.ਨ.ਸ.):ਦੇਸ਼ ਦੇ ਕਰੋੜਾਂ ਰਾਸ਼ਨ ਕਾਰਡ ਧਾਰਕਾਂ ਲਈ ਅਪ੍ਰੈਲ ਦਾ ਮਹੀਨਾ ਬਹੁਤ ਖ਼ਾਸ ਰਹਿਣ ਵਾਲਾ ਹੈ। ਕੇਂਦਰ ਸਰਕਾਰ ਨੇ ਵਧਦੀ ਮਹਿੰਗਾਈ ਦੇ ਦੌਰ ਵਿੱਚ ਆਮ ਲੋਕਾਂ ਦੇ ਬਜਟ ਨੂੰ ਸੁਖਾਲਾ ਕਰਨ ਲਈ ਇੱਕ ਇਤਿਹਾਸਕ ਕਦਮ ਚੁੱਕਿਆ ਹੈ। 'ਪ੍ਰਧਾਨ ਮੰਤਰੀ ਗਰੀਬ

(ਬਾਕੀ ਸਫਾ 2 'ਤੇ)









# ਵਿਆਪਕ ਉਦਯੋਗਿਕ ਨਿਵੇਸ਼ ਨੇ ਪੰਜਾਬ ਦੀ ਕਾਨੂੰਨ ਵਿਵਸਥਾ ਤੇ ਸ਼ਾਸਨ 'ਚ ਹੋਏ ਸੁਧਾਰਾਂ 'ਤੇ ਮੋਹਰ ਲਗਾਈ: ਮਾਨ

**ਚੜ੍ਹਦੀਕਲਾ ਬਿਊਰੋ**



ਚੰਡੀਗੜ੍ਹ, 21 ਮਾਰਚ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ' ਲੜੀ ਤਹਿਤ 'ਆਪ' ਸਰਕਾਰ ਅਧੀਨ ਕਾਨੂੰਨ ਵਿਵਸਥਾ ਬਾਰੇ ਰਿਪੋਰਟ ਕਾਰਡ ਪੇਸ਼ ਕੀਤਾ, ਜਿਸ ਦਾ ਉਦੇਸ਼ ਲੋਕਾਂ ਦੇ ਸਾਹਮਣੇ ਚਾਰ ਸਾਲਾਂ ਦੇ ਸ਼ਾਸਨ ਦਾ ਸਪੱਸ਼ਟ ਅਤੇ ਖੇਤਰ-ਵਾਰ ਲੇਖਾ-ਜੋਖਾ ਪੇਸ਼ ਕਰਨਾ ਹੈ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਵਿੱਚ ਸੁਧਾਰ ਹੁਣ ਜ਼ਮੀਨੀ ਪੱਧਰ 'ਤੇ ਦਿਖਾਈ ਦੇ ਰਿਹਾ ਹੈ, ਜੋ ਕਿ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਤੇ ਸੰਗਠਿਤ ਅਪਰਾਧ 'ਤੇ ਨਿਰੰਤਰ ਕਾਰਵਾਈ, ਪੁਲਿਸ ਸੁਧਾਰਾਂ ਅਤੇ ਨਿਵੇਸ਼ਕਾਂ ਦੇ ਪੰਜਾਬ ਵਿੱਚ ਵਧ ਰਹੇ ਭਰੋਸੇ ਸਦਕਾ ਸੰਭਵ ਹੋਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਤਹਿਤ ਫੈਸਲਾਕੁੰਨ ਕਾਰਵਾਈ ਕੀਤੀ ਹੈ, ਜਿਸ ਵਿੱਚ 95000 ਤੋਂ ਵੱਧ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, 772 ਕਰੋੜ ਰੁਪਏ ਦੀ ਗੈਰ-ਕਾਨੂੰਨੀ ਜਾਇਦਾਦ ਜ਼ਬਤ ਕੀਤੀ ਗਈ ਅਤੇ 1100 ਤੋਂ ਵੱਧ ਗਿਰੋਹਾਂ ਨੂੰ ਬੇਨਕਾਬ ਕੀਤਾ ਗਿਆ ਹੈ। ਇਸ ਤੋਂ ਇਲਾਵਾ ਐਂਟੀ-ਡਰੋਨ ਪ੍ਰਣਾਲੀ ਵਰਗੇ ਉਪਾਵਾਂ ਨੇ ਸਰਹੱਦ ਪਾਰ ਤੋਂ ਤਸਕਰੀ ਨੂੰ ਰੋਕਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਅੱਗੇ ਕਿਹਾ ਕਿ ਰਿਕਾਰਡ ਪੁਲਿਸ ਭਰਤੀ, ਆਧੁਨਿਕੀਕਰਨ ਅਤੇ ਸੜਕ ਸੁਰੱਖਿਆ ਫੋਰਸ ਵਰਗੇ ਉਪਰਾਲੇ ਪੰਜਾਬ ਵਿੱਚ ਕਾਨੂੰਨ ਲਾਗੂ ਕਰਨ ਦੀ ਮਜ਼ਬੂਤੀ ਨੂੰ ਦਰਸਾਉਂਦੇ ਹਨ। ਅਕਾਲੀ ਲੀਡਰਸ਼ਿਪ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਗੈਂਗਸਟਰਾਂ ਦੀ ਪੁਸ਼ਤਪਨਾਹੀ ਕੀਤੀ ਅਤੇ ਅਪਰਾਧਿਕ ਨੈੱਟਵਰਕ ਨੂੰ ਖੁੱਲ੍ਹ ਦਿੱਤੀ, ਉਹ ਹੁਣ ਇਤਿਹਾਸ ਨੂੰ ਮਿਟਾ ਕੇ ਦੁਬਾਰਾ ਲਿਖਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਉਹ ਜਵਾਬਦੇਹੀ ਤੋਂ ਨਹੀਂ ਬਚ ਸਕਦੇ। ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ (ਕੋਈ ਲਿਹਾਜ਼ ਨਾ ਵਰਤਣ) ਦੀ ਨੀਤੀ ਅਪਣਾਈ ਹੈ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕੋਈ ਨਰਮੀ ਨਹੀਂ ਦਿਖਾਈ ਗਈ ਹੈ ਅਤੇ ਨਾ ਹੀ ਦਿਖਾਈ ਜਾਵੇਗੀ ਬਲਕਿ ਉਨ੍ਹਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,"ਮਾਰਚ, 2022 ਤੋਂ ਹੁਣ ਤੱਕ 95881 ਨਸ਼ਾ ਤਸਕਰਾਂ ਅਤੇ ਸਪਲਾਇਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਐਨ.ਡੀ.ਪੀ.ਐਸ. ਐਕਟ ਤਹਿਤ 71228 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ।

ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ,"10085 ਵੱਡੇ ਤਸਕਰਾਂ ਦੀ ਗ੍ਰਿਫਤਾਰੀ ਦੇ ਨਾਲ ਨਸ਼ੀਲੇ ਪਦਾਰਥਾਂ ਦੀਆਂ 6109 ਵੱਡੀਆਂ/ਵਪਾਰਕ ਖੇਪਾਂ ਜ਼ਬਤ ਕੀਤੀਆਂ ਗਈਆਂ। ਨਸ਼ੀਲੇ ਪਦਾਰਥਾਂ ਦੇ ਹੌਟਸਪੌਟਾਂ (ਵੱਧ ਪ੍ਰਭਾਵਿਤ ਇਲਾਕੇ) 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਗਿਆ ਹੈ, ਜਿਸ ਨਾਲ 5625 ਕਿਲੋਗ੍ਰਾਮ ਹੈਰੋਇਨ, 3461 ਕਿਲੋਗ੍ਰਾਮ ਅਫੀਮ, 1628 ਕੁਇੰਟਲ ਭੁੱਕੀ ਅਤੇ 4.96 ਕਰੋੜ ਟੀਕੇ, ਗੋਲੀਆਂ, ਕੈਪਸੂਲ ਅਤੇ ਸਿਰਪ ਬਰਾਮਦ ਹੋਏ ਹਨ।"ਉਨ੍ਹਾਂ ਅੱਗੇ ਕਿਹਾ,"54.47 ਕਰੋੜ ਰੁਪਏ ਦੀ

(ਬਾਕੀ ਸਫ਼ਾ 2 'ਤੇ)

# ਮੁਲਜ਼ਮਾਂ ਨੂੰ ਹੱਥਕੜੀਆਂ ਲਗਾ ਕੇ ਵੀਡੀਓ ਵਾਇਰਲ ਕਰਨਾ ਗ਼ਲਤ: ਸੁਪਰੀਮ ਕੋਰਟ

ਨਵੀਂ ਦਿੱਲੀ, 21 ਮਾਰਚ (ਚ.ਨ.ਸ.) : ਸੁਪਰੀਮ ਕੋਰਟ ਨੇ ਲੋਕਾਂ ਵੱਲੋਂ ਮੋਬਾਈਲ ਫ਼ੋਨਾਂ 'ਤੇ ਸ਼ੂਟ ਕੀਤੀਆਂ ਵੀਡੀਓਜ਼ ਨੂੰ ਸੋਸ਼ਲ ਮੀਡੀਆ 'ਤੇ ਤੁਰੰਤ ਅਪਲੋਡ ਕਰਨ ਦੇ ਰੁਝਾਨ 'ਤੇ ਚਿੰਤਾ ਪ੍ਰਗਟਾਈ ਹੈ ਅਤੇ ਕਿਹਾ ਹੈ ਕਿ ਅਜਿਹੀਆਂ ਗਤੀਵਿਧੀਆਂ ਨਿਰਪੱਖ ਸੁਣਵਾਈ ਲਈ ਗੰਭੀਰ ਖ਼ਤਰਾ ਪੈਦਾ ਕਰਦੀਆਂ ਹਨ।



ਇਹ ਟਿੱਪਣੀ ਸ਼ੁੱਕਰਵਾਰ ਨੂੰ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੌਇਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ. ਪੰਚੋਲੀ ਦੇ ਬੈਂਚ ਨੇ ਕੀਤੀ।
ਬੈਂਚ ਇੱਕ ਜਨਹਿਤ ਪਟੀਸ਼ਨ (ਪੀ ਆਈ ਐਲ) 'ਤੇ ਸੁਣਵਾਈ ਕਰ ਰਿਹਾ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਪੁਲਿਸ ਸੋਸ਼ਲ ਮੀਡੀਆ 'ਤੇ ਮੁਲਜ਼ਮਾਂ ਦੀਆਂ ਵੀਡੀਓਜ਼ ਅਤੇ ਤਸਵੀਰਾਂ ਅਪਲੋਡ ਕਰਦੀ ਹੈ, ਜਿਸ ਨਾਲ ਲੋਕਾਂ ਦੇ ਮਨਾਂ ਵਿੱਚ ਪੱਖਪਾਤ ਪੈਦਾ ਹੁੰਦਾ ਹੈ।
ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਕਿ ਅਦਾਲਤ ਨੇ ਇੱਕ ਹੋਰ ਮਾਮਲੇ ਵਿੱਚ ਪਹਿਲਾਂ ਹੀ ਸੂਬਿਆਂ ਨੂੰ ਪੁਲਿਸ ਵੱਲੋਂ ਮੀਡੀਆ ਬ੍ਰੀਫਿੰਗ ਲਈ ਦਿਸ਼ਾ-ਨਿਰਦੇਸ਼ ਤਿਆਰ ਕਰਨ ਲਈ ਕਿਹਾ ਸੀ ਅਤੇ ਇਸ ਵਿੱਚ ਸੋਸ਼ਲ ਮੀਡੀਆ ਪੋਸਟਾਂ ਵੀ ਸ਼ਾਮਲ ਹੋਣਗੀਆਂ।
ਬੈਂਚ ਨੇ ਪਟੀਸ਼ਨਕਰਤਾ ਹੇਮੇਂਦਰ ਪਟੇਲ ਨੂੰ ਉਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਨਤੀਜਿਆਂ ਦੀ ਉਡੀਕ ਕਰਨ ਦਾ ਸੁਝਾਅ ਦਿੱਤਾ। ਅਦਾਲਤ ਪਟੇਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨਾਲ ਸਹਿਮਤ ਹੋਈ ਕਿ ਅੱਜ-ਕੱਲ੍ਹ ਮੋਬਾਈਲ ਫ਼ੋਨ ਵਾਲਾ ਹਰ ਵਿਅਕਤੀ ਮੀਡੀਆ ਬਣ ਗਿਆ ਹੈ। ਸੀਨੀਅਰ ਵਕੀਲ ਨੇ ਪੁਲਿਸ ਵੱਲੋਂ ਮੁਲਜ਼ਮਾਂ ਨੂੰ ਹੱਥਕੜੀਆਂ ਲੱਗੀਆਂ, ਰੱਸੀਆਂ ਨਾਲ ਬੰਨ੍ਹੇ ਹੋਏ, ਪਰੇਡ ਕਰਵਾਉਂਦੇ ਹੋਏ ਅਤੇ ਗੋਡਿਆਂ ਭਾਰ ਬੈਠਣ ਲਈ ਮਜਬੂਰ ਕਰਨ ਵਾਲੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾਉਣ ਦੇ ਤਾਜ਼ਾ ਰੁਝਾਨ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਿਹਾ ਕਿ ਇਹ ਨਿੱਜੀ ਸਨਮਾਨ ਨੂੰ ਠੇਸ ਪਹੁੰਚਾਉਣ ਦੇ ਨਾਲ-ਨਾਲ ਜਨਤਕ ਪੱਖਪਾਤ ਨੂੰ ਵੀ ਵਧਾਉਂਦਾ ਹੈ।
ਜਸਟਿਸ ਬਾਗਚੀ ਨੇ ਸ਼ੰਕਰਨਾਰਾਇਣਨ ਨੂੰ ਕਿਹਾ ਕਿ ਸਿਰਫ਼ ਪੁਲਿਸ ਬਾਰੇ ਗੱਲ ਕਰਨ ਦੀ ਬਜਾਏ (ਜਿਨ੍ਹਾਂ ਨੂੰ ਮੀਡੀਆ ਬ੍ਰੀਫਿੰਗ ਲਈ ਐਸ.ਓ.ਪੀ. ਬਣਾਉਣ ਵਾਸਤੇ ਤਿੰਨ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ), ਉਨ੍ਹਾਂ ਨੂੰ ਪੁਲਿਸ, ਰਵਾਇਤੀ ਮੀਡੀਆ ਅਤੇ ਸੋਸ਼ਲ ਮੀਡੀਆ ਲਈ ਇੱਕ ਵਿਆਪਕ ਤੰਤਰ ਦੀ ਮੰਗ ਕਰਨੀ ਚਾਹੀਦੀ ਹੈ।
ਜੱਜ ਨੇ ਕਿਹਾ ਕਿ ਅਦਾਲਤ ਦਾ ਮੰਨਣਾ ਹੈ ਕਿ ਪੁਲਿਸ ਨੂੰ ਬ੍ਰੀਫਿੰਗ ਰਾਹੀਂ ਮੁਲਜ਼ਮਾਂ ਵਿਰੁੱਧ ਪੱਖਪਾਤ ਪੈਦਾ ਨਹੀਂ ਕਰਨਾ ਚਾਹੀਦਾ। ਜਸਟਿਸ ਬਾਗਚੀ ਨੇ ਕਿਹਾ, 'ਪੁਲਿਸ ਨੂੰ ਐਸ ਓ ਪੀ ਰਾਹੀਂ ਰੋਕਿਆ ਜਾ ਸਕਦਾ ਹੈ। ਪਰ ਮੀਡੀਆ, ਖਾਸ ਕਰਕੇ ਸੋਸ਼ਲ ਮੀਡੀਆ ਅਤੇ ਜਨਤਾ ਬਾਰੇ ਕੀ? ਕੀ ਉਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ? ਤੁਲਨਾਤਮਕ ਤੌਰ 'ਤੇ ਟੀਵੀ ਚੈਨਲ ਬਹੁਤ ਜ਼ਿਆਦਾ ਸੰਜਮ ਵਿੱਚ ਹਨ।'
ਜਸਟਿਸ ਬਾਗਚੀ ਨੇ ਕਿਹਾ, 'ਅਸੀਂ ਸਮਝਦੇ ਹਾਂ ਕਿ ਮੀਡੀਆ ਨੂੰ ਪੁਲਿਸ ਦੀ ਬ੍ਰੀਫਿੰਗ ਜ਼ਿੰਮੇਵਾਰਾਨਾ ਹੋਣੀ ਚਾਹੀਦੀ ਹੈ, ਕਿਉਂਕਿ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਜਾਂਚ ਏਜੰਸੀ ਨਾ ਤਾਂ ਪੀੜਤ ਦੇ ਪੱਖ ਵਿੱਚ ਹੁੰਦੀ ਹੈ ਅਤੇ ਨਾ ਹੀ ਮੁਲਜ਼ਮ ਦੇ।'
ਸ਼ੰਕਰਨਾਰਾਇਣਨ ਨੇ ਦੱਸਿਆ ਕਿ 'ਮੀਡੀਆ ਟਰਾਇਲ' ਦਾ ਮੁੱਦਾ ਸਭ ਤੋਂ ਪਹਿਲਾਂ ਸੁਪਰੀਮ ਕੋਰਟ ਨੇ 2012 ਦੇ ਸਹਾਰਾ ਬਨਾਮ ਸੇਬੀ ਫੈਸਲੇ ਵਿੱਚ ਉਠਾਇਆ ਸੀ। ਜਸਟਿਸ ਬਾਗਚੀ ਨੇ ਚਿੰਤਾ ਜਤਾਈ ਕਿ ਜਾਂਚ ਏਜੰਸੀਆਂ ਮੀਡੀਆ ਬ੍ਰੀਫਿੰਗ ਦੌਰਾਨ ਭਾਵੁਕ ਹੋ ਜਾਂਦੀਆਂ ਹਨ, ਜਿਸ ਨਾਲ ਚੱਲ ਰਹੇ ਕੇਸਾਂ ਵਿੱਚ ਮੀਡੀਆ ਟਰਾਇਲ ਦਾ ਖਤਰਾ ਵੱਧ ਜਾਂਦਾ ਹੈ।
ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਕੁਝ ਅਜਿਹੇ ਪਲੇਟਫਾਰਮ ਹਨ ਜੋ 'ਬਲੈਕਮੇਲਰਾਂ' ਵਾਂਗ ਕੰਮ ਕਰਦੇ ਹਨ। ਸੀਜੀਆਈ ਕਾਂਤ ਨੇ ਕਿਹਾ, 'ਇਹ ਡਿਜੀਟਲ ਗ੍ਰਿਫਤਾਰੀ ਦੇ ਇੱਕ ਵੱਖਰੇ ਪਹਿਲੂ ਵਰਗਾ ਹੈ। ਕਸਬਿਆਂ ਅਤੇ ਸ਼ਹਿਰਾਂ ਵਿੱਚ ਲੋਕ ਆਪਣੇ ਵਾਹਨਾਂ 'ਤੇ ਮੀਡੀਆ ਕਰਮੀ ਹੋਣ ਦਾ ਸਟਿੱਕਰ ਲਗਾ ਕੇ ਘੁੰਮਦੇ ਹਨ ਤਾਂ ਜੋ ਗਲਤ ਫਾਇਦਾ ਉਠਾਇਆ ਜਾ ਸਕੇ।' ਸ਼ੰਕਰਨਾਰਾਇਣਨ ਨੇ ਵੀ ਕਿਹਾ ਕਿ ਕੁਝ ਵਕੀਲ ਟੋਲ ਤੋਂ ਬਚਣ ਲਈ ਆਪਣੀਆਂ ਕਾਰਾਂ 'ਤੇ 'ਸੁਪਰੀਮ ਕੋਰਟ ਐਡਵੋਕੇਟ' ਦੇ ਸਟਿੱਕਰ ਲਗਾਉਂਦੇ ਹਨ।
ਅਦਾਲਤ ਨੇ ਸੁਝਾਅ ਦਿੱਤਾ ਕਿ ਕਿਉਂਕਿ ਇਸ ਮੁੱਦੇ ਲਈ ਇੱਕ ਵਿਆਪਕ ਪਹੁੰਚ ਦੀ ਲੋੜ ਹੈ, ਇਸ ਲਈ ਬਿਹਤਰ ਹੋਵੇਗਾ ਜੇਕਰ ਪਟੀਸ਼ਨ ਵਾਪਸ ਲੈ ਲਈ ਜਾਵੇ ਅਤੇ ਅਪਰੈਲ ਤੋਂ ਬਾਅਦ ਨਵੇਂ ਸਿਰੇ ਤੋਂ ਦਾਇਰ ਕੀਤੀ ਜਾਵੇ। ਵਕੀਲ ਸ਼ੰਕਰਨਾਰਾਇਣਨ ਮਾਮਲੇ ਨੂੰ ਵਾਪਸ ਲੈਣ ਲਈ ਸਹਿਮਤ ਹੋ ਗਏ।

## ਹਿਮਾਚਲ 'ਚ ਸੜਕ ਹਾਦਸੇ ਦੌਰਾਨ ਪੰਜਾਬ ਦੇ 3 ਨੌਜਵਾਨ ਦੀ ਮੌਤ



ਸ਼ਿਮਲਾ, 21 ਮਾਰਚ (ਚ.ਨ.ਸ.) : ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਦੇ ਡਲਹੌਜ਼ੀ ਖੇਤਰ 'ਚ ਸੜਕ ਤੋਂ ਫਿਸਲ ਕੇ ਇਕ ਗੱਡੀ ਖੱਡ 'ਚ ਡਿੱਗਣ ਨਾਲ ਪੰਜਾਬ ਦੇ ਤਿੰਨ ਸੈਲਾਨੀਆਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਪੁਲਿਸ ਅਨੁਸਾਰ, ਇਹ ਘਟਨਾ ਸ਼ੁੱਕਰਵਾਰ ਰਾਤ ਗਾਂਧੀ ਚੌਕ ਨੇੜੇ ਡਲਹੌਜ਼ੀ-ਕਰੇਲਨੂ ਸੜਕ 'ਤੇ ਉਦੋਂ ਵਾਪਰੀ, ਜਦੋਂ ਡਰਾਈਵਰ ਨੇ ਗੱਡੀ ਤੋਂ ਕੰਟਰੋਲ ਗੁਆ ਦਿੱਤਾ। 2 ਯਾਤਰੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇਕ ਕੁੜੀ ਨੇ ਹਸਪਤਾਲ ਲਿਜਾਂਦੇ ਸਮੇਂ ਦਮ ਤੋੜ ਦਿੱਤਾ।
ਮ੍ਰਿਤਕਾਂ ਦੀ ਪਛਾਣ ਸਿਮਰਨਪ੍ਰੀਤ ਕੌਰ (18), ਸੁਰਿੰਦਰ (25) ਅਤੇ ਸੋਫੀਆ (19) ਵਜੋਂ ਹੋਈ ਹੈ। ਜ਼ਖ਼ਮੀਆਂ ਸਣੇ ਸਾਰੇ ਪੀੜਤ ਲੋਕ ਪੰਜਾਬ ਦੇ ਜਲੰਧਰ ਦੇ ਰਹਿਣ ਵਾਲੇ ਹਨ। ਜ਼ਖ਼ਮੀਆਂ ਦੀ ਪਛਾਣ ਪ੍ਰਿੰਸ (21), ਸੁਮਨਪ੍ਰੀਤ (19) ਅਤੇ ਬਲਬੀਰ (20) ਨੂੰ ਪੁਲਿਸ ਦੀ ਇਕ ਟੀਮ ਨੇ ਸਥਾਨਕ ਲੋਕਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਮਦਦ ਨਾਲ ਬਚਾਇਆ। ਪੁਲਿਸ ਨੇ ਦੱਸਿਆ ਕਿ ਤਿੰਨ ਜ਼ਖ਼ਮੀਆਂ ਨੂੰ ਡਲਹੌਜ਼ੀ ਦੇ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

## ਜੰਗ ਹੁਣ ਸਿਰਫ਼ ਸਰਹੱਦਾਂ 'ਤੇ ਹੀ ਨਹੀਂ, ਆਰਥਿਕ ਤੇ ਡਿਜੀਟਲ ਮੋਰਚੇ 'ਤੇ ਵੀ ਲੜੀ ਜਾਵੇਗੀ' : ਰਾਜਨਾਥ ਸਿੰਘ

ਨਵੀਂ ਦਿੱਲੀ, 21 ਮਾਰਚ (ਚ.ਨ.ਸ.) : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ਨੀਵਾਰ ਨੂੰ ਇਕ ਅਹਿਮ ਬਿਆਨ 'ਚ ਕਿਹਾ ਕਿ ਅੱਜ ਦੇ ਸਮੇਂ ਦੀ ਜੰਗ ਸਿਰਫ਼ ਸਰਹੱਦਾਂ ਤੱਕ ਸੀਮਿਤ ਨਹੀਂ ਰਹਿ ਗਈ ਹੈ। ਉੱਤਰਾਖੰਡ ਦੇ ਸੈਨਿਕ ਸਕੂਲ, ਘੋੜਾਖਾਲ ਦੇ ਹੀਰਕ ਜਯੰਤੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਰਾਸ਼ਟਰੀ ਸੁਰੱਖਿਆ ਦੇ ਘੇਰੇ 'ਚ ਆਰਥਿਕ, ਡਿਜੀਟਲ, ਊਰਜਾ ਅਤੇ ਭੋਜਨ ਸੁਰੱਖਿਆ ਵੀ ਸ਼ਾਮਲ ਹੋ ਚੁੱਕੀ ਹੈ।



ਰੱਖਿਆ ਮੰਤਰੀ ਨੇ ਕਿਹਾ ਕਿ ਅੱਜ ਦੇ ਦੌਰ 'ਚ ਕਿਸੇ ਵੀ ਰਾਸ਼ਟਰ ਨੂੰ ਆਰਥਿਕ, ਸਾਈਬਰ, ਪੁਲਾੜ ਅਤੇ ਜਾਣਕਾਰੀ ਰਾਹੀਂ ਕਮਜ਼ੋਰ ਕੀਤਾ ਜਾ ਸਕਦਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਬਦਲਦੇ ਹਾਲਾਤ 'ਚ ਸਿਰਫ਼ ਫੌਜ ਹੀ ਨਹੀਂ, ਸਗੋਂ ਹਰ ਨਾਗਰਿਕ ਨੂੰ ਹਰ ਸਮੇਂ ਚੌਕਸ ਅਤੇ ਤਿਆਰ ਰਹਿਣ ਦੀ ਲੋੜ ਹੈ। ਰਾਜਨਾਥ ਸਿੰਘ ਨੇ ਕਿਹਾ, 'ਤਿਆਰ ਰਹਿਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਸਿਰਫ਼ ਯੁੱਧ ਲਈ ਤਿਆਰ ਰਹਿਣਾ ਚਾਹੀਦਾ ਹੈ; ਸਗੋਂ, ਤਿਆਰ ਰਹਿਣ ਦਾ ਮਤਲਬ ਇਹ ਹੈ ਕਿ ਤੁਹਾਨੂੰ ਹਰ ਸਥਿਤੀ ਲਈ ਤਿਆਰ ਰਹਿਣਾ ਚਾਹੀਦਾ ਹੈ ਜੋ ਪੈਦਾ ਹੋ ਸਕਦੀ ਹੈ। ਇਹ ਤਿਆਰੀ ਮਾਨਸਿਕ ਤਾਕਤ ਬਾਰੇ ਹੈ, ਤਾਂ ਜੋ ਤੁਸੀਂ ਮੁਸ਼ਕਲ ਸਥਿਤੀਆਂ 'ਚ ਵੀ ਸੰਜਮ ਬਣਾਈ ਰੱਖ ਸਕੋ।"

ਨੌਜਵਾਨਾਂ ਲਈ ਨਵੀਆਂ ਪਹਿਲਕਦਮੀਆਂ

ਦੇਸ਼ ਦੇ ਨੌਜਵਾਨਾਂ ਨੂੰ ਫੌਜੀ ਕਦਰਾਂ-ਕੀਮਤਾਂ ਨਾਲ ਜੋੜਨ ਲਈ ਸਰਕਾਰ ਵੱਲੋਂ ਲਏ ਗਏ ਵੱਡੇ ਫੈਸਲਿਆਂ ਦਾ ਜ਼ਿਕਰ ਕਰਦਿਆਂ ਰਾਜਨਾਥ ਸਿੰਘ ਨੇ ਦੱਸਿਆ ਕਿ ਦੇਸ਼ ਭਰ 'ਚ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਮਾਡਲ ਤਹਿਤ 100 ਨਵੇਂ ਸੈਨਿਕ ਸਕੂਲ ਸਥਾਪਤ ਕੀਤੇ ਜਾ ਰਹੇ ਹਨ। ਨੈਸ਼ਨਲ ਕੈਡਿਟ ਕੋਰ 'ਚ ਕੈਡਿਟਾਂ ਦੀ ਗਿਣਤੀ 17 ਲੱਖ ਤੋਂ ਵਧਾ ਕੇ 20 ਲੱਖ ਕਰ ਦਿੱਤੀ ਗਈ ਹੈ। ਸੈਨਿਕ ਸਕੂਲਾਂ 'ਚ ਕੁੜੀਆਂ ਦੇ ਦਾਖਲੇ ਨੂੰ ਉਨ੍ਹਾਂ ਨੇ ਇਕ 'ਇਤਿਹਾਸਕ ਅਤੇ ਕ੍ਰਾਂਤੀਕਾਰੀ' ਕਦਮ ਦੱਸਿਆ, ਜੋ ਦੇਸ਼ ਦੀ 'ਨਾਰੀ ਸ਼ਕਤੀ' ਨੂੰ ਹੋਰ ਮਜ਼ਬੂਤ ਕਰੇਗਾ।

ਵਿਦਿਆਰਥੀਆਂ ਨੂੰ ਦਿੱਤਾ 'ਵੀਯੂਸੀਏ' ਦਾ ਮੰਤਰ

ਰੱਖਿਆ ਮੰਤਰੀ ਨੇ ਵਿਦਿਆਰਥੀਆਂ ਨੂੰ ਆਧੁਨਿਕ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵੀਯੂਸੀਏ(ਵਿਜ਼ਨ, ਸਮਝ, ਹਿੰਮਤ ਅਤੇ ਅਨੁਕੂਲਤਾ) ਦਾ ਆਪਣਾ ਸੰਸਕਰਣ ਵਿਕਸਿਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਿੱਥੇ ਸਰਕਾਰ ਫੌਜ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕਰ ਰਹੀ ਹੈ, ਉੱਥੇ ਹੀ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਅਤੇ ਅਨੁਸ਼ਾਸਿਤ ਹੋਣ ਦੀ ਲੋੜ ਹੈ। ਸਕੂਲ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੱਸਿਆ ਕਿ ਪਿਛਲੇ ਦਹਾਕਿਆਂ ਵਿੱਚ ਇਸ ਸੰਸਥਾ ਨੇ 800 ਤੋਂ ਵੱਧ ਵਿਦਿਆਰਥੀ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਅਤੇ 2,000 ਤੋਂ ਵੱਧ ਉਮੀਦਵਾਰ ਹਥਿਆਰਬੰਦ ਸੈਨਾਵਾਂ ਨੂੰ ਦਿੱਤੇ ਹਨ। ਉਨ੍ਹਾਂ ਉਮੀਦ ਜਤਾਈ ਕਿ ਇਹ ਸੰਸਥਾ ਭਵਿੱਖ 'ਚ ਵੀ ਦੇਸ਼ ਸੇਵਾ ਲਈ ਇਸੇ ਤਰ੍ਹਾਂ ਯੋਗਦਾਨ ਪਾਉਂਦੀ ਰਹੇਗੀ।

## ਹਿਮਾਚਲ ਦੇ ਮੁੱਖ ਮੰਤਰੀ ਵੱਲੋਂ 2026-27 ਲਈ 54,928 ਕਰੋੜ ਦਾ ਬਜਟ ਪੇਸ਼



ਸ਼ਿਮਲਾ, 21 ਮਾਰਚ (ਚ.ਨ.ਸ.) : ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਰਾਜ ਵਿਧਾਨ ਸਭਾ 'ਚ ਵਿੱਤ ਸਾਲ 2026-27 ਲਈ ਸ਼ਨੀਵਾਰ ਨੂੰ 54,928 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ।
ਆਪਣਾ ਚੌਥਾ ਬਜਟ ਪੇਸ਼ ਕਰ ਰਹੇ ਸੁੱਖੂ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਚ ਕਿਹਾ ਕਿ ਮਾਲੀਆ ਘਾਟਾ ਗ੍ਰਾਂਟ (ਆਰਡੀਜੀ) ਬੰਦ ਕੀਤੇ ਜਾਣ ਨਾਲ ਸਾਲਾਨਾ ਬਜਟ ਪ੍ਰਭਾਵਿਤ ਹੋਇਆ ਹੈ ਅਤੇ ਉਨ੍ਹਾਂ ਨੇ ਭਾਜਪਾ 'ਤੇ ਸੂਬੇ ਦੇ ਹਿੱਤਾਂ ਦਾ ਸਮਰਥਨ ਨਹੀਂ ਕਰਨ ਦਾ ਦੋਸ਼ ਲਗਾਇਆ। ਸੁੱਖੂ ਨੇ ਕਿਹਾ,"ਵਿਰੋਧੀ ਭਾਜਪਾ ਇਸ ਕਠਿਨ ਸਮੇਂ 'ਚ ਸੂਬੇ ਨਾਲ ਖੜ੍ਹੀ ਨਹੀਂ ਹੋਈ ਅਤੇ ਇਤਿਹਾਸ ਉਸ ਨੂੰ ਕਦੇ ਮੁਆਫ਼ ਨਹੀਂ ਕਰੇਗਾ।"
ਭਾਜਪਾ ਮੈਂਬਰਾਂ ਨੇ ਤੁਰੰਤ ਪ੍ਰਤੀਕਿਰਿਆ ਦਿੰਦੇ ਹੋਏ ਇਸ ਭਾਸ਼ਣ 'ਤੇ ਨਾਰਾਜ਼ਗੀ ਜਤਾਈ ਅਤੇ ਸਦਨ ਦੇ ਵਿਚੋ-ਵਿਚ ਆ ਕੇ ਨਾਅਰੇਬਾਜ਼ੀ ਕੀਤੀ। ਨਾਅਰੇਬਾਜ਼ੀ ਜਾਰੀ ਰਹਿਣ 'ਤੇ ਸਪੀਕਰ ਨੇ ਸਦਨ ਦੀ ਕਾਰਵਾਈ ਦੁਪਹਿਰ 11.30 ਵਜੇ ਤੱਕ ਮੁਲਤਵੀ ਕਰ ਦਿੱਤੀ, ਜਿਸ ਤੋਂ ਬਾਅਦ ਭਾਜਪਾ ਮੈਂਬਰ ਸਦਨ ਤੋਂ ਬਾਹਰ ਚਲੇ ਗਏ ਪਰ ਕਾਂਗਰਸ ਦੇ ਵਿਧਾਇਕ ਆਪਣੀਆਂ ਸੀਟਾਂ 'ਤੇ ਬੈਠੇ ਰਹੇ। ਕੁਝ ਮਿੰਟਾਂ ਬਾਅਦ ਭਾਜਪਾ ਮੈਂਬਰ ਪਰਤੇ ਅਤੇ ਨਾਅਰੇਬਾਜ਼ੀ ਜਾਰੀ ਰੱਖੀ, ਜਦੋਂ ਕਿ ਮੁੱਖ ਮੰਤਰੀ ਬਜਟ ਭਾਸ਼ਣ ਦਿੰਦੇ ਰਹੇ।

## ਪਹਿਲੇ ਸ.ਫੇ ਦੀ ਬਾਕੀ

### ਛੇ ਰੱਖਿਆ ਪ੍ਰੋਜੈਕਟਾਂ 'ਤੇ ਕੇਂਦਰ

ਕੰਮ ਕਰ ਰਿਹਾ ਹੈ। ਇਸ ਦੇ ਨਾਲ ਹੀ, ਨੇਵੀ ਲਈ 'ਐਡਵਾਂਸਡ ਟਾਰਪੀਡੋ ਡਿਫੈਂਸ ਸਿਸਟਮ' ਅਤੇ 'ਐਂਟੀ-ਡਰੋਨ ਸਿਸਟਮ' ਵੀ ਵਿਕਸਤ ਕੀਤੇ ਜਾ ਰਹੇ ਹਨ। ਇਸ ਤਿਆਰੀ ਨੂੰ 'ਓਪਰੇਸ਼ਨ ਸਿੰਦੂਰ' ਦੇ ਤਜਰਬੇ ਨਾਲ ਜੋੜਿਆ ਜਾ ਰਿਹਾ ਹੈ, ਜਿਸ ਨੇ ਭਾਰਤ ਦੀ ਜੰਗ ਸਮਰੱਥਾ ਨੂੰ ਸਾਬਤ ਕੀਤਾ ਸੀ। ਹੁਣ, ਏ.ਆਈ., ਸਾਇਬਰ ਡਿਫੈਂਸ ਅਤੇ ਹਾਈਪਰਸੋਨਿਕ ਤਕਨਾਲੋਜੀ ਨਾਲ ਭਾਰਤ ਭਵਿੱਖ ਦੇ ਮੈਦਾਨ-ਏ-ਜੰਗ ਲਈ ਪੂਰੀ ਤਰ੍ਹਾਂ ਤਿਆਰ ਹੋ ਰਿਹਾ ਹੈ।

### 13 ਅਪ੍ਰੈਲ ਨੂੰ ਪੰਜਾਬ ਵਿਧਾਨ ਸਭਾ ਦਾ

ਧਾਰਮਿਕ ਆਗੂਆਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਖਾਲਸੇ ਦੇ ਸਾਜਨਾ ਦਿਵਸ ਦੇ ਪਵਿੱਤਰ ਮੌਕੇ 'ਤੇ ਸੈਸ਼ਨ ਬੁਲਾਇਆ ਜਾਵੇਗਾ ਅਤੇ ਸੰਤ ਸਮਾਜ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਐਕਟ ਬਣਾਇਆ ਜਾਵੇਗਾ। ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਇਸ ਕਾਨੂੰਨ ਦਾ ਖਰੜਾ ਤਿਆਰ ਕਰਦੇ ਸਮੇਂ ਦੇਸ਼ ਭਰ ਦੇ ਉੱਘੇ ਵਕੀਲਾਂ ਤੋਂ ਵੀ ਰਾਏ ਲਈ ਜਾਵੇਗੀ।
ਮੁੱਖ ਮੰਤਰੀ ਨੇ ਕਿਹਾ ਕਿ ਸੈਸ਼ਨ ਦੌਰਾਨ ਪੰਜਾਬ ਸਰਕਾਰ ਦੁਆਰਾ ਲਾਗੂ ਕੀਤੇ ਗਏ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008 ਵਿੱਚ ਜ਼ਰੂਰੀ ਸੋਧਾਂ ਕੀਤੀਆਂ ਜਾਣਗੀਆਂ ਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ 'ਬੇਅਦਬੀ' ਨੂੰ ਰੋਕਣ ਲਈ ਮਜ਼ਬੂਤ ਅਤੇ ਵਿਆਪਕ ਕਾਨੂੰਨ ਲਿਆਂਦਾ ਜਾ ਸਕੇ।
ਸੰਤ ਸਮਾਜ, ਵੱਖ-ਵੱਖ ਸੰਪਰਦਾਵਾਂ, ਟਕਸਾਲਾਂ, ਨਿਹੰਗ ਸਿੰਘ ਸਮੂਹਾਂ, ਉਦਾਸੀ ਸੰਪਰਦਾਵਾਂ, ਨਿਰਮਲਾ ਸੰਪਰਦਾਵਾਂ, ਕਾਰ ਸੇਵਾ ਜਥਿਆਂ, ਰਾਗੀਆਂ ਅਤੇ ਕਥਾਵਾਚਕਾਂ ਨੂੰ ਸੱਦਾ ਦਿੰਦੇ ਹੋਏ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਵਿਸ਼ੇਸ਼ ਇਜਲਾਸ ਵਿੱਚ ਸ਼ਾਮਲ ਹੋਣ ਅਤੇ ਇਸ ਇਤਿਹਾਸਕ ਕਾਨੂੰਨ ਦੇ ਪਾਸ ਹੋਣ ਦਾ ਗਵਾਹ ਬਣਨ ਦੀ ਅਪੀਲ ਕੀਤੀ।
ਉਨ੍ਹਾਂ ਕਿਹਾ, ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਜਲਦੀ ਹੀ ਸਮਾਣਾ ਦਾ ਦੌਰਾ ਕਰਨਗੇ ਤਾਂ ਜੋ ਗੁਰਜੀਤ ਸਿੰਘ ਖਾਲਸਾ ਨੂੰ ਆਪਣਾ ਵਿਰੋਧ ਪ੍ਰਦਰਸ਼ਨ ਖਤਮ ਕਰਨ ਲਈ ਮਨਾਉਣ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਸ਼ਾਮਲ ਹੋਣ ਲਈ ਵੀ ਸੱਦਾ ਦਿੱਤਾ ਜਾ ਸਕੇ। ਪੰਜਾਬ ਸਰਕਾਰ ਸੰਤ ਸਮਾਜ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਅਤੇ ਸਖ਼ਤ ਕਾਨੂੰਨ ਲਿਆਉਣ ਲਈ ਵਚਨਬੱਧ ਹੈ ਜੋ ਕਿਸੇ ਵੀ ਸ਼ਰਾਰਤੀ ਅਨਸਰ ਨੂੰ 'ਬੇਅਦਬੀ' ਕਰਨ ਤੋਂ ਰੋਕੇਗਾ।
ਪੰਜਾਬ ਦੇ ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਕਾਨੂੰਨ ਵਿੱਚ ਸਖ਼ਤ ਸਜ਼ਾਵਾਂ, ਭਾਰੀ ਜੁਰਮਾਨੇ ਅਤੇ ਇੱਥੋਂ ਤੱਕ ਕਿ ਦੋਸ਼ੀਆਂ ਦੀ ਜਾਇਦਾਦ ਜ਼ਬਤ ਕਰਨ ਦੀ ਵਿਵਸਥਾ ਵੀ ਸ਼ਾਮਲ ਹੋਵੇਗੀ। ਨਵਾਂ ਐਕਟ ਡਿਜੀਟਲ ਸਮੱਗਰੀ ਰਾਹੀਂ ਕੀਤੀ ਜਾਣ ਵਾਲੀ 'ਬੇਅਦਬੀ' ਵਿਰੁੱਧ ਵੀ ਕਾਰਵਾਈ ਦੀ ਵਿਵਸਥਾ ਕਰੇਗਾ। ਧਾਰਮਿਕ ਗ੍ਰੰਥਾਂ ਦੀ 'ਬੇਅਦਬੀ' ਦੀਆਂ ਘਟਨਾਵਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਪੂਰੀ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੰਤ ਸਮਾਜ ਨੂੰ ਭਰੋਸਾ ਦਿੱਤਾ ਕਿ ਸਰਕਾਰ ਸਾਰਿਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਅਤੇ 'ਬੇਅਦਬੀ' ਦੇ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਐਕਸ' ਉਤੇ ਲਿਖਿਆ, ਅੱਜ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਰਕਟ ਹਾਊਸ ਵਿੱਚ ਸੰਤ ਸਮਾਜ ਨਾਲ ਮਹੱਤਵਪੂਰਨ ਮੀਟਿੰਗ ਹੋਈ, ਜਿੱਥੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਨੂੰ ਰੋਕਣ ਲਈ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008' ਵਿੱਚ ਸੋਧ ਕਰਨ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸਬੰਧ ਵਿੱਚ 13 ਅਪ੍ਰੈਲ, 2026 ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਜਾਵੇਗਾ। ਅਸੀਂ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਬਦ ਗੁਰੂ ਮੰਨਦੇ ਹਾਂ, ਜਿਨ੍ਹਾਂ ਤੋਂ ਸਾਨੂੰ ਸੱਚ, ਸੇਵਾ ਤੇ ਮਨੁੱਖਤਾ ਦੀਆਂ ਸਿੱਖਿਆਵਾਂ ਮਿਲਦੀਆਂ ਹਨ। ਜੇਕਰ ਕੋਈ ਬੇਅਦਬੀ ਰਾਹੀਂ ਸਾਡੇ ਵਿਸ਼ਵਾਸ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾਵੇਗਾ। ਦੋਸ਼ੀਆਂ ਨੂੰ ਸਖ਼ਤ ਤੇ ਮਿਸਾਲੀ ਸਜ਼ਾ ਦਿੱਤੀ ਜਾਵੇਗੀ ਅਤੇ ਪੰਜਾਬ ਦੀ ਆਸਥਾ ਅਤੇ ਸਨਮਾਨ ਦੀ ਰਾਖੀ ਲਈ ਸਖ਼ਤ ਕਾਨੂੰਨ ਬਣਾਏ ਜਾਣਗੇ।
ਇਸ ਤੋਂ ਪਹਿਲਾਂ ਸੰਤ ਸਮਾਜ ਅਤੇ ਵੱਖ-ਵੱਖ ਧਾਰਮਿਕ ਸਮੂਹਾਂ ਦੇ ਮੈਂਬਰਾਂ ਨੇ ਮੰਗ ਕੀਤੀ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਲੰਬਿਤ ਮਾਮਲਿਆਂ ਦੀ ਪ੍ਰਕਿਰਿਆ ਵਿੱਚ ਤੇਜੀ ਲਿਆਂਦੀ ਜਾਵੇ। ਉਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਸਮਾਗਮ ਕਰਵਾਉਣ ਲਈ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੇ ਸਰਕਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ। ਮੀਟਿੰਗ ਸਮੂਹਿਕ ਅਰਦਾਸ ਨਾਲ ਸਮਾਪਤ ਹੋਈ।

### 'ਪੰਜਾਬ ਛੇਤੀ ਹੀ ਯੂ.ਪੀ.ਐਸ.ਸੀ. ਨੂੰ ਭੇਜੇਗਾ

ਯਕੀਨੀ ਬਣਾਈ ਜਾ ਸਕੇ। ਜ਼ਿਕਰਯੋਗ ਹੈ ਕਿ ਡੀ.ਜੀ.ਪੀ. ਸੂਬੇ ਦੀ ਪੁਲਿਸ ਫੋਰਸ ਦੇ ਮੁਖੀ ਵਜੋਂ ਸੇਵਾ ਨਿਭਾਉਂਦਾ ਹੈ ਅਤੇ ਸਮੁੱਚੀ ਕਾਨੂੰਨ ਵਿਵਸਥਾ ਅਪਰਾਧ ਕੰਟਰੋਲ ਅਤੇ ਪੰਜਾਬ ਪੁਲਿਸ ਦੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਹੁੰਦਾ ਹੈ।
ਮਾਰਚ, 2022 ਵਿੱਚ ਆਮ ਆਦਮੀ ਪਾਰਟੀ ('ਆਪ') ਦੀ ਸਰਕਾਰ ਆਉਣ ਤੋਂ ਬਾਅਦ ਪੰਜਾਬ ਨੇ ਹੁਣ ਤੱਕ ਪੱਕੇ ਡੀ.ਜੀ.ਪੀ. ਦੀ ਨਿਯੁਕਤੀ ਲਈ ਯੂ.ਪੀ.ਐਸ.ਸੀ. ਨੂੰ ਕੋਈ ਸੂਚੀ ਨਹੀਂ ਭੇਜੀ ਸੀ ਅਤੇ ਜੁਲਾਈ, 2022 ਤੋਂ 1992 ਬੈਚ ਦੇ ਆਈ.ਪੀ.ਐਸ. ਅਧਿਕਾਰੀ ਗੌਰਵ ਯਾਦਵ ਮੌਜੂਦਾ ਡੀ.ਜੀ.ਪੀ. (ਕਾਰਜਕਾਰੀ) ਵਜੋਂ ਸੇਵਾਵਾਂ ਦੇ ਰਹੇ ਹਨ।
ਇਹ ਪ੍ਰਕਿਰਿਆ ਸੁਪਰੀਮ ਕੋਰਟ ਦੇ 2006 ਦੇ ਪ੍ਰਕਾਸ਼ ਸਿੰਘ ਕੇਸ ਦੇ ਨਿਰਦੇਸ਼ਾਂ ਤਹਿਤ ਹੁੰਦੀ ਹੈ, ਜਿਸ ਵਿੱਚ ਸੂਬਿਆਂ ਨੂੰ ਖਾਲੀ ਅਹੁਦੇ ਤੋਂ ਤਿੰਨ ਮਹੀਨੇ ਪਹਿਲਾਂ ਕਾਬਿਲ ਆਈ.ਪੀ.ਐਸ. ਅਧਿਕਾਰੀਆਂ ਦੀ ਸੂਚੀ ਯੂ.ਪੀ.ਐਸ.ਸੀ. ਨੂੰ ਭੇਜਣੀ ਲਾਜ਼ਮੀ ਹੁੰਦੀ ਹੈ। ਪੰਜਾਬ ਸਰਕਾਰ ਪਹਿਲਾਂ ਇਸ ਦਾ ਵਿਰੋਧ ਕਰ ਰਹੀ ਸੀ ਅਤੇ 2023 ਵਿੱਚ ਪੰਜਾਬ ਪੁਲਿਸ (ਸੋਧ) ਬਿੱਲ ਪਾਸ ਕਰਕੇ ਆਪਣੀ ਕਮੇਟੀ ਰਾਹੀਂ ਨਿਯੁਕਤੀ ਦਾ ਅਧਿਕਾਰ ਚਾਹੁੰਦੀ ਸੀ, ਪਰ ਫਰਵਰੀ ਅਤੇ ਮਾਰਚ, 2026 ਵਿੱਚ ਯੂ.ਪੀ.ਐਸ.ਸੀ.ਵੱਲੋਂ ਭੇਜੇ ਗਏ ਤਾਜ਼ਾ ਰੀਮਾਈਂਡਰਾਂ ਅਤੇ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਹੁਣ ਸਰਕਾਰ ਇਸ ਰਸਤੇ ਨੂੰ ਅਪਣਾਉਣ ਵੱਲ ਵਧਦੀ ਨਜ਼ਰ ਆ ਰਹੀ ਹੈ।

### ਮੋਦੀ ਨੇ ਈਰਾਨ ਦੇ ਬੁਨਿਆਦੀ ਢਾਂਚੇ

ਊਰਜਾ ਸੁਰੱਖਿਆ ਲਈ ਪੈਦਾ ਹੋਏ ਖ਼ਤਰਿਆਂ ਬਾਰੇ ਚਿੰਤਾ ਜਤਾਈ ਹੈ। ਮੋਦੀ ਨੇ ਪਹਿਲਾਂ ਵੀ ਨਾਗਰਿਕਾਂ ਦੀਆਂ ਮੌਤਾਂ 'ਤੇ ਚਿੰਤਾ ਪ੍ਰਗਟਾਈ ਸੀ ਅਤੇ ਸੰਜਮ, ਗੱਲਬਾਤ ਅਤੇ ਕੂਟਨੀਤੀ ਦੀ ਲੋੜ 'ਤੇ ਜ਼ੋਰ ਦਿੱਤਾ ਸੀ। ਨਵੀਂ ਦਿੱਲੀ ਦੀਆਂ ਇਹ ਕੋਸ਼ਿਸ਼ਾਂ ਆਪਣੇ ਰਣਨੀਤਕ ਹਿੱਤਾਂ, ਭਾਰਤੀ ਭਾਈਚਾਰੇ ਦੀ ਸੁਰੱਖਿਆ ਅਤੇ ਊਰਜਾ ਸਪਲਾਈ ਦੀ ਸਥਿਰਤਾ ਨੂੰ ਧਿਆਨ ਵਿੱਚ ਰੱਖ ਕੇ ਕੀਤੀਆਂ ਜਾ ਰਹੀਆਂ ਹਨ। ਭਾਰਤ ਦਾ ਸੰਦੇਸ਼ ਸਪੱਸ਼ਟ ਹੈ ਕਿ ਖੇਤਰੀ ਸੁਰੱਖਿਆ ਸਿੱਧੇ ਤੌਰ 'ਤੇ ਵਿਸ਼ਵ ਆਰਥਿਕ ਸਥਿਰਤਾ ਨਾਲ ਜੁੜੀ ਹੋਈ ਹੈ।

### ਮੰਤਰੀ ਭੁੱਲਰ ਦੀਆਂ ਕਥਿਤ ਵਧੀਕੀਆਂ

ਮਾਨਸਿਕ ਪੀੜਾ ਨਾ ਸਹਾਰਦਿਆਂ ਸ੍ਰੀ ਗਗਨਦੀਪ ਸਿੰਘ ਨੇ ਵੀਡੀਓ ਵਿਚ ਕਹੇ ਬੋਲਾਂ ਮੁਤਾਬਿਕ ਸਲਫਾਸ ਖਾ ਕੇ ਆਪਣੀ ਜੀਵਨਲੀਲਾ ਸਮਾਪਤ ਕਰ ਲਈ। ਚਰਚਾ ਇਹ ਵੀ ਹੈ ਕਿ ਇਸ ਮਾਮਲੇ ਦੇ ਸ਼ੁਰੂਆਤੀ ਦੌਰ ਵਿਚ ਹੀ ਸ੍ਰੀ ਗਗਨਦੀਪ ਸਿੰਘ ਨੇ ਮੁੱਖ ਮੰਤਰੀ ਦਫਤਰ ਤਕ ਸਾਰੀ ਗਲ ਪਹੁੰਚਾ ਦਿੱਤੀ ਸੀ। ਉੱਧਰ ਲਾਲਜੀਤ ਸਿੰਘ ਭੁੱਲਰ ਨੇ ਸੋਸ਼ਲ ਮੀਡੀਆ ਤੇ ਪੋਸਟ ਪਾ ਕੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਉਨ੍ਹਾਂ ਲਿਖਿਆ ਕਿ ਦਾਸ ਉੱਪਰ ਜੋ ਇਲਜ਼ਾਮ ਲੱਗ ਰਹੇ ਨੇ ਉਹ ਬਿਲਕੁੱਲ ਬੇਬੁਨਿਆਦ ਅਤੇ ਝੂਠੇ ਹਨ ਪਰ ਸਾਡੀ ਪਾਰਟੀ ਹਮੇਸ਼ਾ ਸੱਚ ਦਾ ਸਾਥ ਦਿੰਦੀ ਹੈ ਤੇ ਹਮੇਸ਼ਾ ਸੱਚ ਦੇ ਨਾਲ ਖੜ੍ਹਦੀ ਹੈ। ਇਸ ਲਈ ਮੇਰੇ ਤੇ ਜੋ ਇਲਜ਼ਾਮ ਲੱਗੇ ਨੇ ਮੈਂ ਚਾਹੁੰਦਾ ਹਾਂ ਉਹਨਾਂ ਇਲਜ਼ਾਮਾਂ ਦੀ ਸਹੀ ਤਰੀਕੇ ਦੇ ਨਾਲ ਜਾਂਚ ਹੋਵੇ ਤਾਂ ਕਿ ਸਹੀ ਫੈਸਲਾ ਬਾਹਰ ਆ ਸਕੇ। ਇਸ ਕਰਕੇ ਜਿੰਨੀ ਦੇਰ ਤੱਕ ਇਹ ਜਾਂਚ ਪੂਰੀ ਨਹੀਂ ਹੋ ਜਾਂਦੀ ਮੈਂ ਪਾਰਟੀ ਨੂੰ ਬੇਨਤੀ ਕਰਾਂਗਾ ਤੇ ਸਾਡੇ ਮਾਨਯੋਗ ਮੁੱਖ ਮੰਤਰੀ ਨੂੰ ਬੇਨਤੀ ਕਰਾਂਗਾ ਕਿ ਮੇਰਾ ਮੰਤਰੀ ਪਦ ਦਾ ਅਸਤੀਫ਼ਾ ਪ੍ਰਵਾਨ ਕੀਤਾ ਜਾਵੇ ਤਾਂ ਕਿ ਇਸ ਮਾਮਲੇ ਵਿੱਚ ਮੇਰਾ ਮੰਤਰੀ ਪਦ ਕੋਈ ਅੜਿੱਕਾ ਨਾ ਬਣੇ ਅਤੇ ਇਸ ਮਾਮਲੇ ਦੀ ਸਹੀ ਜਾਂਚ ਹੋਵੇ ਸੋ ਮੈਂ ਆਪਣਾ ਅਸਤੀਫ਼ਾ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਨੂੰ ਭੇਜ ਰਿਹਾ ਹਾਂ ਤਾਂ ਜੋ ਅੱਗੇ ਇਸ ਮਾਮਲੇ ਦੀ ਸਹੀ ਜਾਂਚ ਹੋ ਸਕੇ। ਉੱਧਰ ਵੱਖ- ਵੱਖ ਰਾਜਨੀਤਕ ਆਗੂਆਂ ਨੇ ਸ੍ਰੀ ਗਗਨਦੀਪ ਸਿੰਘ ਦੇ ਘਰ ਪਹੁੰਚ ਕੇ ਪਰਿਵਾਰ ਨਾਲ ਹਮਦਰਦੀ ਦਾ ਇਜਹਾਰ ਕੀਤਾ। ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ
ਐਮ, ਡੀ ਗੁਗਨਦੀਪ ਸਿੰਘ ਬਹੁਤ ਵਧੀਆ ਇਨਸਾਨ ਬਹੁਤ ਪੜ੍ਹੇ, ਐਮਬੀਏ, ਐਮਐਸਸੀ, ਪੀਐਚਡੀ ਕੀਤੀ ਹੋਈ ਸੀ, ਜਿੰਨੀ ਤਸ਼ੱਦਦ ਕਰਕੇ ਐਮਡੀ ਨੂੰ ਤਸੀਹਤ ਦਿੱਤੇ ਗਏ ਹਨ, ਉਹ ਬਾਬਤ ਪੰਜਾਬ ਸਰਕਾਰ ਦੇ ਮੰਤਰੀ ਨੂੰ 32 ਦਾ ਪਰਚਾ ਦਰਜ ਕਰਕੇ ਜੇਲ੍ਹ ਭੇਜਣੇ ਚਾਹੀਦਾ। ਮਜੀਠੀਆ ਨੇ ਕਿਹਾ ਮੰਤਰੀਆਂ ਦੇ ਨੇ ਹੌਂਸਲੇ ਵੱਧ ਗਏ ਨ ਕਿ ਜ਼ਿਲ੍ਹੇ ਦੇ ਅਫਸਰ ਨੂੰ ਕਾਰਜ ਬੁਲਾ ਕੇ ਰਾਸਬੈਂਡ ਕੀਤਾ ਜਾ ਰਿਹਾ ਐਮਡੀ ਕੋਲੋਂ ਅੰਮ੍ਰਿਤਸਰ ਤੋਂ ਇਲਾਵਾ ਤਰਨ ਤਾਰਨ ਤੇ ਪੱਟੀ ਦਾ ਵੀ ਚਾਰਜ ਸੀ। ਇਸ ਕਰਕੇ ਉਹ ਟੈਂਡਰ ਮੰਤਰੀ ਆਪਣੀ ਪਤੰ ਹੋਣਾ ਚਾਹੁੰਦਾ ਸੀ, ਜਿਹੜਾ ਸਰਾਸਰ ਗਲਤ ਹੈ। ਇੱਥੇ ਐਮ ਡੀ ਗਗਨਦੀਪ ਸਿੰਘ ਨਹੀਂ ਮੰਨਿਆ, ਜਿਸ ਕਰਕੇ ਮੰਤਰੀ ਨੇ ਉਸ ਨੂੰ ਜਲੀਲ ਤੇ ਹਰਾਸਮੈਂਟ ਕੀਤਾ ਜਿਸ ਕਰਕੇ ਉਹਨੇ ਮੌਤ ਵੱਲ ਜਾਣ ਨੂੰ ਚੰਗਾ ਸਮਝਿਆ।

### ਵਿਆਪਕ ਉਦਯੋਗਿਕ ਨਿਵੇਸ਼ ਨੇ ਪੰਜਾਬ

ਡਰੱਗ ਮਨੀ ਬਰਾਮਦ ਕੀਤੀ ਗਈ ਹੈ ਅਤੇ ਐਨ.ਡੀ.ਪੀ.ਐਸ. ਕੇਸਾਂ ਵਿੱਚ 3440 ਭਗੌੜੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 1556 ਤਸਕਰਾਂ ਤੋਂ 772 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ।
ਸੰਗਠਿਤ ਅਪਰਾਧ ਵਿਰੁੱਧ ਕਾਰਵਾਈ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,"ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ.ਜੀ.ਟੀ.ਐਫ਼.) ਦੇ ਗਠਨ ਤੋਂ ਬਾਅਦ 2858 ਗੈਂਗਸਟਰਾਂ ਅਤੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, 35 ਨੂੰ ਬੇਅਸਰ ਕੀਤਾ ਗਿਆ ਅਤੇ 1105 ਗੈਂਗਾਂ ਦਾ ਪਰਦਾਫਾਸ਼ ਕੀਤਾ ਗਿਆ ਹੈ। ਅਪਰਾਧਾਂ ਵਿੱਚ ਵਰਤੇ ਗਏ 2267 ਹਥਿਆਰ ਅਤੇ 655 ਵਾਹਨ ਬਰਾਮਦ ਕੀਤੇ ਗਏ ਹਨ।"ਉਨ੍ਹਾਂ ਅੱਗੇ ਕਿਹਾ, "ਏ.ਜੀ.ਟੀ.ਐਫ. ਨੇ 6 ਅਪ੍ਰੈਲ, 2022 ਤੋਂ ਮਾਰਚ, 2026 ਤੱਕ ਪੰਜਾਬ ਅਤੇ ਨੇੜਲੇ ਖੇਤਰਾਂ ਵਿੱਚ ਵੱਡੇ ਕਤਲ ਮਾਮਲੇ, ਜਬਰਨ ਵਸੂਲੀ ਰੈਕੇਟ, ਬੈਂਕ ਡਕੈਤੀਆਂ, ਗੈਂਗਸਟਰਾਂ ਦੀ ਗ੍ਰਿਫਤਾਰੀ ਅਤੇ ਅੱਤਵਾਦੀ ਸਾਜ਼ਿਸ਼ਾਂ ਸਮੇਤ 38 ਸਨਸਨੀਖੇਜ਼ ਮਾਮਲਿਆਂ ਨੂੰ ਹੱਲ ਕੀਤਾ ਹੈ।
▾ਸਰਹੱਦੀ ਸੁਰੱਖਿਆ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ, "ਪੰਜਾਬ ਦੀ ਪਾਕਿਸਤਾਨ ਨਾਲ ਲੱਗਭੱਗ 560 ਕਿਲੋਮੀਟਰ ਸਰਹੱਦ ਸਾਂਝੀ ਹੈ ਅਤੇ ਨਸ਼ਿਆਂ ਅਤੇ ਹਥਿਆਰਾਂ ਦੀ ਸਪਲਾਈ ਨੂੰ ਰੋਕਣ ਲਈ ਸੂਬਾ ਸਰਕਾਰ ਨੇ ਐਂਟੀ-ਡਰੋਨ ਸਿਸਟਮ ਸਥਾਪਤ ਕੀਤਾ ਹੈ। ਪੰਜਾਬ ਅਜਿਹਾ ਸਿਸਟਮ ਸਥਾਪਤ ਕਰਨ ਵਾਲਾ ਪਹਿਲਾ ਸੂਬਾ ਹੈ।" ਉਨ੍ਹਾਂ ਅੱਗੇ ਕਿਹਾ,"ਅਸੀਂ ਕੇਂਦਰ ਤੋਂ ਫੰਡ ਮੰਗੇ ਸਨ, ਪਰ ਕੋਈ ਸਹਾਇਤਾ ਪ੍ਰਾਪਤ ਨਹੀਂ ਹੋਈ। ਪੰਜਾਬ ਸਰਕਾਰ ਨੇ ਆਪਣੇ ਸਰੋਤਾਂ ਦੀ ਵਰਤੋਂ ਕੀਤੀ ਅਤੇ ਇਸ ਸਿਸਟਮ ਦੇ ਹੁਣ ਸਾਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਹੁਣ ਤੱਕ 806 ਡਰੋਨ ਬਰਾਮਦ ਕੀਤੇ ਗਏ ਹਨ 1472 ਡਰੋਨ ਗਤੀਵਿਧੀਆਂ ਦਾ ਪਤਾ ਲਗਾਇਆ ਗਿਆ ਹੈ ਅਤੇ ਡਰੋਨ ਰਾਹੀਂ 341 ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਗਏ ਹਨ।"
ਪੁਲਿਸ ਸੁਧਾਰਾਂ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ ਜਿਹੜੀਆਂ ਆਖਰੀ ਸਾਲ ਜਾਂ ਚੋਣਾਂ ਵਾਲੇ ਸਾਲ ਵਿੱਚ ਭਰਤੀ ਕਰਦੀਆਂ ਸਨ, ਸਾਡੀ ਸਰਕਾਰ ਨੇ ਰੈਗੂਲਰ ਭਰਤੀ ਨੂੰ ਯਕੀਨੀ ਬਣਾਇਆ ਹੈ। ਪਿਛਲੇ ਚਾਰ ਸਾਲਾਂ ਵਿੱਚ 12197 ਭਰਤੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 1062 ਸਬ-ਇੰਸਪੈਕਟਰ, 450 ਹੈੱਡ ਕਾਂਸਟੇਬਲ ਅਤੇ 10285 ਕਾਂਸਟੇਬਲ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ ਕਿ 1746 ਕਾਂਸਟੇਬਲਾਂ (ਸਾਲ 2025) ਲਈ ਭਰਤੀ ਪ੍ਰਕਿਰਿਆ ਅਧੀਨ ਹੈ ਅਤੇ 3298 ਕਾਂਸਟੇਬਲਾਂ (ਸਾਲ 2026) ਲਈ ਇਸ਼ਤਿਹਾਰ ਜਾਰੀ ਕੀਤਾ ਗਿਆ ਹੈ, ਜਿਸ ਲਈ 10 ਮਾਰਚ, 2026 ਤੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।
ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਬਲ ਦੇ ਆਧੁਨਿਕੀਕਰਨ ਲਈ 327.69 ਕਰੋੜ ਰੁਪਏ ਦੀ ਲਾਗਤ ਨਾਲ 2904 ਵਾਹਨ ਖਰੀਦੇ ਗਏ ਹਨ, ਜਿਨ੍ਹਾਂ ਵਿੱਚ 2258 ਚਾਰ-ਪਹੀਆ ਵਾਹਨ ਅਤੇ 646 ਦੋ-ਪਹੀਆ ਵਾਹਨ ਸ਼ਾਮਲ ਹਨ। ਜਨਵਰੀ, 2024 ਵਿੱਚ ਸ਼ੁਰੂ ਕੀਤਾ ਸੜਕ ਸੁਰੱਖਿਆ ਫੋਰਸ ਭਾਰਤ ਦੀ ਆਪਣੀ ਕਿਸਮ ਦੀ ਪਹਿਲੀ ਸਮਰਪਿਤ ਫੋਰਸ ਹੈ, ਜਿਹੜੀ 5500 ਕਿਲੋਮੀਟਰ ਤੋਂ ਵੱਧ ਹਾਈਵੇਅ ਨੂੰ ਕਵਰ ਕਰਦੀ ਹੈ ਅਤੇ ਇਸ ਨਾਲ ਮੌਤ ਦਰ ਵਿੱਚ 48 ਫ਼ੀਸਦ ਕਮੀ ਆਈ ਹੈ। ਉਨ੍ਹਾਂ ਅੱਗੇ ਕਿਹਾ ਕਿ ਫਰਵਰੀ, 2024 ਤੋਂ ਜਨਵਰੀ, 2026 ਤੱਕ ਇਸ ਫੋਰਸ ਨੇ 43,983 ਹਾਦਸਿਆਂ ਵਿੱਚ 47,386 ਪੀੜਤਾਂ ਦੀ ਮਦਦ ਕੀਤੀ, 19,973 ਲੋਕਾਂ ਨੂੰ ਮੌਕੇ 'ਤੇ ਸਹਾਇਤਾ ਦਿੱਤੀ ਅਤੇ 27413 ਜ਼ਖਮੀਆਂ ਨੂੰ ਹਸਪਤਾਲਾਂ ਤੱਕ ਪਹੁੰਚਾਇਆ।
ਤਕਨੀਕੀ ਅਪਗ੍ਰੇਡਾਂ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਐਸ.ਏ.ਐਸ. ਨਗਰ ਅਤੇ ਜਲੰਧਰ ਵਿੱਚ ਸੇਫ ਸਿਟੀ ਪ੍ਰੋਜੈਕਟ ਲਾਗੂ ਕੀਤੇ ਗਏ ਹਨ ਅਤੇ ਜਲਦ ਹੀ ਇਹ ਲੁਧਿਆਣਾ, ਅੰਮ੍ਰਿਤਸਰ ਅਤੇ ਪਟਿਆਲਾ ਵਿੱਚ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਪੁਲਿਸ ਕੌਮੀ ਫੋਰਸ ਹੈ ਜੋ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਹਰ ਸਮੇਂ ਤਤਪਰ ਹੈ।
ਭਗੌੜਿਆਂ ਵਿਰੁੱਧ ਕਾਰਵਾਈ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵਿਦੇਸ਼ਾਂ ਤੋਂ ਆਪਣਾ ਗਿਰੋਹ ਚਲਾ ਰਹੇ ਗੈਂਗਸਟਰਾਂ ਦੀ ਹਵਾਲਗੀ ਲਈ ਕੋਈ ਕਸਰ ਨਹੀਂ ਛੱਡ ਰਹੀ ਹੈ। ਇਸ ਸਬੰਧੀ ਕੋਈ ਵੀ ਜਾਣਕਾਰੀ ਮਿਲਣ 'ਤੇ ਉਨ੍ਹਾਂ ਨੂੰ ਰੈੱਡ ਕਾਰਨਰ ਨੋਟਿਸ ਜਾਰੀ ਕੀਤੇ ਜਾ ਰਹੇ ਹਨ।
ਪੰਜਾਬ ਦੇ ਕਾਨੂੰਨ ਵਿਵਸਥਾ ਵਿੱਚ ਵਿਸ਼ਵਾਸ ਨੂੰ ਮਜ਼ਬੂਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦੇ ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਸ਼ਾਂਤ ਸੂਬਿਆਂ ਵਿੱਚੋਂ ਇੱਕ ਹੈ। ਕਿਸੇ ਸੂਬੇ ਜਾਂ ਦੇਸ਼ ਵਿੱਚ ਨਿਵੇਸ਼ ਆਉਣਾ ਕਾਨੂੰਨ ਵਿਵਸਥਾ ਦਾ ਮੁਲਾਂਕਣ ਕਰਨ ਲਈ ਸਭ ਤੋਂ ਵਧੀਆ ਮਾਡਲ ਹੈ ਅਤੇ ਵੱਡੇ ਸਟੀਲ ਪਲਾਂਟ ਵੱਲੋਂ 3200 ਕਰੋੜ ਰੁਪਏ ਦਾ ਨਿਵੇਸ਼ ਕਰਨਾ ਇਸ ਹਕੀਕਤ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕਈ ਪ੍ਰਮੁੱਖ ਵਿਸ਼ਵ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰਨ ਲਈ ਅੱਗੇ ਆ ਰਹੀਆਂ ਹਨ ਅਤੇ ਕਈਆਂ ਨੇ ਪਹਿਲਾਂ ਹੀ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਸੂਬਾ ਵੱਡੇ ਸਮਾਗਮਾਂ ਦੀ ਮੇਜ਼ਬਾਨੀ ਕਰ ਰਿਹਾ ਹੈ ਅਤੇ ਅਕਤੂਬਰ ਵਿੱਚ ਏਸ਼ੀਆ ਕੱਪ ਹਾਕੀ ਦੀ ਮੇਜ਼ਬਾਨੀ ਕਰੇਗਾ।
ਪਿਛਲੀਆਂ ਸਰਕਾਰਾਂ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਰਪ੍ਰਸਤੀ ਕਰਨ ਅਤੇ ਨਸ਼ੇ ਫੈਲਾਉਣ ਵਾਲੇ ਆਗੂ ਹੁਣ ਇਸ ਨੂੰ ਖ਼ਤਮ ਕਰਨ ਦਾ ਦਾਅਵਾ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਹਰ ਕਿਸੇ ਨੂੰ ਪਤਾ ਹੈ ਕਿ ਗੈਂਗਸਟਰਾਂ ਨੂੰ ਟਿਕਟਾਂ ਦੇ ਕੇ ਕਿਸ ਨੇ ਉਨ੍ਹਾਂ ਨੂੰ ਹਲਕਾ ਇੰਚਾਰਜ ਨਿਯੁਕਤ ਕੀਤਾ। ਇਹ ਆਗੂ ਗੈਂਗਸਟਰਾਂ ਦੇ ਵਧਦੇ ਪ੍ਰਭਾਵ ਲਈ ਜ਼ਿੰਮੇਵਾਰ ਹਨ ਅਤੇ ਅਜੇ ਵੀ ਇਨ੍ਹਾਂ ਨੂੰ ਕਾਨੂੰਨੀ ਅਤੇ ਹੋਰ ਸਹਾਇਤਾ ਦੇ ਰਹੇ ਹਨ।
ਇਸ ਮੌਕੇ ਡਾਇਰੈਕਟਰ ਆਫ਼ ਪੁਲਿਸ ਜਨਰਲ ਗੌਰਵ ਯਾਦਵ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

### ਪੰਜਾਬ 'ਚ ਚਾਰ ਦਿਨ ਪਵੇਗਾ ਮੀਂਹ

ਭਾਖੜਾ ਡੈਮ (ਰੂਪਨਗਰ) ਵਿੱਚ 3.2 ਡਿਗਰੀ ਸੈਲਸੀਅਸ,ਪਠਾਨਕੋਟ 'ਚ 2.8 ਡਿਗਰੀ ਸੈਲਸੀਅਸ, ਚੰਡੀਗੜ੍ਹ 'ਚ 2.0 ਡਿਗਰੀ ਸੈਲਸੀਅਸ, ਲੁਧਿਆਣਾ 'ਚ 1.8 ਡਿਗਰੀ ਸੈਲਸੀਅਸ, ਪਟਿਆਲਾ 'ਚ 1.3 ਡਿਗਰੀ ਸੈਲਸੀਅਸ, ਹੁਸ਼ਿਆਰਪੁਰ 'ਚ 1.1 ਡਿਗਰੀ ਸੈਲਸੀਅਸ ਅਤੇ ਬੱਲੋਵਾਲ ਸੌਂਖੜੀ 'ਚ 1.2 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ ਹੈ। ਹਾਲਾਂਕਿ ਅੰਮ੍ਰਿਤਸਰ ਅਤੇ ਅਬੋਹਰ 'ਚ ਕ੍ਰਮਵਾਰ 1.6 ਡਿਗਰੀ ਸੈਲਸੀਅਸ ਅਤੇ 2.5 ਡਿਗਰੀ ਸੈਲਸੀਅਸ ਦਾ ਥੋੜ੍ਹਾ ਜਿਹਾ ਵਾਧਾ ਹੋਇਆ। ਪਰ ਉਸ ਤੋਂ ਬਾਅਦ ਇਹ 3-4 ਡਿਗਰੀ ਸੈਲਸੀਅਸ ਤੱਕ ਵੱਧ ਸਕਦਾ ਹੈ।
ਇਥੇ ਇਹ ਵੀ ਦੱਸ ਦੇਈਏ ਕਿ ਪੰਜਾਬ-ਚੰਡੀਗੜ੍ਹ ਵਿੱਚ ਮੀਂਹ ਅਤੇ ਪਹਾੜੀ ਇਲਾਕਿਆਂ ਵਿੱਚ ਬਰਫ਼ਬਾਰੀ ਹੋਣ ਕਾਰਨ ਠੰਢ ਵਿਚ ਥੋੜ੍ਹਾ ਵਾਧਾ ਦਰਜ ਕੀਤਾ ਗਿਆ ਹੈ। ਪਿਛਲੇ 24 ਘੰਟਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 1.3 ਡਿਗਰੀ ਘੱਟ ਗਿਆ ਹੈ। ਹੁਣ ਇਹ ਆਮ ਤਾਪਮਾਨ ਤੋਂ 6.6 ਡਿਗਰੀ ਘੱਟ ਹੋਇਆ ਹੈ। 22 ਤੋਂ 26 ਮਾਰਚ ਤੱਕ ਇਕ ਵਾਰ ਫਿਰ ਮੀਂਹ ਪੈਣ ਦੀ ਸੰਭਾਵਨਾ ਹੈ। ਫਿਰੋਜ਼ਪੁਰ 'ਚ ਸਭ ਤੋਂ ਵੱਧ ਤਾਪਮਾਨ 24 ਡਿਗਰੀ ਦਰਜ ਕੀਤਾ ਗਿਆ। ਮੈਦਾਨੀ ਇਲਾਕਿਆਂ 'ਚੋਂ ਗੁਰਦਾਸਪੁਰ ਵਿੱਚ ਸਭ ਤੋਂ ਘੱਟ ਤਾਪਮਾਨ 10 ਡਿਗਰੀ ਦਰਜ ਕੀਤਾ ਗਿਆ।
ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਦੇ ਤਾਪਮਾਨ 'ਚ ਗਿਰਾਵਟ ਦਰਜ ਕੀਤੀ ਗਈ। ਮੋਹਾਲੀ 3.4 ਡਿਗਰੀ ਸੈਲਸੀਅਸ ਦੀ ਮਹੱਤਵਪੂਰਨ ਗਿਰਾਵਟ ਨਾਲ ਸਭ ਤੋਂ ਵੱਧ ਪ੍ਰਦਰਸ਼ਨ ਕਰਨ ਵਾਲਾ ਰਿਹਾ, ਜਿੱਥੇ ਤਾਪਮਾਨ 19.0 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

### ਰਾਸ਼ਨ ਕਾਰਡ 'ਤੇ ਅਪ੍ਰੈਲ ਤੋਂ ਇਕੱਠਾ

ਡਿਪੂਆਂ 'ਤੇ ਜਾਣ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ ਜਾਂ ਜਿਨ੍ਹਾਂ ਦੇ ਘਰਾਂ ਤੋਂ ਰਾਸ਼ਨ ਦੀਆਂ ਦੁਕਾਨਾਂ ਕਾਫ਼ੀ ਦੂਰ ਹਨ। ਪਿੰਡਾਂ ਅਤੇ ਪਹਾੜੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ, ਜਿਨ੍ਹਾਂ ਨੂੰ ਰਾਸ਼ਨ ਲਈ ਲੰਬੀ ਦੂਰੀ ਤੈਅ ਕਰਨੀ ਪੈਂਦੀ ਸੀ, ਹੁਣ ਇੱਕ ਵਾਰ ਜਾਣ 'ਤੇ ਹੀ 3 ਮਹੀਨਿਆਂ ਦਾ ਸਟਾਕ ਮਿਲ ਜਾਵੇਗਾ।

ਬਾਰ-ਬਾਰ ਲਾਈਨਾਂ 'ਚ ਲੱਗਣ ਤੋਂ ਮਿਲੇਗੀ ਮੁਕਤੀ

ਇਸ ਨਵੀਂ ਵਿਵਸਥਾ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੋਵੇਗਾ ਕਿ ਲਾਭਪਾਤਰੀਆਂ ਨੂੰ ਹਰ ਮਹੀਨੇ ਰਾਸ਼ਨ ਦੀ ਦੁਕਾਨ ਦੇ ਚੱਕਰ ਨਹੀਂ ਕੱਟਣੇ ਪੈਣਗੇ। ਇਸ ਨਾਲ ਸਮੇਂ ਦੀ ਬਚਤ ਹੋਵੇਗੀ ਅਤੇ ਵਾਰ-ਵਾਰ ਲੰਬੀਆਂ ਲਾਈਨਾਂ ਵਿੱਚ ਲੱਗਣ ਦੀ ਪਰੇਸ਼ਾਨੀ ਖ਼ਤਮ ਹੋ ਜਾਵੇਗੀ। ਇਸ ਦੇ ਨਾਲ ਹੀ ਕੰਮਕਾਜੀ ਲੋਕਾਂ ਨੂੰ ਰਾਹਤ ਮਿਲੇਗੀ। ਜਿਹੜੇ ਲੋਕ ਦਿਹਾੜੀਦਾਰ ਹਨ, ਉਨ੍ਹਾਂ ਲੋਕਾਂ ਨੂੰ ਹਰ ਮਹੀਨੇ ਛੁੱਟੀ ਲੈ ਕੇ ਰਾਸ਼ਨ ਲੈਣ ਜਾਣ ਦੀ ਟੈਨਸ਼ਨ ਖ਼ਤਮ ਹੋ ਜਾਵੇਗੀ।

ਫੇਅਰ ਪ੍ਰਾਈਸ ਸ਼ਾਪ (ਐੱਫ.ਪੀ.ਐੱਸ) ਤੋਂ ਇੰਝ ਮਿਲੇਗਾ ਲਾਭ

ਲਾਭਪਾਤਰੀ ਆਪਣੇ ਨਜ਼ਦੀਕੀ ਸਰਕਾਰੀ ਰਾਸ਼ਨ ਡਿਪੂ ਤੋਂ ਤੈਅ ਸਮੇਂ ਅਤੇ ਤਾਰੀਖ਼ ਅਨੁਸਾਰ ਆਪਣਾ ਰਾਸ਼ਨ ਪ੍ਰਾਪਤ ਕਰ ਸਕਦੇ ਹਨ। ਵੰਡ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਉਣ ਲਈ ਕਈ ਥਾਵਾਂ 'ਤੇ ਡਿਜੀਟਲ ਸਿਸਟਮ ਅਤੇ ਈ-ਪੌਸ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਲਾਭਪਾਤਰੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਰਾਸ਼ਨ ਲੈਣ ਵੇਲੇ ਆਪਣਾ ਰਾਸ਼ਨ ਕਾਰਡ ਜਾਂ ਆਧਾਰ ਕਾਰਡ ਨਾਲ ਜ਼ਰੂਰ ਰੱਖਣ ਤਾਂ ਜੋ ਕੋਈ ਦਿੱਕਤ ਨਾ ਆਵੇ। ਸਰਕਾਰ ਦੀ ਇਹ ਪਹਿਲ ਸਮਾਜ ਦੇ ਕਮਜ਼ੋਰ ਵਰਗ ਨੂੰ ਖੁਰਾਕ ਸੁਰੱਖਿਆ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਮੰਨੀ ਜਾ ਰਹੀ ਹੈ। ਇਸ ਨਾਲ ਨਾ ਸਿਰਫ਼ ਵੰਡ ਪ੍ਰਣਾਲੀ ਵਧੇਰੇ ਪ੍ਰਭਾਵਸ਼ਾਲੀ ਬਣੇਗੀ, ਸਗੋਂ ਗਰੀਬ ਪਰਿਵਾਰਾਂ ਨੂੰ ਮਹਿੰਗਾਈ ਦੇ ਇਸ ਦੌਰ ਵਿੱਚ ਮਾਨਸਿਕ ਅਤੇ ਆਰਥਿਕ ਸਕੂਨ ਵੀ ਮਿਲੇਗਾ। ਕਲਿਆਣ ਅੰਨ ਯੋਜਨਾ' (ਪੀਐਮਜੀਕੇ) ਦੇ ਤਹਿਤ ਹੁਣ ਲਾਭਪਾਤਰੀਆਂ ਨੂੰ ਅਪ੍ਰੈਲ ਮਹੀਨੇ ਵਿੱਚ ਹੀ ਤਿੰਨ ਮਹੀਨਿਆਂ ਦਾ ਰਾਸ਼ਨ ਇੱਕੋ ਵਾਰ ਮੁਹੱਈਆ ਕਰਵਾਇਆ ਜਾਵੇਗਾ।

ਅਪ੍ਰੈਲ, ਮਈ ਅਤੇ ਜੂਨ ਦਾ ਕੋਟਾ ਇਕੱਠਾ ਮਿਲੇਗਾ

ਖੁਰਾਕ ਅਤੇ ਜਨਤਕ ਵੰਡ ਵਿਭਾਗ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ, ਪਾਤਰ ਲਾਭਪਾਤਰੀਆਂ ਨੂੰ ਅਪ੍ਰੈਲ, ਮਈ ਅਤੇ ਜੂਨ 2026 ਦਾ ਰਾਸ਼ਨ ਇੱਕੋ ਵਾਰ ਵੰਡਿਆ ਜਾਵੇਗਾ। ਸਰਕਾਰ ਦੇ ਇਸ ਫੈਸਲੇ ਨਾਲ ਉਨ੍ਹਾਂ ਪਰਿਵਾਰਾਂ ਨੂੰ ਵੱਡੀ ਰਾਹਤ ਮਿਲੇਗੀ, ਜੋ ਹਰ ਮਹੀਨੇ ਰਾਸ਼ਨ ਲੈਣ ਲਈ

## ਬਿਹਾਰ 'ਚ ਤੂਫ਼ਾਨ ਅਤੇ ਬਿਜਲੀ ਡਿੱਗਣ ਨਾਲ 5 ਦੀ ਮੌਤ, 10 ਜ਼ਖ਼ਮੀ

ਪਟਨਾ, 21 ਮਾਰਚ (ਚ.ਨ.ਸ.) : : ਬਿਹਾਰ ਦੇ ਕਈ ਜ਼ਿਲ੍ਹਿਆਂ ਵਿਚ ਬੀਤੇ ਦਿਨ ਤੋਂ ਮੌਸਮ ਬਦਲ ਗਿਆ ਹੈ। ਅੱਜ ਬਾਂਕਾ ਅਤੇ ਗੋਪਾਲਗੰਜ ਵਿਚ ਭਾਰੀ ਮੀਂਹ ਪੈ ਰਿਹਾ ਹੈ। ਰਕਸੌਲ ਵਿਚ ਭਾਰੀ ਮੀਂਹ ਕਾਰਨ ਕਈ ਇਲਾਕਿਆਂ ਵਿਚ ਪਾਣੀ ਭਰ ਗਿਆ ਹੈ। ਖਗੜੀਆ ਵਿੱਚ ਵੀ ਮੌਸਮ ਖ਼ਰਾਬ ਹੈ। ਸਵੇਰ ਤੋਂ ਹੀ ਰੁਕ-ਰੁਕ ਕੇ ਮੀਂਹ ਪੈ ਰਿਹਾ ਹੈ। ਇਸ ਦੌਰਾਨ, ਮੁਜ਼ੱਫਰਪੁਰ, ਰਕਸੌਲ ਅਤੇ ਪਟਨਾ ਸਮੇਤ ਛੇ ਜ਼ਿਲ੍ਹਿਆਂ ਵਿਚ ਹਲਕਾ ਮੀਂਹ ਪੈ ਰਿਹਾ ਹੈ। ਅੱਜ ਸਵੇਰੇ ਬਗਾਹਾ ਅਤੇ ਬੇਤੀਆ ਵਿੱਚ ਵੀ ਮੀਂਹ ਪਿਆ। ਬਿਹਾਰ ਵਿੱਚ ਤੂਫ਼ਾਨ ਅਤੇ ਬਿਜਲੀ ਡਿੱਗਣ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ। ਗਯਾਜੀ ਵਿਚ ਦੋ ਲੋਕਾਂ ਦੀ ਬਿਜਲੀ ਡਿੱਗਣ ਨਾਲ ਮੌਤ ਹੋ ਗਈ।

**ਪਟਨਾ, ਮੁਜ਼ੱਫਰਪੁਰ ਅਤੇ ਨਾਲੰਦਾ 'ਚ ਬਿਜਲੀ ਡਿੱਗਣ ਨਾਲ ਲੱਗੀ ਅੱਗ**

ਜਮੂਈ ਦੇ ਚਕਾਈ ਵਿੱਚ ਇੱਕ 15 ਸਾਲਾ ਵਿਦਿਆਰਥਣ ਰਾਗਿਨੀ ਦੀ ਬਿਜਲੀ ਡਿੱਗਣ ਨਾਲ ਮੌਤ ਹੋ ਗਈ। ਮੋਕਾਮਾ ਦੇ ਤਾਲ ਇਲਾਕੇ ਵਿਚ ਬਿਜਲੀ ਡਿੱਗਣ ਨਾਲ ਦਸ ਮਜ਼ਦੂਰ ਝੁਲਸ ਗਏ। ਇਸ ਦੌਰਾਨ ਪਟਨਾ, ਨਾਲੰਦਾ ਅਤੇ ਮੁਜ਼ੱਫਰਪੁਰ ਵਿਚ ਖਜੂਰ ਦੇ ਦਰੱਖ਼ਤਾਂ 'ਤੇ ਵੀ ਬਿਜਲੀ ਡਿੱਗੀ, ਜਿਸ ਕਾਰਨ ਉਹ ਸੜ ਗਏ। ਸਮਸਤੀਪੁਰ ਵਿਚ, ਬਿਜਲੀ ਇਕੋ ਸਮੇਂ ਕਈ ਖਜੂਰ ਦੇ ਦਰੱਖ਼ਤਾਂ 'ਤੇ ਡਿੱਗ ਪਈ, ਜਿਸ ਨਾਲ ਉਨ੍ਹਾਂ ਨੂੰ ਅੱਗ ਲੱਗ ਗਈ।
ਅਰਰੀਆ ਵਿੱਚ ਤੂਫ਼ਾਨ ਕਾਰਨ ਕੰਧ ਡਿੱਗਣ ਨਾਲ ਦੋ ਬੱਚਿਆਂ ਦੀ ਮੌਤ ਹੋ ਗਈ ਜਦਕਿ ਇੱਕ ਬੱਚਾ ਜ਼ਖਮੀ ਹੋ ਗਿਆ। ਇਸ ਤੋਂ ਪਹਿਲਾਂ ਬੀਤੇ ਦਿਨ ਨੂੰ ਰਾਜਧਾਨੀ ਸਮੇਤ 15 ਜ਼ਿਲ੍ਹਿਆਂ ਵਿੱਚ ਭਾਰੀ ਤੂਫ਼ਾਨ ਅਤੇ ਮੀਂਹ ਪਿਆ ਅਤੇ ਛੇ ਸ਼ਹਿਰਾਂ ਵਿੱਚ ਗੜੇ ਪਏ।

## ਦੇਸ਼ ਭਰ 'ਚ 'ਈਦ-ਉਲ-ਫ਼ਿਤਰ' ਮਨਾਈ



ਨਵੀਂ ਦਿੱਲੀ, 21 ਮਾਰਚ (ਚ.ਨ.ਸ.) : ਦੇਸ਼ ਭਰ ਵਿਚ ਅੱਜ ਈਦ-ਉਲ-ਫ਼ਿਤਰ ਮਨਾਈ ਗਈ। ਲੋਕ ਈਦ ਦੀ ਨਮਾਜ਼ ਅਦਾ ਕਰਨ ਲਈ ਮਸਜਿਦਾਂ ਵਿੱਚ ਇਕੱਠੇ ਹੋਏ। ਈਦ ਉਲ-ਫਿਤਰ ਦੇ ਮੌਕੇ 'ਤੇ, ਰਾਜਸਥਾਨ ਦੇ ਅਜਮੇਰ ਵਿੱਚ ਖਵਾਜਾ ਗਰੀਬ ਨਵਾਜ਼ ਦਰਗਾਹ ਸ਼ਰੀਫ ਦਾ 'ਜੰਨਤੀ ਦਰਵਾਜ਼ਾ' ਸਵੇਰੇ 5 ਵਜੇ ਖੋਲ੍ਹਿਆ ਗਿਆ। ਇਸ ਦੌਰਾਨ, ਮੱਧ ਪ੍ਰਦੇਸ਼ ਦੇ ਭੋਪਾਲ ਵਿੱਚ, ਸ਼ੀਆ ਭਾਈਚਾਰੇ ਨੇ ਫਤਿਹਗੜ੍ਹ ਇਮਾਮਬਾੜੇ ਵਿੱਚ ਕਾਲੀ ਈਦ ਮਨਾਈ। ਨਮਾਜ਼ ਤੋਂ ਬਾਅਦ, 'ਅਮਰੀਕਾ ਅਤੇ ਇਜ਼ਰਾਈਲ ਮੁਰਦਾਬਾਦ' ਦੇ ਨਾਅਰੇ ਲਗਾਏ ਗਏ। ਲੋਕ ਕਾਲੀਆਂ ਪੱਟੀਆਂ ਬੰਨ੍ਹ ਕੇ ਪਹੁੰਚੇ।
ਇਮਾਮਬਾੜੇ ਵਿੱਚ ਅਯਾਤੁੱਲਾ ਅਲੀ ਖਾਮੇਨਈ ਦੀ ਤਸਵੀਰ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਆਪਣੇ ਭਾਸ਼ਣ ਵਿੱਚ ਮੌਲਾਨਾ ਰਜ਼ੀ ਉਲ ਹਸਨ ਨੇ ਜ਼ੁਲਮ ਵਿਰੁੱਧ ਖੜ੍ਹੇ ਹੋਣ ਦੀ ਗੱਲ ਕਹੀ। ਇਸ ਦੇ ਨਾਲ ਹੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਵੀ ਐਕਸ-ਪੋਸਟ ਰਾਹੀਂ ਈਦ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਲਿਖਿਆ, 'ਮੇਰੇ ਸਾਰੇ ਦੇਸ਼ ਵਾਸੀਆਂ, ਖਾਸ ਕਰਕੇ ਮੁਸਲਿਮ ਭੈਣਾਂ ਅਤੇ ਭਰਾਵਾਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ। ਇਹ ਤਿਉਹਾਰ ਸਵੈ-ਸੰਜਮ, ਸੇਵਾ, ਪਰਉਪਕਾਰ ਅਤੇ ਗ਼ਰੀਬਾਂ ਲਈ ਹਮਦਰਦੀ ਸਿਖਾਉਂਦਾ ਹੈ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਆਪਣੇ ਦੇਸ਼ ਵਾਸੀਆਂ ਨੂੰ ਈਦ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਐਕਸ 'ਤੇ ਲਿਖਿਆ, 'ਈਦ ਅਲ-ਫਿਤਰ ਦੀਆਂ ਹਾਰਦਿਕ ਸ਼ੁਭਕਾਮਨਾਵਾਂ। ਇਹ ਦਿਨ ਹਰ ਜਗ੍ਹਾ ਭਾਈਚਾਰਾ ਅਤੇ ਸਦਭਾਵਨਾ ਨੂੰ ਹੋਰ ਵਧਾਵੇ। ਹਰ ਕੋਈ ਖੁਸ਼ ਅਤੇ ਸਿਹਤਮੰਦ ਰਹੇ।'
ਭਗਵੰਤ ਮਾਨ ਨੇ 'ਈਦ-ਉਲ-ਫ਼ਿਤਰ' ਦੇ ਪਵਿੱਤਰ ਤਿਉਹਾਰ ਦੀਆਂ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਮੇਰੀ ਦੁਆ ਹੈ ਕਿ ਖੁਸ਼ੀਆਂ ਤੇ ਬਰਕਤਾਂ ਦਾ ਇਹ ਤਿਉਹਾਰ ਸਾਡੇ ਸਮਾਜ ਵਿੱਚ ਆਪਸੀ ਪਿਆਰ, ਭਾਈਚਾਰਕ ਸਾਂਝ ਅਤੇ ਅਮਨ-ਸ਼ਾਂਤੀ ਨੂੰ ਹੋਰ ਮਜ਼ਬੂਤ ਕਰੇ। ਪ੍ਰਮਾਤਮਾ ਸਭ ਦੇ ਵਿਹੜੇ ਖੁਸ਼ੀਆਂ, ਖੇੜੇ ਤੇ ਤਰੱਕੀਆਂ ਬਖ਼ਸ਼ੇ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਰਸੂਖ਼ਦਾਰਾਂ ਦਾ ਵਾਰੋ-ਵਾਰੀ ਸੱਤਾ 'ਚ ਆਉਣ ਦਾ ਦੌਰ ਹੋਇਆ ਖ਼ਤਮ , ਹੁਣ ਲੋਕਾਂ ਦੀ ਵਾਰੀ : ਮਾਨ

ਧਰਮਕੋਟ, 21 ਮਾਰਚ (ਗੁਰਦੇਵ ਖੁਰਾਣਾ/ਨਿਸ਼ੀ ਮਨਚੰਦਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਧਰਮਕੋਟ, ਮੋਗਾ ਦੀ ਦਾਣਾ ਮੰਡੀ ਵਿਖੇ ਇੱਕ ਵਿਸ਼ਾਲ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਇੱਕ ਸਿੱਧਾ ਰਾਜਨੀਤਿਕ ਸੰਦੇਸ਼ ਦਿੱਤਾ ਕਿ ਪੰਜਾਬ ਵਿੱਚ ਕੁਝ ਰਸੂਖ਼ਦਾਰਾ ਘਰਾਣਿਆਂ ਵੱਲੋਂ ਵਾਰੋ-ਵਾਰੀ ਸੱਤਾ ਤੇ ਕਾਬਿਜ਼ ਹੋਣ ਦਾ ਯੁੱਗ ਹੁਣ ਖਤਮ ਹੋ ਗਿਆ ਹੈ ਤੇ ਸੂਬਾ ਇਸ ਤੋਂ ਅੱਗੇ ਵਧ ਗਿਆ ਹੈ। ਹੁਣ ਸੂਬੇ ਦਾ ਭਵਿੱਖ ਪੂਰੀ ਤਰ੍ਹਾਂ ਲੋਕਾਂ ਦੇ ਹੱਥ ਵਿੱਚ ਹੈ। ਦਹਾਕਿਆਂ ਦੇ ਕੁਸ਼ਾਸਨ 'ਤੇ ਰਵਾਇਤੀ ਪਾਰਟੀਆਂ ਨੂੰ ਘੇਰਦਿਆਂ, ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਕਦੇ ਪੰਜਾਬ ਦੀ ਜਵਾਨੀ ਅਤੇ ਕਾਨੂੰਨ ਵਿਵਸਥਾ ਨੂੰ ਢਾਹ ਲਾਈ ਸੀ, ਉਹ ਹੀ ਹੁਣ ਝੂਠੇ ਬਿਆਨਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜੱਗ ਜ਼ਾਹਰ ਹੈ ਕਿ ਉਨ੍ਹਾਂ ਦੀ ਭਰੋਸੇਯੋਗਤਾ ਲਗਾਤਾਰ ਘਟਦੀ ਜਾ ਰਹੀ ਹੈ ਅਤੇ 2027 ਵਿੱਚ ਉਨ੍ਹਾਂ ਦੀ ਹਾਰ ਸਪੱਸ਼ਟ ਦਿਖ ਰਹੀ ਹੈ। ਆਮ ਆਦਮੀ ਪਾਰਟੀ (ਆਪ) ਸਰਕਾਰ ਨੂੰ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਵਾਲੀ ਸਰਕਾਰ ਵਜੋਂ ਪੇਸ਼ ਕਰਦਿਆਂ ਮੁੱਖ ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਦਿੱਤੀਆਂ ਗਈਆਂ ਸਾਰੀਆਂ ਗਰੰਟੀਆਂ ਚਾਰ ਸਾਲਾਂ ਦੇ ਅੰਦਰ ਪੂਰੀਆਂ ਕੀਤੀਆਂ ਹਨ ਤੇ ਬਾਕੀ ਰਹਿੰਦੇ ਸਾਸ਼ਨ ਕਾਲ ਦੌਰਾਨ ਦਹਾਕਿਆਂ ਤੋਂ ਅਣਗੌਲੇ ਪੰਜਾਬ ਦੀ ਰਿਕਵਰੀ ਵਿੱਚ ਤੇਜ਼ੀ ਲਿਆਂਦੀ ਜਾਵੇਗੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿੰਡ ਬਾਜੇਕੇ ਵਿੱਚ ਇੱਕ ਸਕੂਲ ਆਫ਼ ਐਮੀਨੈਂਸ ਦਾ ਨੀਂਹ ਪੱਥਰ ਰੱਖਿਆ, ਜਿੱਥੇ ਸਥਾਨਕ ਲੋਕਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀਆਂ ਤਸਵੀਰਾਂ ਭੇਟ ਕੀਤੀਆਂ ਤੇ ਵਿਦਿਆਰਥੀਆਂ ਨੇ ਉਨ੍ਹਾਂ ਦਾ ਗੁਲਾਬ ਦੇ ਫੁੱਲਾਂ ਨਾਲ ਸਵਾਗਤ ਕੀਤਾ। 19.76 ਕਰੋੜ ਰੁਪਏ ਦੇ ਇਸ ਪ੍ਰਾਜੈਕਟ ਦਾ ਉਦੇਸ਼ ਪੇਂਡੂ ਸਿੱਖਿਆ ਨੂੰ ਆਧੁਨਿਕ ਬੁਨਿਆਦੀ ਢਾਂਚੇ, ਉੱਨਤ ਸਿਖਲਾਈ ਸਹੂਲਤਾਂ ਅਤੇ ਮੁਫ਼ਤ ਜੇਈਈ-ਨੀਟ ਕੋਚਿੰਗ ਨਾਲ ਲੈਸ ਕਰਨਾ ਹੈ, ਜੋ ਬਰਾਬਰ ਮੌਕੇ ਯਕੀਨੀ ਬਣਾਉਣ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦਾ ਠੋਸ ਯਤਨ ਹੈ।

ਇਸ ਤੋਂ ਬਾਅਦ, ਮੁੱਖ ਮੰਤਰੀ ਨੇ ਧਰਮਕੋਟ ਵਿੱਚ 18 ਕਰੋੜ ਰੁਪਏ ਦੀ ਲਾਗਤ ਵਾਲੇ ਸਬ-ਡਿਵੀਜ਼ਨਲ ਹਸਪਤਾਲ ਦਾ ਨੀਂਹ ਪੱਥਰ ਰੱਖਿਆ, ਇਸਨੂੰ ਛੋਟੇ ਕਸਬਿਆਂ ਤੇ ਪੇਂਡੂ ਖੇਤਰਾਂ ਵਿੱਚ ਸਿਹਤ ਸੰਭਾਲ ਪਹੁੰਚ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਦੱਸਿਆ ਤੇ ਹਰ ਘਰ ਤੱਕ ਮਿਆਰੀ ਇਲਾਜ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦਾ ਪ੍ਰਮਾਣ ਹੈ। ਦਾਣਾ ਮੰਡੀ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਤੰਜ ਕੱਸਦਿਆਂ ਕਿਹਾ, "ਉਹ ਆਗੂ ਹੁਣ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਗੱਲ ਕਰ ਰਹੇ ਹਨ, ਜਿਨ੍ਹਾਂ ਦੇ ਹੱਥ ਸੂਬੇ ਦੇ ਨੌਜਵਾਨਾਂ ਦੇ ਖੂਨ ਨਾਲ ਰੰਗੇ ਹੋਏ ਹਨ ਅਤੇ ਜੋ ਸੂਬੇ ਵਿੱਚ ਅਸਥਿਰਤਾ ਲਈ ਜ਼ਿੰਮੇਵਾਰ ਹਨ। ਇਨ੍ਹਾਂ ਪਾਰਟੀਆਂ ਨੇ ਸੂਬੇ ਤੇ ਇਸ ਦੇ ਲੋਕਾਂ ਵਿਰੁੱਧ ਧਰੋਹ ਕਮਾਇਆ ਅਤੇ ਜਨਤਾ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗੀ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬੱਚਿਆਂ ਨੂੰ ਸਿੱਖਿਆ ਦੇਣ, ਰੁਜ਼ਗਾਰ ਪੈਦਾ ਕਰਨ ਅਤੇ ਸਥਾਈ ਵਿਕਾਸ ਰਾਹੀਂ ਗਰੀਬੀ ਨੂੰ ਖਤਮ ਕਰਨ ਲਈ ਅਣਥੱਕ ਯਤਨ ਕਰ ਰਹੀ ਹੈ।

ਇਸ ਸਮਾਗਮ ਪ੍ਰਤੀ ਜਨਤਕ ਹੁੰਗਾਰੇ ਬਾਰੇ ਜ਼ਿਕਰ ਕਰਦਿਆਂ, ਕਿਹਾ ਕਿ ਇਹ ਸਰਕਾਰ ਦੇ ਕੰਮ ਪ੍ਰਤੀ ਲੋਕਾਂ ਦੀ ਸੰਤੁਸ਼ਟੀ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, "ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਜੂਦਗੀ ਇਸ ਗੱਲ ਦਾ ਸਬੂਤ ਹੈ ਕਿ ਉਹ ਆਮ ਆਦਮੀ ਪਾਰਟੀ ਦੇ ਕੰਮ ਤੋਂ ਖੁਸ਼ ਹਨ ਅਤੇ ਉਹ ਸਾਡੀ ਸਰਕਾਰ ਦਾ ਸਮਰਥਨ ਕਰਦੇ ਹਨ। ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਸਰਕਾਰ ਨੇ ਚਾਰ ਸਾਲਾਂ ਦੇ ਅੰਦਰ ਆਪਣੇ ਕੀਤੇ ਹੋਏ ਵਾਅਦੇ ਅਤੇ ਗਰੰਟੀਆਂ ਨੂੰ ਪੂਰਾ ਕੀਤਾ ਹੈ ਅਤੇ ਸਾਡੇ ਕੋਲ ਅਜੇ ਵੀ ਹੋਰ ਕੰਮ ਕਰਨ ਲਈ ਇੱਕ ਸਾਲ ਬਾਕੀ ਹੈ। ਅਸੀਂ ਇਸ ਇੱਕ ਸਾਲ ਨੂੰ ਬਰਬਾਦ ਨਹੀਂ ਕਰਾਂਗੇ ਕਿਉਂਕਿ ਅਸੀਂ ਪਹਿਲਾਂ ਹੀ 70 ਸਾਲ ਪਿੱਛੇ ਹਾਂ ਅਤੇ ਹੁਣ ਸਾਨੂੰ ਉਸ ਦੇਰੀ ਦੀ ਭਰਪਾਈ ਕਰਨੀ ਪਵੇਗੀ।" ਸਰਕਾਰ ਦੀਆਂ ਹੋਰ ਪਹਿਲਕਦਮੀਆਂ ਬਾਰੇ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਆਪ ਸਰਕਾਰ ਹੋਰ ਸਕੂਲ, ਹੋਰ ਹਸਪਤਾਲ ਬਣਾਏਗੀ, ਹੋਰ ਨੌਕਰੀਆਂ ਪ੍ਰਦਾਨ ਕਰੇਗੀ, ਪੁਲਿਸ ਵਿੱਚ ਭਰਤੀ ਕਰੇਗੀ, ਟੋਲ ਪਲਾਜ਼ਾ ਬੰਦ ਕਰੇਗੀ, ਨਹਿਰਾਂ ਵਿੱਚ ਪਾਣੀ ਲਿਆਵੇਗੀ, ਸੜਕਾਂ ਬਣਾਏਗੀ ਅਤੇ ਖੇਡਾਂ ਨੂੰ ਉਤਸ਼ਾਹਿਤ ਕਰੇਗੀ। ਅਜੇ ਵੀ ਬਹੁਤ ਸਾਰਾ ਕੰਮ ਕਰਨ ਦੀ ਲੋੜ ਹੈ ਅਤੇ 'ਆਪ' ਸਰਕਾਰ ਇਸ ਨੇਕ ਕੰਮ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਪਿਛਲੀਆਂ ਸਰਕਾਰਾਂ ਨੇ ਸੂਬੇ ਨੂੰ ਬਰਬਾਦ ਕਰ ਦਿੱਤਾ ਸੀ ਅਤੇ ਪੰਜਾਬ ਨੂੰ ਬੁਰੀ ਹਾਲਤ ਵਿੱਚ ਛੱਡ ਦਿੱਤਾ ਸੀ, ਪਰ ਅੱਜ ਇਹ ਫਿਰ ਤੋਂ ਅੱਗੇ ਵਧ ਰਿਹਾ ਹੈ।"

ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ, "ਇਹ ਇਕੱਠ ਆਮ ਨਹੀਂ ਹਨ ਕਿਉਂਕਿ ਦੂਜੀਆਂ ਪਾਰਟੀਆਂ ਅਜਿਹੇ ਸਮਾਗਮਾਂ ਦੇ ਸੁਪਨੇ ਹੀ ਦੇਖ ਸਕਦੀਆਂ ਹਨ ਕਿਉਂਕਿ ਲੋਕ ਉਨ੍ਹਾਂ ਨੂੰ ਸੁਣਨ ਨਹੀਂ ਆਉਂਦੇ। ਕਾਂਗਰਸ ਜਾਂ ਅਕਾਲੀ ਆਗੂਆਂ ਤੋਂ ਪੁੱਛੋ ਕਿ ਉਹ ਭੀੜ ਇਕੱਠੀ ਕਰਨ ਲਈ ਕਿੰਨੇ ਪੈਸੇ ਖਰਚ ਕਰਦੇ ਹਨ। ਉਹ ਰੈਲੀਆਂ ਵਿੱਚ ਸ਼ਾਮਲ ਹੋਣ ਲਈ ਲੋਕਾਂ ਨੂੰ ਵੀ ਕਿਰਾਏ 'ਤੇ ਲਿਆਉਂਦੇ ਹਨ। ਪਰ ਇੱਥੇ, ਇਹ ਬਹੁਤ ਮਾਣ ਅਤੇ ਤਸੱਲੀ ਦੀ ਗੱਲ ਹੈ ਕਿ ਲੋਕ ਆਪ ਮੁਹਾਰੇ ਆਉਂਦੇ ਹਨ। ਇਹ ਜਨਤਾ ਦਾ ਅਸਲ ਸਮਰਥਨ ਹੈ।" ਉਨ੍ਹਾਂ ਅੱਗੇ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਕੋਲ ਪੰਜਾਬ ਨੂੰ ਬਦਲਣ ਦੇ ਕਈ ਮੌਕੇ ਸਨ ਪਰ ਨੇਕ ਇਰਾਦਿਆਂ ਦੀ ਘਾਟ ਕਾਰਨ



ਉਹ ਅਸਫਲ ਰਹੇ। ਜੇਕਰ ਪਿਛਲੀਆਂ ਸਰਕਾਰਾਂ ਕੋਲ ਕੰਮ ਕਰਨ ਦੀ ਇੱਛਾ ਸ਼ਕਤੀ ਹੁੰਦੀ ਤਾਂ ਉਹ ਇਹ ਪਹਿਲਾਂ ਹੀ ਕਰ ਲੈਂਦੇ ਕਿਉਂਕਿ ਉਨ੍ਹਾਂ ਕੋਲ ਕਈ ਮੌਕੇ ਸਨ। ਇਨ੍ਹਾਂ ਆਗੂਆਂ ਨੇ ਪੰਜਾਬ ਅਤੇ ਪੰਜਾਬੀਆਂ ਨਾਲ ਧੋਖਾ ਕੀਤਾ। ਕੁਝ ਆਗੂ ਤਾਂ ਕਈ ਵਾਰ ਮੁੱਖ ਮੰਤਰੀ ਰਹੇ, ਪਰ ਸੂਬੇ ਵਿੱਚ ਕੁਝ ਨਹੀਂ ਬਦਲਿਆ। ਉਹ ਜਾਣਦੇ ਹਨ ਕਿ 2027 ਵਿੱਚ ਉਨ੍ਹਾਂ ਦੀ ਹਾਰ ਤੈਅ ਹੈ ਤੇ ਇਹ ਗੱਲ ਉਨ੍ਹਾਂ ਨੂੰ ਹਜ਼ਮ ਨਹੀਂ ਹੋ ਰਹੀ। ਸੱਤਾ ਵਿੱਚ ਵਾਰੋ-ਵਾਰੀ ਆਉਣ ਦਾ ਯੁੱਗ ਹੁਣ ਖ਼ਤਮ ਹੋ ਗਿਆ ਹੈ ਅਤੇ ਹੁਣ ਲੋਕਾਂ ਦਾ ਇਮਾਨਦਾਰੀ ਅਤੇ ਮਿਸ਼ਨਰੀ ਜੋਸ਼ ਨਾਲ ਅੱਗੇ ਆਉਣ ਦਾ ਸਮਾਂ ਆ ਗਿਆ ਹੈ।

ਵੋਟਰਾਂ ਨੂੰ ਧਿਆਨ ਨਾਲ ਵੋਟ ਦੇਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ, ਤਾਂ ਇੱਕ ਗੱਲ ਯਾਦ ਰੱਖੋ ਕਿ ਜਿਸ ਪਾਰਟੀ ਚਿੰਨ੍ਹ ਨੂੰ ਤੁਸੀਂ ਵੋਟ ਪਾ ਰਹੇ ਹੋ, ਉਹ ਸਿਰਫ਼ ਇੱਕ ਚਿੰਨ੍ਹ ਨਹੀਂ ਹੈ, ਸਗੋਂ ਇਹ ਤੁਹਾਡੇ ਅਤੇ ਤੁਹਾਡੇ ਬੱਚਿਆਂ ਦੇ ਭਵਿੱਖ ਨੂੰ ਦਰਸਾਉਂਦਾ ਹੈ। ਜੇਕਰ ਤੁਸੀਂ ਗਲਤ ਬਟਨ ਦਬਾਉਂਦੇ ਹੋ, ਤਾਂ ਤੁਹਾਡਾ ਭਵਿੱਖ ਪੰਜ ਸਾਲਾਂ ਲਈ ਰੁੱਕ ਜਾਂਦਾ ਹੈ, ਜਦੋਂ ਕਿ ਸਹੀ ਬਟਨ ਦਬਾਉਣ ਨਾਲ ਪੰਜਾਬ ਵਿਕਾਸ ਦੇ ਰਾਹ ਵੱਲ ਵਧਦਾ ਹੈ। ਔਰਤਾਂ ਦੇ ਸਸ਼ਕਤੀਕਰਨ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਅੱਗੇ ਕਿਹਾ ਕਿ ਅਸੀਂ ਔਰਤਾਂ ਨੂੰ ਸਸ਼ਕਤ ਬਣਾਇਆ ਹੈ ਕਿਉਂਕਿ ਅਸੀਂ ਮਾਵਾਂ ਅਤੇ ਭੈਣਾਂ ਦਾ ਸਤਿਕਾਰ ਕਰਦੇ ਹਾਂ ਅਤੇ ਉਨ੍ਹਾਂ ਦਾ ਆਸ਼ੀਰਵਾਦ ਵਿਅਕਤੀ ਨੂੰ ਹਰ ਖੇਤਰ ਵਿੱਚ ਸਫ਼ਲ ਬਣਾਉਂਦਾ ਹੈ। ਜਿਸ ਘਰ ਵਿੱਚ ਮਾਂ ਨਹੀਂ ਹੁੰਦੀ, ਉਹ ਘਰ ਆਪਣੀ ਰੂਹ ਗੁਆ ਦਿੰਦਾ ਹੈ। ਵਿਰੋਧੀ ਧਿਰ ਸਿਰਫ਼ ਆਪਣੇ ਪਰਿਵਾਰਾਂ, ਆਪਣੇ ਪੁੱਤਰਾਂ, ਭਤੀਜਿਆਂ ਤੇ ਰਿਸ਼ਤੇਦਾਰਾਂ ਬਾਰੇ ਸੋਚਦੀ ਹੈ, ਪਰ ਅਸੀਂ ਪੰਜਾਬ ਦੇ ਹਰ ਨਾਗਰਿਕ ਬਾਰੇ ਸੋਚਦੇ ਹਾਂ। ਵਿਰੋਧੀ ਧਿਰ ਨੇ ਆਪਣੀਆਂ ਸਰਗਰਮ ਨੀਤੀਆਂ, ਨਸ਼ਿਆਂ, ਭ੍ਰਿਸ਼ਟਾਚਾਰ ਤੇ ਕੁਪ੍ਰਬੰਧ ਨਾਲ ਪੰਜਾਬ ਨੂੰ ਤਬਾਹ ਕਰ ਦਿੱਤਾ।

ਸ਼ਾਸਨ ਦੀਆਂ ਤਰਜੀਹਾਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਆਪ ਸਰਕਾਰ ਸਕੂਲਾਂ, ਹਸਪਤਾਲਾਂ ਅਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰ ਰਹੀ ਹੈ ਤਾਂ ਜੋ ਪੰਜਾਬ ਲਗਾਤਾਰ ਤਰੱਕੀ ਕਰਦਾ ਰਹੇ। ਪਹਿਲਾਂ ਦੀਆਂ ਸਰਕਾਰਾਂ ਨੇ ਸ਼ਮਸ਼ਾਨਘਾਟ ਦੀਆਂ ਕੰਧਾਂ ਬਣਾਉਣ ਵਰਗੇ ਮਾਮੂਲੀ ਕੰਮਾਂ 'ਤੇ ਧਿਆਨ ਕੇਂਦਰਿਤ ਕੀਤਾ ਜਦੋਂ ਕਿ ਸਕੂਲ, ਸੜਕਾਂ ਤੇ ਪਾਣੀ ਵਰਗੇ ਵਿਕਾਸ ਨੂੰ ਨਜ਼ਰਅੰਦਾਜ਼ ਕੀਤਾ। ਸਾਡੀ ਸਰਕਾਰ ਨੇ ਆਮ ਆਦਮੀ ਅਤੇ ਉਸਦੇ ਮੁੱਦਿਆਂ ਨੂੰ ਰਾਜਨੀਤੀ ਦੇ ਧੁਰੇ ਵਿੱਚ ਲਿਆ ਕੇ ਇਸ ਮਾਨਸਿਕਤਾ ਨੂੰ ਬਦਲ ਦਿੱਤਾ ਹੈ। ਉਨ੍ਹਾਂ ਦੁਹਰਾਇਆ ਕਿ ਸਾਡੀ ਸਰਕਾਰ ਵਾਅਦੇ ਨਹੀਂ, ਸਗੋਂ ਸੇਵਾਵਾਂ ਮੁਹੱਈਆ ਕਰਵਾਉਣ ਵਾਲੇ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਪਰਿਭਾਸ਼ਿਤ ਕਰਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪ ਸਰਕਾਰ ਬਿਜਲੀ ਪ੍ਰਦਾਨ ਕਰ ਰਹੀ ਹੈ, ਸਿੰਚਾਈ ਪ੍ਰਣਾਲੀ ਵਿੱਚ ਸੁਧਾਰ ਕਰ ਰਹੀ ਹੈ, ਨਵੇਂ ਸਕੂਲ ਬਣਾ ਰਹੀ ਹੈ, ਸਿਹਤ ਸੰਭਾਲ ਪ੍ਰਦਾਨ ਕਰ ਰਹੀ ਹੈ ਤੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰ ਰਹੀ ਹੈ। ਸ਼ਾਸਨ ਪ੍ਰਣਾਲੀ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਆਪ ਸਰਕਾਰ ਸਿਰਫ਼ ਦਫ਼ਤਰੀ ਸਮੇਂ ਦੌਰਾਨ ਨਹੀਂ, ਸਗੋਂ ਦਿਨ-ਰਾਤ ਕੰਮ ਕਰ ਰਹੀ ਹੈ, ਕਿਉਂਕਿ ਲੋਕਾਂ ਦੀਆਂ ਸਮੱਸਿਆਵਾਂ ਸਿਰਫ਼ ਦਫ਼ਤਰੀ 'ਚ ਨਹੀਂ ਆਉਂਦੀਆਂ। ਅਸੀਂ ਲੋਕਾਂ ਦੇ ਹਿਸਾਬ ਨਾਲ ਸਿਸਟਮ ਬਦਲ ਰਹੇ ਹਾਂ। ਜਦੋਂ ਮੈਂ ਲੋਕਾਂ ਨੂੰ ਸਾਡੇ ਕੰਮਾਂ ਕਰਕੇ ਖੁਸ਼ ਹੁੰਦੇ ਦੇਖਦਾ ਹਾਂ, ਤਾਂ ਇਸ ਨਾਲ ਮੈਨੂੰ ਬਹੁਤ ਸੰਤੁਸ਼ਟੀ ਹੁੰਦੀ ਹੈ। ਅਜਿਹੇ ਸਮੇਂ ਜਦੋਂ ਕੇਂਦਰ ਸਰਕਾਰ ਵੱਲੋਂ ਦੇਸ਼ ਦੀਆਂ ਜਾਇਦਾਦਾਂ ਆਪਣੇ ਹਮਦਰਦ ਮਿੱਤਰਾਂ ਨੂੰ ਮਾਮੂਲੀ ਕੀਮਤਾਂ 'ਤੇ ਦਿੱਤੀਆਂ ਜਾ ਰਹੀਆਂ ਹਨ, ਪੰਜਾਬ ਸਰਕਾਰ ਨੇ ਇੱਕ ਨਿੱਜੀ ਥਰਮਲ ਪਲਾਂਟ ਖਰੀਦ ਕੇ ਇਤਿਹਾਸ ਰਚਿਆ ਹੈ।

ਸਿਹਤ ਸੰਭਾਲ ਪਹਿਲਕਦਮੀਆਂ ਦਾ ਵੇਰਵਾ ਦਿੰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮੁਫ਼ਤ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਰਾਜ ਵਿੱਚ 881 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਸਰਕਾਰੀ ਹਸਪਤਾਲਾਂ ਵਿੱਚ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨ ਲਈ, ਆਪ ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ, ਜੋ ਕਿ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ ਜੋ ਪੰਜਾਬ ਦੇ ਹਰੇਕ ਨਿਵਾਸੀ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ। ਪੰਜਾਬ ਅਜਿਹਾ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕਰਨ ਵਾਲਾ ਪਹਿਲਾ ਭਾਰਤੀ ਰਾਜ ਹੈ, ਜਿਸ ਨਾਲ ਲੋਕਾਂ 'ਤੇ ਵਿੱਤੀ ਬੋਝ ਕਾਫ਼ੀ ਘੱਟ ਗਿਆ ਹੈ ਅਤੇ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਨਸ਼ਾ ਵਿਰੋਧੀ ਮੁਹਿੰਮ ਬਾਰੇ ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਸ਼ੁਰੂ ਕੀਤੀ, ਜਿਸ ਤਹਿਤ ਨਸ਼ਿਆਂ ਦੀ ਸਪਲਾਈ ਚੇਨ ਤੋੜ ਦਿੱਤੀ ਗਈ ਤੇ ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ। ਜਨਤਾ ਦੇ ਸਰਗਰਮ ਸਮਰਥਨ ਨੇ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਰਿਹਾ ਹੈ। ਯੁੱਧ ਨਸ਼ਿਆਂ ਵਿਰੁੱਧ ਹੁਣ ਇੱਕ ਜਨ ਅੰਦੋਲਨ ਬਣ ਗਿਆ ਹੈ। ਵਿਕਾਸ ਕਾਰਜਾਂ ਦੇ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਧਰਮਕੋਟ ਦੇ ਪਿੰਡ ਬਾਜੇਕੇ ਵਿਖੇ ਇੱਕ ਸਕੂਲ ਆਫ਼ ਐਮੀਨੈਂਸ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਸੱਤ ਏਕੜ ਅਤੇ ਤਿੰਨ ਕਨਾਲ ਤੋਂ ਵੱਧ ਰਕਬੇ 'ਤੇ ਤਿਆਰ ਕੀਤੇ ਜਾਣ ਵਾਲੇ ਇਸ ਸਕੂਲ ਦੇ ਨਿਰਮਾਣ 'ਤੇ 19 ਕਰੋੜ 76 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਦੋ ਮੰਜ਼ਿਲਾ ਇਮਾਰਤ ਵਿੱਚ 24 ਕਲਾਸਰੂਮ, ਤਿੰਨ ਸਾਇੰਸ ਪ੍ਰਯੋਗਸ਼ਾਲਾਵਾਂ, ਇੱਕ ਕਾਮਰਸ ਬਲਾਕ, ਲਾਇਬ੍ਰੇਰੀ, ਕੰਪਿਊਟਰ ਲੈਬ, ਦੋ ਵਾਧੂ ਪ੍ਰਯੋਗਸ਼ਾਲਾਵਾਂ, ਐਜੂਸੈਟ ਕਮਰਾ ਅਤੇ ਸੈਨੇਟਰੀ ਬਲਾਕ ਸ਼ਾਮਲ ਹੋਣਗੇ। ਉਨ੍ਹਾਂ ਅੱਗੇ ਕਿਹਾ ਕਿ ਇੱਥੇ ਵਾਲੀਬਾਲ, ਬਾਸਕਟਬਾਲ ਅਤੇ ਹੈਂਡਬਾਲ ਲਈ ਖੇਡ ਦੇ ਮੈਦਾਨ ਹੋਣਗੇ ਅਤੇ 200 ਮੀਟਰ ਦਾ ਟ੍ਰੈਕ ਵੀ ਹੋਵੇਗਾ। ਇਸ ਸਕੂਲ ਵਿੱਚ ਸਾਇੰਸ, ਕਾਮਰਸ ਅਤੇ ਆਰਟਸ ਸਟ੍ਰੀਮ ਪੜ੍ਹਾਏ ਜਾ ਰਹੇ ਹਨ ਅਤੇ ਹਰੇਕ ਵਿਦਿਆਰਥੀ ਨੂੰ 4,000 ਦੀ ਲਾਗਤ ਵਾਲੇ ਟ੍ਰੈਕ ਸੂਟ, ਬਲੇਜ਼ਰ ਅਤੇ ਹੋਰ ਵਰਦੀ ਵਰਗੀਆਂ ਚੀਜ਼ਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਚਾਰ ਬੱਸਾਂ ਦੇ ਨਾਲ ਆਵਾਜਾਈ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਤੇ ਜੇਈਈ ਅਤੇ ਨੀਟ ਲਈ ਮੁਫ਼ਤ ਕੋਚਿੰਗ ਪ੍ਰਦਾਨ ਕੀਤੀ ਜਾਵੇਗੀ।

ਅਕਾਦਮਿਕ ਪ੍ਰਾਪਤੀਆਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਕੂਲ ਦੇ ਦੋ ਵਿਦਿਆਰਥੀਆਂ ਆਰੀਅਨ ਦੇਵਗਨ ਅਤੇ ਗੁਰਜਸ਼ਨ ਸਿੰਘ ਨੇ ਜੇਈਈ ਮੇਨਜ਼ ਲਈ ਕੁਆਈਫਾਈ ਕੀਤਾ ਹੈ ਅਤੇ ਵਿਦਿਆਰਥੀਆਂ ਨੇ ਬੋਰਡ ਮੈਰਿਟ ਸੂਚੀ ਵਿੱਚ ਲਗਾਤਾਰ ਸਥਾਨ ਪ੍ਰਾਪਤ ਕੀਤੇ ਹਨ। ਮੋਗਾ ਜ਼ਿਲ੍ਹੇ ਵਿੱਚ ਲਾਂਧੇ ਕੇ, ਬਾਘਾਪੁਰਾਣਾ ਅਤੇ ਨਿਹਾਲ ਸਿੰਘ ਵਾਲਾ ਵਿਖੇ ਤਿੰਨ ਹੋਰ ਸਕੂਲ ਆਫ਼ ਐਮੀਨੈਂਸ ਕਾਰਜਸ਼ੀਲ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਿਹਤ ਸੰਭਾਲ ਨੂੰ ਅਪਗ੍ਰੇਡ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਧਰਮਕੋਟ ਵਿੱਚ ਪ੍ਰਾਇਮਰੀ ਹੈਲਥ ਸੈਂਟਰ ਨੂੰ 18 ਕਰੋੜ ਰੁਪਏ ਦੇ ਨਿਵੇਸ਼ ਨਾਲ ਸਬ-ਡਿਵੀਜ਼ਨਲ ਹਸਪਤਾਲ ਵਿੱਚ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਿਸ ਵਿੱਚ ਧਰਮਕੋਟ ਅਤੇ ਨੇੜਲੇ ਪਿੰਡਾਂ ਦੇ ਹਜ਼ਾਰਾਂ ਵਸਨੀਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

## ਮਨੀਸ਼ ਸਿਸੋਦੀਆ ਨੇ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਕੀਤੇ ਭੇਟ



ਫਿਰੋਜ਼ਪੁਰ, 21 ਮਾਰਚ (ਤਿਵਾੜੀ): ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਭਾਰੀ ਅਤੇ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਸ਼ਹੀਦੀ ਸਮਾਰਕ ਹੁਸੈਨੀਵਾਲਾ, ਫਿਰੋਜ਼ਪੁਰ ਵਿਖੇ ਪਹੁੰਚ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਦੀਆਂ ਸਮਾਧਾਂ ਤੇ ਮੱਥਾ ਟੇਕਿਆ ਅਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਦੌਰਾਨ ਉਨ੍ਹਾਂ ਉਥੇ ਬਣੀ ਸ. ਭਗਤ ਸਿੰਘ ਦੀ ਮਾਤਾ ਵਿਦਿਆਵਤੀ ਦੀ ਸਮਾਧ ਅਤੇ ਬਟੁਕੇਸ਼ਵਰ ਦੀ ਸਮਾਧ ਤੇ ਵੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਭਾਰੀ ਮਨੀਸ ਸਿਸੋਦੀਆ ਨੇ ਦੱਸਿਆ ਕਿ ਉਹ ਅੱਜ ਫਿਰੋਜ਼ਪੁਰ ਏਰੀਏ ਵਿੱਚੋਂ ਨਿਕਲ ਰਹੇ ਸਨ ਤਾਂ ਉਨ੍ਹਾਂ ਦਾ ਮੰਨ ਹੋਇਆ ਕਿ ਉਹ ਹੁਸੈਨੀਵਾਲਾ ਵਿਖੇ ਪਹੁੰਚ ਕੇ ਸ਼ਹੀਦਾਂ ਨੂੰ ਨਤਮਸਤਕ ਜ਼ਰੂਰ ਹੋਣ, ਜਿਨ੍ਹਾਂ ਦੀਆਂ ਕੁਰਬਾਨੀਆਂ ਕਾਰਨ ਹੀ ਅਸੀਂ ਆਜ਼ਾਦ ਹਵਾ ਵਿਚ ਸਾਹ ਲੈ ਰਹੇ ਹਾ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਦੇਸ਼ ਦੀ ਕਾਮਯਾਬੀ ਲਈ ਕੰਮ ਕਰਨਾ ਚਾਹੀਦਾ ਹੈ। ਇਸ ਉਪਰੰਤ ਉਨ੍ਹਾਂ ਹਿੰਦ-ਪਾਕ ਬਾਰਡਰ ਤੇ ਰੀਟਰੀਟ ਸੈਰਾਮਨੀ ਦਾ ਵੀ ਆਨੰਦ ਮਾਨਿਆ ਅਤੇ ਉਥੇ ਆਰਮੀ ਦੇ ਜਵਾਨਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੇ ਜਵਾਨ ਜੋ ਕਿ ਦਿਨ-ਰਾਤ ਸਰਹੱਦਾ ਤੇ ਆਪਣੀਆਂ ਡਿਊਟੀ ਨਿਭਾ ਰਹੇ ਹਨ ਇਨ੍ਹਾਂ ਕਰ ਕੇ ਹੀ ਅਸੀਂ ਆਪਣੇ ਘਰਾਂ ਵਿੱਚ ਬੇਚਿੰਤ ਹੋ ਕੇ ਸੋ ਰਹੇ ਹਾਂ, ਸਾਨੂੰ ਸਾਰਿਆਂ ਨੂੰ ਇਨ੍ਹਾਂ ਤੇ ਮਾਨ ਹੈ।

ਇਸ ਮੌਕੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ, ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ, ਐਸਐਸਪੀ ਭੁਪਿੰਦਰ ਸਿੰਘ, ਚੇਅਰਮੈਨ ਪੰਜਾਬ ਬੀ.ਸੀ ਕਮਿਸ਼ਨ ਡਾ. ਮਲਕੀਤ ਥਿੰਦ, ਚੇਅਰਮੈਨ ਪੰਜਾਬ ਐਗਰੋ ਸ਼ਮਿੰਦਰ ਖਿੰਡਾ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਹਰਜਿੰਦਰ ਘਾਂਗਾ ਤੋਂ ਇਲਾਵਾ ਹੋਰ ਸ਼ਖਸੀਅਤਾ ਤੇ ਪਤਵੰਦੇ ਹਾਜ਼ਰ ਸਨ।

## ਪੰਜਾਬ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ 1.91 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ₹219 ਕਰੋੜ ਜਾਰੀ : ਡਾ. ਬਲਜੀਤ ਕੌਰ

**- ਮੌਜੂਦਾ ਵਿੱਤੀ ਸਾਲ ਦੌਰਾਨ 2.70 ਲੱਖ ਵਿਦਿਆਰਥੀਆਂ ਨੂੰ ਕਵਰ ਕਰਨ ਦਾ ਟੀਚਾ**

**- ਹਾਸ਼ੀਆਗ੍ਰਸਤ ਵਰਗਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਲਗਾਤਾਰ ਉਪਰਾਲੇ**

ਚੰਡੀਗੜ੍ਹ, 21 ਮਾਰਚ (ਚ.ਨ.ਸ.): ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਾਸ਼ੀਆਗ੍ਰਸਤ ਵਰਗਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸੇ ਦਿਸ਼ਾ ਵਿੱਚ ਅੱਗੇ ਵਧਦਿਆਂ ਹੋਇਆ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਮੌਜੂਦਾ ਵਿੱਤੀ ਸਾਲ ਦੌਰਾਨ 1,91,429 ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ₹219 ਕਰੋੜ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਮਾਨ ਸਰਕਾਰ ਦੀ ਅਨੁਸੂਚਿਤ ਜਾਤੀਆਂ ਅਤੇ ਹੋਰ ਪਿੱਛੜੇ ਵਰਗਾਂ ਦੀ ਭਲਾਈ ਅਤੇ ਸਸ਼ਕਤੀਕਰਨ ਪ੍ਰਤੀ ਮਜ਼ਬੂਤ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸਕੀਮ ਦੇ ਮਨੁੱਖੀ ਪੱਖ ਨੂੰ ਉਜਾਗਰ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ, "ਪੋਸਟ ਮੈਟ੍ਰਿਕ ਸਕਾਲਰਸ਼ਿਪ ਸਿਰਫ਼ ਵਿੱਤੀ ਸਹਾਇਤਾ ਨਹੀਂ, ਸਗੋਂ ਹਜ਼ਾਰਾਂ ਪਰਿਵਾਰਾਂ ਲਈ ਉਮੀਦ ਦੀ ਇੱਕ ਕਿਰਨ



ਹੈ। ਕਈ ਘਰਾਂ ਲਈ ਇਹ ਸਕੀਮ ਬੱਚਿਆਂ ਨੂੰ ਉੱਚ ਸਿੱਖਿਆ ਹਾਸਲ ਕਰਨ ਅਤੇ ਆਪਣਾ ਭਵਿੱਖ ਸੁਨਹਿਰੀ ਬਣਾਉਣ ਦਾ ਮੌਕਾ ਪ੍ਰਦਾਨ ਕਰ ਰਹੀ ਹੈ। ਸਾਡੀ ਸਰਕਾਰ ਦਾ ਦ੍ਰਿੜ ਇਰਾਦਾ ਹੈ ਕਿ ਕੋਈ ਵੀ ਯੋਗ ਵਿਦਿਆਰਥੀ ਸਿਰਫ਼ ਆਰਥਿਕ ਕਮੀ ਕਾਰਨ ਆਪਣੀ ਪੜ੍ਹਾਈ ਤੋਂ ਵਾਂਝਾ ਨਾ ਰਹੇ।" ਹੋਰ ਜਾਣਕਾਰੀ ਸਾਂਝੀ ਕਰਦਿਆਂ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੌਜੂਦਾ ਵਿੱਤੀ ਸਾਲ ਦੌਰਾਨ 2.70 ਲੱਖ ਵਿਦਿਆਰਥੀਆਂ ਨੂੰ ਸਕੀਮ ਅਧੀਨ ਕਵਰ ਕਰਨ ਦਾ ਟੀਚਾ ਰੱਖਿਆ ਗਿਆ ਸੀ, ਜਦਕਿ ਹੁਣ ਤੱਕ 2,72,093 ਵਿਦਿਆਰਥੀਆਂ ਵੱਲੋਂ ਅਰਜ਼ੀਆਂ ਪ੍ਰਾਪਤ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਟੀਚੇ ਤੋਂ ਵੱਧ ਅਰਜ਼ੀਆਂ ਮਿਲਣ ਨਾਲ ਸਕੀਮ ਪ੍ਰਤੀ ਲੋਕਾਂ ਵਿੱਚ ਵਧ ਰਹੀ ਜਾਗਰੂਕਤਾ ਅਤੇ ਭਰੋਸਾ ਸਪੱਸ਼ਟ ਹੁੰਦਾ ਹੈ।

ਕੈਬਨਿਟ ਮੰਤਰੀ ਨੇ ਇਹ ਵੀ ਕਿਹਾ ਕਿ ਸਕੀਮ ਅਧੀਨ ਵਿਦਿਆਰਥੀਆਂ ਨੂੰ ਸਮੇਂ ਸਿਰ ਭੁਗਤਾਨ ਯਕੀਨੀ ਬਣਾਇਆ ਜਾ ਰਿਹਾ ਹੈ, ਜਿਸ ਨਾਲ ਪਿੱਛਲੇ ਸਾਲਾਂ ਦੇ ਮੁਕਾਬਲੇ ਲਾਭਪਾਤਰੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ। "ਇਹ ਉਪਰਾਲਾ ਪੰਜਾਬ ਦੇ ਨੌਜਵਾਨਾਂ ਨੂੰ ਸਿੱਖਿਆ ਰਾਹੀਂ ਸਸ਼ਕਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋ ਰਿਹਾ ਹੈ।"

## ਪੰਜਾਬ ਬਾਕੀ ਸੂਬਿਆਂ ਨਾਲੋਂ ਪੱਛੜ ਚੁੱਕੈ : ਸੈਣੀ

### ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ

ਸਮਾਣਾ, 21 ਮਾਰਚ (ਸੁਖਜਿੰਦਰ ਸਿੰਘ ਕੁਲਾਰਾਂ/ਵਿਜੇ ਕੁਮਾਰ): ਭਾਰਤੀ ਜਨਤਾ ਪਾਰਟੀ ਵੱਲੋਂ ਸ਼ਨੀਵਾਰ ਨੂੰ ਸਮਾਣਾ ਵਿਖੇ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਸਬੰਧ ਵਿੱਚ ਇੱਕ ਪੈਲਸ ਵਿਖੇ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਗਿਆ। ਰੈਲੀ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਸਾਬਕਾ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪਰਨੀਤ ਕੌਰ ਜ਼ਿਲਾ ਪਟਿਆਲਾ ਦਿਹਾਤੀ ਦੇ ਪ੍ਰਧਾਨ ਹਰਮੇਸ਼ ਗੋਇਲ, ਹਲਕਾ ਇੰਚਾਰਜ ਸੁਰਿੰਦਰ ਖੇੜਕੀ, ਮੰਡਲ ਪ੍ਰਧਾਨ ਯਤਿੰਦਰ ਸ਼ਰਮਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਰੈਲੀ ਦੌਰਾਨ ਸਿੱਖਿਆ ਸ਼ਾਸਤਰੀ ਪ੍ਰਿੰਸੀਪਲ ਡਾ: ਮੋਹਨ ਲਾਲ ਸ਼ਰਮਾ ਆਪਣੇ ਸਾਥੀਆਂ ਸਮੇਤ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਮਹਾਰਾਣੀ ਪਰਨੀਤ ਕੌਰ ਨੇ ਪ੍ਰਿੰਸੀਪਲ ਸ਼ਰਮਾ ਨੂੰ ਸਿਰੋਪਾਓ ਪਾ ਕੇ ਪਾਰਟੀ ਵਿੱਚ ਸਨਮਾਨਿਤ ਕੀਤਾ। ਰੈਲੀ ਨੂੰ ਸੰਬੋਧਨ ਕਰਦਿਆਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਤਿਹਾਸਕ ਸ਼ਹਿਰ ਸਮਾਣਾ ਆ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ, ਕਿਉਂਕਿ ਇਹ ਸ਼ਹਿਰ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਸੈਣੀ ਨੇ ਕਿਹਾ ਕਿ ਪੰਜਾਬ ਰਾਜ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਕਾਫੀ ਪਿੱਛੇ ਰਹਿ ਗਿਆ ਹੈ। ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਅੱਜ ਹਰ ਵਰਗ ਪ੍ਰੇਸ਼ਾਨ ਹੈ। ਪੰਜਾਬ ਨੂੰ ਹੁਣ ਅਜਿਹੀ ਸਰਕਾਰ ਦੀ ਲੋੜ ਹੈ ਜੋ ਆਪਣਾ ਨਹੀਂ, ਸਗੋਂ ਲੋਕਾਂ ਦਾ ਵਿਕਾਸ ਕਰੇ। ਉਨ੍ਹਾਂ ਭਗਵੰਤ ਮਾਨ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ




ਕਿ 2022 ਦੀਆਂ ਚੋਣਾਂ ਵੇਲੇ ਕੀਤੇ ਗਏ ਵਾਅਦਿਆਂ ਵਿੱਚੋਂ ਇੱਕ ਵੀ ਪੂਰਾ ਨਹੀਂ ਕੀਤਾ ਗਿਆ। ਸੈਣੀ ਨੇ ਦੱਸਿਆ ਕਿ ਹਰਿਆਣਾ ਸਰਕਾਰ 24 ਫ਼ਸਲਾਂ ਤੇ ਐਮ.ਐਸ.ਪੀ. ਦੇ ਰਹੀ ਹੈ, ਜਦਕਿ ਪੰਜਾਬ ਵਿੱਚ ਅਜਿਹਾ ਕੁਝ ਨਹੀਂ ਹੋ ਰਿਹਾ। ਉਨ੍ਹਾਂ ਅੰਕੜੇ ਸਾਂਝੇ ਕਰਦਿਆਂ ਕਿਹਾ ਕਿ ਹਰਿਆਣਾ ਨੇ ਕਿਸਾਨਾਂ ਨੂੰ ਲਗਭਗ 16,500 ਕਰੋੜ ਰੁਪਏ ਮੁਆਵਜ਼ਾ ਦਿੱਤਾ ਹੈ, ਜਦਕਿ ਪੰਜਾਬ ਸਰਕਾਰ ਨੇ ਦਸ ਸਾਲਾਂ ਵਿੱਚ ਸਿਰਫ਼ 3,900 ਕਰੋੜ ਰੁਪਏ ਹੀ ਦਿੱਤੇ ਹਨ। ਉਹਨਾ ਮਹਿਲਾਵਾਂ ਨੂੰ ਮਹੀਨਾਵਾਰ ਭੱਤੇ ਬਾਰੇ ਕਿਹਾ ਕਿ 4 ਸਾਲ ਬੀਤ ਜਾਣ ਦੇ ਬਾਵਜੂਦ 1000 ਰੁਪਏ ਮਹੀਨਾ ਦੇਣ ਦਾ ਐਲਾਨ ਕੀਤਾ ਹੈ ਪਰ ਉਸ ਦੀ ਤਾਰੀਖ ਨਹੀਂ ਐਲਾਨੀ ਗਈ ਜਦੋਂ ਕਿ ਜਸ਼ਨ ਬਹੁਤ ਜਿਆਦਾ ਮਨਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਅਤੇ ਅਮਨ ਕਾਨੂੰਨ ਦੀ ਸਥਿਤੀ ਖਰਾਬ ਹੈ। ਜੇਕਰ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣਾ ਹੈ, ਤਾਂ 2027 ਵਿੱਚ ਭਾਜਪਾ ਦੀ ਡਬਲ ਇੰਜਣ ਵਾਲੀ ਸਰਕਾਰ ਬਣਾਉਣੀ ਚਾਹੀਦੀ ਹੈ ਤਾਂ ਜੋ ਹਰ ਵਰਗ ਸੁਰੱਖਿਅਤ ਅਤੇ ਖੁਸ਼ਹਾਲ ਮਹਿਸੂਸ ਕਰ ਸਕੇ। ਇਸ ਮੌਕੇ ਪ੍ਰਦਮਨ ਸਿੰਘ ਵਿਰਕ, ਨਲਿਨੀ ਚੋਪੜਾ, ਰਜੇਸ਼ ਮੋਦਗਿਲ, ਦਮਨ ਭੱਲਾ, ਵਿਕਾਸ ਵਰਮਾ, ਜੀਵਨ ਦੱਤ ਸ਼ੈਲੀ, ਨੀਰਜ ਜਿੰਦਲ, ਭਾਨੂੰ ਪ੍ਰਤਾਪ ਸਿੰਗਲਾ, ਸਿਕੰਦ ਵੀਰ ਜਿੰਦਲ, ਸੰਜੀਵ ਗਰਗ ਤੋਂ ਇਲਾਵਾ ਰੈਲੀ ਵਿੱਚ ਹਜ਼ਾਰਾਂ ਲੋਕ ਸ਼ਾਮਲ ਸਨ।

## ਅਗਲੀ ਅਕਾਲੀ ਦਲ ਦੀ ਸਰਕਾਰ ਥੀਨ ਡੈਮ 'ਤੇ 50 ਹਜ਼ਾਰ ਕਰੋੜ ਦੇ ਨਿਵੇਸ਼ ਨਾਲ ਸੈਰ ਸਪਾਟਾ ਕੇਂਦਰ ਬਣਾਏਗੀ : ਸੁਖਬੀਰ ਸਿੰਘ ਬਾਦਲ

ਡੇਰਾ ਬਾਬਾ ਨਾਨਕ, 21 ਮਾਰਚ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 2027 ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਥੀਨ ਡੈਮ ਵਿਖੇ 50 ਹਜ਼ਾਰ ਕਰੋੜ



ਰੁਪਏ ਦੇ ਨਿਵੇਸ਼ ਨਾਲ ਸੈਰ ਸਪਾਟਾ ਕੇਂਦਰ ਵਿਕਸਤ ਕੀਤਾ ਜਾਵੇਗਾ। ਇਥੇ ਪਾਰਟੀ ਦੀ ਪੰਜਾਬ ਬਚਾਓ ਮੁਹਿੰਮ ਦੇ ਤਹਿਤ ਸੀਨੀਅਰ ਆਗੂ ਸੁੱਚਾ ਸਿੰਘ ਲੰਗਾਹ ਦੇ ਨਾਲ ਮਿਲ ਕੇ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਸੈਰ ਸਪਾਟਾ ਕੇਂਦਰ ਖਿੱਤੇ ਦੇ ਨੌਜਵਾਨਾਂ ਨੂੰ ਲੋੜੀਂਦਾ ਰੋਜ਼ਗਾਰ ਪ੍ਰਦਾਨ ਕਰੇਗਾ ਤੇ ਇਲਾਕੇ ਦੇ ਅਰਥਚਾਰੇ ਨੂੰ ਵੱਡਾ ਹੁਲਾਰਾ ਦੇਵੇਗਾ। ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਸੂਬੇ ਦੀ ਸਰਹੱਦੀ ਪੱਟੀ ਵਿਚ ਉਦਯੋਗਾਂ ਦੀ ਸਥਾਪਨਾ ਨੂੰ ਉਤਸ਼ਾਹਿਤ ਕਰੇਗਾ ਤੇ ਇਸ ਵਾਸਤੇ ਵਿਸ਼ੇਸ਼ ਪੈਕੇਜ ਦੇਵੇਗਾ। ਉਹਨਾਂ ਕਿਹਾ ਕਿ ਸਸਤੀ ਬਿਜਲੀ ਤੇ ਟੈਕਸ ਰਿਆਇਤਾਂ ਸਮੇਤ ਇਹਨਾਂ ਰਿਆਇਤਾਂ ਦੇ ਨਾਲ ਅਸੀਂ ਉਦਯੋਗਾਂ ਨੂੰ 75 ਫੀਸਦੀ ਨੌਕਰੀਆਂ ਪੰਜਾਬੀਆਂ ਨੂੰ ਦੇਣ ਵਾਸਤੇ ਕਹਾਂਗੇ। ਉਹਨਾਂ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਅੰਮ੍ਰਿਤਸਰ ਵਿਚ ਇਕ ਆਈ ਟੀ ਕੇਂਦਰ ਸਥਾਪਿਤ ਕਰੇਗਾ ਜੋ ਸਮੁੱਚੀ ਸਰਹੱਦੀ ਪੱਟੀ ਦੇ ਨੌਜਵਾਨਾਂ ਵਾਸਤੇ ਬਹੁਤ ਲਾਹੇਵੰਦ ਸਾਬਤ ਹੋਵੇਗਾ।

ਬਾਦਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੀ ਹਮਾਇਤ ਕਰਨ ਤੇ ਦਿੱਲੀ ਦੀਆਂ ਪਾਰਟੀਆਂ ਨੂੰ ਠੁਕਰਾ ਦੇਣ ਜਿਹਨਾਂ ਨੇ ਹਮੇਸ਼ਾ ਪੰਜਾਬ ਨਾਲ ਵਿਤਕਰਾ ਕੀਤਾ। ਉਹਨਾਂ ਕਿਹਾ ਕਿ ਸੂਬੇ ਨੂੰ ਇਸਦੀ ਰਾਜਧਾਨੀ ਨਹੀਂ ਦਿੱਤੀਗਈ, ਇਸਦੇ ਅੱਧੇ ਦਰਿਆਈ ਪਾਣੀ ਖੋਹ ਲਏ ਗਏ ਤੇ ਰਾਈਪੇਰੀਅਨ ਸਿਧਾਂਤ ਦੇ ਖਿਲਾਫ ਰਾਜਸਥਾਨ ਨੂੰ ਦੇ ਦਿੱਤੇ ਗਏ ਅਤੇ 1966 ਵਿਚ ਪੰਜਾਬ ਦੇ ਪੁਨਰਗਠਨ ਵੇਲੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਨਹੀਂ ਦਿੱਤੇ ਗਏ। ਉਹਨਾਂ ਕਿਹਾ ਕਿ 2027 ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਅਸੀਂ ਰਾਜਸਥਾਨ ਨਹਿਰ ਰਾਹੀਂ ਜਾਂਦਾ ਪਾਣੀ ਬੰਦ ਕਰਾਂਗੇ। ਅਸੀਂ ਨਵੀਂਆਂ ਨਹਿਰਾਂ ਉਸਾਰਾਂਗੇ ਅਤੇ ਇਹ ਪਾਣੀ ਸਾਡੇ ਕਿਸਾਨਾਂ ਦੇ ਖੇਤਾਂ ਵਿਚ ਲੈ ਕੇ ਜਾਵਾਂਗੇ।

ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਐਲਾਨ ਕੀਤਾ ਕਿ ਨੌਜਵਾਨਾਂ ਨੂੰ ਵਿਆਜ਼ ਮੁਕਤ 10 ਲੱਖ ਰੁਪਏ ਦਾ ਕਰਜ਼ਾ ਦਿੱਤਾ ਜਾਵੇਗਾ ਅਤੇ ਆਟਾ ਦਾਲ ਸਕੀਮ ਦਾ ਵਿਸਥਾਰ ਕੀਤਾ ਜਾਵੇਗਾ ਤੇ ਬੁਢਾਪਾ ਪੈਨਸ਼ਨ ਵਧਾ ਕੇ 3100 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇਗੀ ਤੇ ਸ਼ਗਨ ਸਕੀਮ ਦੀ ਰਾਸ਼ੀ ਵਧਾ ਕੇ 1 ਲੱਖ ਰੁਪਏ ਕੀਤੀ ਜਾਵੇਗੀ। ਉਹਨਾਂ ਇਹ ਵੀ ਐਲਾਨ ਕੀਤਾ ਕਿ ਜਿਹੜੇ ਕਿਸਾਨਾਂ ਕੋਲ ਟਿਊਬਵੈਲ ਕੁਨੈਕਸ਼ਨ ਨਹੀਂ ਹਨ, ਉਹਨਾਂ ਨੂੰ ਕੁਨੈਕਸ਼ਨ ਦਿੱਤੇ ਜਾਣਗੇ ਅਤੇ ਦਿਨ ਵੇਲੇ 12 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ, ਇਕ ਵਿਸ਼ਵ ਸਕਿੱਲ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ ਜਿਸਦੇ ਕਾਲਜ ਹਰ ਜ਼ਿਲ੍ਹੇ ਵਿਚ ਹੋਣਗੇ ਤੇ ਸਰਕਾਰੀ ਨੌਕਰੀਆਂ ਸਿਰਫ ਪੰਜਾਬੀਆਂ ਵਾਸਤੇ ਹੋਣਗੀਆਂ। ਇਸ ਮੌਕੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ, ਹੀਰਾ ਸਿੰਘ ਗਾਬੜੀਆ, ਗੁਰਬਚਨ ਸਿੰਘ ਬੱਬੇਹਾਲੀ, ਲਖਬੀਰ ਸਿੰਘ ਲੋਧੀਨੰਗਲ ਅਤੇ ਸੋਨੂੰ ਲੰਗਾਹ ਨੇ ਵੀ ਸੰਬੋਧਨ ਕੀਤਾ।

## ਬਠਿੰਡਾ ਅਧਾਰਤ ਕਾਰੋਬਾਰੀ ਨੂੰ ਲੁੱਟਣ ਦੀ ਯੋਜਨਾ ਬਣਾ ਰਹੇ ਦੋ ਮੁਲਜ਼ਮ ਗ੍ਰਿਫ਼ਤਾਰ; ਦੋ ਪਿਸਤੌਲ ਬਰਾਮਦ

ਚੰਡੀਗੜ੍ਹ/ਬਠਿੰਡਾ, 21 ਮਾਰਚ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਨੇ ਬਠਿੰਡਾ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਗੈਰ-ਕਾਨੂੰਨੀ ਦੇਸੀ .32 ਬੋਰ ਪਿਸਤੌਲਾਂ ਸਮੇਤ ਮੈਗਜ਼ੀਨ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ9 ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜੈਕੀ ਕੁਮਾਰ ਉਰਫ਼ ਜੈਕੀ ਵਾਸੀ ਪਰਸਰਾਮ ਨਗਰ, ਬਠਿੰਡਾ ਤੇ ਵਿਕਾਸ ਅਰੋੜਾ ਵਾਸੀ ਵਿਸ਼ਾਲ ਨਗਰ, ਬਠਿੰਡਾ ਵਜੋਂ ਹੋਈ ਹੈ। ਵਿਕਾਸ ਅਰੋੜਾ ਅਪਰਾਧਿਕ ਪਿਛੋਕੜ ਵਾਲਾ ਦੋਸ਼ੀ ਹੈ, ਜੋ ਘਰੇਲੂ ਹਿੰਸਾ ਦੇ ਇੱਕ ਮਾਮਲੇ ਵਿੱਚ ਵੀ ਸ਼ਾਮਲ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ "ਬਠਿੰਡਾ ਵਿੱਚ ਇੱਕ ਵਪਾਰੀ ਨੂੰ ਲੁੱਟਣ ਦੀ ਯੋਜਨਾ ਬਣਾ ਰਹੇ ਸਨ। ਉਹਨਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਹਥਿਆਰ ਦਿੱਲੀ ਤੋਂ ਖਰੀਦੇ ਗਏ ਸਨ ਤੇ ਇਸ ਸਬੰਧੀ ਹੋਰ ਸਬੰਧਾਂ ਦੀ ਪੜਤਾਲ ਕੀਤੀ ਜਾ ਰਹੀ ਹੈ।



ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।

ਅਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਏਜੀਟੀਐਫ ਗੁਰਮੀਤ ਚੌਹਾਨ ਨੇ ਕਿਹਾ ਕਿ ਏਜੀਟੀਐਫ ਬਠਿੰਡਾ ਦੀ ਟੀਮ ਨੂੰ ਭਰੋਸੇਯੋਗ ਸੂਤਰਾਂ ਤੋਂ ਪੁਖ਼ਤਾ ਇਤਲਾਹ ਮਿਲੀ ਸੀ ਕਿ ਜੈਕੀ ਉਰਫ਼ ਜੈਕੀ ਅਤੇ ਵਿਕਾਸ ਅਰੋੜਾ, ਜੋ ਡਕੈਤੀ ਕਰਨ ਦੀ ਯੋਜਨਾ ਬਣਾ ਰਹੇ ਸਨ ਅਤੇ ਜਿਨ੍ਹਾਂ ਕੋਲ ਗੈਰ-ਕਾਨੂੰਨੀ ਹਥਿਆਰ ਸਨ , ਨੂੰ ਪੰਚਵਟੀ ਖੇਤਰ ਵਿੱਚ ਮਿੱਤਲ ਮਾਲ ਦੇ ਨੇੜੇ ਦੇਖੇ ਗਏ ਹਨ। ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਡੀਐਸਪੀ ਏਜੀਟੀਐਫ ਬਠਿੰਡਾ ਰੇਂਜ ਜਸਪਾਲ ਸਿੰਘ ਨੇ ਜ਼ਿਲ੍ਹਾ ਬਠਿੰਡਾ ਪੁਲਿਸ ਨਾਲ ਇਹ ਪੁਖ਼ਤਾ ਜਾਣਕਾਰੀ ਸਾਂਝੀ ਕੀਤੀ। ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਸੀਨੀਅਰ ਪੁਲਿਸ ਸੁਪਰਡੈਂਟ (ਐਸਐਸਪੀ) ਬਠਿੰਡਾ ਡਾ. ਜੋਤੀ ਯਾਦਵ ਨੇ ਦੱਸਿਆ ਕਿ ਇੱਕ ਸਾਂਝੇ ਆਪ੍ਰੇਸ਼ਨ ਵਿੱਚ, ਦੋ ਸ਼ੱਕੀ ਵਿਅਕਤੀਆਂ ਨੂੰ ਜੀਟੀ ਰੋਡ, ਬਠਿੰਡਾ ਤੋਂ ਆਉਂਦੇ ਦੇਖਿਆ ਗਿਆ। ਸਰਹਿੰਦ ਨਹਿਰ ਦੇ ਨੇੜੇ ਸੰਤਪੁਰਾ ਰੋਡ 'ਤੇ ਸਥਿਤ ਪੁਲਿਸ ਨਾਕੇ ਨੂੰ ਦੇਖ ਕੇ ਉਨ੍ਹਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਪਾਰਟੀ ਨੇ ਉਨ੍ਹਾਂ ਨੂੰ ਮੁਸਤੈਦੀ ਨਾਲ ਕਾਬੂ ਕਰ ਲਿਆ ਅਤੇ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ। ਇਸ ਸਬੰਧੀ ਬਠਿੰਡਾ ਦੇ ਪੁਲਿਸ ਸਟੇਸ਼ਨ ਕੋਤਵਾਲੀ ਵਿਖੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰਬਰ 65 ਮਿਤੀ 20.03.2026 ਨੂੰ ਕੇਸ ਦਰਜ ਕੀਤਾ ਗਿਆ ਹੈ।

## ਫਾਜ਼ਿਲਕਾ ਵਿੱਚ ਸਰਹੱਦ ਪਾਰੋਂ ਤਸਕਰੀ ਦੀ ਕੋਸ਼ਿਸ਼ ਨਾਕਾਮ; 6.5 ਕਿਲੋ ਹੈਰੋਇਨ ਬਰਾਮਦ

ਚੰਡੀਗੜ੍ਹ/ਫਿਰੋਜ਼ਪੁਰ, 21 ਮਾਰਚ (ਤਿਵਾੜੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਇੱਕ ਵੱਡੀ ਸਫਲਤਾ ਵਿੱਚ ਕਾਊਂਟਰ ਇੰਟੈਲੀਜੈਂਸ (ਸੀਆਈ) ਫਿਰੋਜ਼ਪੁਰ ਨੇ ਸੀਮਾ ਸੁਰੱਖਿਆ ਬਲ (ਬੀਐਸਐਫ) ਨਾਲ ਤਾਲਮੇਲ ਕਰਕੇ ਬਾਰਡਰ ਆਊਟਪੋਸਟ (ਬੀਓਪੀ) ਜੀਜੀ-2, ਪਿੰਡ ਮਹਿਤਮ ਨਗਰ, ਫਾਜ਼ਿਲਕਾ ਨੇੜਿਓਂ 6.5 ਕਿਲੋਗ੍ਰਾਮ ਹੈਰੋਇਨ ਬਰਾਮਦ ਕਰਕੇ ਸਰਹੱਦ ਪਾਰੋਂ ਤਸਕਰੀ ਦੀ ਇੱਕ ਵੱਡੀ ਕੋਸ਼ਿਸ਼ ਨੂੰ ਨਾਕਾਮ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਅਧਾਰਤ ਤਸਕਰ ਜ਼ੀਰੋ ਲਾਈਨ ਪਾਰ ਕਰਕੇ ਸਰਹੱਦ 'ਤੇ ਲੱਗੀ ਕੰਡਿਆਲੀ ਵਾੜ ਨੇੜੇ ਪਹੁੰਚ ਗਏ ਅਤੇ ਹਨ੍ਹੇਰੇ ਦਾ ਫਾਇਦਾ ਉਠਾ ਕੇ ਉਨ੍ਹਾਂ ਨੇ ਭਾਰਤ ਦੇ ਖੇਤਰ ਵਿੱਚ ਨਸ਼ੀਲੇ ਪਦਾਰਥ ਭੇਜਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਇਸ ਘੁਸਪੈਠ ਨੂੰ ਰੋਕਣ ਲਈ ਚੌਕਸ ਬੀਐਸਐਫ ਦੇ ਜਵਾਨਾਂ ਨੇ ਕਈ ਰਾਊਂਡ ਗੋਲੀਆਂ ਚਲਾਈਆਂ, ਜਿਸ ਤੋਂ ਬਾਅਦ ਵਿਸਥਾਰਤ ਸਾਂਝੀ ਤਲਾਸ਼ੀ ਮੁਹਿੰਮ ਚਲਾਈ ਗਈ ਅਤੇ ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਕੀਤੀ ਗਈ।

ਏਆਈਜੀ ਸੀਆਈ ਫਿਰੋਜ਼ਪੁਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਭਰੋਸੇਯੋਗ ਸੂਚਨਾਵਾਂ 'ਤੇ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਬੀਐਸਐਫ ਫਾਜ਼ਿਲਕਾ ਨਾਲ ਮਿਲ ਕੇ ਸ਼ਨੀਵਾਰ ਸਵੇਰੇ ਵਿਸ਼ੇਸ਼ ਘਾਤ ਲਗਾ ਕੇ ਹਮਲਾ ਕਰਨ ਦੀ ਯੋਜਨਾ ਬਣਾਈ ਅਤੇ ਪਿੰਡ ਮਹਿਤਮ ਨਗਰ, ਫਾਜ਼ਿਲਕਾ, ਜਿੱਥੋਂ ਪਾਕਿਸਤਾਨੀ ਤਸਕਰ ਖੇਪ ਨੂੰ ਅੱਗੇ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਦੇ ਖੇਤਰ ਵਿੱਚ ਸਾਂਝਾ ਗੁਪਤ ਆਪ੍ਰੇਸ਼ਨ ਚਲਾਇਆ। ਉਨ੍ਹਾਂ ਕਿਹਾ ਕਿ ਬੀਐਸਐਫ ਤਾਇਨਾਤ ਜਵਾਨਾਂ ਨੇ ਜਵਾਬੀ ਕਾਰਵਾਈ ਵਿੱਚ ਤੁਰੰਤ ਇਸ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਅਤੇ ਇਸ ਆਪ੍ਰੇਸ਼ਨ ਦੇ ਨਤੀਜੇ ਵਜੋਂ ਮੌਕੇ ਤੋਂ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਹੋਈ।ਏਆਈਜੀ ਨੇ ਕਿਹਾ ਕਿ ਸਮੁੱਚੇ ਨੈੱਟਵਰਕ ਦਾ ਪਰਦਾਫਾਸ਼ ਕਰਨ ਤੇ ਸਥਾਨਕ ਤਸਕਰ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ। ਇਸ ਸਬੰਧੀ ਥਾਣਾ ਐਸਐਸਓਸੀ ਫਾਜ਼ਿਲਕਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਸੀ ਤੇ 29 ਤਹਿਤ ਐਫਆਈਆਰ ਨੰ. 7 ਮਿਤੀ 21-03-2026 ਦਰਜ ਕੀਤੀ ਗਈ ਹੈ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਮੁੱਖ ਮਕਸਦ ਆਉਣ ਵਾਲੀਆਂ ਪੀੜ੍ਹੀਆਂ ਤੇ ਪਰਿਵਾਰਾਂ ਨੂੰ ਬਚਾਉਣਾ ਹੈ : ਮਨੀਸ਼ ਸਿਸੋਦੀਆ

ਬਠਿੰਡਾ, 21 ਮਾਰਚ (ਜਗਸੀਰ ਭੁੱਲਰ): ਨਸ਼ਾ ਮੁਕਤ ਮੁਹਿੰਮ ਦਾ ਮੁੱਖ ਮਕਸਦ ਆਉਣ ਵਾਲੀਆਂ ਪੀੜੀਆਂ ਤੇ ਪਰਿਵਾਰਾਂ ਨੂੰ ਬਚਾਉਣਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਸਿਖਲਾਈ ਦੇਣ ਉਪਰੰਤ ਕੀਤਾ।ਇਸ ਮੌਕੇ ਉਹਨਾਂ ਦੇ ਨਾਲ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਮੌਕੇ ਬਠਿੰਡਾ, ਬਰਨਾਲਾ, ਮਾਨਸਾ, ਸ਼੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ ਤੇ ਫਾਜ਼ਿਲਕਾ ਦੇ ਵਿਧਾਇਕ, ਮਾਲਵਾ ਜੋਨ ਦੇ ਇੰਚਾਰਜ ਚਸਪਿੰਦਰ ਸਿੰਘ ਚਹਿਲ, ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਤੇ ਡੀ.ਆਈ.ਜੀ. ਬਠਿੰਡਾ ਰੇਂਜ ਹਰਜੀਤ ਸਿੰਘ, ਐੱਸ ਐੱਸ ਪੀ ਡਾ ਜਯੋਤੀ ਯਾਦਵ ਬੈਂਸ ਆਦਿ ਹਾਜ਼ਰ ਸਨ।

ਇਸ ਮੌਕੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਨਸ਼ਾ ਮੁਕਤ ਸਮਾਜ ਹੀ ਖੁਸ਼ਹਾਲ ਅਤੇ ਤੰਦਰੁਸਤ ਸਮਾਜ ਦੀ ਪਹਿਚਾਣ ਹੈ। ਇਸ ਮੁਹਿੰਮ ਦਾ ਉਦੇਸ਼ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਕੇ ਨਸ਼ਿਆਂ ਨੂੰ ਜੜ ਤੋਂ ਖਤਮ ਕਰਨਾ ਹੈ। ਉਹਨਾਂ ਕਿਹਾ ਕਿ ਸਰਕਾਰ, ਸਮਾਜਿਕ ਸੰਸਥਾਵਾਂ ਅਤੇ




ਆਮ ਲੋਕਾਂ ਦੇ ਸਾਂਝੇ ਯਤਨਾਂ ਨਾਲ ਹੀ ਇਹ ਮਕਸਦ ਹਾਸਲ ਕੀਤਾ ਜਾ ਸਕਦਾ ਹੈ। ਉਹਨਾਂ ਇਹ ਵੀ ਕਿਹਾ ਕਿ ਆਪ ਸਭ ਦੇ ਸਹਿਯੋਗ ਅਤੇ ਜ਼ਿੰਮੇਵਾਰੀ ਨਾਲ ਹੀ ਸਫਲਤਾ ਮਿਲੇਗੀ।ਇਸ ਮੌਕੇ ਸਿਸੋਦੀਆ ਨੇ ਇਹ ਵੀ ਕਿਹਾ ਕਿ ਪਿੰਡਾਂ ਦੇ ਪਹਿਰੇਦਾਰ ਆਪਣੀ ਸਹੀ ਜਾਣਕਾਰੀ ਮੁਹਈਆ ਕਰਵਾ ਕੇ ਆਪਣੀ ਜਿੰਮੇਵਾਰੀ ਨਿਭਾਉਣ। ਉਹਨਾਂ ਇਹ ਵੀ ਕਿਹਾ ਕਿ ਜਾਣਕਾਰੀ ਦੇਣ ਵਾਲੇ ਕਿਸੇ ਵੀ ਵਿਅਕਤੀ ਦਾ ਨਾਮ ਗੁਪਤ ਰੱਖਿਆ ਜਾਵੇਗਾ। ਇਸ ਦੌਰਾਨ ਉਹਨਾਂ ਪਿੰਡਾਂ ਦੇ ਪਹਿਰੇਦਾਰਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਇਕੱਠੇ ਹੋ ਕੇ ਇਸ ਮੁਹਿੰਮ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਸਾਡੇ ਸਾਰਿਆਂ ਦੇ ਸਾਂਝੇ ਯਤਨਾਂ ਨਾਲ ਹੀ ਅਸੀਂ ਆਪਣੀਆਂ ਨਸਲਾਂ ਨੂੰ ਬਚਾ ਸਕਦੇ ਹਾਂ।

ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਨੌਜਵਾਨ ਦੇਸ਼ ਦਾ ਭਵਿੱਖ ਹੁੰਦੇ ਹਨ, ਪਰ ਨਸ਼ੇ ਉਨ੍ਹਾਂ ਦੀ ਤਾਕਤ ਨੂੰ ਕਮਜ਼ੋਰ ਕਰ ਰਹੇ ਹਨ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਦਾ ਇੱਕੋ ਇੱਕ ਉਦੇਸ਼ ਹੈ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣਾ ਹੈ।ਉਹਨਾਂ ਕਿਹਾ ਕਿ ਖੇਡਾਂ, ਸਿੱਖਿਆ ਤੇ ਰੁਜ਼ਗਾਰ ਦੇ ਮੌਕਿਆਂ ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ। ਇਹ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਜ਼ਿਲੇ ਦੇ ਨੌਜਵਾਨ ਜੋ ਨਸ਼ੇ ਦੀ ਦਲਦਲ ਵਿੱਚ ਫਸ ਚੁੱਕੇ ਸਨ, ਦੇ ਮੁੜ ਵਸੇਵੇ ਲਈ ਕਿੱਤਾ ਮੁਖੀ ਕੋਰਸ ਮੁਹਈਆ ਕਰਵਾ ਕੇ ਉਹਨਾਂ ਨੂੰ ਦੁਬਾਰਾ ਪੈਰਾਂ ਸਿਰ ਖੜੇ ਕਰਨ ਲਈ ਵਚਨਬੱਧ ਤੇ ਯਤਨਸ਼ੀਲ ਹੈ। ਉਹਨਾਂ ਨੌਜਵਾਨ ਪੀੜੀ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਯੋਗ, ਕਸਰਤ ਤੇ ਸਹੀ ਜੀਵਨ ਸ਼ੈਲੀ ਅਪਣਾਉਣ ਨਾਲ ਨਸ਼ਿਆਂ ਤੋਂ ਬਚਿਆ ਜਾ ਸਕਦਾ ਹੈ।ਸਿਹਤਮੰਦ ਜੀਵਨ ਹੀ ਖੁਸ਼ਹਾਲ ਜੀਵਨ ਦੀ ਕੁੰਜੀ ਹੈ।ਇਸ ਮੌਕੇ ਡੀਆਈਜੀ ਬਠਿੰਡਾ ਰੇਂਜ ਸ ਹਰਜੀਤ ਸਿੰਘ ਨੇ ਕਿਹਾ ਕਿ ਬਠਿੰਡਾ ਪੁਲਿਸ ਨੇ ਪੂਰੀ ਨਜ਼ਰਸਾਨੀ ਨਾਲ ਨਸ਼ੇ ਦੇ ਸੌਦਾਗਰਾਂ 'ਤੇ ਬਾਜ ਅੱਖ ਰੱਖੀ ਹੋਈ ਹੈ। ਇਸ ਤੋਂ ਇਲਾਵਾ ਪੁਲਿਸ ਵੱਲੋਂ ਜ਼ਿਲ੍ਹੇ ਦੇ ਸਰਹੱਦੀ ਇਲਾਕਿਆਂ 'ਤੇ ਨਾਕੇ ਲਗਾਏ ਹੋਏ ਹਨ ਤੇ ਪੂਰੀ ਚੌਕਸੀ ਦੇ ਨਾਲ ਆਪਣਾ ਕੰਮ ਕਰ ਰਹੀ ਹੈ। ਇਸ ਦੌਰਾਨ ਉਹਨਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਜੇਕਰ ਤੁਹਾਡੇ ਆਸ-ਪਾਸ ਦੇ ਖੇਤਰ ਵਿੱਚ ਕੋਈ ਵੀ ਨਸ਼ਾ ਤਸਕਰ ਨਸ਼ੇ ਦੀ ਵਿਕਰੀ ਕਰਦਾ ਹੈ ਤਾਂ ਤੁਰੰਤ ਆ ਕੇ ਜਾਣਕਾਰੀ ਪੁਲਿਸ ਨੂੰ ਦੇਵੇ ਅਤੇ ਉਨਾਂ ਦਾ ਨਾਮ ਗੁਪਤ ਰੱਖਿਆ ਜਾਵੇਗਾ। ਉਹਨਾਂ ਇਹ ਵੀ ਕਿਹਾ ਕਿ ਬਠਿੰਡਾ ਪੁਲਿਸ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ ' ਨਹੀਂ ਬਖਸ਼ੇਗੀ ਤੇ ਉਹਨਾਂ ਨੂੰ ਸਲਾਖਾਂ ਪਿੱਛੇ ਡੱਕ ਕੇ ਹੀ ਸਾਹ ਲਵੇਗੀ।ਇਸ ਮੌਕੇ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

## ਸਮਾਣਾ ਵਿੱਚ ਸੈਣੀ ਨੂੰ ਦਿਖਾਏ ਕਾਲੇ ਝੰਡੇ, 'ਆਪ' ਵੱਲੋਂ 'ਗੋ ਬੈਕ' ਦੇ ਨਾਅਰਿਆਂ ਨਾਲ ਜ਼ੋਰਦਾਰ ਪ੍ਰਦਰਸ਼ਨ

ਸਮਾਣਾ, 21 ਮਾਰਚ (ਅੰਮ੍ਰਿਤਪਾਲ ਸਿੰਘ/ਵਿਜੈ ਕੁਮਾਰ): ਆਮ ਆਦਮੀ



ਪਾਰਟੀ ਦੀ ਜ਼ਿਲ੍ਹਾ ਇਕਾਈ ਪਟਿਆਲਾ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਸਮਾਣਾ ਸਥਿਤ ਕਿਸਾਨ ਭਵਨ ਦੇ ਦੌਰੇ ਦੌਰਾਨ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ ਨੇ ਇਕੱਠੇ ਹੋ ਕੇ ਕਾਲੇ ਝੰਡੇ ਲਹਿਰਾਏ ਤੇ "ਸੈਣੀ ਗੋ ਬੈਕ", "ਪੰਜਾਬ ਦਾ ਪੇਂਡੂ ਵਿਕਾਸ ਫੰਡ (ਆਰਡੀਐਫ) ਜਾਰੀ ਕਰੋ" ਤੇ "ਹੜ੍ਹ ਪ੍ਰਭਾਵਿਤ ਖੇਤਰਾਂ ਲਈ 1600 ਕਰੋੜ ਰੁਪਏ ਜਾਰੀ ਕਰੋ" ਵਰਗੇ ਨਾਅਰੇ ਲਗਾ ਕੇ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਵਿਰੁੱਧ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਤੇਜਿੰਦਰ ਮਹਿਤਾ ਅਤੇ ਹਲਕਾ ਇੰਚਾਰਜ ਗੁਲਜ਼ਾਰ ਸਿੰਘ ਵਿਰਕ ਨੇ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਆਗੂਆਂ ਨੇ ਭਾਜਪਾ ਸਰਕਾਰ 'ਤੇ ਪੰਜਾਬ ਦਾ ਬਣਦਾ ਹੱਕ ਦੇਣ ਤੋਂ ਲਗਾਤਾਰ ਇਨਕਾਰ ਕਰਨ ਦੇ ਦੋਸ਼ ਲਾਏ। ਉਨ੍ਹਾਂ ਪੰਜਾਬ ਦੇ ਬਕਾਇਆ ਪੇਂਡੂ ਵਿਕਾਸ ਫੰਡ (ਆਰਡੀਐਫ) ਤੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ 1600 ਕਰੋੜ ਰੁਪਏ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਤੇ ਕਿਹਾ ਕਿ ਇਸ ਦੇਰੀ ਕਾਰਨ ਸੂਬੇ ਤੇ ਇੱਥੋਂ ਦੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪ੍ਰਦਰਸ਼ਨ ਵਿੱਚ ਹਲਕਾ ਇੰਚਾਰਜ ਪ੍ਰਦੀਪ ਜੋਸਨ, ਕੁੰਦਨ ਗੋਗੀਆ, ਸਿੱਖਿਆ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਟਿਵਾਣਾ, ਐਸਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਧਰਮ ਪਾਲ ਨਾਹਰ ਸਮੇਤ ਸ਼ੰਕਰ ਜਿੰਦਲ, ਗੋਪਾਲ ਕ੍ਰਿਸ਼ਨ ਤੇ ਵਪਾਰ ਕਮਿਸ਼ਨ ਸਮਾਣਾ ਦੇ ਚੇਅਰਮੈਨ ਰਾਜੂ ਛਾਬੜਾ ਸਮੇਤ ਕਈ ਹੋਰ ਪਾਰਟੀ ਆਗੂਆਂ ਤੇ ਵਰਕਰਾਂ ਨੇ ਵੀ ਸ਼ਮੂਲੀਅਤ ਕੀਤੀ। ਇਨ੍ਹਾਂ ਦੇ ਨਾਲ ਅਮਰਦੀਪ ਸੰਘੇੜਾ (ਜ਼ਿਲ੍ਹਾ ਪ੍ਰਧਾਨ ਯੂਥ ਵਿੰਗ), ਗੁਰਦੇਵ ਟਿਵਾਣਾ (ਜ਼ਿਲ੍ਹਾ ਪਰਿਸ਼ਦ ਮੈਂਬਰ), ਸੰਦੀਪ ਝਾਂਡੀ (ਯੂਥ ਇੰਚਾਰਜ ਸਮਾਣਾ), ਦੀਪਕ ਬਧਵਾ, ਕੁਲਜੀਤ ਰੰਧਾਵਾ, ਰਵੀ ਰੰਧਾਵਾ, ਰਮਨਦੀਪ ਸ਼ਰਮਾ, ਕਮਲਜੀਤ ਖਾਨਪੁਰ ਗਾਡੀਆ, ਮਨਿੰਦਰ ਡਕਾਲਾ, ਗੋਪਾਲ ਕ੍ਰਿਸ਼ਨ ਬਿੱਟੂ, ਸੁਨੈਨਾ ਮਿੱਤਲ, ਐਮਸੀ ਜੱਸੀ ਖੇੜਾ ਜੱਟਾ ਤੇ ਸਮਾਣਾ ਦੇ ਪਿੰਡਾਂ ਦੇ ਕਈ ਸਰਪੰਚ ਵੀ ਹਾਜ਼ਰ ਸਨ।

'ਆਪ' ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਦੇ ਬਣਦੇ ਫੰਡ ਜਲਦੀ ਜਾਰੀ ਨਾ ਕੀਤੇ ਗਏ ਤਾਂ ਆਉਣ ਵਾਲੇ ਦਿਨਾਂ ਵਿੱਚ ਪਾਰਟੀ ਵੱਲੋਂ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ।

## ਸੰਪਾਦਕੀ

# ਸਿਹਤ ਬੀਮਾ ਕੰਪਨੀਆਂ ਅਤੇ ਆਮ ਲੋਕ

ਇਹ ਵਿਡੰਬਨਾ ਹੈ ਕਿ ਇੱਕ ਵਿਅਕਤੀ ਨੂੰ ਨਿੱਜੀ ਹਸਪਤਾਲ ਵਿੱਚ ਇਲਾਜ ਕਰਵਾਉਣ ਲਈ ਪ੍ਰੇਰਿਤ ਕਰਨ ਵਾਲਾ ਭਰੋਸਾ ਅਕਸਰ ਨਵੀਆਂ ਸਮੱਸਿਆਵਾਂ ਵੱਲ ਲੈ ਜਾਂਦਾ ਹੈ। ਬੀਮਾ ਕੰਪਨੀਆਂ ਭਵਿੱਖ ਦੇ ਡਾਕਟਰੀ ਖਰਚਿਆਂ ਨੂੰ ਆਸਾਨ ਬਣਾਉਣ ਦਾ ਵਾਅਦਾ ਕਰਕੇ ਲੋਕਾਂ ਨੂੰ ਆਪਣੀਆਂ ਯੋਜਨਾਵਾਂ ਵਿੱਚ ਹਿੱਸਾ ਲੈਣ ਲਈ ਲੁਭਾਉਂਦੀਆਂ ਹਨ, ਪਰ ਜਦੋਂ ਡਾਕਟਰੀ ਖਰਚਿਆਂ ਦੀ ਭਰਪਾਈ ਕਰਨ ਦਾ ਸਮਾਂ ਆਉਂਦਾ ਹੈ, ਤਾਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਕਈ ਵਾਰ ਇਨਕਾਰ ਵੀ ਕਰ ਦਿੰਦੇ ਹਨ। ਨਿੱਜੀ ਹਸਪਤਾਲਾਂ ਅਤੇ ਬੀਮਾ ਕੰਪਨੀਆਂ ਵਿਚਕਾਰ ਇਸ ਮਿਲੀਭੁਗਤ ਦੇ ਮਾਮਲੇ ਅਕਸਰ ਸਾਹਮਣੇ ਆਉਂਦੇ ਰਹੇ ਹਨ, ਹੁਣ ਤੱਕ ਸਰਕਾਰ ਵੱਲੋਂ ਅਜਿਹੇ ਘੁਟਾਲਿਆਂ ਨੂੰ ਰੋਕਣ ਲਈ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ। ਹਾਲ ਹੀ ਵਿੱਚ, ਇਹ ਮੁੱਦਾ ਸੰਸਦ ਵਿੱਚ ਉਠਾਇਆ ਗਿਆ ਸੀ, ਜਿਸ ਵਿੱਚ ਸਰਕਾਰ ਨੂੰ ਸਿਹਤ ਬੀਮਾ ਕੰਪਨੀਆਂ ਦੀ ਮਨਮਾਨੀ ਨੂੰ ਰੋਕਣ ਦੀ ਅਪੀਲ ਕੀਤੀ ਗਈ ਸੀ। ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਸੰਸਦ ਵਿੱਚ ਕਿਹਾ ਕਿ ਨਿੱਜੀ ਹਸਪਤਾਲਾਂ ਅਤੇ ਸਿਹਤ ਬੀਮਾ ਕੰਪਨੀਆਂ ਦਾ ਇੱਕ ਜਾਲ ਬਣ ਗਿਆ ਹੈ ਜੋ ਆਮ ਆਦਮੀ ਨਾਲ ਖਿਲਵਾੜ ਕਰ ਰਿਹਾ ਹੈ। ਅਕਸਰ ਅਜਿਹੇ ਮਾਮਲੇ ਦੇਖੇ ਜਾਂਦੇ ਹਨ ਜਿੱਥੇ ਇੱਕ ਮਰੀਜ਼ ਦੀ ਹਸਪਤਾਲ ਵਿੱਚ ਮੌਤ ਹੋ ਜਾਂਦੀ ਹੈ ਅਤੇ ਬੀਮਾ ਕੰਪਨੀ ਨਿਯਮਾਂ ਜਾਂ ਹੋਰ ਕਈ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਦਾਅਵੇ ਨੂੰ ਰੱਦ ਕਰ ਦਿੰਦੀ ਹੈ। ਜਦੋਂ ਇੱਕ ਮਰੀਜ਼ ਦੀ ਇਲਾਜ ਦੌਰਾਨ ਮੌਤ ਹੋ ਜਾਂਦੀ ਹੈ, ਤਾਂ ਹਸਪਤਾਲ ਕਈ ਵਾਰ ਖਰਚਿਆਂ ਦਾ ਭੁਗਤਾਨ ਕਰਨ ਵਿੱਚ ਅਸਮਰੱਥਾ ਕਾਰਨ ਲਾਸ਼ ਨੂੰ ਛੱਡਣ ਤੋਂ ਇਨਕਾਰ ਕਰ ਦਿੰਦਾ ਹੈ। ਅਜਿਹੀ ਸਥਿਤੀ ਵਿੱਚ ਮਰੀਜ਼ ਦੇ ਪਰਿਵਾਰ ਨੂੰ ਕਿੰਨਾ ਦੁੱਖ ਝੱਲਣਾ ਪੈਂਦਾ ਹੈ, ਇਸ ਦੀ ਕਲਪਨਾ ਕੀਤੀ ਜਾ ਸਕਦੀ ਹੈ। ਸਵਾਲ ਇਹ ਹੈ ਕਿ ਸਬੰਧਤ ਸਰਕਾਰੀ ਵਿਭਾਗ, ਜੋ ਲੋਕਾਂ ਨੂੰ ਬੀਮੇ ਲਈ ਲੁਭਾਉਣ ਦੇ ਕਾਰੋਬਾਰ ਦੀ ਇਜਾਜ਼ਤ ਦਿੰਦੇ ਹਨ, ਅਜਿਹੀ ਮਨਮਾਨੀ ਵਿਰੁੱਧ ਕੀ ਕਾਰਵਾਈ ਕਰਦੇ ਹਨ? ਇੱਕ ਹੋਰ ਰਾਜ ਸਭਾ ਮੈਂਬਰ, ਸੰਜੇ ਯਾਦਵ, ਨੇ ਇਸੇ ਮੁੱਦੇ 'ਤੇ ਕਿਹਾ ਕਿ ਕੰਪਨੀਆਂ ਹਰ ਸਾਲ ਕਰੋੜਾਂ ਰੁਪਏ ਪ੍ਰੀਮੀਅਮ ਇਕੱਠੇ ਕਰਦੀਆਂ ਹਨ, ਪਰ ਜਦੋਂ ਮਰੀਜ਼ ਜਾਂ ਉਨ੍ਹਾਂ ਦੇ ਪਰਿਵਾਰ ਇਲਾਜ ਤੋਂ ਬਾਅਦ ਭੁਗਤਾਨ ਲਈ ਸੰਪਰਕ ਕਰਦੇ ਹਨ, ਤਾਂ ਉਹ ਵੱਖ-ਵੱਖ ਤਕਨੀਕੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਰਕਮ ਦਾ ਇੱਕ ਵੱਡਾ ਹਿੱਸਾ ਕੱਟ ਲੈਂਦੇ ਹਨ। ਅਸਲੀਅਤ ਵਿੱਚ, ਜਦੋਂ ਕੰਪਨੀਆਂ ਲੋਕਾਂ ਨੂੰ ਬੀਮੇ ਦਾ ਵਾਅਦਾ ਕਰ ਰਹੀਆਂ ਹਨ, ਤਾਂ ਉਨ੍ਹਾਂ ਕੋਲ ਨਿਯਮਾਂ ਅਤੇ ਸ਼ਰਤਾਂ ਨੂੰ ਸੰਚਾਰ ਕਰਨ ਵਿੱਚ ਸਪੱਸ਼ਟਤਾ ਅਤੇ ਪਾਰਦਰਸ਼ਤਾ ਦੀ ਘਾਟ ਹੈ। ਦੂਜੇ ਪਾਸੇ, ਜ਼ਿਆਦਾਤਰ ਲੋਕ ਅਸਪੱਸ਼ਟ ਅਤੇ ਗੁੰਝਲਦਾਰ ਨਿਯਮਾਂ ਨਾਲ ਨਜਿੱਠਣ ਲਈ ਕੰਪਨੀ ਛੱਡ ਦਿੰਦੇ ਹਨ। ਬਾਅਦ ਵਿੱਚ, ਕੰਪਨੀਆਂ ਇਸ ਭਰੋਸੇ ਦਾ ਸ਼ੋਸ਼ਣ ਕਰਦੀਆਂ ਹਨ ਅਤੇ ਨਿਯਮਾਂ ਵਿੱਚ ਹੇਰਾਫੇਰੀ ਕਰਦੀਆਂ ਹਨ। ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ ਆਫ਼ ਇੰਡੀਆ ਦੇ 2024 ਦੇ ਅੰਕੜਿਆਂ ਦੇ ਅਨੁਸਾਰ, ਇੱਕ ਸਾਲ ਵਿੱਚ ਲਗਭਗ 26,000 ਕਰੋੜ ਰੁਪਏ ਦੇ ਬੀਮਾ ਦਾਅਵੇ ਰੱਦ ਕਰ ਦਿੱਤੇ ਗਏ ਸਨ। ਹਸਪਤਾਲ ਵਿੱਚ ਭਰਤੀ ਅਤੇ ਇਲਾਜ ਲਈ ਅਸਲ ਲਾਗਤ ਤੋਂ ਕਾਫ਼ੀ ਘੱਟ ਭੁਗਤਾਨ ਕੀਤੇ ਜਾਣ ਦੇ ਮਾਮਲੇ ਆਮ ਹਨ। ਇਹ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿ ਕੀ ਵੱਡੇ ਨਿੱਜੀ ਹਸਪਤਾਲਾਂ ਅਤੇ ਬੀਮਾ ਕੰਪਨੀਆਂ ਵਿਚਕਾਰ ਕੋਈ ਗੱਠਜੋੜ ਹੈ, ਜਿਸਦੇ ਤਹਿਤ ਇੱਕ ਨੈੱਟਵਰਕ ਵਿਅਕਤੀ ਦੇ ਬੀਮੇ ਦੀ ਸਹੂਲਤ ਤੋਂ ਲੈ ਕੇ ਇਲਾਜ ਲਈ ਹਸਪਤਾਲ ਦੀ ਚੋਣ ਕਰਨ ਅਤੇ ਅਦਾਇਗੀ ਲਈ ਦਾਅਵੇ 'ਤੇ ਫੈਸਲਾ ਲੈਣ ਤੱਕ ਕੰਮ ਕਰਦਾ ਹੈ। ਅਜਿਹੇ ਗੱਠਜੋੜ ਦੀ ਜਾਂਚ ਕਰਨ, ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਅਤੇ ਸ਼ਿਕਾਇਤਾਂ ਨੂੰ ਸੰਭਾਲਣ ਲਈ ਇੱਕ ਰਾਸ਼ਟਰੀ ਮਿਆਰ ਸਥਾਪਤ ਕਰਨ ਦੀ ਲੋੜ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮਰੀਜ਼ਾਂ ਦੇ ਵਿਸ਼ਵਾਸ ਅਤੇ ਸਿਹਤ ਨਾਲ ਸਮਝੌਤਾ ਨਾ ਹੋਵੇ।

**-ਜਗਜੀਤ ਸਿੰਘ ਦਰਦੀ**

## ਵਰਤਮਾਨ ਇਤਿਹਾਸ ਦਾ ਚਿੰਤਨ

# ਈਰਾਨ-ਇਜ਼ਰਾਈਲ ਜੰਗ ਵਿੱਚ ਈਰਾਨ ਦੀ ਸੱਭਿਅਤਾ ਦਾ ਨਸ਼ਟ ਹੋਣਾ ਮਨੁੱਖ ਸਭਿਅਤਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਤਬਾਹੀ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

## ਈਰਾਨ ਫਾਰਸ ਦੀ ਧਰਤੀ: ਮਨੁੱਖੀ ਤਹਿਜ਼ੀਬ ਦਾ ਸਾਹਿਤ ਕਵਿਤਾ ਹੁਣ ਤਬਾਹੀ ਦੇ ਧੂੰਏਂ ਵਿੱਚ..!

**ਜੰਗਾਂ ਦੇ ਦੌਰਾਨ ਦੁਨੀਆ ਅਕਸਰ ਦੋ ਹਿੱਸਿਆਂ ਵਿੱਚ ਵੰਡ ਜਾਂਦੀ ਹੈ—ਸਹਿਯੋਗੀ ਅਤੇ ਵਿਰੋਧੀ ਪਰ ਇਨਸਾਨੀਅਤ ਦੀ ਆਵਾਜ਼ ਅਕਸਰ ਇਸ ਰਾਜਨੀਤੀ ਦੇ ਸ਼ੋਰ ਵਿੱਚ ਦੱਬ ਜਾਂਦੀ ਹੈ। ਅੱਜ ਅੰਤਰਰਾਸ਼ਟਰੀ ਸੰਸਥਾਵਾਂ, ਵੱਡੀਆਂ ਤਾਕਤਾਂ ਅਤੇ ਸਿਆਸੀ ਮੰਚ ਕਈ ਵਾਰ ਬਿਆਨਾਂ ਤੱਕ ਸੀਮਿਤ ਰਹਿ ਜਾਂਦੇ ਹਨ।**

**ਅੱਜ ਸਵਾਲ ਇਹ ਹੈ ਕਿ ਕੀ ਕਵਿਤਾ ਅਮਨ ਲਿਆ ਸਕਦੀ ਹੈ? ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ—ਕੀ ਕਵਿਤਾ ਜੰਗ ਰੋਕ ਸਕਦੀ ਹੈ ਸ਼ਾਇਦ ਕਵਿਤਾ ਮਿਸ਼ਾਈਲਾਂ ਨੂੰ ਨਹੀਂ ਰੋਕ ਸਕਦੀ ਪਰ ਕਵਿਤਾ ਮਨੁੱਖ ਦੇ ਦਿਲ ਨੂੰ ਬਦਲ ਸਕਦੀ ਹੈ। ਜਦੋਂ ਦਿਲ ਬਦਲਦੇ ਹਨ ਤਾਂ ਇਤਿਹਾਸ ਦੀ ਦਿਸ਼ਾ ਵੀ ਬਦਲ ਜਾਂਦੀ ਹੈ।**

**ਬੋਲ ਕਿ ਲਬ ਆਜ਼ਾਦ ਹਨ ਤੇਰੇ।' ਇਹ ਸਿਰਫ਼ ਕਵਿਤਾ ਨਹੀਂ; ਇਹ ਇਨਸਾਨੀ ਆਜ਼ਾਦੀ ਦਾ ਐਲਾਨ ਹੈ। ਅੱਜ ਦੀ ਦੁਨੀਆ ਵਿੱਚ ਜਦੋਂ ਪਰਮਾਣੂ ਹਥਿਆਰ ਮੌਜੂਦ ਹਨ, ਜੰਗ ਸਿਰਫ਼ ਇੱਕ ਖੇਤਰ ਤੱਕ ਸੀਮਿਤ ਨਹੀਂ ਰਹਿੰਦੀ। ਇੱਕ ਛੋਟਾ ਟਕਰਾਅ ਵੀ ਪੂਰੀ ਦੁਨੀਆ ਲਈ ਖ਼ਤਰਾ ਬਣ ਸਕਦਾ ਹੈ। ਇਸ ਲਈ ਅਮਨ ਦੀ ਲੋੜ ਪਹਿਲਾਂ ਨਾਲੋਂ ਕਈ ਗੁਣਾ ਵੱਧ ਹੈ।**

ਵਰਤਮਾਨ ਇਤਿਹਾਸ ਵਿੱਚ ਸਭ ਤੋਂ ਜ਼ਿਆਦਾ ਤਬਾਹੀ ਮਨੁੱਖੀ ਖ਼ੂਨ ਦੀ ਤਾਂ ਹੈ ਹੀ ਪ੍ਰੰਤੂ ਈਰਾਨ ਵਰਗੇ ਦੇਸ਼ ਵਿੱਚ ਸਭਿਅਤਾ ਦੇ ਕੇਂਦਰ 'ਤੇ ਮਨੁੱਖੀ ਅਦਬ ਦੀ ਵਿਸ਼ੇਸ਼ ਪਹਿਚਾਣ ਦੀਆਂ ਥਾਵਾਂ ਦੀ ਤਬਾਹੀ ਉਸ ਤੋਂ ਵੀ ਵੱਡਾ ਨੁਕਸਾਨ ਹੈ। ਅੱਜ ਈਰਾਨ ਤਬਾਹੀ ਦੇ ਕੰਢੇ 'ਤੇ ਹੈ, ਅਨਗਣਿਤ ਲਾਸ਼ਾਂ ਦੇ ਅੰਬਾਰ ਬਾਰੂਦ ਦੀ ਗੰਧ ਤੇ ਧੂੰਏਂ ਵਿੱਚ ਇੱਕ ਤਹਿਜ਼ੀਬ ਦਾ ਅੰਤ ਹੋ ਰਿਹਾ ਹੈ ਤੇ ਦੁਨੀਆ ਖਾਮੋਸ਼ੀ ਨਾਲ ਇਹ ਸਭ ਕੁੱਝ ਵੇਖ ਰਹੀ ਹੈ, ਜਿਵੇਂ ਗਾਜਾ ਵਿੱਚ ਅਣਗਿਣਤ ਬੇਗੁਨਾਹ ਲੋਕ ਮਾਰੇ ਗਏ ਹਨ ਲੱਗਭਗ ਉਹੋ ਜਿਹਾ ਮੰਜ਼ਰ ਹੁਣ ਦੁਨੀਆ ਦੇ ਇਸ ਏਸ਼ੀਆਈ ਖਿੱਤੇ ਸਭ ਤੋਂ ਖ਼ੂਬਸੂਰਤ ਦੇਸ਼ ਤੇ ਸਭਿਅਤਾ ਦੇ ਕੇਂਦਰ ਰਹੇ ਈਰਾਨ ਅਰਥਾਤ ਫਾਰਸ ਦੀ ਧਰਤੀ 'ਤੇ ਹੋ ਰਿਹਾ ਹੈ।

ਇਹ ਉਹ ਮੁਕੱਦਸ ਧਰਤੀ ਰਹੀ ਹੈ ਜਿੱਥੇ ਸੂਫੀਆਂ ਦਾ ਸੂਫੀਆਨਾ ਕਲਾਮ ਸਦੀਆਂ ਤੋਂ ਮੁਹੱਬਤ ਪ੍ਰੇਮ ਭਾਈਚਾਰੇ ਤੇ ਸਦਭਾਵਨਾ ਦਾ ਸੰਦੇਸ਼ ਵੀ ਦਿੰਦਾ ਹੈ ਪ੍ਰੰਤੂ ਪਿਛਲੇ ਕੁੱਝ ਸਾਲਾਂ ਵਿੱਚ ਇੱਕ ਕੱਟੜਵਾਦ ਨੇ ਇਸ ਦੀ ਤਸਵੀਰ ਨੂੰ ਬਦਲਿਆ ਵੀ ਹੈ। ਉਥੋਂ ਦਾ ਸਾਹਿਤ ਸੱਭਿਆਚਾਰ ਕਲਾਕਾਰੀ ਤੇ ਮਨ ਦੀ ਸੁਹੱਪਣ ਦੀ ਕਲਪਨਾ ਨੇ ਈਰਾਨ ਨੂੰ ਹਾਲੇ ਵੀ ਜ਼ਿੰਦਾ ਰੱਖਿਆ ਹੈ।

ਅੱਜ ਹੁਣ ਇਹ ਸਭ ਕੁਝ ਤਬਾਹੀ ਦੇ ਕਿਨਾਰੇ 'ਤੇ ਹੈ ਜੋ ਸਾਡੇ ਸਭ ਲਈ ਚਿੰਤਾ ਦਾ ਵਿਸ਼ਾ ਹੈ। ਜੰਗ ਦੀਆਂ ਲਪਟਾਂ ਵਿਚ ਸੜਦੀ ਹੋਈ ਤਹਜ਼ੀਬ—ਈਰਾਨ, ਫਾਰਸੀ ਸਾਹਿਤ ਅਤੇ ਅਮਨ ਲਈ ਕਵਿਤਾ ਦੀ ਪੁਕਾਰ ਅਜੇ ਵੀ ਫਾਰਸੀ ਦੇ ਸ਼ਬਦਾਂ ਵਿੱਚ ਜ਼ਿੰਦਾ ਹੈ।

ਇਹ ਸੱਚ ਹੈ ਕਿ ਜਦੋਂ ਵੀ ਕਿਸੇ ਦੇਸ਼ ਉੱਤੇ ਜੰਗ ਦਾ ਸਾਇਆ ਪੈਂਦਾ ਹੈ ਤਾਂ ਅਕਸਰ ਖ਼ਬਰਾਂ ਵਿੱਚ ਸਿਰਫ਼ ਹਥਿਆਰਾਂ ਦੀ ਗੂੰਜ ਸੁਣਾਈ ਦਿੰਦੀ ਹੈ—ਮਿਸ਼ਾਈਲਾਂ, ਬੰਬ, ਸੈਨਾ ਅਤੇ ਰਣਨੀਤੀਆਂ ਦੀਆਂ ਗੱਲਾਂ ਪਰ ਇਤਿਹਾਸ ਸਾਨੂੰ ਦੱਸਦਾ ਹੈ ਕਿ ਜੰਗ ਸਿਰਫ਼ ਸਿਆਸੀ ਟਕਰਾਅ ਨਹੀਂ ਹੁੰਦੀ; ਇਹ ਤਹਿਜ਼ੀਬਾਂ ਦੀ ਕਸੌਟੀ ਵੀ ਹੁੰਦੀ ਹੈ।

ਅੱਜ ਮੱਧ-ਪੂਰਬ ਦੀ ਧਰਤੀ ਇੱਕ ਵਾਰ ਫਿਰ ਉਸੇ ਦਰਦਨਾਕ ਮੋੜ 'ਤੇ ਖੜੀ ਹੈ ਜਿੱਥੇ ਇਨਸਾਨੀਅਤ, ਰਾਜਨੀਤੀ ਅਤੇ ਤਾਕਤ ਦੀ ਲੜਾਈ ਆਪਸ ਵਿੱਚ ਟਕਰਾਅ ਰਹੀ ਹੈ। ਈਰਾਨ, ਜੋ ਸਦੀਆਂ ਤੱਕ ਗਿਆਨ, ਕਵਿਤਾ ਅਤੇ ਰੂਹਾਨੀਅਤ ਦਾ ਮਰਕਜ਼ ਰਿਹਾ, ਅੱਜ ਜੰਗ ਦੇ ਸਾਏ ਹੇਠ ਖੜਾ ਤਬਾਹ ਹੋ ਰਿਹਾ ਹੈ। ਅੱਜ ਬਰੂਦ ਦੇ ਧੂੰਏਂ ਨਾਲ ਭਰੀ ਹਵਾ ਵਿੱਚ ਇੱਕ ਸਵਾਲ ਲਟਕ ਰਿਹਾ ਹੈ—ਕੀ ਜੰਗ ਸਿਰਫ਼ ਅੱਜ ਦੀ ਰਾਜਨੀਤੀ ਨੂੰ ਤਬਾਹ ਕਰੇਗੀ ਜਾਂ ਉਹ ਉਸ ਤਹਿਜ਼ੀਬ ਨੂੰ ਵੀ ਨੁਕਸਾਨ ਪਹੁੰਚਾਏਗੀ ਜਿਸ ਨੇ ਦੁਨੀਆ ਨੂੰ ਰੂਮੀ, ਹਾਫਿਜ਼, ਸਾਦੀ ਅਤੇ ਫਿਰਦੌਸੀ ਵਰਗੇ ਮਹਾਨ ਸ਼ਾਇਰ ਦਿੱਤੇ ? ਹੁਣ ਇਹ ਸਵਾਲ ਸਿਰਫ਼ ਈਰਾਨ ਦਾ ਨਹੀਂ। ਇਹ ਸਵਾਲ ਪੂਰੀ ਮਨੁੱਖਤਾ ਦਾ ਹੈ। ਰੂਮੀ—ਪਿਆਰ ਦਾ ਦਰਵੇਸ਼ ਸੀ, ਜਿਸ ਦਾ ਪੂਰਾ ਨਾਮ ਜਲਾਲੁੱਦੀਨ ਰੂਮੀ ਫਾਰਸੀ ਕਵਿਤਾ ਦਾ ਉਹ ਨਾਮ ਹੈ, ਜਿਸ ਦੀ ਆਵਾਜ਼ ਸਰਹੱਦਾਂ ਤੋਂ ਪਰ੍ਹੇ ਜਾਂਦੀ ਹੈ।

ਅੱਜ ਰੂਮੀ ਦੀ ਕਵਿਤਾ ਸਿਰਫ਼ ਈਰਾਨ ਦੀ ਨਹੀਂ; ਇਹ ਪੂਰੀ ਮਨੁੱਖਤਾ ਦੀ ਕਵਿਤਾ ਹੈ। ਉਹ ਲਿਖਦਾ ਹੈ:

ਜਿੱਥੇ ਜ਼ਖ਼ਮ ਹੁੰਦਾ ਹੈ, ਓਥੇ ਹੀ ਰੌਸ਼ਨੀ ਦਾਖ਼ਲ ਹੁੰਦੀ ਹੈ।'
ਇਹ ਲਾਈਨ ਮਨੁੱਖੀ ਦਰਦ ਨੂੰ ਇੱਕ ਨਵੇਂ ਅਰਥ ਦਿੰਦੀ ਹੈ।

ਅੱਜ ਜਦੋਂ ਜੰਗ ਦੀਆਂ ਲਪਟਾਂ ਵਿੱਚ ਲੋਕ ਸੜ ਰਹੇ ਹਨ, ਰੂਮੀ ਦੀ ਕਵਿਤਾ ਇੱਕ ਵਾਰ ਫਿਰ ਅਮਨ ਦੀ ਆਵਾਜ਼ ਬਣ ਕੇ ਉਭਰਦੀ ਹੈ। ਕਦੀ ਫਾਰਸ ਦੀ ਇਹ ਧਰਤੀ ਮਨੁੱਖੀ ਸਭਿਆਚਾਰ ਦਾ ਪ੍ਰਾਚੀਨ ਕੇਂਦਰ ਸੀ। ਈਰਾਨ ਦੀ ਤਹਿਜ਼ੀਬ ਨੂੰ ਸਮਝਣ ਲਈ ਸਾਨੂੰ ਇਤਿਹਾਸ ਦੇ ਕਈ ਹਜ਼ਾਰ ਸਾਲ ਪਿੱਛੇ ਜਾਣਾ ਪੈਂਦਾ ਹੈ।

ਇਤਿਹਾਸ ਵਿੱਚ ਦਰਜ ਹੈ ਕਿ ਪੁਰਾਤਨ ਫਾਰਸ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਤੇ ਅਗੇਤਰ ਸਲਤਨਤਾਂ ਵਿੱਚੋਂ ਇੱਕ ਸੀ। ਅਚੇਮੇਨਿਡ ਸਲਤਨਤ ਦੇ ਦੌਰ ਵਿੱਚ, ਜੋ ਲਗਭਗ 550 ਈਸਾ ਪੂਰਵ ਵਿੱਚ ਉਭਰੀ, ਫਾਰਸ ਨੇ ਇਕ ਵਿਸ਼ਾਲ ਸੱਭਿਆਚਾਰਕ ਅਤੇ ਪ੍ਰਸ਼ਾਸਕੀ ਮਾਡਲ ਪੇਸ਼ ਕੀਤਾ। ਇਥੇ ਸਾਇਰਸ ਮਹਾਨ ਦਾ ਨਾਮ ਇਤਿਹਾਸ ਵਿੱਚ ਇਸ ਲਈ ਵੀ ਦਰਜ ਹੈ ਕਿ ਉਸ ਨੇ ਇੱਕ ਐਸਾ ਸ਼ਾਸਨ ਮਾਡਲ ਪੇਸ਼ ਕੀਤਾ ਜਿਸ ਵਿੱਚ ਵੱਖ-ਵੱਖ ਧਰਮਾਂ ਅਤੇ ਕੌਮਾਂ ਨੂੰ ਜੀਣ ਦੀ ਆਜ਼ਾਦੀ ਦਿੱਤੀ ਗਈ। ਅੱਜ ਵੀ ਇਤਿਹਾਸਕਾਰ ਇਸ ਗੱਲ ਨੂੰ ਮੰਨਦੇ ਹਨ ਕਿ ਫਾਰਸੀ ਸਲਤਨਤ ਨੇ ਰਾਜ ਪ੍ਰਬੰਧ, ਕਾਨੂੰਨ ਅਤੇ ਸਭਿਆਚਾਰਕ ਸਹਿਣਸ਼ੀਲਤਾ ਦੀ ਇੱਕ ਨਵੀਂ ਰੀਤ ਪੈਦਾ ਕੀਤੀ ਪਰ ਫਾਰਸ ਦੀ ਅਸਲ ਤਾਕਤ ਉਸ ਦੀਆਂ ਫੌਜਾਂ ਨਹੀਂ ਸਨ; ਉਸ ਦੀ ਅਸਲ ਤਾਕਤ ਉਸ ਦੀ ਤਹਿਜ਼ੀਬ ਸੀ।



ਈਰਾਨ ਦੀ ਧਰਤੀ 'ਤੇ ਸਦੀਆਂ ਤੋਂ ਫਾਰਸੀ ਭਾਸ਼ਾ — ਰੂਹ ਦੀ ਜ਼ਬਾਨ ਰਹੀ ਹੈ। ਫਾਰਸੀ ਭਾਸ਼ਾ ਸਿਰਫ਼ ਇੱਕ ਸੰਚਾਰ ਦਾ ਸਾਧਨ ਨਹੀਂ ਸੀ; ਇਹ ਇੱਕ ਸੱਭਿਆਚਾਰਕ ਧੜਕਣ ਸੀ। ਇਹ ਉਹ ਭਾਸ਼ਾ ਸੀ, ਜਿਸ ਵਿੱਚ ਦਰਸ਼ਨ ਲਿਖਿਆ ਗਿਆ, ਜਿਸ ਵਿੱਚ ਕਵਿਤਾ ਨੇ ਰੂਹ ਨੂੰ ਆਵਾਜ਼ ਦਿੱਤੀ ਅਤੇ ਜਿਸ ਨੇ ਪੂਰਬੀ ਦੁਨੀਆ ਦੇ ਵੱਡੇ ਹਿੱਸੇ ਨੂੰ ਇੱਕ ਸੱਭਿਆਚਾਰਕ ਧਾਗੇ ਵਿੱਚ ਜੋੜਿਆ। ਅੱਜ ਵੀ ਮੱਧ ਏਸ਼ੀਆ ਤੋਂ ਲੈ ਕੇ ਭਾਰਤ ਤੱਕ, ਫਾਰਸੀ ਭਾਸ਼ਾ ਨੇ ਇੱਕ ਬੌਧਿਕ ਸੰਸਾਰ ਤਿਆਰ ਕੀਤਾ ਹੈ। ਮੁਗਲ ਦੌਰ ਵਿੱਚ ਭਾਰਤ ਦੇ ਦਰਬਾਰਾਂ ਅਤੇ ਅਦਾਲਤਾਂ ਦੀ ਭਾਸ਼ਾ ਫਾਰਸੀ ਸੀ। ਦਿੱਲੀ, ਲਾਹੌਰ, ਆਗਰਾ ਅਤੇ ਲਖਨਊ ਦੀਆਂ ਮਹਿਫ਼ਿਲਾਂ ਵਿੱਚ ਫਾਰਸੀ ਸ਼ਾਇਰੀ ਦੀ ਗੂੰਜ ਸੁਣੀ ਜਾਂਦੀ ਸੀ। ਸਦੀਆਂ ਤੋਂ ਈਰਾਨ ਅਤੇ ਭਾਰਤ ਦਾ ਇਕ ਤਹਿਜ਼ੀਬੀ ਰਿਸ਼ਤਾ ਰਿਹਾ ਹੈ ਅਤੇ ਇਰਾਨ ਅਤੇ ਭਾਰਤ ਦੇ ਰਿਸ਼ਤੇ ਸਦੀਆਂ ਪੁਰਾਣੇ ਹਨ। ਇਹ ਸਿਰਫ਼ ਵਪਾਰ ਜਾਂ ਰਾਜਨੀਤੀ ਦਾ ਰਿਸ਼ਤਾ ਨਹੀਂ ਸੀ; ਇਹ ਕਲਚਰ ਅਤੇ ਤਹਿਜ਼ੀਬ ਦਾ ਰਿਸ਼ਤਾ ਸੀ। ਭਾਰਤ ਦੇ ਸੰਗੀਤ, ਖਾਣ-ਪੀਣ, ਕੱਪੜਿਆਂ ਅਤੇ ਇਮਾਰਤਸਾਜ਼ੀ ਵਿੱਚ ਫਾਰਸੀ ਪ੍ਰਭਾਵ ਸਾਫ਼ ਦਿਖਾਈ ਦਿੰਦਾ ਹੈ। ਬਾਗਾਂ ਦੀ ਯੋਜਨਾ, ਤਾਜ ਮਹਲ ਦੀ ਨਫ਼ਾਸਤ, ਸ਼ਾਇਰੀ ਦੀ ਲਹਿਰ—ਇਹ ਸਭ ਕੁਝ ਫਾਰਸੀ ਰੂਹ ਦੀਆਂ ਛਾਪਾਂ ਹਨ। ਫਾਰਸੀ ਅਤੇ ਭਾਰਤੀ ਤਹਿਜ਼ੀਬ ਨੇ ਮਿਲ ਕੇ ਇੱਕ ਨਵੀਂ ਸੱਭਿਆਚਾਰਕ ਦੁਨੀਆ ਪੈਦਾ ਕੀਤੀ, ਜਿਸ ਨੂੰ ਅੱਜ ਵੀ ਲੋਕ ਮੁਗਲ-ਇੰਡੋ-ਪਰਸ਼ੀਅਨ ਕਲਚਰ ਦੇ ਨਾਂ ਨਾਲ ਜਾਣਦੇ ਹਨ। ਇਹ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ ਕਿ ਈਰਾਨ ਅਸਲ ਵਿੱਚ ਸੂਫੀ ਸ਼ਾਇਰੀ ਤੇ ਮਨੁੱਖੀ ਅਮਨ ਦੀ ਕਾਮਨਾ ਵਾਲਾ ਦੇਸ਼ ਤੇ ਉਹ ਧਰਤੀ ਰਹੀ ਹੈ ਜਿੱਥੇ ਸ਼ਾਇਰੀ ਗਜ਼ਲ ਤੇ ਇਸ ਦਾ ਆਲੋਕ ਆਨੰਦਮਈ ਅਵਸਥਾ ਵਿੱਚ ਸਦਾ ਰਿਹਾ ਹੈ ਤੇ ਅੱਜ ਵੀ ਇਸ ਦੇ ਨਾਲ ਪਹਿਚਾਣ ਕਾਇਮ ਹੈ। ਈਰਾਨ ਕਵਿਤਾ ਦਾ ਦੇਸ਼ ਹੈ। ਇਰਾਨ ਦੀ ਸਭ ਤੋਂ ਵੱਡੀ ਪਛਾਣ ਉਸ ਦੀ ਕਵਿਤਾ ਹੈ। ਇਹ ਉਹ ਧਰਤੀ ਹੈ, ਜਿੱਥੇ ਕਵਿਤਾ ਸਿਰਫ਼ ਸਾਹਿਤ ਨਹੀਂ; ਇਹ ਜੀਵਨ ਦਾ ਹਿੱਸਾ ਹੈ। ਇਥੇ ਫਿਰਦੌਸੀ ਨੇ ਆਪਣੀ ਮਹਾਨ ਰਚਨਾ ਸ਼ਾਹਨਾਮਾ ਵਿੱਚ ਈਰਾਨ ਦੇ ਇਤਿਹਾਸ ਨੂੰ ਕਵਿਤਾ ਵਿੱਚ ਬਿਆਨ ਕੀਤਾ। ਹਾਫਿਜ਼ ਦੀਆਂ ਗ਼ਜ਼ਲਾਂ ਅੱਜ ਵੀ ਈਰਾਨ ਦੇ ਘਰਾਂ ਵਿੱਚ ਪੜ੍ਹੀਆਂ ਜਾਂਦੀਆਂ ਹਨ। ਸ਼ੇਖ਼ ਸਾਦੀ ਦੀਆਂ ਕਵਿਤਾਵਾਂ ਮਨੁੱਖੀ ਭਾਈਚਾਰੇ ਦਾ ਸਭ ਤੋਂ ਵੱਡਾ ਪੈਗਾਮ ਦਿੰਦੀਆਂ ਹਨ। ਸਾਦੀ ਲਿਖਦਾ ਹੈ:

ਬਨੀ ਆਦਮ ਅਜ਼ਾਏ ਯਕਦੀਗਰੰਦ
ਕਿ ਦਰ ਆਫ਼ਰੀਨਸ਼ ਜ਼ ਯਕ ਗੋਹਰੰਦ
ਅਰਥਾਤ—
ਸਾਰੇ ਮਨੁੱਖ ਇੱਕ ਹੀ ਸਰੋਤ ਤੋਂ ਬਣੇ ਹਨ,
ਇਸ ਲਈ ਉਹ ਇੱਕ ਦੂਜੇ ਨਾਲ ਜੁੜੇ ਹਨ।

ਤਬਾਹੀ ਮਚਾਉਣ ਵਾਲੇ ਦੇਸ਼ਾਂ ਨੂੰ ਵੀ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਲਫ਼ਜ਼ ਅੱਜ ਵੀ ਸੰਯੁਕਤ ਰਾਸ਼ਟਰ ਦੇ ਦਫ਼ਤਰ ਵਿੱਚ ਲਿਖੇ ਹੋਏ ਹਨ।

ਮਹਾਨ ਈਰਾਨੀ ਕਵੀ ਰੂਮੀ — ਮਨੁੱਖੀ ਮੁਹੱਬਤ ਦਾ ਦਰਵੇਸ਼ ਜਲਾਲੁੱਦੀਨ ਰੂਮੀ ਫਾਰਸੀ ਕਵਿਤਾ ਦਾ ਉਹ ਨਾਮ ਹੈ, ਜਿਸ ਦੀ ਆਵਾਜ਼ ਸਰਹੱਦਾਂ ਤੋਂ ਪਰੇ ਜਾਂਦੀ ਹੈ। ਰੂਮੀ ਦੀ ਕਵਿਤਾ ਅੱਜ ਜਦੋਂ ਜੰਗ ਦੀਆਂ ਲਪਟਾਂ ਵਿੱਚ ਲੋਕ ਸੜ ਰਹੇ ਹਨ, ਰੂਮੀ ਦੀ ਕਵਿਤਾ ਇੱਕ ਵਾਰ ਫਿਰ ਅਮਨ ਦੀ ਆਵਾਜ਼ ਬਣ ਕੇ ਉਭਰਦੀ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਹੁਣ ਮਾਰੇ ਗਏ ਇਰਾਨੀ ਸਰਬਰਾਹ ਆਯਤੁੱਲਾਹ ਅਲੀ ਖ਼ਾਮੇਨੇਈ ਦੂਜੇ ਰੂਪ ਵਿੱਚ ਫਾਰਸੀ ਦੇ ਕਵੀ ਵੀ ਸਨ। ਉਹਨਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਨੂੰ ਇਬਾਦਤ ਨਾਲ ਪੜ੍ਹਿਆ ਜਾਂਦਾ ਹੈ, ਜਿਸਦਾ ਇੱਕ ਅੰਸ਼ ਪਾਠਕਾਂ ਦੀ ਦਿਲਚਸਪੀ ਲਈ ਹੇਠਾਂ ਦਿੱਤਾ ਜਾ ਰਿਹਾ ਹੈ ਇੱਥੇ ਇੱਕ ਪ੍ਰਸਿੱਧ ਕਾਵਿ-ਅੰਸ਼ ਹਾਲਾਂਕਿ ਇਹ ਗੱਲ ਉਲੇਖਣਯੋਗ ਹੈ ਕਿ ਖ਼ਾਮੇਨੇਈ ਮੁੱਖ ਤੌਰ 'ਤੇ ਇੱਕ ਰਾਜਨੀਤਿਕ ਅਤੇ ਧਾਰਮਿਕ ਨੇਤਾ ਵਜੋਂ ਜਾਣੇ ਜਾਂਦੇ ਹਨ, ਨਾ ਕਿ ਇੱਕ ਕਵੀ ਵਜੋਂ। ਕੁਝ ਮੀਡੀਆ ਰਿਪੋਰਟਾਂ ਵਿੱਚ ਇੱਕ ਦੁਰਲੱਭ ਗ਼ਜ਼ਲ (ਫ਼ਾਰਸੀ ਦੀ ਇੱਕ ਸੰਖੇਪ ਕਾਵਿ-ਵਿਧਾ) ਦਾ ਜ਼ਿਕਰ ਕੀਤਾ ਗਿਆ ਹੈ, ਜਿਸਨੂੰ ਉਨ੍ਹਾਂ ਨਾਲ ਸਬੰਧਤ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਇਸਨੂੰ ਇੱਕ ਨਿੱਜੀ ਸਭਾ ਵਿੱਚ ਪੜ੍ਹਿਆ ਗਿਆ ਸੀ ਅਤੇ ਬਾਅਦ ਵਿੱਚ ਇਸਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਗਿਆ।

ਆਯਤੁੱਲਾਹ ਅਲੀ ਖ਼ਾਮੇਨੇਈ ਕਾਵਿ ਵਿੱਚ ਉਹ ਲਿਖਦੇ ਹਨ।

ਮੈਂ ਆਪਣੇ ਅੰਦਰਲੇ ਕੋਲਾਹਲ ਤੋਂ ਬੇਚੈਨ ਹਾਂ।
ਕਾਸ਼ ਮੈਂ ਆਪਣੀ ਆਪ-ਮਗਨਤਾ ਤੋਂ ਬਾਹਰ ਨਿਕਲ ਸਕਾਂ।
ਇਹ ਮੈਨੂੰ ਤਿੰਕੇ ਵਾਂਗ ਇੱਧਰ-ਉੱਧਰ ਖਿੱਚਦੀ ਹੈ।
ਇਸ ਅਤੇ ਉਸ ਦੀ ਲਗਨ, ਮਨ ਦੀ ਚੰਚਲਤਾ।
ਮੈਂ ਆਪਣੇ ਲਹੂ-ਲੁਹਾਨ ਦਿਲ ਵਿੱਚ ਆਪਣੇ ਹੀ ਨੱਖ ਗੱਡ ਦਿੱਤੇ ਹਨ।
ਉਸ ਭੇੜੀਏ ਵਾਂਗ ਮੈਂ ਆਪਣੇ ਹੀ ਝੁੰਡ 'ਤੇ ਹਮਲਾ ਕੀਤਾ ਹੈ।
ਕਦੇ ਮੈਂ ਖ਼ਾਲਿਸ ਮਦਿਰਾ ਹਾਂ, ਕਦੇ ਮਾਰੂ ਜ਼ਹਿਰ।
ਮੈਂ ਆਪਣੇ ਹੀ ਇਸ ਮਿਲਾਪ 'ਤੇ ਰੋ ਪੈਂਦਾ ਹਾਂ।
ਮੈਂ ਇੱਕ ਬੱਚਾ ਹਾਂ, ਪਿਆਰ ਦੀ ਗੋਦ ਵਿੱਚ ਸਿਰ ਰੱਖੇ ਹੋਏ,
ਉਮੀਦ ਕਰਦਾ ਹਾਂ ਕਿ ਉਹ ਲੋਰੀ ਮੈਨੂੰ ਮੇਰੇ ਅਹੰਕਾਰ ਤੋਂ ਮੁਕਤ ਕਰ ਦੇਵੇ।
ਮੈਂ ਮਸਤ ਹਾਂ, ਪੂਰੀ ਤਰ੍ਹਾਂ ਵਿਲੀਨ, ਏ ਅਮੀਨ,
ਬੀਤੇ ਅਤੇ ਮੌਜੂਦਾ ਤੋਂ ਬੇਖ਼ਬਰ।
ਮੇਰੇ ਨਾਲ ਹੋਏ ਅਨਿਆਇ ਦਾ ਇਨਸਾਫ਼ ਮੈਂ ਕਿਸ ਕੋਲੋਂ ਮੰਗਾਂ?

ਇਹ ਕਵਿਤਾ — ਜਿਸਨੂੰ ਕਦੇ-ਕਦੇ ਸ਼ੁੱਧ ਮਦਿਰਾ ਅਤੇ ਮਾਰੂ ਜ਼ਹਿਰ ਸਿਰਲੇਖ ਹੇਠ ਵੀ ਦਰਸਾਇਆ ਜਾਂਦਾ ਹੈ — ਆਤਮ-ਮੰਥਨਾਤਮਕ ਚਿੱਤਰਾਂ ਅਤੇ ਨਿੱਜੀ ਭਾਵਨਾਤਮਕ ਸੰਘਰਸ਼ ਨੂੰ ਗ਼ਜ਼ਲ-ਸਦ੍ਰਿਸ਼ ਰੂਪ ਵਿੱਚ ਪ੍ਰਗਟ ਕਰਦੀ ਹੈ।
ਉਨ੍ਹਾਂ ਦੀ ਕਵਿਤਾ ਦੇ ਸੰਦਰਭ ਵਿੱਚ: ਖ਼ਾਮੇਨੇਈ ਨੇ ਅਮੀਨ ਸਾਹਿਤਕ ਉਪਨਾਮ ਵਰਤਿਆ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਜ਼ਿਆਦਾਤਰ ਨਿੱਜੀ ਤੌਰ 'ਤੇ ਲਿਖੀਆਂ, ਨਾ ਕਿ ਵਿਸ਼ਾਲ ਪੱਧਰ 'ਤੇ ਪ੍ਰਕਾਸ਼ਿਤ ਕੀਤਾ।

ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਜਵਾਨੀ ਤੋਂ ਹੀ ਕਵਿਤਾ ਲਿਖਦੇ ਰਹੇ ਹਨ ਅਤੇ ਕਦੇ-ਕਦੇ ਆਪਣੇ ਨਜ਼ਦੀਕੀ ਸਾਥੀਆਂ ਅੱਗੇ ਉਨ੍ਹਾਂ ਦਾ ਪਾਠ ਕਰਦੇ ਸਨ, ਪਰ ਉਨ੍ਹਾਂ ਦੀ ਕੋਈ ਅਧਿਕਾਰਕ ਪ੍ਰਕਾਸ਼ਿਤ ਦੀਵਾਨ (ਕਵਿਤਾਵਾਂ ਦਾ ਸੰਕਲਨ) ਜਨਤਕ ਤੌਰ 'ਤੇ ਵਿਸ਼ਾਲ ਰੂਪ ਵਿੱਚ ਉਪਲਬਧ ਨਹੀਂ ਹੈ। ਇਹ ਵੀ ਖਾਸ ਵਰਨਣਯੋਗ ਹੈ ਕਿ ਰੂਮੀ ਅਤੇ ਈਰਾਨੀ ਸਭਿਆਚਾਰ ਬਾਰੇ ਰੂਮੀ (ਜਲਾਲ ਅੱਦ-ਦੀਨ ਮੁਹੰਮਦ ਬਲਖੀ) ਨੇ ਆਪਣੀ ਸਾਰੀ ਕਵਿਤਾ ਫ਼ਾਰਸੀ (ਫ਼ਾਰਸੀ) ਭਾਸ਼ਾ ਵਿੱਚ ਲਿਖੀ, ਜੋ ਈਰਾਨ ਦੀ ਸਾਹਿਤਕ ਭਾਸ਼ਾ ਹੈ ਅਤੇ ਉਸਦੀ ਸਭਿਆਚਾਰਕ ਅਤੇ ਸਾਹਿਤਕ ਇਤਿਹਾਸ ਦਾ ਕੇਂਦਰੀ ਹਿੱਸਾ ਹੈ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ — ਖ਼ਾਸ ਤੌਰ 'ਤੇ ਮਸਨਵੀ-ਏ-ਮਾਨਵੀ ਅਤੇ ਦੀਵਾਨ-ਏ-ਸ਼ਮਸ-ਏ-ਤਬਰਿਜ਼ੀ — ਫ਼ਾਰਸੀ ਸੂਫ਼ੀ ਸਾਹਿਤ ਦੀਆਂ ਸ੍ਰੇਸ਼ਠ ਕ੍ਰਿਤੀਆਂ ਮੰਨੀਆਂ ਜਾਂਦੀਆਂ ਹਨ ਅਤੇ ਇਰਾਨ ਸਮੇਤ ਪੂਰੇ ਫ਼ਾਰਸੀ-ਭਾਸ਼ੀ ਸੰਸਾਰ ਵਿੱਚ ਵਿਸ਼ਾਲ ਪੱਧਰ 'ਤੇ ਅਧਿਐਨ ਅਤੇ ਸਰਾਹੀਆਂ ਜਾਂਦੀਆਂ ਹਨ।

ਪੰਜਾਬੀ ਅਰਥ: ਜਿਸ ਦੀ ਤੂੰ ਖੋਜ ਕਰ ਰਿਹਾ ਹੈਂ, ਉਹ ਵੀ ਤੇਰੀ ਹੀ ਖੋਜ ਕਰ ਰਿਹਾ ਹੈ।' ਇਹ ਰੂਮੀ ਦੀ ਕਵਿਤਾ ਵਿੱਚੋਂ ਅਕਸਰ ਸਾਂਝਾ ਕੀਤਾ ਜਾਣ ਵਾਲਾ ਦੋਹਾ ਹੈ, ਜੋ ਅੰਦਰੂਨੀ ਲਾਲਸਾ ਅਤੇ ਕਿਸਮਤ ਵੱਲ ਸੰਕੇਤ ਕਰਦਾ ਹੈ। ਇਕ ਹੋਰ ਸ਼ੇਅਰ ਵਿੱਚ ਪੰਜਾਬੀ ਅਰਥ ਵਿੱਚ ਤੂੰ ਸਮੁੰਦਰ ਵਿੱਚ ਇਕ ਬੂੰਦ ਨਹੀਂ; ਤੂੰ ਇਕ ਬੂੰਦ ਵਿੱਚ ਪੂਰਾ ਸਮੁੰਦਰ ਹੈਂ।' ਅਨੁਵਾਦ ਵਿੱਚ ਆਮ ਤੌਰ 'ਤੇ ਰੂਮੀ ਨਾਲ ਜੋੜੀ ਜਾਣ ਵਾਲੀ ਇਹ ਪੰਕਤੀ ਮਨੁੱਖੀ ਪਹਿਚਾਣ ਦੀ ਡੂੰਘਾਈ ਅਤੇ ਸਰਬ ਵਿਆਪਕਤਾ ਨੂੰ ਉਜਾਗਰ ਕਰਦੀ ਹੈ — ਜੋ ਫ਼ਾਰਸੀ ਸਭਿਆਚਾਰ ਵਿੱਚ ਬਹੁਤ ਪਿਆਰਾ ਵਿਸ਼ਾ ਹੈ।)

ਪੰਜਾਬੀ ਅਰਥ: ਇਸ ਪਵਿੱਤਰ ਧਰਤੀ 'ਤੇ ਪਿਆਰ ਤੋਂ ਇਲਾਵਾ ਹੋਰ ਕੋਈ ਬੀਜ ਨਾ ਬੋਈਏ।'

(ਇਹ ਦੋਹਾ ਦੀਵਾਨ-ਏ-ਸ਼ਮਸ-ਏ-ਤਬਰਿਜ਼ੀ ਵਿੱਚ ਸ਼ਾਮਲ ਇੱਕ ਗ਼ਜ਼ਲ ਦਾ ਕੀਤਾ ਜਾਂਦਾ ਹੈ। ਉਨ੍ਹਾਂ ਦੀਆਂ ਪੰਕਤੀਆਂ ਸਰਹੱਦਾਂ ਅਤੇ ਸਭਿਆਚਾਰਾਂ ਤੋਂ ਪਰੇ ਜਾ ਕੇ ਆਧਿਆਤਮਿਕਤਾ, ਪਿਆਰ ਅਤੇ ਮਨੁੱਖੀ ਅਨੁਭਵ 'ਤੇ ਕੇਂਦਰਿਤ ਹਨ ਕਿਉਂਕਿ ਉਨ੍ਹਾਂ ਦੀਆਂ ਰਚਨਾਵਾਂ ਮੁੱਖ ਤੌਰ 'ਤੇ 13ਵੀਂ ਸਦੀ ਦੀਆਂ ਫ਼ਾਰਸੀ ਪਾਂਡੁਲਿਪੀ ਪਰੰਪਰਾਵਾਂ ਨਾਲ ਸੰਬੰਧਿਤ ਹਨ, ਇਸ ਲਈ ਐਸੇ ਛੋਟੇ ਦੋਹੇ ਚੁਣਨਾ ਮੁਸ਼ਕਲ ਹੈ ਜੋ ਆਧੁਨਿਕ ਸੰਦਰਭ ਵਿੱਚ ਖ਼ਾਸ ਤੌਰ 'ਤੇ ਇਰਾਨੀ ਸਭਿਆਚਾਰ ਜਾਂ ਲੋਕਾਂ ਦਾ ਵਰਨਣ ਕਰਦੇ ਹੋਣ।

ਅੱਜ ਜੰਗ ਅਤੇ ਤਹਜ਼ੀਬ ਦਾ ਖਾਤਮਾ ਹੋ ਰਿਹਾ ਹੈ ਪਰ ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਜੰਗਾਂ ਤਹਿਜ਼ੀਬਾਂ ਨੂੰ ਨਿਗਲ ਜਾਂਦੀਆਂ ਹਨ। ਮੰਗੋਲ ਹਮਲਿਆਂ ਨੇ ਬਗਦਾਦ ਦੀਆਂ ਲਾਇਬ੍ਰੇਰੀਆਂ ਸਾੜ ਦਿੱਤੀਆਂ। ਕਰੂਸੇਡਾਂ ਨੇ ਮੱਧ-ਪੂਰਬ ਦੀਆਂ ਸ਼ਹਿਰੀ ਸਭਿਆਚਾਰਾਂ ਨੂੰ ਝੰਜੋੜ ਦਿੱਤਾ। ਦੂਜੇ ਵਿਸ਼ਵ ਯੁੱਧ ਨੇ ਯੂਰਪ ਦੇ ਕਈ ਇਤਿਹਾਸਕ ਸ਼ਹਿਰਾਂ ਨੂੰ ਖੰਡਰ ਬਣਾ ਦਿੱਤਾ।

ਹੁਣ ਜਦੋਂ ਸ਼ਹਿਰਾਂ ਉੱਤੇ ਬੰਬ ਵਰਸਦੇ ਹਨ, ਤਾਂ ਸਿਰਫ਼ ਇਮਾਰਤਾਂ ਨਹੀਂ ਡਿੱਗਦੀਆਂ। ਉਨ੍ਹਾਂ ਨਾਲ ਲਾਇਬ੍ਰੇਰੀਆਂ, ਮਿਊਜ਼ੀਅਮ, ਕਲਾਵਾਂ ਅਤੇ ਲੋਕਾਂ ਦੀਆਂ ਯਾਦਾਂ ਵੀ ਮਿਟ ਜਾਂਦੀਆਂ ਹਨ। ਮਾਸੂਮ ਜਾਨਾਂ ਦੀ ਤ੍ਰਾਸਦੀ ਇਹ ਹੈ ਕਿ ਜੰਗਾਂ ਵਿੱਚ ਸਭ ਤੋਂ ਵੱਡੀ ਕੀਮਤ ਆਮ ਲੋਕ ਚੁਕਾਉਂਦੇ ਹਨ। ਬੱਚੇ, ਔਰਤਾਂ ਅਤੇ ਬੇਗੁਨਾਹ ਲੋਕ ਉਹ ਪਹਿਲੇ ਸ਼ਿਕਾਰ ਹੁੰਦੇ ਹਨ, ਜਿਨ੍ਹਾਂ ਦੀ ਕੋਈ ਗਲਤੀ ਨਹੀਂ ਹੁੰਦੀ। ਜਦੋਂ ਕਿਸੇ ਹਮਲੇ ਵਿੱਚ ਸੈਂਕੜੇ ਮਾਸੂਮ ਬੱਚੀਆਂ ਮਰਦੀਆਂ ਹਨ, ਤਾਂ ਇਹ ਸਿਰਫ਼ ਇੱਕ ਅੰਕੜਾ ਨਹੀਂ ਹੁੰਦਾ। ਇਹ ਇੱਕ ਸਮਾਜ ਦੇ ਟੁੱਟਦੇ ਸੁਪਨਿਆਂ ਦੀ ਕਹਾਣੀ ਹੁੰਦੀ ਹੈ। ਇਸ ਮੌਕੇ 'ਤੇ ਦੁਨੀਆ ਦੀ ਖ਼ਾਮੋਸ਼ੀ ਮਨੁੱਖੀ ਨਾਮੋਸ਼ੀ ਹੈ।

ਜੰਗਾਂ ਦੇ ਦੌਰਾਨ ਦੁਨੀਆ ਅਕਸਰ ਦੋ ਹਿੱਸਿਆਂ ਵਿੱਚ ਵੰਡ ਜਾਂਦੀ ਹੈ—ਸਹਿਯੋਗੀ ਅਤੇ ਵਿਰੋਧੀ ਪਰ ਇਨਸਾਨੀਅਤ ਦੀ ਆਵਾਜ਼ ਅਕਸਰ ਇਸ ਰਾਜਨੀਤੀ ਦੇ ਸ਼ੋਰ ਵਿੱਚ ਦੱਬ ਜਾਂਦੀ ਹੈ। ਅੱਜ ਅੰਤਰਰਾਸ਼ਟਰੀ ਸੰਸਥਾਵਾਂ, ਵੱਡੀਆਂ ਤਾਕਤਾਂ ਅਤੇ ਸਿਆਸੀ ਮੰਚ ਕਈ ਵਾਰ ਬਿਆਨਾਂ ਤੱਕ ਸੀਮਿਤ ਰਹਿ ਜਾਂਦੇ ਹਨ।

ਅੱਜ ਸਵਾਲ ਇਹ ਹੈ ਕਿ ਕੀ ਕਵਿਤਾ ਅਮਨ ਲਿਆ ਸਕਦੀ ਹੈ? ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ—ਕੀ ਕਵਿਤਾ ਜੰਗ ਰੋਕ ਸਕਦੀ ਹੈ? ਸ਼ਾਇਦ ਕਵਿਤਾ ਮਿਸ਼ਾਈਲਾਂ ਨੂੰ ਨਹੀਂ ਰੋਕ ਸਕਦੀ ਪਰ ਕਵਿਤਾ ਮਨੁੱਖ ਦੇ ਦਿਲ ਨੂੰ ਬਦਲ ਸਕਦੀ ਹੈ। ਜਦੋਂ ਦਿਲ ਬਦਲਦੇ ਹਨ ਤਾਂ ਇਤਿਹਾਸ ਦੀ ਦਿਸ਼ਾ ਵੀ ਬਦਲ ਜਾਂਦੀ ਹੈ। ਕਦੀ ਫੈਜ਼ ਅਹਿਮਦ ਫੈਜ਼ ਨੇ ਲਿਖਿਆ ਸੀ: ਬੋਲ ਕਿ ਲਬ ਆਜ਼ਾਦ ਹਨ ਤੇਰੇ।' ਇਹ ਸਿਰਫ਼ ਕਵਿਤਾ ਨਹੀਂ; ਇਹ ਇਨਸਾਨੀ ਅਜ਼ਾਦੀ ਦਾ ਐਲਾਨ ਹੈ। ਅੱਜ ਦੀ ਦੁਨੀਆ ਵਿੱਚ ਜਦੋਂ ਪਰਮਾਣੂ ਹਥਿਆਰ ਮੌਜੂਦ ਹਨ, ਜੰਗ ਸਿਰਫ਼ ਇੱਕ ਖੇਤਰ ਤੱਕ ਸੀਮਿਤ ਨਹੀਂ ਰਹਿੰਦੀ। ਇੱਕ ਛੋਟਾ ਟਕਰਾਅ ਵੀ ਪੂਰੀ ਦੁਨੀਆ ਲਈ ਖ਼ਤਰਾ ਬਣ ਸਕਦਾ ਹੈ। ਇਸ ਲਈ ਅਮਨ ਦੀ ਲੋੜ ਪਹਿਲਾਂ ਨਾਲੋਂ ਕਈ ਗੁਣਾ ਵੱਧ ਹੈ।

ਤਬਾਹੀ ਦੀ ਇਸ ਕਾਰਵਾਈ ਨਾਲ ਇਰਾਨ ਦੀ ਤਹਜ਼ੀਬ — ਕੀ ਇਹ ਬਚੇਗੀ? ਇਤਿਹਾਸ ਸਾਨੂੰ ਦੱਸਦਾ ਹੈ ਕਿ ਤਹਿਜ਼ੀਬਾਂ ਕਈ ਵਾਰ ਤਬਾਹੀਆਂ ਦਾ ਸਾਹਮਣਾ ਕਰਦੀਆਂ ਹਨ, ਪਰ ਉਹ ਮਿਟਦੀਆਂ ਨਹੀਂ। ਫਾਰਸੀ ਕਵਿਤਾ, ਇਰਾਨੀ ਕਲਾ ਅਤੇ ਉਸ ਦੀ ਰੂਹਾਨੀ ਪਰੰਪਰਾ ਮਨੁੱਖਤਾ ਦੀ ਸਾਂਝੀ ਵਿਰਾਸਤ ਹਨ।

ਸ਼ਾਇਦ ਸ਼ਹਿਰ ਖੰਡਰ ਬਣ ਜਾਣ, ਪਰ ਕਵਿਤਾ ਨਹੀਂ ਮਰਦੀ।

ਅੱਜ ਜਦੋਂ ਦੁਨੀਆ ਦੇ ਕਈ ਹਿੱਸਿਆਂ ਵਿੱਚ ਜੰਗ ਦੀਆਂ ਲਪਟਾਂ ਹਨ, ਤਾਂ ਮਨੁੱਖਤਾ ਨੂੰ ਇੱਕ ਵਾਰ ਫਿਰ ਕਵਿਤਾ ਦੀ ਲੋੜ ਹੈ। ਕਿਉਂਕਿ ਕਵਿਤਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਅਸੀਂ ਸਿਰਫ਼ ਸਰਹੱਦਾਂ ਦੇ ਲੋਕ ਨਹੀਂ; ਅਸੀਂ ਇੱਕ ਹੀ ਮਨੁੱਖੀ ਪਰਿਵਾਰ ਦਾ ਹਿੱਸਾ ਹਾਂ। ਰੂਮੀ ਦੀ ਇੱਕ ਲਾਈਨ ਇਸ ਸੱਚਾਈ ਨੂੰ ਬਹੁਤ ਸੁੰਦਰ ਢੰਗ ਨਾਲ ਬਿਆਨ ਕਰਦੀ ਹੈ:
ਪਿਆਰ ਉਹ ਪੁਲ ਹੈ ਜੋ ਤੈਨੂੰ ਹਰ ਚੀਜ਼ ਨਾਲ ਜੋੜਦਾ ਹੈ।'

ਸ਼ਾਇਦ ਇਹੀ ਉਹ ਪੁਲ ਹੈ ਜੋ ਅੱਜ ਦੀ ਦੁਨੀਆ ਨੂੰ ਤਬਾਹੀ ਤੋਂ ਬਚਾ ਸਕਦਾ ਹੈ ਅਤੇ ਸ਼ਾਇਦ ਇਹੀ ਉਹ ਆਵਾਜ਼ ਹੈ ਜੋ ਜੰਗ ਦੇ ਸ਼ੋਰ ਵਿੱਚ ਵੀ ਅਮਨ ਦੀ ਉਮੀਦ ਜਗਾਉਂਦੀ ਹੈ। ਈਰਾਨ ਦੀ ਧਰਤੀ ਤੋਂ ਅਤੇ ਉਸਦੇ ਬਾਰੇ ਸ਼ਾਇਦ ਕੋਈ ਅਮਨ ਦੀ ਕਵਿਤਾ ਅਜੇ ਬਚੀ ਹੈ ਜੋ ਮਨੁੱਖੀ ਤਬਾਹੀ ਨੂੰ ਫਿਰ ਤੋਂ ਮਨੁੱਖੀ ਮੁਹੱਬਤ ਦੀ ਦੁਨੀਆ ਵੱਲ ਲੈ ਕੇ ਜਾਵੇਗੀ।

ਕਮਲਜੀਤ ਸਿੰਘ ਬਨਵੈਤ
98147 34035



# ਅਮਿਤ ਸ਼ਾਹ ਦੀ ਰੈਲੀ ਪਿੱਛੋਂ ਭਾਜਪਾ ਉਚਾਈਆਂ ਵੱਲ

- ਗ੍ਰਿਹ ਮੰਤਰੀ ਦੀ ਕਿੱਲੀ ਚਾਹਲਾਂ ਰੈਲੀ ਤੋਂ ਬਾਅਦ ਪੰਜਾਬ ਨੂੰ ਭਾਜਪਾ ਸਤਾ ਦੇ ਸੁਪਨੇ ਪੂਰੇ ਹੁੰਦੇ ਦਿਖਣ ਲੱਗੇ
- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਨੂੰ ਕਾਟ ਕਰਨ ਲਈ ਵਿੱਤ ਮੰਤਰੀ ਚੀਮਾ ਪੁੱਜੇ ਸੱਚਖੰਡ ਡੇਰਾ ਬੱਲਾਂ
- ਸੁਖਬੀਰ ਸਿੰਘ ਬਾਦਲ ਦਾ ਕਹਿਣਾ ਕਿ ਦਿੱਲੀ ਦੀਆਂ ਪਾਰਟੀਆਂ ਤੋਂ ਪੰਜਾਬ ਦੇ ਭਲੇ ਦੀ ਆਸ ਛੱਡੋ
- ਦੁਆਬਾ ਵਿੱਚ ਐਸਸੀ ਵਰਗ ਦੀਆਂ 34 ਫ਼ੀਸਦੀ ਵੋਟਾਂ, ਜ਼ਿਆਦਾ ਗਿਣਤੀ ਰਵਿਦਾਸੀਆ ਭਾਈਚਾਰੇ ਦੀ

ਕੇਂਦਰੀ ਗ੍ਰਿਹ ਮੰਤਰੀ ਅਤੇ ਸਿਆਸਤ ਦੇ ਚਾਣਕੀਆ ਅਮਿਤ ਸ਼ਾਹ ਦੀ ਰੈਲੀ ਪਿੱਛੋਂ ਪੰਜਾਬ ਭਾਰਤੀ ਜਨਤਾ ਪਾਰਟੀ ਚੜ੍ਹਾਈਆਂ ਵਿੱਚ ਹੈ। ਅਮਿਤ ਸ਼ਾਹ ਪੰਜਾਬ ਦੇ ਭਾਜਪਾਈਆਂ ਨੂੰ ਉੱਡਣ ਲਈ ਨਵੇਂ ਖੰਭ ਦੇ ਗਏ ਹਨ। ਉਹਨਾਂ ਦੀ ਰੈਲੀ ਨੂੰ ਉਮੀਦ ਨਾਲੋਂ ਵੱਧ ਹੁੰਗਾਰਾ ਮਿਲਿਆ ਹੈ। ਹਾਲਾਂਕਿ ਭਾਜਪਾ ਦੇ ਉਹਨਾਂ ਦਾਅਵਿਆਂ ਵਿੱਚ ਦਮ ਨਹੀਂ ਕਿ ਰੈਲੀ ਵਿੱਚ ਡੇਢ ਲੱਖ ਦੇ ਕਰੀਬ ਇਕੱਠ ਸੀ। ਇਸ ਤੋਂ ਪਹਿਲਾਂ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਡੇਰਾ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਦੇ ਸੱਦੇ 'ਤੇ ਇੱਕ ਇਕੱਠ ਨੂੰ ਸੰਬੋਧਨ ਕਰਕੇ ਗਏ ਸਨ ਤਾਂ ਉਦੋਂ ਤੋਂ ਹੀ ਵਿਰੋਧੀਆਂ ਲਈ ਨਵੀਂ ਬਿਪਤਾ ਖੜ੍ਹੀ ਕਰ ਗਏ ਸਨ। ਪੰਜਾਬ ਭਾਜਪਾ ਨੂੰ 2027 ਵਿੱਚ ਸੂਬੇ ਦੀ ਸੱਤਾ ਉੱਤੇ ਆਪਣਾ ਕਬਜ਼ਾ ਹੋਣ ਦਾ ਸੁਪਨਾ ਪੂਰਾ ਹੁੰਦਾ ਦਿਖਣ ਲੱਗਾ ਹੈ।

ਅਮਿਤ ਸ਼ਾਹ ਹਾਲਾਂਕਿ ਨਾ ਪੰਜਾਬ ਨੂੰ ਕੁਝ ਦੇ ਕੇ ਗਏ ਹਨ ਅਤੇ ਨਾ ਹੀ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਕੋਈ ਹੋਰ ਵੱਡਾ ਐਲਾਨ ਕੀਤਾ ਹੈ ਪਰ ਉਹਨਾਂ ਦੀ ਰੈਲੀ ਤੋਂ ਬਾਅਦ ਪੰਜਾਬੀਆਂ ਵਿੱਚ ਇੱਕ ਨਵੀਂ ਆਸ ਜ਼ਰੂਰ ਜਾਗੀ ਹੈ। ਪੰਜਾਬ ਪਹਿਲਾਂ ਹੀ ਭਾਜਪਾ ਨੂੰ ਇੱਕ ਮੌਕਾ ਦੇਣ ਅਤੇ ਡਬਲ ਇੰਜਣ ਦੀ ਸਰਕਾਰ ਬਾਰੇ ਹਾਂ ਪੱਖੀ ਸੋਚਣ ਲੱਗ ਪਿਆ ਸੀ। ਹੁਣ ਪੰਜਾਬ 'ਚ ਭਾਜਪਾ ਆਪਣੇ ਹੱਕ ਵਿੱਚ ਹਨੇਰੀ ਝੁੱਲਣੀ ਸ਼ੁਰੂ ਹੁੰਦੀ ਦੇਖਣ ਲੱਗੀ ਹੈ ਹਾਲਾਂਕਿ ਸਿਆਸੀ ਪੰਡਿਤਾਂ ਨੂੰ ਹਵਾ ਰੁਮਕਦੀ ਦਿਸਣ ਲੱਗੀ ਹੈ।

ਪ੍ਰਧਾਨ ਮੰਤਰੀ ਦੀ ਡੇਰਾ ਬੱਲਾਂ ਦੀ ਫੇਰੀ ਨੂੰ ਐਸ.ਸੀ. ਵੋਟ ਨੂੰ ਖਿੱਚਣ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਉਸ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਪਾਸੇ ਵੱਲ ਨੂੰ ਤੇਜ਼ੀ ਨਾਲ ਤੁਰੀ ਹੈ। ਸ਼੍ਰੋਮਣੀ ਅਕਾਲੀ ਦਲ ਵੀ ਪਿੱਛੇ ਨਹੀਂ ਰਹਿਣਾ ਚਾਹੁੰਦਾ ਹੈ। ਐਸਸੀ ਵੋਟ ਪਹਿਲਾਂ ਹੀ ਕਾਂਗਰਸ ਦੇ ਹੱਕ ਵਿੱਚ ਭੁਗਤਦੀ ਰਹੀ ਹੈ। ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ 20 ਮਾਰਚ ਦੀ ਡੇਰਾ ਸੱਚਖੰਡ ਬੱਲਾਂ ਦੀ ਫੇਰੀ ਨੂੰ ਇਸ ਨਾਲ ਜੋੜ ਕੇ ਦੇਖਿਆ ਜਾਣ ਲੱਗਾ ਹੈ। ਚੀਮਾ ਨੇ ਡੇਰਾ ਬਲਾਂ ਪਹੁੰਚ ਕੇ ਐਲਾਨ ਕੀਤਾ ਕਿ ਭਗਤ ਰਵਿਦਾਸ ਬਾਣੀ ਅਧਿਐਨ ਸੈਂਟਰ ਦਾ ਨਿਰਮਾਣ ਕਾਰਜ ਇਸਦਾ ਨਕਸ਼ਾ ਤਿਆਰ ਹੋਣ ਤੋਂ ਬਾਅਦ ਜਲਦੀ ਹੀ ਸ਼ੁਰੂ ਹੋ ਜਾਵੇਗਾ। ਉਨ੍ਹਾਂ ਨੇ ਪ੍ਰਸਤਾਵਿਤ ਨਕਸ਼ੇ ਦੀ ਸਮੀਖਿਆ ਕੀਤੀ ਅਤੇ ਪ੍ਰੋਜੈਕਟ ਦਾ ਜਾਇਜ਼ਾ ਲਿਆ। ਉਹਨਾਂ ਦਾ ਕਹਿਣਾ ਸੀ ਕਿ ਲੇ ਆਊਟ ਪਲਾਨ ਨੂੰ ਡੇਰੇ ਦੇ ਮੌਜੂਦਾ ਮੁਖੀ ਸੰਤ ਨਿਰੰਜਨ ਦਾਸ ਜੀ ਵੱਲੋਂ ਰਸਮੀ ਸਹਿਮਤੀ ਦੇ ਦਿੱਤੀ ਗਈ ਹੈ। ਹੁਣ ਇਹ ਵੀ ਕਿਹਾ ਕਿ ਟੈਂਡਰ ਪ੍ਰਕਿਰਿਆ ਜਲਦੀ ਮੁਕੰਮਲ ਕਰ ਲਈ ਜਾਵੇਗੀ ਤਾਂ ਜੋ ਪ੍ਰੋਜੈਕਟ ਦੀ ਉਸਾਰੀ ਰਸਮੀ ਤੌਰ 'ਤੇ ਸ਼ੁਰੂ ਕੀਤੀ ਜਾ ਸਕੇ। ਇਹ ਕੇਂਦਰ ਸਿੱਖਿਆ ਅਤੇ ਅਧਿਆਤਮਿਕ ਖੋਜ ਲਈ ਇੱਕ ਵਿਆਪਕ ਹੱਬ ਵਜੋਂ ਤਿਆਰ ਕੀਤਾ ਜਾਵੇਗਾ। ਇਸ ਕੇਂਦਰ ਵਿੱਚ ਆਧੁਨਿਕ ਕਲਾਸ ਰੂਮਾਂ ਨਾਲ ਲੈਸ ਇੱਕ ਪ੍ਰਬੰਧਕੀ ਬਲਾਕ ਇੱਕ ਲਾਇਬਰੇਰੀ ਅਤੇ ਵਿਸ਼ੇਸ਼ ਕੋਚਿੰਗ ਸਹੂਲਤਾਂ ਹੋਣਗੀਆਂ। ਵਿੱਤ ਮੰਤਰੀ ਨੇ ਦੱਸਿਆ ਕਿ ਲੜਕਿਆਂ ਅਤੇ ਲੜਕੀਆਂ ਦਾ ਵੱਖਰਾ ਹੋਸਟਲ, ਅਧਿਆਪਕਾਂ ਲਈ ਰਿਹਾਇਸ਼ੀ ਕੁਆਰਟਰ ਇੱਕ ਕੰਟੀਨ ਅਤੇ ਵਾਲੀਬਾਲ ਤੇ ਬਾਸਕਟਬਾਲ ਦਾ ਵਿਸ਼ੇਸ਼ ਮੈਦਾਨ ਹੋਵੇਗਾ। ਚੀਮਾ ਦੀ ਇਸ ਫੇਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਬੋਧਨ ਨੂੰ ਫਿੱਕਾ ਕਰਨ ਦੀ ਇੱਕ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਦੁਆਬੇ ਵਿੱਚ ਐਸਸੀ ਭਾਈਚਾਰੇ ਦੀਆਂ 34 ਫ਼ੀਸਦੀ ਵੋਟਾਂ ਹਨ। ਇਸ ਵਿੱਚੋਂ ਜ਼ਿਆਦਾਤਰ ਵੋਟ ਰਵਿਦਾਸ ਭਾਈਚਾਰੇ ਦੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡੇਰਾ ਬੱਲਾਂ ਦੀ ਫੇਰੀ ਨੂੰ ਕਾਟ ਕਰਨ ਲਈ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਐਸਸੀ ਵਰਗ ਦੀਆਂ ਔਰਤਾਂ ਨੂੰ ਹਜ਼ਾਰ ਦੀ ਥਾਂ 1500 ਰੁਪਏ ਮਹੀਨਾ ਦੇਣ ਦਾ ਫੈਸਲਾ ਲਿਆ ਗਿਆ ਹੈ। ਭਾਵੇਂ ਕਿ ਪੈਸੇ ਦੇਣ ਦੀ ਦੇਰੀ ਨੂੰ ਧੋਣ ਦਾ ਵੀ ਯਤਨ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਫ਼ਤਾਰ ਤੇਜ਼ ਫੜ ਲਈ ਹੈ। ਪਹਿਲਾਂ ਨਾਲੋਂ ਵਧੇਰੇ ਲੋਕ ਪੱਖੀ ਫੈਸਲੇ ਲਏ ਜਾਣ ਲੱਗੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਲਈ ਲੜਾਈ ਲੜਨ ਲੱਗੇ ਹਨ। ਰਾਜਸਥਾਨ ਨੂੰ ਜਾ ਰਹੇ ਪਾਣੀ ਦੀ ਰਾਇਲਟੀ ਦੀ ਲੜਾਈ ਇਸ ਦਾ ਪ੍ਰਤੱਖ ਸਬੂਤ ਹੈ। ਰੈਲੀ ਤੋਂ ਬਾਅਦ ਭਾਜਪਾ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਨੂੰ ਭਰਮਾ ਰਹੀ ਹੈ। ਅਮਰੀਕਾ ਵਿੱਚ ਭਾਰਤੀ ਰਾਜਦੂਤ ਰਹੇ ਤਰਨਜੀਤ ਸਿੰਘ ਸੰਧੂ ਨੂੰ ਦਿੱਲੀ ਦਾ ਲੈਫਟੀਨੈਂਟ ਗਵਰਨਰ ਲਾ ਦਿੱਤਾ ਗਿਆ ਹੈ। ਤਖਤ ਸ੍ਰੀ ਦਮਦਮਾ ਸਾਹਿਬ ਲਈ ਰੇਲ ਲਿੰਕ ਮਨਜ਼ੂਰ ਕਰ ਦਿੱਤੀ ਗਈ ਹੈ, ਜਿਸ ਲਈ 42 ਕਿਲੋਮੀਟਰ ਲੰਮੀ ਨਵੀਂ ਰੇਲ ਪਟੜੀ ਵਿਛਾਈ ਜਾਵੇਗੀ। ਇਸ ਉਤੇ 1118 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਤੋਂ ਪਹਿਲਾਂ ਰਾਜਪੁਰਾ ਨੂੰ ਚੰਡੀਗੜ੍ਹ ਨਾਲ ਰੇਲ ਲਿੰਕ ਰਾਹੀਂ ਜੋੜਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਸੀ। ਦੂਜੇ ਬੰਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪੰਜਾਬੀਆਂ ਨੂੰ ਦਿੱਲੀ ਦੀਆਂ ਪਾਰਟੀਆਂ ਉੱਤੇ ਭਰੋਸਾ ਨਾ ਕਰਨ ਦੀ ਅਪੀਲ ਕਰਦੇ ਹਨ। ਹਾਲਾਂਕਿ ਖ਼ਬਰਾਂ ਇਹ ਹਨ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿੱਚ ਮੁੜ ਤੋਂ ਸਿਆਸੀ ਗੱਠਜੋੜ ਹੋ ਸਕਦਾ ਹੈ। ਉਂਝ ਗ੍ਰਿਹ ਮੰਤਰੀ ਇਸ ਸੰਭਾਵਨਾ ਨੂੰ ਸਿਰੇ ਤੋਂ ਰੱਦ ਕਰ ਗਏ ਹਨ। ਭਾਜਪਾਈ ਆਪਣੇ ਆਪ ਨੂੰ ਇੱਕ ਨਵੇਂ ਜੋਸ਼ ਵਿੱਚ ਦੇਖਣ ਲੱਗੇ ਹਨ। ਪੰਜਾਬ ਭਾਜਪਾ ਦੇ ਇੱਕ ਨੇਤਾ ਦਾ ਦਾਅਵਾ ਹੈ ਕਿ ਜਲੰਧਰ ਵਿੱਚ ਪਿਛਲੇ ਦਿਨੀਂ ਦਿੱਤੇ ਇੱਕ ਧਰਨੇ ਦੌਰਾਨ ਪਾਰਟੀ ਦੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਰਾਤ ਭਰ ਥਾਣੇ ਇਸ ਕਰਕੇ ਡੱਕੀ ਰੱਖਿਆ ਸੀ ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਭਾਜਪਾ ਤੋਂ ਭੈਅ ਖਾਣ ਲੱਗੀ। ਉਸ ਦਾ ਇਹ ਵੀ ਦਾਅਵਾ ਹੈ ਕਿ ਉਸੇ ਧਰਨੇ ਦੇ ਨਾਲ ਲੱਗਦੀ ਥਾਂ ਉੱਤੇ ਧਰਨਾ ਦੇਣ ਵਾਲੇ ਕਾਂਗਰਸੀਆਂ ਵੱਲ ਪੁਲਿਸ ਨੇ ਝਾਕਿਆ ਤੱਕ ਨਾ।

ਪੰਜਾਬ ਦੀ ਸਿਆਸਤ ਨੂੰ ਇੱਕ ਨਵਾਂ ਮੋੜ ਦੇਣ ਲਈ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਮਦਮੀ ਟਕਸਾਲ ਦੇ ਨੇਤਾਵਾਂ ਨਾਲ ਇੱਕ ਮੀਟਿੰਗ ਕੀਤੀ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਪਹਿਲਾਂ ਹੀ ਭਾਜਪਾ ਵੱਲ ਝੁਕਾਅ ਰੱਖਦੇ ਹਨ, ਚਾਹੇ ਉਹ ਲੱਖ ਦਾਅਵੇ ਕਰਦੇ ਰਹਿਣ ਕਿ ਉਹ ਮਹਾਰਾਸ਼ਟਰ ਵਿੱਚ ਵਸਦੇ ਸਿੱਖਾਂ ਦੇ ਹੱਕਾਂ ਲਈ ਭਾਜਪਾ ਨੂੰ ਨਾਲ ਲੈ ਕੇ ਤੁਰਦੇ ਹਨ।

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਿੱਚ ਪਏ ਗਾਹ ਨੇ ਸਿੱਖ ਸੰਗਤਾਂ ਨੂੰ ਨਿਰਾਸ਼ ਕੀਤਾ ਹੈ। ਨਵੀਂ ਕਮੇਟੀ ਚੁਣੇ ਜਾਣ ਤੋਂ ਬਾਅਦ ਸੰਤ ਬਲਜੀਤ ਸਿੰਘ ਦਾਦੂਵਾਲ ਅਤੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਵਿਚਕਾਰ ਲਗਾਤਾਰ ਟਕਰਾਅ ਚੱਲਦਾ ਆ ਰਿਹਾ ਹੈ। ਪਰ ਪਿਛਲੇ ਦਿਨੀਂ ਵਾਪਰੀਆਂ ਦੋ ਘਟਨਾਵਾਂ ਨੇ ਸਿੱਖ ਜਗਤ ਨੂੰ ਨਿਰਾਸ਼ ਕੀਤਾ ਹੈ। ਦਿੱਲੀ ਘਟਨਾ ਵਿੱਚ ਜਗਦੀਸ਼ ਸਿੰਘ ਝੀਂਡਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੰਤ ਦਾਦੂਵਾਲ ਨੂੰ ਬੋਲਣ ਤੋਂ ਰੋਕ ਕੇ ਬੇਹੁਰਮਤੀ ਕੀਤੀ। ਉਸ ਤੋਂ ਬਾਅਦ ਚਰਚਾ ਕੁੱਟਮਾਰ ਤੋਂ ਅੱਗੇ ਮਾਰਨ ਮਰਾਉਣ ਤੱਕ ਜਾਂ ਪੁੱਜੀ। ਬੀਤੇ ਕੱਲ ਸ਼ਾਹਬਾਦ ਦੇ ਮੀਰੀ ਪੀਰੀ ਮੈਡੀਕਲ ਕਾਲਜ ਨੂੰ ਲੈ ਕੇ ਜਿਸ ਤਰ੍ਹਾਂ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਦਾ ਕੁੱਟ ਕੁਟਾਪਾ ਹੋਇਆ ਅਤੇ ਦਸਤਾਰ ਲਾਹੀ ਗਈ, ਨਾਲ ਸਿੱਖ ਕੌਮ ਦਾ ਸਿਰ ਝੁਕਿਆ ਹੈ। ਦੋਵੇਂ ਧਿਰਾਂ ਚਾਹੇ ਇੱਕ ਦੂਜੇ ਖ਼ਿਲਾਫ਼ ਐਫ ਆਈਆਰ ਦਰਜ ਕਰਾ ਦੇਣ ਜਾਂ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕਰਾ ਦੇਣ 'ਤੇ ਹਰਿਆਣਾ ਲਈ ਵੱਖਰੀ ਕਮੇਟੀ ਬਣਾਉਣ ਦਾ ਫੈਸਲਾ ਮਿੱਟੀ ਵਿੱਚ ਰੁਲ ਗਿਆ ਹੈ। ਪੰਜਾਬ ਵਿੱਚ ਭਾਜਪਾ ਉਚਾਈਆਂ ਵੱਲ ਵਧੇ, ਆਮ ਆਦਮੀ ਪਾਰਟੀ ਹੋਰ ਉੱਚੀਆਂ ਉਡਾਣਾਂ ਭਰਨ ਲੱਗੇ, ਸ਼੍ਰੋਮਣੀ ਅਕਾਲੀ ਦਲ ਚੜ੍ਹਦੀਕਲਾ ਵੱਲ ਜਾਵੇ ਜਾਂ ਫਿਰ ਕਾਂਗਰਸ ਪਾਰਟੀ ਚੜ੍ਹਾਈਆਂ ਵਿੱਚ ਰਵੇ ਲੋੜ ਤਾਂ ਪੰਜਾਬ ਨਾਲ ਜੁੜੇ ਮਸਲਿਆਂ ਨੂੰ ਹੱਲ ਕਰਨ ਦੀ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਦਰਦ ਰੱਖਣ ਵਾਲੀ ਪਾਰਟੀ ਨੂੰ ਮੌਕਾ ਮਿਲਣਾ ਚਾਹੀਦਾ ਹੈ ਨਹੀਂ ਤਾਂ ਪੰਜਾਬ ਜਿਸ ਨਿਵਾਣ ਵੱਲ ਨੂੰ ਵਧ ਰਿਹਾ ਹੈ, ਉਥੋਂ ਨਿਕਲਣਾ ਮੁਸ਼ਕਲ ਹੋ ਜਾਵੇਗਾ।

# ਪੰਜਾਬ ਅਤੇ ਹਰਿਆਣਾ ਦੀ ਭਾਵਨਾਤਮਕ ਸਾਂਝ ਬਨਾਮ ਵੰਡ

ਬਘੇਲ ਸਿੰਘ ਧਾਲੀਵਾਲ
99142-58142



ਇਹ ਸਿਰਫ਼ ਦੋ ਸੂਬਿਆਂ ਦੀ ਗੱਲ ਨਹੀਂ ਹੁੰਦੀ, ਇਹ ਇੱਕੋ ਮਿੱਟੀ ਦੀ ਸੁਗੰਧ, ਇੱਕੋ ਖੂਨ ਦੀ ਗਰਮੀ ਅਤੇ ਇੱਕੋ ਸੱਭਿਆਚਾਰ ਦੀ ਧੜਕਣ ਦੀ ਗੱਲ ਹੁੰਦੀ ਹੈ। ਇਹ ਗੱਲ ਸਿਰਫ਼ ਭਾਵਨਾਤਮਕ ਨਹੀਂ, ਇਤਿਹਾਸਕ ਅਤੇ ਸਮਾਜਿਕ ਸੱਚਾਈਆਂ ਨਾਲ ਭਰੀ ਹੋਈ ਹੈ। ਪਰ ਅਫਸੋਸ, ਰਾਜਨੀਤੀ ਦੀਆਂ ਖੇਡਾਂ ਨੇ ਇਸ ਏਕਤਾ ਨੂੰ ਵੰਡ ਦੇ ਰਾਹ 'ਤੇ ਧੱਕ ਦਿੱਤਾ। ਇੱਕ ਅਜਿਹੀ ਵੰਡ, ਜਿਸਦਾ ਦਰਦ ਅਜੇ ਵੀ ਲੋਕਾਂ ਦੇ ਦਿਲਾਂ ਵਿੱਚ ਵੱਸਦਾ ਹੈ। ਇਹ ਸੱਚਾਈ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਪੰਜਾਬ ਤੇ ਹਰਿਆਣਾ ਦੇ ਲੋਕਾਂ ਦੀ ਜੜ੍ਹ ਇੱਕੋ ਹੈ। ਖੇਤਾਂ ਵਿੱਚ ਪਸੀਨਾ ਵਗਾਉਂਦੇ ਕਿਸਾਨਾਂ ਦੀ ਸੋਚ, ਜੀਵਨ ਸ਼ੈਲੀ ਅਤੇ ਦੁੱਖ-ਸੁੱਖ ਸਾਂਝੇ ਹਨ। ਜੇਕਰ ਇੱਕ ਕਿਸਾਨ ਪੰਜਾਬ ਵਿੱਚ ਕਣਕ ਦੀ ਫ਼ਸਲ ਬੀਜਦਾ ਹੈ, ਤਾਂ ਦੂਜਾ ਹਰਿਆਣਾ ਵਿੱਚ ਵੀ ਉਸੇ ਉਮੀਦ ਨਾਲ, ਉਸੇ ਮਿਹਨਤ ਨਾਲ ਓਹੀ ਫਸਲ ਬੀਜਦਾ ਹੈ। ਇਹ ਦੋਵੇਂ ਸੂਬੇ ਭਾਰਤ ਦਾ ਅੰਨ ਭੰਡਾਰ ਕਹੇ ਜਾਂਦੇ ਹਨ। ਪੰਜਾਬ ਤੇ ਹਰਿਆਣਾ ਦਾ ਇਤਿਹਾਸ ਵੱਖੋ ਵੱਖਰਾ ਨਹੀਂ ਹੈ। ਦੋਵਾਂ ਖਿੱਤਿਆਂ ਦੀ ਇੱਕੋ ਜਿਹੀ ਜਰਖੇਜ਼ ਅਤੇ ਗੈਰਤਮੰਦ ਮਿੱਟੀ ਹੈ, ਪਰ ਇਸ ਸੱਚ ਨੂੰ ਸਭ ਤੋਂ ਵੱਧ ਕੁਚਲਿਆ ਹੈ ਸਿਆਸਤ ਨੇ। ਸਿਆਸਤ ਅਜਿਹੀ ਸ਼ੈਅ ਹੈ ਜੋ ਲੋਕਾਂ ਨੂੰ ਜੋੜਦੀ ਨਹੀਂ, ਵੰਡਦੀ ਹੈ, ਜੋ ਦਰਦ ਨੂੰ ਮਰਹਮ ਨਹੀਂ ਲਗਾਉਂਦੀ, ਸਗੋਂ ਉਸ ਵਿੱਚ ਨਮਕ ਛਿੜਕਦੀ ਹੈ। ਸਪੱਸ਼ਟ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਪੰਜਾਬ ਤੇ ਹਰਿਆਣਾ ਦੋ ਸੂਬੇ ਨਹੀਂ, ਇੱਕੋ ਸਰੀਰ ਦੇ ਦੋ ਟੁਕੜੇ ਹਨ, ਜਿਨ੍ਹਾਂ ਨੂੰ ਜ਼ਬਰਦਸਤੀ ਵੱਖ ਕੀਤਾ ਗਿਆ। ਇਹ ਵੰਡ ਲੋਕਾਂ ਦੀ ਮਰਜ਼ੀ ਨਾਲ ਨਹੀਂ ਹੋਈ ਸੀ, ਇਹ ਰਾਜਨੀਤਿਕ ਲਾਭਾਂ ਦੀ ਭੁੱਖ ਵਿੱਚ ਕੀਤੀ ਗਈ ਇੱਕ ਕੱਟੜ ਕਾਰਵਾਈ ਸੀ। ਵੰਡ ਦਾ ਇੱਕ ਕਾਰਨ ਘੱਟ ਗਿਣਤੀ ਸਿੱਖ ਭਾਈਚਾਰੇ ਨਾਲ ਦੇਸ਼ ਦੀ ਅਜ਼ਾਦੀ ਤੋਂ ਬਾਅਦ ਕੀਤੀ ਗਈ ਵਾਅਦਾ ਖਿਲਾਫੀ ਵੀ ਸੀ, ਜਿਸਨੂੰ ਹੋਰ ਰੰਗਤ ਦੇ ਕੇ ਇੱਕ ਅਜਿਹਾ ਫੈਸਲਾ ਕੀਤਾ ਗਿਆ, ਜਿਸਨੇ ਸਦੀਆਂ ਪੁਰਾਣੀ ਸਾਂਝ ਨੂੰ ਇੱਕ ਝਟਕੇ ਵਿੱਚ ਚੀਰ ਦਿੱਤਾ। ਪੰਜਾਬ ਨਾਲ ਇਹ ਪਹਿਲੀ ਵਾਰ ਨਹੀਂ ਸੀ ਹੋਇਆ ਬਲਕਿ ਇਸ ਤੋਂ ਪਹਿਲਾਂ 1947 ਵਿੱਚ ਵੀ ਮੁਲਕ ਦੀ ਵੰਡ ਸਮੇਂ ਪੰਜਾਬ ਦਾ ਵੱਡਾ ਹਿੱਸਾ ਇਸ ਤੋਂ ਵੱਖ ਕਰ ਦਿੱਤਾ ਗਿਆ ਸੀ।

ਇਸ ਸਾਂਝੀ ਵਿਰਾਸਤ ਨੂੰ ਸਮਝਣ ਲਈ ਸਾਨੂੰ ਇਤਿਹਾਸ ਵੱਲ ਮੁੜਨਾ ਪਵੇਗਾ, ਉਹ ਸਮਾਂ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਧਰਤੀ ਨੂੰ ਜ਼ੁਲਮ ਤੋਂ ਆਜ਼ਾਦ ਕਰਵਾਉਣ ਲਈ ਲੜਾਈ ਲੜੀ। ਉਹ ਸਿਰਫ਼ ਇੱਕ ਯੋਧਾ ਨਹੀਂ ਸਨ, ਸਗੋਂ ਇੱਕ ਕ੍ਰਾਂਤੀਕਾਰੀ ਪ੍ਰਸ਼ਾਸਕ ਵੀ ਸਨ, ਜਿਨ੍ਹਾਂ ਨੇ ਜ਼ਿੰਮੀਦਾਰੀ ਪ੍ਰਥਾ ਨੂੰ ਚੁਣੌਤੀ ਦਿੱਤੀ ਅਤੇ ਕਿਸਾਨਾਂ ਨੂੰ ਜ਼ਮੀਨਾਂ ਦੇ ਹੱਕ ਦਿੱਤੇ। ਉਹਨਾਂ ਦਾ ਰਾਜ ਭਾਗ ਸਿਰਫ਼ ਪੰਜਾਬ ਤੱਕ ਸੀਮਿਤ ਨਹੀਂ ਸੀ, ਇਹ ਉਹ ਖੇਤਰ ਵੀ ਸੀ ਜੋ ਅੱਜ ਹਰਿਆਣਾ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਇਸ ਕਰਕੇ ਇਹ ਦੋਵੇਂ ਸੂਬੇ ਇੱਕੋ ਇਤਿਹਾਸਕ ਧਾਰਾ ਨਾਲ ਜੁੜੇ ਹੋਏ ਹਨ। ਪਰ ਫਿਰ ਆਇਆ ਉਹ ਸਮਾਂ, ਜਦੋਂ ਸਿਆਸੀ ਮੰਚਾਂ 'ਤੇ ਲਕੀਰਾਂ ਖਿੱਚੀਆਂ ਗਈਆਂ। 1966 ਵਿੱਚ ਪੰਜਾਬ ਦੀ ਵੰਡ ਹੋਈ ਅਤੇ ਹਰਿਆਣਾ ਇੱਕ ਵੱਖਰਾ ਸੂਬਾ ਬਣ ਗਿਆ। ਇਹ ਵੰਡ ਸਿਰਫ਼ ਭੂਗੋਲਿਕ ਨਹੀਂ ਸੀ, ਇਹ ਦਿਲਾਂ ਦੀ ਵੀ ਵੰਡ ਸੀ। ਲੋਕਾਂ ਨੂੰ ਭਾਸ਼ਾ ਦੇ ਨਾਂ 'ਤੇ ਵੰਡਿਆ ਗਿਆ, ਜਦੋਂ ਕਿ ਹਕੀਕਤ ਇਹ ਸੀ ਕਿ ਬੋਲੀ ਤੇ ਬਾਣੀ ਵਿੱਚ ਵੀ ਵੱਡੀ ਸਾਂਝ ਸੀ। ਪੰਜਾਬੀ ਅਤੇ ਹਰਿਆਣਵੀ ਦੇ ਸ਼ਬਦ, ਲਹਿਜ਼ੇ ਅਤੇ ਰੂਹ ਇੱਕ ਦੂਜੇ ਨਾਲ ਭਾਵਨਾਤਮਕ ਤੌਰ 'ਤੇ ਜੁੜੇ ਹੋਏ ਹਨ। ਸੱਭਿਆਚਾਰਕ ਪੱਖ ਤੋਂ ਵੀ ਵੇਖੀਏ ਤਾਂ ਇਹ ਦੋਵੇਂ ਸੂਬੇ ਇੱਕੋ ਜਿਹੇ ਹਨ। ਵਿਆਹ-ਸ਼ਾਦੀਆਂ ਦੇ ਰਸਮ-ਰਿਵਾਜ਼, ਤਿਉਹਾਰਾਂ ਦੀਆਂ ਖੁਸ਼ੀਆਂ, ਗਿੱਧਾ ਤੇ ਭੰਗੜਾ ਹੋਵੇ ਜਾਂ ਰਾਗਨੀ, ਹਰ ਜਗ੍ਹਾ ਇੱਕੋ ਜਿਹੀ ਰੂਹ ਦਿਖਦੀ ਹੈ। ਖੇਤਾਂ ਵਿੱਚ ਲੱਗਦੇ ਮੇਲੇ, ਪਿੰਡਾਂ ਦੀਆਂ ਚੌਪਾਲਾਂ, ਸੱਥਾਂ ਅਤੇ ਲੋਕ ਗੀਤ, ਇਹ ਸਾਬਤ ਕਰਦੇ ਹਨ ਕਿ ਇਹ ਸੂਬੇ ਵੱਖਰੇ ਨਹੀਂ, ਸਗੋਂ ਇੱਕੋ ਸੱਭਿਆਚਾਰ ਦੇ ਦੋ ਰੂਪ ਹਨ। ਸਭ ਤੋਂ ਵੱਡੀ ਸਾਂਝ ਕਿਸਾਨਾਂ ਦੀ ਹੈ।

ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦਾ ਪਿਛੋਕੜ ਇੱਕੋ ਹੈ। ਛੋਟੇ-ਵੱਡੇ ਖੇਤ, ਮੌਸਮ ਨਾਲ ਜੰਗ, ਸਰਕਾਰਾਂ ਦੀਆਂ ਨੀਤੀਆਂ ਨਾਲ ਟਕਰਾਅ। ਇਹ ਦੋਵੇਂ ਸੂਬੇ ਹਮੇਸ਼ਾਂ ਖੇਤੀਬਾੜੀ ਦੇ ਮੁੱਦਿਆਂ 'ਤੇ ਇੱਕੋ ਜਿਹੀ ਸਥਿਤੀ ਵਿੱਚ ਰਹੇ ਹਨ। ਚਾਹੇ ਗੱਲ MSP ਦੀ ਹੋਵੇ, ਪਾਣੀ ਦੀ ਕਮੀ ਦੀ ਜਾਂ ਕਰਜ਼ੇ ਦੀ ਮਾਰ ਦੀ ਹੋਵੇ, ਦੋਵੇਂ ਸੂਬਿਆਂ ਦੇ ਕਿਸਾਨ ਇੱਕੋ ਦਰਦ ਸਹਿੰਦੇ ਆਏ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਦਿੱਲੀ ਦੀ ਹਿੱਕ 'ਤੇ ਇੱਕ ਸਾਲ ਤੱਕ ਚੱਲਿਆ ਕਿਸਾਨ ਅੰਦੋਲਨ ਸੀ, ਜਿੱਥੇ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਇਕੱਠੇ ਹੋ ਕੇ ਦਿੱਲੀ ਦੀਆਂ ਸਰਹੱਦਾਂ 'ਤੇ ਡਟੇ ਰਹੇ। ਉਹਨਾਂ ਦੀ ਏਕਤਾ ਨੇ ਸਾਬਤ ਕਰ ਦਿੱਤਾ ਕਿ ਰਾਜਨੀਤਿਕ ਲਕੀਰਾਂ ਲੋਕਾਂ ਨੂੰ ਵੱਖਰਾ ਨਹੀਂ ਕਰ ਸਕਦੀਆਂ। ਇਹ ਅੰਦੋਲਨ ਸਿਰਫ਼ ਖੇਤੀਬਾੜੀ ਕਾਨੂੰਨਾਂ ਖਿਲਾਫ਼ ਨਹੀਂ ਸੀ, ਇਹ ਏਕਤਾ ਦੀ ਵੀ ਆਵਾਜ਼ ਸੀ। ਪਰ ਸਵਾਲ ਇਹ ਹੈ ਕਿ ਜਦੋਂ ਇੰਨੀ ਸਾਂਝ ਹੈ, ਤਾਂ ਫਿਰ ਵੰਡ ਕਿਉਂ? ਇਸਦਾ ਜਵਾਬ ਸਾਫ਼ ਹੈ, ਰਾਜਨੀਤੀ। ਸਿਆਸਤਦਾਨਾਂ ਨੇ ਆਪਣੇ ਫਾਇਦੇ ਲਈ ਲੋਕਾਂ ਨੂੰ ਵੰਡਿਆ, ਉਹਨਾਂ ਦੇ ਜਜ਼ਬਾਤਾਂ ਨਾਲ ਖੇਡਿਆ ਅਤੇ ਲੋਕ ਏਕਤਾ ਨੂੰ ਕਮਜ਼ੋਰ ਕੀਤਾ। ਕਦੇ ਪਾਣੀ ਦੇ ਮੁੱਦੇ ਨੂੰ ਲੈ ਕੇ, ਕਦੇ ਭਾਸ਼ਾ ਦੇ ਨਾਂ 'ਤੇ, ਕਦੇ ਚੰਡੀਗੜ੍ਹ ਨੂੰ ਲੈ ਕੇ, ਹਰ ਵਾਰ ਇੱਕ ਨਵਾਂ ਵਿਵਾਦ ਖੜ੍ਹਾ ਕੀਤਾ ਗਿਆ। ਇਹ ਸੱਚ ਹੈ ਕਿ ਸਿਆਸੀ ਲੜਾਈਆਂ ਨੇ ਦੋਵੇਂ ਸੂਬਿਆਂ ਦੇ ਲੋਕਾਂ ਵਿੱਚ ਸ਼ੱਕ ਪੈਦਾ ਕੀਤਾ ਹੈ। ਪਰ ਇਹ ਵੀ ਸੱਚ ਹੈ ਕਿ ਜ਼ਮੀਨ 'ਤੇ ਰਹਿਣ ਵਾਲੇ ਆਮ ਲੋਕ ਅਜੇ ਵੀ ਇੱਕ ਦੂਜੇ ਨੂੰ ਆਪਣਾ ਭਾਈਚਾਰਾ ਸਮਝਦੇ ਹਨ। ਇੱਕ ਪੰਜਾਬੀ ਕਿਸਾਨ ਹਰਿਆਣਵੀ ਕਿਸਾਨ ਨੂੰ ਆਪਣਾ ਭਰਾ ਹੀ ਮੰਨਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਉਹਨਾਂ ਦੀ ਲੜਾਈ, ਉਹਨਾਂ ਦੇ ਦੁੱਖ ਦਰਦ ਅਤੇ ਸਮੱਸਿਆਵਾਂ ਇੱਕੋ ਜਿਹੀਆਂ ਹਨ। ਅੱਜ ਲੋੜ ਹੈ ਇਸ ਗੱਲ ਨੂੰ ਸਮਝਣ ਦੀ ਕਿ ਵੰਡ ਨਾਲ ਕਿਸੇ ਦਾ ਭਲਾ ਨਹੀਂ ਹੋਇਆ। ਨਾ ਪੰਜਾਬ ਨੂੰ ਪੂਰਾ ਪਾਣੀ ਮਿਲਿਆ, ਨਾ ਹਰਿਆਣਾ ਨੂੰ ਪੂਰੀ ਤਰੱਕੀ। ਦੋਵੇਂ ਸੂਬੇ ਅਜੇ ਵੀ ਬੇਰੁਜ਼ਗਾਰੀ, ਖੇਤੀ ਸੰਕਟ, ਨਸ਼ਿਆਂ ਦੀ ਸਮੱਸਿਆ ਅਤੇ ਨੌਜਵਾਨਾਂ ਦੀ ਪਰਦੇਸ ਵੱਲ ਦੌੜ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਅਸੀਂ ਇਤਿਹਾਸ ਤੋਂ ਸਿੱਖੀਏ ਅਤੇ ਭਵਿੱਖ ਵੱਲ ਇੱਕ ਨਵੀਂ ਸੋਚ ਨਾਲ ਵਧੀਏ। ਪੰਜਾਬ ਤੇ ਹਰਿਆਣਾ ਦੇ ਲੋਕਾਂ ਨੂੰ ਸਮਝਣਾ ਪਵੇਗਾ ਕਿ ਉਹਨਾਂ ਦੀ ਤਾਕਤ ਆਪਸੀ ਏਕਤਾ ਵਿੱਚ ਹੈ, ਨਾ ਕਿ ਵੰਡ ਵਿੱਚ। ਜੇਕਰ ਇਹ ਦੋਵੇਂ ਸੂਬੇ ਮਿਲ ਕੇ ਆਪਣੇ ਹੱਕਾਂ ਲਈ ਲੜਨ, ਤਾਂ ਉਹਨਾਂ ਦੀ ਆਵਾਜ਼ ਹੋਰ ਮਜ਼ਬੂਤ ਹੋਵੇਗੀ। ਅਖੀਰ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬ ਅਤੇ ਹਰਿਆਣਾ ਦੋ ਸੂਬੇ ਨਹੀਂ, ਬਲਕਿ ਇੱਕੋ ਰੂਹ ਦੇ ਦੋ ਹਿੱਸੇ ਹਨ। ਉਹਨਾਂ ਦੀ ਮਿੱਟੀ ਇੱਕੋ ਹੈ, ਉਹਨਾਂ ਦਾ ਦਰਦ ਇੱਕੋ ਹੈ ਅਤੇ ਉਹਨਾਂ ਦੀ ਲੜਾਈ ਵੀ ਇੱਕੋ ਹੈ। ਲਕੀਰਾਂ ਸਿਰਫ਼ ਨਕਸ਼ਿਆਂ 'ਤੇ ਹੁੰਦੀਆਂ ਹਨ, ਦਿਲਾਂ ਵਿੱਚ ਨਹੀਂ। ਰਾਜਨੀਤੀ ਦੀ ਗੰਦੀ ਖੇਡ ਨੇ ਭਾਵੇਂ ਇਹ ਲਕੀਰਾਂ ਦਿਲਾਂ ਵਿੱਚ ਖਿੱਚਣ ਦੇ ਯਤਨ ਕੀਤੇ, ਪਰ ਇਹ ਲੋਕਾਂ ਦੇ ਰਿਸ਼ਤਿਆਂ ਨੂੰ ਪੂਰੀ ਤਰ੍ਹਾਂ ਨਹੀਂ ਤੋੜ ਸਕੀ। ਹੁਣ ਵਕਤ ਆ ਗਿਆ ਹੈ ਕਿ ਲੋਕ ਆਪ ਇਸ ਗੱਲ ਨੂੰ ਸਮਝਣ ਅਤੇ ਇੱਕ ਨਵੀਂ ਏਕਤਾ ਦੀ ਕਹਾਣੀ ਲਿਖਣ, ਇੱਕ ਅਜਿਹੀ ਕਹਾਣੀ, ਜਿੱਥੇ ਪੰਜਾਬ ਅਤੇ ਹਰਿਆਣਾ ਮੁੜ ਇੱਕ ਦੂਜੇ ਦੇ ਨਾਲ ਖੜ੍ਹੇ ਹੋਣ। ਕਿਉਂਕ ਇਹ ਮਿੱਟੀ ਸਾਂਝੀ ਹੈ, ਇਸ ਲਈ ਇਸ ਦੀ ਸੁਗੰਧ ਨੂੰ ਕੋਈ ਵੰਡ ਨਹੀਂ ਸਕਦਾ, ਬਾ-ਸ਼ਰਤੇ ਕਿ ਫਿਰਕੂ ਅਤੇ ਨਸਲੀ ਭਿੰਨ ਭੇਦ ਵਾਲੀ ਰਾਜਨੀਤੀ ਨੂੰ ਸਮਝਣ ਲਈ ਸੁਹਿਰਦਤਾ ਹੋਵੇ।

# ਇਹ ਈਰਾਨ ਜੰਗ ਦੀ ਚਿੰਗਾਰੀ ਮਨੁੱਖੀ ਜਾਨਾਂ ਅਤੇ ਭਾਰਤੀ ਰਸੋਈ ਤੇ ਪਈ ਭਾਰੀ



ਦਲਬੀਰ ਸਿੰਘ ਧਾਲੀਵਾਲ
86993-22704

ਅੱਜ ਅਸੀਂ ਜਿਸ ਗਲੋਬਲ ਦੁਨੀਆਂ ਵਿੱਚ ਰਹਿ ਰਹੇ ਹਾਂ ਉਥੇ ਇਹ ਸੋਚਣਾ ਬਣਦਾ ਹੈ ਕਿ ਜੰਗਾਂ ਮਨੁੱਖਤਾ ਦੀ ਕਿੰਨੀ ਬਰਬਾਦੀ ਦੀ ਇਬਾਰਤ ਲਿਖ ਦਿੰਦੀਆਂ ਹਨ . ਇਹ ਵੀ ਜ਼ਰੂਰੀ ਨਹੀਂ ਕਿ ਸਿਰਫ ਜੰਗ ਵਿੱਚ ਸ਼ਾਮਿਲ ਉਸ ਖਿੱਤੇ ਦੇ ਲੋਕ ਹੀ ਪ੍ਰਭਾਵਿਤ ਹੋਣ ਬਲਕਿ ਬਾਕੀ ਮਨੁੱਖਤਾ ਵੀ ਪ੍ਰਭਾਵਿਤ ਹੁੰਦੀ ਹੈ . ਭਲਾਂ ਸੋਚੀਏ ਕਿ ਪੰਜਾਬ ਦੇ ਬਰਨਾਲਾ ਜ਼ਿਲ੍ਹੇ ਦੇ ਕਸਬਾ ਸ਼ਹਿਣਾ ਵਿੱਚ 65 ਸਾਲਾ ਭੂਸ਼ਣ ਕੁਮਾਰ ਦਾ ਅਮਰੀਕਾ ਇਜਰਾਈਲ ਤੇ ਇਰਾਨ ਵਿਚਾਲੇ ਹੋ ਰਹੀ ਜੰਗ ਨਾਲ ਕੀ ਲੈਣਾ ਦੇਣਾ ਸੀ ਉਹ ਤਾਂ ਆਪਣੇ ਘਰ ਦੇ ਚੁੱਲ੍ਹੇ ਨੂੰ ਬਲਦਾ ਰੱਖਣ ਲਈ ਖਾਲੀ ਸਿਲੰਡਰ ਲੈ ਕੇ ਸਵੇਰੇ ਸਵੇਰੇ ਗੈਸ ਏਜੰਸੀ ਮੂਹਰੇ ਲਾਈਨ ਵਿੱਚ ਆ ਲੱਗਦਾ ਸੀ . ਇੰਨੀ ਸਾਝਰੇ ਕਤਾਰ ਵਿੱਚ ਲੱਗਣ ਦੇ ਬਾਵਜੂਦ ਉਸ ਦਾ ਨੰਬਰ 26 ਸੀ . ਉਹ ਸਿਰਫ ਇੱਕ ਸਿਲੰਡਰ ਲੈਣ ਲਈ ਇੱਕ ਦੋ ਵਾਰ ਸਵੇਰੇ ਸਵੇਰੇ ਆ ਕੇ ਕਤਾਰ ਵਿੱਚ ਲੱਗ ਜਾਂਦਾ ਪਰ ਉਸ ਨੂੰ ਸਿਲੰਡਰ ਨਹੀਂ ਸੀ ਮਿਲ ਰਿਹਾ . ਇੱਕ ਦਿਨ ਫਿਰ ਤੜਕੇ ਤੜਕੇ ਆ ਗਿਆ ਜੋ ਬਹੁਤ ਪ੍ਰੇਸ਼ਾਨੀ ਅਤੇ ਨਿਰਾਸ਼ਾ ਵਿੱਚ ਡੁੱਬਿਆ ਹੋਵੇਗਾ ਕਿ ਉਸੇ ਕਤਾਰ ਵਿੱਚ ਉਹ ਬੇਹੋਸ਼ ਹੋ ਕੇ ਡਿੱਗ ਗਿਆ ਔਰ ਦਮ ਤੋੜ ਗਿਆ . ਜ਼ਰਾ ਸੋਚੀਏ ਤਾਂ ਜੋ ਜੰਗ ਪ੍ਰਭਾਵਿਤ ਦੇਸ਼ਾਂ ਦੇ ਲੋਕ ਸਰਹੱਦਾਂ ਤੇ ਲੜਦੇ ਮਾਂਵਾਂ ਦੇ ਪੁੱਤ, ਭੈਣਾਂ ਦੇ ਭਰਾ, ਸੁਹਾਗਣਾਂ ਦੇ ਪਤੀ ਜੋ ਬੰਬਾਂ ਤੇ ਮਿਜਾਇਲਾਂ ਨਾਲ ਮਰਦੇ ਹਨ ਉਹ ਤਾਂ ਸੁਭਾਵਿਕ ਹੀ ਹੈ ਪਰ ਹੈ ਤਾਂ ਬੇਦੋਸ਼ੀ ਮਨੁੱਖਤਾ ਦੀਆਂ ਜਾਨਾਂ ਦੀ ਬਰਬਾਦੀ ਕਿਉਂਕਿ ਇਹ ਜੰਗਾਂ ਦੇ ਜਿੰਮੇਵਾਰ ਤਾਂ ਉਥੇ ਦੇ ਪ੍ਰਸ਼ਾਸਕ ਨੇਤਾ ਹੀ ਹਨ ਆਮ ਜਨਤਾ ਤਾਂ ਜੰਗ ਨਹੀਂ ਚਾਹੁੰਦੀ . ਇਜ਼ਰਾਈਲ ਇਰਾਨ ਦੇ ਗੈਸ ਅਤੇ ਤੇਲ ਭੰਡਾਰਾਂ ਉਤੇ ਮਿਜ਼ਾਇਲ ਬੰਬ ਸੁੱਟ ਰਿਹਾ ਹੈ, ਭਾਰਤੀ ਤੇਲ ਤੇ ਗੈਸ ਲੈ ਕੇ ਜਾ ਰਹੇ ਇੱਕ ਸਮੁੰਦਰੀ ਜਹਾਜ ਤੇ ਬੰਬ ਸੁੱਟਿਆ ਗਿਆ . ਉਪਰੋਕਤ ਸਭ ਜੰਗ ਦੇ ਵਰਤਾਰੇ ਕਾਰਨ ਹੀ ਭਾਰਤ ਵਿੱਚ ਰਸੋਈ ਗੈਸ ਅਤੇ ਪੈਟਰੋਲ ਡੀਜ਼ਲ ਦੀ ਕਿੱਲਤ ਹੋਈ ਹੈ ਜਿਸ ਨਾਲ ਉਪਰੋਕਤ 65 ਸਾਲਾ ਬਜ਼ੁਰਗ ਦੀ ਮੌਤ ਹੋਣ ਦਾ ਸਬੂਤ ਹੈ ਜਿਸ ਕਰਕੇ ਆਮ ਜਨਤਾ ਵੀ ਇਸ ਕਿੱਲਤ ਸਬੰਧੀ ਰੌਲਾ ਪਾ ਰਹੀ ਹੈ ਪਰ ਸਾਡੇ ਸੱਤਾ ਧਾਰੀ ਨੇਤਾ ਕਹਿ ਰਹੇ ਹਨ ਕਿ ਸਭ ਠੀਕ ਹੈ ਰਸੋਈ ਗੈਸ ਦੀ ਕਮੀ ਨਹੀਂ ਪਰ ਫਿਰ ਵੀ ਅਸੀਂ ਪ੍ਰਬੰਧ ਦੀ ਕੋਸ਼ਿਸ ਕਰ ਰਹੇ ਹਾਂ . ਜਾਪਦਾ ਇੰਜ ਹੈ ਕਿ ਆਮ ਜਨਤਾ ਦੀਆਂ ਠੰਡੀਆਂ ਹੋ ਰਹੀਆਂ ਰਸੋਈਆਂ ਦਾ ਇੰਨ੍ਹਾਂ ਸੱਤਾਧਾਰੀ ਨੇਤਾਵਾਂ ਨੂੰ ਕੁੱਝ ਫਰਕ ਨਹੀਂ ਪੈਂਦਾ ਕਿਉਂਕਿ ਇੰਨ੍ਹਾਂ ਨੂੰ ਸਭ ਕੁੱਝ ਅਰਾਮ ਨਾਲ ਮਿਲ ਜਾਂਦਾ ਹੈ ਬਸ ਦੁਖੀ ਤਾਂ ਆਮ ਜਨਤਾ ਹੋ ਰਹੀ ਹੈ . ਸਾਡੇ ਦੇਸ਼ ਦੀ ਇਹ ਵੀ ਬਹੁਤ ਵੱਡੀ ਤ੍ਰਾਸਦੀ ਹੈ ਕਿ ਅਜਿਹੇ ਐਮਰਜੈਂਸੀ ਹਲਾਤਾਂ ਵਿੱਚ ਕਾਲਾ ਬਜ਼ਾਰੀ ਹੋ ਰਹੀ ਲੋਕਾਂ ਵੱਲੋਂ ਦਸੀ ਜਾਂਦੀ ਹੈ . ਸਾਡੇ ਭਾਰਤੀਆਂ ਦੀ ਇਸੇ ਮਾਨਸਿਕਤਾ ਕਾਰਨ ਕਰੋਨਾ ਕਾਲ ਵੇਲੇ ਵੀ ਵਰਤਣਯੋਗ ਵਸਤੂਆਂ ਦੀ ਕਾਲਾ ਬਜ਼ਾਰੀ ਹੁੰਦੀ ਵੇਖੀ ਗਈ ਸੀ .

ਕਈ ਲੋਕ ਤਾਂ ਇਹ ਕਹਿ ਰਹੇ ਹਨ ਕਿ ਗੈਸ ਸਿਲੰਡਰ ਬਲੈਕ ਵਿੱਚ ਮਿਲ ਰਹੇ ਹਨ ਅਤੇ ਇੱਕ ਤਾਜ਼ਾ ਖਬਰ ਅਨੁਸਾਰ ਇੱਕ ਗਰੀਬ ਆਦਮੀ ਭਰਿਆ ਗੈਸ ਸਿਲੰਡਰ ਲੈ ਕੇ ਆਪਣੇ ਘਰ ਨੂੰ ਵਾਪਸ ਸਾਈਕਲ ਤੇ ਆ ਗਿਆ ਸੀ ਪਿੱਛੋਂ ਕੁੱਝ ਮੁੰਡੇ ਆਏ ਤਾਂ ਉਸ ਤੋਂ ਸਿਲੰਡਰ ਖੋਹ ਕੇ ਭੱਜ ਗਏ . ਇਹ ਵੀ ਕਈ ਭਾਰਤੀ ਲੋਕਾਂ ਦੀ ਗੈਰ ਮਨੁੱਖਤਾ ਦੀ ਨਿਸ਼ਾਨੀ ਹੈ ਕਿ ਕਿਸੇ ਦੀ ਮਦਦ ਕਰਨ ਨਾਲੋਂ ਉਸ ਨੂੰ ਮੁਸ਼ਕਲ ਨਾਲ ਮਿਲੀ ਚੀਜ਼ ਖੋਹ ਕੇ ਵੀ ਭੱਜ ਜਾਂਦੇ ਹਨ ਪਰ ਪੁਲਿਸ ਨੂੰ ਸ਼ਿਕਾਇਤ ਕਰਨ ਤੇ ਕੋਈ ਕਾਰਵਾਈ ਨਹੀਂ ਹੋਈ . ਪੁਲਿਸ ਤਾਂ ਸਿਰਫ ਸਿਲੰਡਰ ਲੈਣ ਲਈ ਲੰਬੀਆਂ ਕਤਾਰਾਂ ਵਿੱਚ ਲੱਗੀਆਂ ਭੀੜਾਂ ਨੂੰ ਕੰਟਰੋਲ ਕਰਨ ਲਈ ਤਾਂ ਬੜੀ ਵਧੀਆ ਤੈਨਾਤੀ ਨਿਭਾਉਂਦੇ ਹਨ ਪਰ ਹੋਰ ਚੋਰੀ ਚਪੇ ਲਈ ਨਿਰਾਸ਼ਾ ਹੀ ਪਲੇ ਪਾਉਂਦੇ ਹਨ . ਉਪਰੋਕਤ ਸਭ ਕੁੱਝ ਜੋ ਹੋ ਰਿਹਾ ਹੈ ਇਸ ਜੰਗ ਦੇ ਕਾਰਨ ਹੀ ਹੈ. ਫਿਰ ਵੀ ਸਾਡੇ ਭਾਰਤੀ ਪ੍ਰਸ਼ਾਸਨ ਨੂੰ ਇਸ ਸਬੰਧੀ ਹਲਾਤਾਂ ਨੂੰ ਚੈਕ ਕਰਕੇ ਸਿਲੰਡਰਾਂ ਦੀ ਸਹੀ ਵਰਤੋਂ ਲੋੜਵੰਦ ਲੋਕਾਂ ਲਈ ਬਣਾਉਣੀ ਚਾਹੀਦੀ ਹੈ ਅਤੇ ਕਾਲਾ ਬਜ਼ਾਰੀ ਨੂੰ ਨੱਥ ਪਾਉਣੀ ਚਾਹੀਦੀ ਹੈ .

ਇਹ ਵੀ ਜ਼ਿਕਰਯੋਗ ਹੈ ਕਿ ਖਾੜੀ ਦੇਸ਼ਾਂ ਵਿੱਚ ਫਸੇ ਵੱਡੀ ਗਿਣਤੀ ਸਾਡੇ ਭਾਰਤੀਆਂ ਤੋਂ ਇਲਾਵਾ 88 ਤੋਂ ਵੱਧ ਔਰਤਾਂ ਵੀ ਫਸੀਆਂ ਹੋਈਆਂ ਹਨ . ਹੁਣ ਹੋਣਾ ਇਹ ਚਾਹੀਦਾ ਹੈ ਕਿ ਮੌਜੂਦਾ ਇਰਾਨ ਤੇ ਇਜਰਾਈਲ ਵਿਚਕਾਰ ਹੋ ਰਹੀ ਜੰਗ ਨੂੰ ਵੱਡੇ ਦੇਸ਼ਾਂ ਜਿੰਨਾ ਕੋਲ ਵੀਟੋ ਪਾਵਰਾਂ ਹਨ ਉਹ ਮਨੁੱਖਤਾ ਦੇ ਭਲੇ ਲਈ ਰੋਕ ਸਕਦੇ ਹਨ ਪਰ ਇੱਥੇ ਤਾਂ ਅਮਰੀਕਾ ਇਜ਼ਰਾਈਲ ਦੀ ਮਦਦ ਇਰਾਨ ਵਿਰੁੱਧ ਕਰ ਰਿਹਾ ਹੈ ਜਿੰਨ੍ਹਾਂ ਨੂੰ ਪੀੜਤ ਲੋਕਾਂ ਅਤੇ ਜੰਗ ਵਿੱਚ ਡੁੱਲ੍ਹਦੇ ਖੂਨ ਦਾ ਕੋਈ ਦਰਦ ਨਹੀਂ ਕਿਉਂਕਿ ਇਨਸਾਨ ਆਪਣੇ ਆਪ ਨੂੰ ਜਦੋਂ ਸਭ ਤੋਂ ਵੱਧ ਤਾਕਤਵਰ ਸਮਝ ਲਵੇ (ਜਿਵੇਂ ਅਮਰੀਕੀ ਰਾਸ਼ਟਰਪਤੀ ਟ੍ਰੰਪ) ਤਾਂ ਜੰਗ ਨਾਲ ਬਰਬਾਦੀ ਦੇ ਹਾਲਾਤ ਬਣਾ ਰਹੇ ਹਨ . ਉਨ੍ਹਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਜੰਗ ਸਿਰਫ ਦੋ ਦੇਸ਼ਾਂ ਦੀ ਲੜਾਈ ਨਹੀਂ ਹੁੰਦੀ ਬਲਕਿ ਇਹ ਮਨੁੱਖਤਾ ਦੇ ਵਿਨਾਸ਼ ਦਾ ਮੁੱਢ ਵੀ ਬੰਨ੍ਹ ਦਿੰਦੀ ਹੈ ਕਿਉਂਕਿ ਬਾਕੀ ਵੱਡੇ ਦੇਸ਼ ਵੀ ਅੰਦਰ ਖਾਤੇ ਦੂਜੇ ਪਾਸੇ ਦੀ ਮਦਦ ਕਰਨਾ ਸ਼ੁਰੂ ਕਰ ਦਿੰਦੇ ਹਨ ਜਿਸ ਨਾਲ ਇਹ ਮਨੁੱਖੀ ਬਰਬਾਦੀ ਦਾ ਸਿਲਸਿਲਾ ਹੋਰ ਵੱਧ ਜਾਂਦਾ ਹੈ . ਪਹਿਲੇ ਵਿਸ਼ਵ ਯੁੱਧ ਤੋਂ ਲੈ ਕੇ ਹੁਣ ਤੱਕ ਅਮਰੀਕਾ∴ਇਜਾਰੀਲ ਤੇ ਇਰਾਨ ਦਰਮਿਆਨ ਹੋ ਰਹੀ ਜੰਗ ਸਮੇਤ ਜਿੰਨੀਆਂ ਵੀ ਜੰਗਾਂ ਹੋਈਆਂ ਸਭ ਨੇ ਮਨੁੱਖਤਾ ਨੂੰ ਜ਼ਖਮ ਹੀ ਦਿੱਤੇ ਹਨ . ਜੰਗ ਪਿਛੇ ਮਨੋਰਥ ਭਾਵੇਂ ਕੋਈ ਵੀ ਹੋਵੇ ਪਰ ਨਤੀਜਾ ਤਬਾਹੀ ਵਿੱਚ ਹੀ ਨਿਕਲਦਾ ਹੈ . ਜੰਗ ਨੂੰ ਕਦੇ ਵੀ ਆਖਰੀ ਵਿਕਲਪ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ . ਵਿਦਵਾਨ ਤਾਂ ਇਹ ਵੀ ਕਹਿੰਦੇ ਹਨ ਜੰਗ ਦੀ ਅਨੀਵਾਰਤਾ ਉਸੇ ਸਮੇਂ ਖਤਮ ਹੋ ਗਈ ਸੀ ਜਦੋਂ ਸੰਵਾਦ ਦਾ ਜਨਮ ਹੋਇਆ ਸੀ . ਇਹ ਵੀ ਨਿਚੋੜ ਕੱਢਿਆ ਗਿਆ ਹੈ ਕਿ ਪਿਛਲੇ 70 ਸਾਲਾਂ ਵਿੱਚ ਕਈ ਦੇਸ਼ਾਂ ਦੇ ਆਪਸੀ ਵੈਰ ਸੰਵਾਦ ਤੇ ਗੱਲਬਾਤ ਨਾਲ ਹੀ ਖਤਮ ਹੋਏ ਹਨ ਜਿਸ ਬਾਰੇ ਇੱਕ ਸ਼ਾਇਰ ਨੇ ਵੀ ਕਿਹਾ ਹੈ ਕਿ :

ਜੰਗ ਤੋਂ ਖੁਦ ਹੀ ਏਕ ਮਸਲਾ ਹੈ ਫਿਰ ਜੰਗ ਮਸਲੋਂ ਦਾ ਕਿਆ ਹੱਲ ਦੇਗੀ

ਸੋ ਅਮਰੀਕਾ ਦੇ ਰਾਸ਼ਟਰਪਤੀ ਟ੍ਰੰਪ ਨੂੰ ਚਾਹੀਦਾ ਹੈ ਕਿ ਇਜ਼ਰਾਈਲ ਅਤੇ ਇਰਾਨ ਦੇ ਮੁਖੀਆਂ ਨੂੰ ਇੱਕ ਟੇਬਲ ਟਾਕ ਭਾਵ ਗੱਲਬਾਤ ਲਈ ਬੈਠਾਉਣ ਦਾ ਨੇਕ ਕੰਮ ਕਰੇ ਜਿਸ ਨਾਲ ਇਸ ਖਿੱਤੇ ਵਿੱਚ ਸ਼ਾਂਤੀ ਅਤੇ ਜਨਤਾ ਦੇ ਭਲੇ ਦੀ ਇਬਾਰਤ ਲਿਖੀ ਜਾਵੇ ਅਤੇ ਇਹ ਵੀ ਯਾਦ ਰੱਖਿਆ ਜਾਵੇ :

ਖੂਨ ਆਪਨਾ ਹੋ ਯਾ ਪਰਾਇਆ, ਨਸਲ ਏ ਆਦਮ ਕਾ ਖੂਨ ਹੈ ਆਖਿਰ . ਫਤਿਹ ਕਾ ਜਸ਼ਨ ਹੋ ਯਾ ਹਾਰ ਕਾ ਸੋਗ, ਜ਼ਿੰਦਗੀ ਤੋ ਮੌਤੋਂ ਪਰ ਰੋਤੀ ਹੀ ਹੈ।

# ਪਾਣੀ ਦੇ ਸੰਕਟ ਨੂੰ ਰੋਕਣ ਲਈ ਸਾਂਝੇ ਯਤਨਾਂ ਦੀ ਲੋੜ



ਧਰਮਿੰਦਰ ਸਿੰਘ(ਚੱਬਾ)
9781751690



ਸਮੁੰਦਰ ਦਾ ਨਾਂ ਤਾਂ ਬਹੁਤ ਵਾਰ ਸੁਣਿਆ ਹੈ, ਪਰ ਸਮੁੰਦਰ ਬਾਰੇ ਪੜ੍ਹਿਆ ਜਾਣਿਆ ਬਹੁਤ ਹੀ ਘੱਟ ਹੈ। ਮ. ਕ ਵਿੱਚ ਸਮੁੰਦਰ ਬਾਰੇ ਜੋ ਜਾਣਕਾਰੀ ਮਿਲਦੀ ਹੈ।ਉਹ ਇਹ ਹੈ ਕਿ ਸੰਗਯਾ ਸਮ-ਉਂਦ, ਜੋ ਚੰਗੀ ਤਰ੍ਹਾਂ ਉਂਦ(ਗਿੱਲਾ) ਕਰੇ, ਸੋ ਸਮੁੰਦਰ ਹੈ। ਸਾਗਰ, ਜਲਨਿਧਿ, ਉਦਧਿ, ਸਿੰਧੁ, ਪਯੋਧਿ, ਨੀਰਧਿ, ਰਤਨਾਕਰ, ਇਹ ਉਹ ਜਲ ਦਾ ਪੁੰਜ ਹੈ ਜਿਸਨੇ ਸਾਰੀ ਪ੍ਰਿਥਵੀ ਦਾ 3/4ਵਾਂ ਹਿੱਸਾ ਰੋਕਿਆ ਹੋਇਆ ਹੈ। ਵਿਦਵਾਨਾਂ ਨੇ ਇਸ ਦੇ ਪੰਜ ਭਾਗ ਕਲਪ ਲਏ ਹਨ।

1. ਜੋ ਅਮਰੀਕਾ ਤੋਂ ਯੂਰਪ ਅਤੇ ਅਫਰੀਕਾ ਦੇ ਮੱਧ ਤੱਕ ਫੈਲਿਆ ਹੋਇਆ ਹੈ। ਇਸ ਦੀ ਏਟਲਾਂਟਿਕ ਸੰਗਯਾ ਹੈ।
2. ਅਮਰੀਕਾ ਅਤੇ ਏਸ਼ੀਆ ਦੇ ਮੱਧ ਦਾ ਸਮੁੰਦਰ ਪੈਸਿਫਿਕ ਅਖਵਾਉਂਦਾ ਹੈ।
3. ਜੋ ਅਫਰੀਕਾ ਤੋਂ ਭਾਰਤ ਅਤੇ ਆਸਟਰੇਲੀਆਂ ਤੱਕ ਵਿਸਥਾਰ ਰੱਖਦਾ ਹੈ, ਉਹ ਇੰਡੀਅਨ ਓਸ਼ਨ ਅਖਵਾਉਂਦਾ ਹੈ।
4. ਜੋ ਏਸ਼ੀਆਂ ਯੂਰਪ ਅਤੇ ਅਮਰੀਕਾ ਦੇ ਉੱਤਰ ਅਤੇ ਉੱਤਰੀ ਧਰੁਵ ਦੇ ਚਾਰੇ ਪਾਸੇ ਹੈ, ਉਹ ਆਰਕਟਿਕ ਸਮੁੰਦਰ ਹੈ।
5. ਜੋ ਦੱਖਣੀ ਧਰੁਵ ਦੇ ਚਾਰੇ ਪਾਸੇ ਹੈ, ਉਹ ਏਂਟਾਰਟਿਕ ਸਾਗਰ ਹੈ।

ਜੇ ਵਿਚਾਰ ਨਾਲ ਵੇਖਿਆ ਜਾਵੇ ਤਾਂ ਦੱਖਣੀ ਅਤੇ ਉੱਤਰ ਦੇ ਹੀ ਸਮੁੰਦਰ ਹਨ, ਬਾਕੀ ਤਿੰਨ ਇਹਨਾਂ ਦੋਹਾਂ ਵਿੱਚ ਹੀ ਸਮਾਏ ਹਨ। ਸਮੁੰਦਰ ਦੇ ਛੋਟੇ-ਛੋਟੇ ਹਿੱਸੇ ਜੋ ਖੁਸ਼ਕੀ ਦੇ ਅੰਦਰ ਚਲੇ ਗਏ ਹਨ, ਉਹਨਾਂ ਦੀ ਖਾੜੀ ਸੰਗਯਾ ਹੈ। ਜਿਵੇਂ ਬੰਗਾਲ ਦੀ ਖਾੜੀ। ਸਮੁੰਦਰ ਦੀ ਡੂੰਘਿਆਈ ਹਰ ਥਾਂ ਇੱਕੋ ਜਿਹੀ ਨਹੀ ਹੁੰਦੀ, ਪਰ ਵੱਧ ਤੋਂ ਵੱਧ ਤੀਸ ਹਜ਼ਾਰ ਫੁੱਟ ਡੂੰਘਾ ਹੈ। ਸਮੁੰਦਰ ਦੀਆਂ ਲਹਿਰਾਂ ਦਾ ਰੁੱਤਾਂ ਉੱਤੇ ਬਹੁਤ ਅਸਰ ਹੁੰਦਾ ਹੈ। ਇਸ ਦਾ ਪਾਣੀ ਭੂਗੋਲ ਦੀ ਅੰਕ ਅੰਸ਼ਾਂ ਅਨੁਸਾਰ ਕਿਧਰੇ ਘੱਟ ਗਰਮ ਤੇ ਕਿਧਰੇ ਵੱਧ ਗਰਮ ਅਤੇ ਕਿਧਰੇ ਬਹੁਤ ਠੰਡਾ ਹੁੰਦਾ ਹੈ। ਧਰੁਵਾਂ ਦੇ ਆਸ-ਪਾਸ ਦਾ ਸਮੁੰਦਰ ਬਹੁਤ ਹੀ ਠੰਡਾ ਹੈ, ਪਰ ਗੁਣ ਦੇ ਵਿਚਾਰ ਨਾਲ ਹਰ ਥਾਂ ਦਾ ਪਾਣੀ ਇੱਕੋ ਜਿਹਾ ਹੈ। ਵਿਦਵਾਨਾਂ ਨੇ ਇਸ ਦੇ ਜਲ ਵਿੱਚ 19 ਤੱਤ ਵੱਖ-ਵੱਖ ਮੰਨੇ ਹਨ। ਜਿਨ੍ਹਾਂ ਵਿੱਚ ਖਾਰ(ਲੂਣ) ਪ੍ਰਧਾਨ ਹੈ। ਸਮੁੰਦਰ ਦੇ ਪਾਣੀ ਦੀ ਦਾਬ ਹਰ 33 ਫੁੱਟ ਦੀ ਗਹਿਰਾਈ ਤੇ ਸਾਢੇ ਸੱਤ ਸੇਰ ਫੀ ਮੁਰੱਬਾ ਇੰਚ ਦੇ ਹਿਸਾਬ ਨਾਲ ਵੱਧਦੀ ਜਾਂਦੀ ਹੈ। ਇਸ 12000 ਹਜ਼ਾਰ ਫੁੱਟ ਦੀ ਗਹਿਰਾਈ ਤੇ ਪਾਣੀ ਦੀ ਦਾਬ 70 ਮਣ ਫੀ ਮੁਰੱਬਾ ਇੰਚ ਹੈ।

ਸੂਰਜ ਦੀਆਂ ਕਿਰਨਾਂ ਦਾ ਪ੍ਰਕਾਸ਼ ਸਮੁੰਦਰ ਦੇ ਪਾਣੀ ਵਿੱਚ 330 ਫੁੱਟ ਦੀ ਡੂੰਘ ਤੱਕ ਚੰਗਾ ਪੈਂਦਾ ਹੈ। ਇਸ ਤੋਂ ਅੱਗੇ ਫੇਰ ਘੱਟਣ ਲੱਗਦਾ ਹੈ। ਕੋਈ 5580 ਤੋਂ ਅੱਗੇ ਪੂਰਾ ਹਨੇਰਾ ਹੁੰਦਾ ਹੈ। ਚੰਦਰ ਮਾਂ ਦੇ ਘੱਟਣ ਵੱਧਣ ਦਾ ਸਮੁੰਦਰ ਦੇ ਜਲ ਤੇ ਬਹੁਤ ਅਸਰ ਹੁੰਦਾ ਹੈ।

ਸਪਤ ਸਾਗਰ-

ਮ.ਕੋ ਅਨੁਸਾਰ ਸੱਤ ਸਮੁੰਦਰ, ਪੁਰਾਣਾਂ ਵਿੱਚ ਇਹ ਸੱਤ ਸਾਗਰ ਲਿਖੇ ਹਨ ਦੁੱਧ ਦਾ, ਦਹੀ ਦਾ, ਘੀ ਦਾ, ਇੱਖ ਦੇ ਰਸ ਦਾ, ਸ਼ਹਿਦ ਦਾ, ਮਿੱਠੇ ਪਾਣੀ ਦਾ, ਖਾਰੇ ਪਾਣੀ ਦਾ, ਅਤੇ ਇਹ ਵੀ ਦੱਸਿਆ ਗਿਆ ਹੈ ਕਿ ਇਹ ਇੱਕ ਦੀਪ ਨੂੰ ਘੇਰੇ ਹੋਏ ਹਨ।

ਸਪਤ ਸਿੰਧੁ-

ਮਹਾਂਭਾਰਤ ਵਿੱਚ ਸੱਤ ਸਿੰਧੁ ਨਦੀਆਂ ਹਨ।ਇਹਨਾਂ ਦੇ ਨਾਂਅ ਇਸ ਪ੍ਰਕਾਰ ਹਨਃ ਵਸੋਵਕਸਾਰਾ, ਨਲਿਨੀ, ਪਾਵਨੀ, ਗੰਗਾ, ਸੀਤਾ, ਜੰਬੁਨਦ ਅਤੇ ਸਿੰਧੁ(ਅਟਕ)। ਘੱਗਰ ਅਤੇ ਸਿੰਧ ਨਦੀ ਦੇ ਮੱਧ ਦਾ ਦੇਸ਼, ਜਿਸਦੀ ਪੁਰਾਣੇ ਗ੍ਰੰਥਾਂ ਵਿੱਚ (ਸਪਤ ਸਿੰਧੁ) ਸੰਗਯਾ ਹੈ।

ਸਪਤ ਦੀਪ-

ਸੱਤ ਦੀਪ (ਟਾਪੂ) ਪ੍ਰਿਥਵੀ ਮੰਡਲ ਸੱਤ ਉਹ ਭਾਗ, ਜੋ ਭਾਗਵਤ ਅਦਿ ਪੁਰਾਣਾਂ ਨੇ ਸੱਤ ਸਮੁੰਦਰਾਂ ਤੋਂ ਘਿਰੇ ਹੋਏ ਮੰਨੇ ਹਨ। ਇਹਨਾਂ ਦੇ ਨਾਉਂ ਇਹ ਹਨ- ਜੰਬੁ, ਪਲਕ, ਸ਼ਾਲਿਪਲ, ਕੁਸ਼, ਕ੍ਰੌਂਚ, ਸ਼ਾਨ ਅਤੇ ਪੁਸ਼ਕਰ ਹਿੰਦੂਮਤ ਦੇ ਗ੍ਰੰਥਾਂ ਵਿੱਚ ਲੇਖ ਹੈ ਕਿ ਰਾਜਾ ਪ੍ਰਿਯਵਰਤ ਇੱਕ ਪਹੀਏ ਦੇ ਰੱਥ ਉੱਪਰ ਚੜ੍ਹ ਕੇ ਸੱਤ ਵਾਰ ਪ੍ਰਿਥਵੀ ਦੇ ਚਾਰੇ ਪਾਸੇ ਫਿਰਿਆ, ਜਿਸਦੇ ਪਹੀਏ ਦੀ ਲੀਕ ਨਾਲ ਸੱਤ ਸਮੁੰਦਰ ਬਣ ਗਏ ਅਤੇ ਉਹਨਾਂ ਸਮੁੰਦਰਾਂ ਨਾਲ ਘਿਰੇ ਹੋਏ ਪ੍ਰਿਥਵੀ ਦੇ ਹਿੱਸੇ ਦੀਪ ਕਹਾਏ।

ਦਰਿਆ-

ਪੰਜਾਬ ਨੂੰ ਪਹਿਲਾਂ ਸਪਤ ਸਿੰਧੂ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ।ਸਪਤ ਸਿੰਧੂ ਦਾ ਮਤਲਬ 'ਸੱਤ ਦਰਿਆ' ਸੀ।ਇਹਨਾਂ ਸੱਤਾਂ ਦਰਿਆਵਾਂ ਦੇ ਨਾਂਅ ਸਿੰਧ, ਜੇਹਲਮ, ਚਨਾਬ, ਰਾਵੀ, ਬਿਆਸ, ਸਤਲੁਜ ਤੇ ਸਰਸਵਤੀ ਸੀ। ਫਿਰ ਹੋਲੀ-ਹੋਲੀ ਸਰਸਵਤੀ ਸੁੱਕ ਗਿਆ ਤੇ ਸਿੰਧ ਨੇ ਪਾਸਾ ਵੱਟ ਲਿਆ। ਸਾਡੇ ਇਧਰ ਪੰਜ ਦਰਿਆ ਰਹਿ ਗਏ। ਫਿਰ ਇਸਦਾ ਨਾਂਅ ਸਪਤ ਸਿੰਧੂ ਤੋਂ ਪੰਜਾਬ ਹੋ ਗਿਆ।ਪੰਜ ਦਰਿਆ ਪੰਜ+ਆਬ ਯਾਨੀ ਕਿ ਇਹ ਪੰਜਾਬ ਪ੍ਰਸਿੱਧ ਹੋ ਗਿਆ।ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ ਕਿ ਉੱਤਰ ਵਿੱਚ ਉੱਚੇ ਪਹਾੜੀ ਇਲਾਕੇ ਇੱਕ ਕੁਦਰਤੀ ਦੀਵਾਰ ਦਾ ਕੰਮ ਦੇਂਦੇ ਰਹੇ ਹਨ। ਇਹ ਪਹਾੜ ਵੱਡੇ-ਵੱਡੇ ਸੋਮਿਆਂ ਦਾ ਘਰ ਹਨ। ਇਹ ਸੋਮੇ ਦਰਿਆ ਬਣ ਕੇ ਪੰਜਾਬ ਦੇ ਮੈਦਾਨਾਂ ਵਿੱਚ ਪੁੱਜ ਕੇ ਉਨ੍ਹਾਂ ਨੂੰ ਅਮੀਰ ਬਣਾਉਂਦੇ ਹਨ।ਇਨ੍ਹਾਂ ਦਰਿਆਵਾਂ ਨੇ ਇੱਕ ਹੋਰ ਵੀ ਫਾਇਦਾ ਪੁਜਾਈ ਰੱਖਿਆ ਹੈ ਕਿ ਇਹ ਦਰਿਆ ਕੁਦਰਤੀ ਹੱਦਾਂ ਦਾ ਕੰਮ ਦੇਂਦੇ ਰਹੇ ਹਨ ਤੇ ਹਮਲਾਵਰਾਂ ਨੂੰ ਕੁੱਝ ਦੇਰ ਤੱਕ ਰੋਕ ਕੇ ਰੱਖਦੇ ਰਹੇ ਹਨ। ਸਿਕੰਦਰ ਦਾ ਬਿਆਸ ਤੋਂ ਅੱਗੇ ਨਾ ਵੱਧ ਸਕਣਾ ਇਨ੍ਹਾਂ ਦੀ ਕਠਨ ਰੋਕ ਦਾ ਕਾਰਨ ਹੀ ਲੱਗਦਾ ਹੈ। ਇਸ ਦੀ ਇੱਕ ਹੋਰ ਗਵਾਹੀ ਰਿਗਵੇਦ ਦੇ ਇੱਕ ਮੰਤਰ ਤੋਂ ਮਿਲਦੀ ਹੈ। ਉਸ ਮੰਤਰ ਵਿੱਚ ਰਿਖੀ ਵਿਸ਼ਵਾ ਮਿੱਤਰ ਨੇ ਵਿਪਾਸ(ਬਿਆਸ) ਤੇ ਸਤਦ੍ਰਿ(ਸਤਲੁਜ) ਦਰਿਆਵਾਂ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਭਾਰਤੀਆਂ ਨੂੰ ਅੱਗੇ ਲੰਘ ਜਾਣ ਦੇਣ।

ਜਲ ਸੰਕਟ-

ਕਰਨਾਟਕ ਦੇ ਬੈਂਗਲੁਰੂ ਵਿੱਚ ਪਾਣੀ ਦਾ ਸੰਕਟ ਪੈਦਾ ਹੋ ਗਿਆ ਹੈ। ਲੋਕ ਪਾਣੀ ਪ੍ਰਾਪਤ ਕਰਨ ਲਈ ਤਰਲੋਮੱਛੀ ਹੋ ਰਹੇ ਹਨ। ਉੱਥੇ ਐਸੇ ਹਾਲਾਤ ਇਸ ਲਈ ਪੈਦਾ ਹੋ ਗਏ ਹਨ ਕਿ ਉੱਥੇ ਪਾਣੀ ਦੇ ਸਰੋਤ ਸੁੱਕ ਰਹੇ ਹਨ। ਜਿਸ ਨਾਲ ਉੱਥੇ ਤਪਸ਼ ਵੱਧ ਰਹੀ ਹੈ।ਤਾਪਮਾਨ ਵਿੱਚ ਵੀ ਬੜੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਲੋਕ ਪਾਣੀ ਲਈ ਤਰਸ ਰਹੇ ਹਨ। ਆਪਣੇ ਕੰਮਾਂ-ਕਾਰਾਂ ਤੇ ਨਹੀ ਜਾ ਰਹੇ ਹਨ। ਘਰ ਬੈਠ ਕੇ ਕੰਮ ਕਰਨ ਨੂੰ ਤਰਜ਼ੀਹ ਦੇ ਰਹੇ ਹਨ। ਪਾਣੀ ਦੀ ਬੜੇ ਵੱਡੇ ਪੱਧਰ ਤੇ ਬੱਚਤ ਕਰ ਰਹੇ ਹਨ। ਪਾਣੀ ਦੀ ਬਰਬਾਦੀ ਕਰਨ ਤੇ ਵੀ ਸਰਕਾਰ ਵੱਲੋਂ 5000 ਦਾ ਜੁਰਮਾਨਾ ਲਗਾਇਆ ਜਾ ਰਿਹਾ ਹੈ।ਲੋਕ ਘਰੇ ਖਾਣਾ ਨਾ ਬਣਾ ਕੇ ਬਾਹਰੋਂ ਮੰਗਵਾ ਰਹੇ ਹਨ। ਪੀਣ ਵਾਲਾ ਪਾਣੀ ਟੈਂਕਰਾਂ ਰਾਹੀਂ ਬਾਹਰੋਂ ਮੰਗਵਾਇਆ ਜਾ ਰਿਹਾ ਹੈ। ਜਿਸ ਦਾ ਮੂਹੋਂ ਮੰਗਿਆਂ ਮੁੱਲ ਵਸੂਲਿਆ ਜਾ ਰਿਹਾ ਹੈ।ਪਾਣੀ ਦੀ ਕਮੀ ਕਾਰਨ ਸਕੂਲ, ਕਾਲਜ਼ ਬੰਦ ਕਰ ਦਿੱਤੇ ਗਏ ਹਨ। ਲੋਕ ਪਾਣੀ ਬਚਾਉ ਦੇ ਪੋਸਟਰਾਂ ਨਾਲ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ।ਮਾਹਿਰਾਂ ਦਾ ਕਹਿਣਾ ਹੈ ਕਿ ਇਹ ਜੋ ਬੈਂਗਲੁਰੂ ਵਿੱਚ ਹੋ ਰਿਹਾ ਹੈ। ਇਹ ਤਾਂ ਸਿਰਫ ਇੱਕ ਝਾਕੀ ਹੈ। ਆਉਣ ਵਾਲੇ ਸਮੇਂ ਪੰਜ ਸੱਤ ਸਾਲਾਂ ਯਾਨੀ 2030 ਤੱਕ ਸਾਡੇ ਕੋਲ ਪੀਣ ਵਾਲਾ ਪਾਣੀ ਨਹੀ ਹੋਵੇਗਾ। ਇਹ ਜਲ ਸੰਕਟ ਆਉਣ ਨਾਲ ਲੱਖਾਂ ਲੋਕਾਂ ਦੀਆਂ ਜਾਨਾਂ ਜਾਣ ਦਾ ਖਤਰਾ ਹੈ। ਆਉਣ ਵਾਲੇ ਸਮੇਂ ਵਿੱਚ ਪੂਰੇ ਭਾਰਤ ਤੇ ਹੀ ਇਹ ਮੁਸੀਬਤ ਆਉਣ ਵਾਲੀ ਹੈ।

ਵਰਲਡ ਬੈਂਕ ਦੇ ਹਵਾਲੇ ਨਾਲ 2050 ਤੱਕ ਭਾਰਤ ਦੀ ਜੀ ਡੀ ਪੀ 6 ਫੀਸਦੀ ਤੱਕ ਘੱਟ ਹੋ ਜਾਵੇਗੀ। ਇਸ ਨਾਲ ਕਿਸਾਨਾਂ ਲਈ ਖੇਤੀਬਾੜੀ ਕਰਨੀ ਬੇਹੱਦ ਮੁਸ਼ਕਿਲ ਹੋ ਜਾਵੇਗੀ। ਅੱਗੇ ਜਾ ਕੇ ਫੂਡ ਪ੍ਰੋਡਕਸ਼ਨ ਤੇ ਅਸਰ ਪਵੇਗਾ ਅਤੇ ਟੈਕਸਟਾਈਲ, ਥਰਮਲ ਪਾਵਰ ਅਜਿਹੀਆਂ ਇੰਡਸਟਰੀਆਂ ਜਿੰਨ੍ਹਾਂ ਲਈ ਪਾਣੀ ਦੀ ਜ਼ਰੂਰਤ ਪੈਂਦੀ ਹੈ। ਉਹਨਾਂ ਤੇ ਬੜੇ ਵੱਡੇ ਪੱਧਰ 'ਤੇ ਸੰਕਟ ਆਉਣ ਵਾਲਾ ਹੈ।

ਸਰਕਾਰ ਨੇ ਵੈਸੇ ਇਸ ਖਤਰੇ ਨੂੰ ਭਾਂਪਦਿਆਂ ਪਹਿਲਾਂ ਹੀ ਕੇਂਦਰ ਸਰਕਾਰ ਨੇ ਕਈ ਯੋਜ਼ਨਾਵਾਂ ਚਲਾਈਆਂ ਹਨ।ਜਿਵੇਂ ਜਲ ਸ਼ਕਤੀ ਅਭਿਆਨ, ਜਲ ਜੀਵਨ ਮਿਸ਼ਨ, ਅਟੱਲ ਭੂ-ਜਲ ਯੋਜਨਾ, ਅੰਮ੍ਰਿਤ ਸਰੋਵਰ, ਨਲ ਸੇ ਜਲ ਸਕੀਮ, ਨਾਮੇ ਗੰਗਾ ਪ੍ਰੋਗਰਾਮ, ਨੈਸ਼ਨਲ ਵਾਟਰ ਆਦਿ ਹੋਰ ਵੀ ਪਾਲਸੀਆਂ ਸ਼ੁਰੂ ਕੀਤੀਆਂ ਜਾ ਚੁੱਕੀਆਂ ਹਨ। ਜਿੰਨ੍ਹਾਂ ਨਾਲ ਸਾਨੂੰ ਪਾਣੀ ਦੀ ਕੀਮਤ ਪਤਾ ਚੱਲਦੀ ਹੈ ਪਰ ਇਸ ਦੀ ਹੋਰ ਵੱਡੇ ਪੱਧਰ 'ਤੇ ਮਸ਼ਹੂਰੀ ਕਰਨ ਦੀ ਜ਼ਰੂਰਤ ਹੈ ਜਿਸ ਨਾਲ ਇਸ ਦਾ ਹਰ ਨਾਗਰਿਕ ਨੂੰ ਲਾਭ ਮਿਲ ਸਕੇ।

ਗੁਰਬਾਣੀ ਵਿੱਚ ਪਾਣੀ ਦਾ ਜ਼ਿਕਰ-

ਗੁਰਬਾਣੀ ਦੇ ਮਹਾਂਵਾਕ ਅਨੁਸਾਰ ਪਾਣੀ ਨੂੰ ਮਹਾਨ ਮੰਨਿਆ ਗਿਆ ਹੈ। ਪਾਣੀ ਬਿਨ੍ਹਾਂ ਜ਼ਿੰਦਗੀ ਅਸੰਭਵ ਹੈ। ਜਲ ਹੀ ਜੀਵਨ ਹੈ।ਗੁਰੂ ਸਾਹਿਬ ਨੇ ਮਹਾਨ ਬਾਣੀ ਸ੍ਰੀ ਜਪੁ ਜੀ ਸਾਹਿਬ ਵਿੱਚ ਹਵਾ, ਪਾਣੀ ਤੇ ਧਰਤੀ ਦੀ ਸੰਭਾਲ ਤੇ ਬੇਹੱਦ ਜ਼ੋਰ ਦਿੱਤਾ ਹੈ।ਇਨ੍ਹਾਂ ਤਿੰਨਾਂ ਨੂੰ ਗੁਰੂ, ਪਿਤਾ ਤੇ ਮਾਤਾ ਦਾ ਦਰਜਾ ਦਿੱਤਾ ਹੈ।ਗੁਰੂ ਸਾਹਿਬ ਫੁਰਮਾਉਂਦੇ ਹਨ ਕਿਃ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-8)

ਪਰ ਅੱਜ ਅਸੀ ਇੰਨ੍ਹਾਂ ਤਿੰਨਾਂ ਨੂੰ ਹੀ ਰੱਜ ਕੇ ਦੂਸ਼ਿਤ ਕੀਤਾ ਹੈ।ਉਸੇ ਟਾਹਣ ਤੇ ਬੈਠ ਕੇ ਉਸੇ ਟਾਹਣ ਨੂੰ ਕੱਟਣ ਵਾਲੀ ਗੱਲ ਸੱਚ ਕਰ ਰਹੇ ਹਾਂ ਜੋ ਕਿ ਸਾਡੇ ਲਈ ਇਹ ਵਿਨਾਸ਼ ਦਾ ਕਾਰਨ ਬਣੇਗੀ।ਬੇਸ਼ੱਕ ਧਰਤੀ ਦਾ ਤਿੰਨ ਚੌਥਾਈ ਹਿੱਸਾ ਪਾਣੀ ਹੈ, ਪਰ ਇਸ ਦਾ 95% ਪਾਣੀ ਵਰਤੋਂਯੋਗ ਨਹੀ ਹੈ।ਸਾਡੇ ਸਰੀਰ ਦਾ ਦੋ ਤਿਹਾਈ ਹਿੱਸਾ ਪਾਣੀ ਹੈ, ਸਰੀਰ ਦੇ ਅੱਸੀ ਫੀਸਦੀ ਭਾਗ ਵਿੱਚ ਪਾਣੀ ਹੈ।

# ਆਓ ਦਈਏ ਸ਼ਹੀਦ ਭਗਤ ਸਿੰਘ ਨੂੰ 'ਸੱਚੀ ਸ਼ਰਧਾਂਜਲੀ'

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
ਮੋ : 97816-46008

ਬੜੇ ਹੀ ਦੁੱਖ ਅਤੇ ਅਫ਼ਸੋਸ ਦੀ ਗੱਲ ਹੈ ਕਿ ਅਜੋਕੇ ਭਾਰਤ ਦੇ ਨੌਜਵਾਨ ਦੇਸ਼ ਤੋਂ ਆਪਣਾ ਤਨ, ਮਨ,ਧਨ ਵਾਰ ਦੇਣ ਵਾਲੇ ਅਮਰ ਸ਼ਹੀਦ ਸ.ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸ.ਭਗਤ ਸਿੰਘ ਦੀ ਤਸਵੀਰ ਨੂੰ ਫੁੱਲਾਂ ਦੇ ਹਾਰ ਅਰਪਣ ਕਰਕੇ ਤੇ ਦੇਸ਼ ਭਗਤੀ ਦੇ ਚੰਦ ਕੁ ਨਗਮੇ ਗੁਣਗੁਣਾ ਕੇ ਸ਼ਰਧਾਂਜਲੀ ਨੂੰ ਮੁਕੰਮਲ ਸਮਝ ਲੈਂਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਅਜਿਹੀ ਸ਼ਰਧਾਂਜਲੀ ਅਜੋਕੇ ਸਮੇਂ ਵਿਚ ਬਿਲਕੁਲ ਵੀ ਪ੍ਰਸੰਗਿਕ ਨਹੀਂ ਹੈ। ਅੱਜ ਵੀ ਭਾਰਤ ਮਾਂ ਕਈ ਤਰ੍ਹਾਂ ਦੀਆਂ ਕੁਰੀਤੀਆਂ ਅਤੇ ਅਲਾਮਤਾਂ ਵਿਚ ਜਕੜੀ ਹੋਈ ਕੁਰਲਾ ਰਹੀ ਹੈ ਪਰ ਅਜੋਕਾ ਨੌਜਵਾਨ ਸ.ਭਗਤ ਸਿੰਘ ਨੂੰ ਸ਼ਾਬਦਿਕ ਸ਼ਰਧਾਂਜਲੀ ਦੇਣ ਲਈ ਤਾਂ ਤਿਆਰ ਹੈ ਪਰ ਉਸਦੇ ਵਾਂਗ ਆਪਣਾ ਤਨ, ਮਨ ਤੇ ਧਨ ਵਤਨ ਦੇ ਲੇਖੇ ਲਾਉਣ ਲਈ ਹਰਗਿਜ਼ ਵੀ ਤਿਆਰ ਨਹੀਂ ਹੈ। ਭਾਰਤ ਮਾਂ ਦੇ ਗਲ ਪਈਆਂ ਬੇਈਮਾਨੀ,ਦਹੇਜ ਪ੍ਰਥਾ, ਭਰੂਣ ਹੱਤਿਆ, ਨਸ਼ਾਖੋਰੀ, ਭ੍ਰਿਸ਼ਟਾਚਾਰ,ਵਿਭਚਾਰ ਅਤੇ ਧਾਰਮਿਕ ਸੰਕੀਰਣਤਾ ਦੀਆਂ ਜੰਜ਼ੀਰਾਂ ਕੱਟਣ ਲਈ ਅਤੇ ਵਤਨ ਦੀ ਆਬਰੂ ਦੀ ਖ਼ਾਤਿਰ ਮਰ ਮਿਟਣ ਵਾਲੇ ਆਜ਼ਾਦੀ ਦੇ ਪਰਵਾਨਿਆਂ ਨੂੰ ਸੱਚੀ 'ਸਰਧਾਂਜਲੀ'ਅਰਪਣ ਕਰਨ ਹਿੱਤ ਅਜੋਕੇ ਨੌਜਵਾਨਾਂ ਨੂੰ ਕੁਝ ਫ਼ਰਜ਼ ਨਿਭਾਉਣੇ ਬਣਦੇ ਹਨ।

ਨਸ਼ਿਆਂ ਦੀ ਗ੍ਰਿਫ਼ਤ ਵਿਚ ਬੁਰੀ ਤਰ੍ਹਾ ਫਸ ਚੁੱਕੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ 'ਆਜ਼ਾਦੀ' ਦੀ ਇਹ ਲੜਾਈ ਹੁਣ ਆਪ ਹੀ ਲੜਨੀ ਪਵੇਗੀ। ਨਸ਼ੇ ਦੀ ਚੰਦਰੀ ਅਲਾਮਤ ਤੋਂ ਆਪ ਬਚਣ ਦੇ ਨਾਲ-ਨਾਲ ਆਪਣੇ ਸਾਥੀਆਂ ਨੂੰ ਇਸ ਤੋਂ ਬਚਾਉਣ ਦਾ ਮਹਾਂਕਾਜ ਨੌਜਵਾਨਾਂ ਨੂੰ ਹੀ ਕਰਨਾ ਪਏਗਾ। ਇੱਥੇ ਹੀ ਬਸ ਨਹੀਂ,ਨਸ਼ੀਲੇ ਪਦਾਰਥਾਂ ਦੇ ਸੌਦਾਗਰਾਂ ਨੂੰ ਕਾਨੂੰਨ ਦੇ ਹਵਾਲੇ ਕਰਵਾਉਣ ਲਈ ਉਨ੍ਹਾ ਨੂੰ ਸਿਰ-ਧੜ ਦੀ ਬਾਜ਼ੀ ਵੀ ਲਗਾਉਣੀ ਪਏਗੀ। ਨਸ਼ਿਆਂ ਵਿਰੁੱਧ ਯੁੱਧ ਇਕ ਕਠਿਨ ਕਾਰਜ ਤਾਂ ਹੈ ਪਰ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸੱਚੀ ਆਜ਼ਾਦੀ ਤਾਂ ਕਰੜੇ ਸੰਘਰਸ਼ ਅਤੇ ਵੱਡੀਆਂ ਕੁਰਬਾਨੀਆਂ ਨਾਲ ਹੀ ਮਿਲਦੀ ਹੈ, ਕੇਵਲ ਗੱਲਾਂ ਨਾਲ ਨਹੀਂ।

ਦਹੇਜ ਨਾ ਲੈਣ ਜਾਂ ਨਾ ਦੇਣ ਦਾ ਫ਼ੈਸਲਾ ਪੂਰੀ ਤਰ੍ਹਾਂ ਨੌਜਵਾਨਾਂ ਦੇ ਹੱਥ ਵਿਚ ਹੈ। ਪੜ੍ਹੀਆਂ-ਲਿਖੀਆਂ ਕੁੜੀਆਂ ਜੇਕਰ ਮਨ ਬਣਾ ਲੈਣ ਕਿ ਉਹ ਦਹੇਜ ਦੇ ਲੋਭੀਆਂ ਦੇ ਵਿਹੜੇ ਵਿਚ ਪੈਰ ਵੀ ਨਹੀਂ ਧਰਨਗੀਆਂ ਤੇ ਬਿਨਾ ਕਿਸੇ ਸੰਕੋਚ ਤੋਂ ਬੂਹੇ ਆਈਆਂ ਲਾਲਚੀ ਬਰਾਤਾਂ ਵਾਪਸ ਮੋੜ ਦੇਣਗੀਆਂ ਤਾਂ ਦਹੇਜ ਦੇ ਲੋਭੀਆਂ ਦੇ ਮੂੰਹ 'ਤੇ ਐਸੀ ਕਰਾਰੀ ਚਪੇੜ ਵੱਜੇਗੀ ਕਿ ਉਹ ਸਮਾਜ ਵਿਚ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਹੀਂ ਰਹਿ ਜਾਣਗੇ। ਨੌਜਵਾਨ ਮੁੰਡੇ ਵੀ ਪਦਾਰਥਾਂ ਦੀ ਥਾਂ ਦੁਲਹਨ ਦੇ ਗੁਣਾਂ ਅਤੇ ਸੰਸਕਾਰਾਂ ਨੂੰ ਹੀ ਦਹੇਜ ਸਮਝਣ ਵਾਲੀ ਸੋਚ ਆਪਣੇ ਮੱਥੇ 'ਚ ਰੱਖਣ ਤਾਂ ਇਹ ਕੁਰੀਤੀ ਇਕ ਦਿਨ ਵਿਚ ਮੁੱਕ ਸਕਦੀ ਹੈ। ਨੌਜਵਾਨਾਂ ਮੁੰਡੇ ਤੇ ਕੁੜੀਆਂ ਜੇਕਰ ਵਿਆਹ-ਸ਼ਾਦੀਆਂ 'ਤੇ ਬੇਤਹਾਸ਼ਾ ਖ਼ਰਚ ਕਰਨ ਦੀ ਥਾਂ ਸਾਦੇ ਵਿਆਹ ਦੀ ਪਿਰਤ ਪਾਉਣ ਤਾਂ ਧੀਆਂ-ਧਿਆਣੀਆਂ, ਆਪਣੇ ਮਾਪਿਆਂ ਨੂੰ ਵਿੱਤੀ ਬੋਝ ਲੱਗਣਾ ਬੰਦ ਹੋ ਜਾਣਗੀਆਂ।

ਕੰਜਕਾਂ ਨੂੰ ਪੂਜਣ ਵਾਲੇ ਇਸ ਦੇਸ਼ ਵਿਚ ਅਸੰਖਾਂ ਹੀ ਮਾਸੂਮ ਅਤੇ ਅਣਭੋਲ ਬਾਲੜੀਆਂ ਨੂੰ ਕੁੱਖ ਅੰਦਰ ਹੀ ਕਤਲ ਕਰ ਦੇਣਾ ਇਕ ਬੱਜਰ ਗੁਨਾਹ ਹੈ। ਵਿਆਹੁਤਾ ਕੁੜੀਆਂ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਕਿਸੇ ਦੇ ਵੀ ਦਬਾਅ ਹੇਠ ਆ ਕੇ ਭਰੂਣ ਹੱਤਿਆ ਜਿਹੇ ਮਹਾਂਪਾਪ ਵਿਚ ਹਿੱਸੇਦਾਰ ਨਹੀਂ ਹੋਣਗੀਆਂ ਤੇ ਧੀਆਂ ਨੂੰ ਜਨਮ ਦੇ ਕੇ ਤੇ ਉਨ੍ਹਾ ਨੂੰ ਪੁੱਤਾਂ ਵਾਲਾ ਪਿਆਰ ਦਿੰਦਿਆਂ ਹੋਇਆ ਉਨ੍ਹਾ ਦੀ ਪਰਵਰਿਸ਼ ਕਰਨਗੀਆਂ। ਅਜਿਹਾ ਕਰਨ ਨਾਲ ਭਾਰਤ ਮਾਂ ਦੇ ਗਲ ਪਈ ਗੁਲਾਮੀ ਦੀ ਇਕ ਜ਼ੰਜੀਰ ਤਾਂ ਜ਼ਰੂਰ ਕੱਟੀ ਜਾਵੇਗੀ।

ਬਲਾਤਕਾਰ ਅਤੇ ਅਜਿਹੇ ਹੋਰ ਕੁਕਰਮਾਂ ਦੇ ਮੱਦੇਨਜ਼ਰ, ਗ਼ਲਤ ਅਨਸਰਾਂ ਹੱਥੋਂ ਭਾਰਤੀ ਧੀਆਂ-ਭੈਣਾਂ ਦੀ ਪੱਤ ਬਿਲਕੁਲ ਵੀ ਸੁਰੱਖਿਅਤ ਨਹੀਂ ਹੈ। ਚਰਿੱਤਰ ਪੱਖੋਂ ਗਿਰਾਵਟ ਦਾ ਨਿਰੰਤਰ ਸ਼ਿਕਾਰ ਬਣ ਨਹੀਂ ਅਜੋਕੀ ਨੌਜਵਾਨ ਪੀੜ੍ਹੀ ਨੂੰ ਚਾਹੀਦਾ ਹੈ ਕਿ ਉਹ ਆਪਣਾ ਸਦਾਚਾਰਕ ਚਰਿੱਤਰ ਉੱਚਾ ਰੱਖੇ। ਨੌਜਵਾਨਾਂ ਦਾ ਇਹ ਨੈਤਿਕ ਕਰਤੱਵ ਬਣਦਾ ਹੈ ਕਿ ਉਹ ਭਾਰਤੀ ਸੱਭਿਆਚਾਰ ਅਤੇ ਸੰਸਕ੍ਰਿਤੀ ਦੀਆਂ ਸੀਮਾਵਾਂ 'ਚ ਰਹਿ ਕੇ ਰਿਸ਼ਤਿਆਂ ਨੂੰ ਪ੍ਰਵਾਨ ਚੜ੍ਹਾਉਣ ਅਤੇ ਬਲਾਤਕਾਰ ਜਿਹਾ ਘੋਰ ਅਪਰਾਧ ਕਰਨ ਵਾਲਿਆਂ ਨੂੰ ਫ਼ਾਂਸੀ ਦੇ ਤਖ਼ਤੇ ਤੱਕ ਪਹੁੰਚਾਉਣ। ਅੱਜ ਲੋੜ ਹੈ ਕਿ ਬਲਾਤਕਾਰ ਪੀੜਿਤ ਕੁਆਰੀਆਂ ਕੁੜੀਆਂ ਨਾਲ ਸ਼ਾਦੀ ਕਰਵਾ ਕੇ ਅਜੋਕੇ ਨੌਜਵਾਨ ਉਨ੍ਹਾ ਬੇਕਸੂਰ ਕੁੜੀਆਂ ਨੂੰ ਸਮਾਜ ਵਿਚ ਉਹ ਸਥਾਨ ਅਤੇ ਸਨਮਾਨ ਦੁਆਉਣ ਜਿਸ ਦੀਆਂ ਉਹ ਅਸਲ ਵਿਚ ਹੱਕਦਾਰ ਹਨ।

ਨੌਜਵਾਨਾਂ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਧਾਰਮਿਕ ਕੱਟੜਪੰਥੀਆਂ ਤੋਂ ਸੁਚੇਤ ਰਹਿਣ ਤੇ ਉਨ੍ਹਾ ਦੀਆਂ ਗੱਲਾਂ 'ਚ ਆ ਕੇ ਕੋਈ ਵੀ ਅਜਿਹਾ ਕਾਰਾ ਨਾ ਕਰਨ ਜੋ ਮਨੁੱਖਤਾ ਅਤੇ ਮੁਲਕ ਵਿਰੋਧੀ ਹੋਵੇ। ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਕੱਟੜਵਾਦੀ ਨੇਤਾਵਾਂ ਅਤੇ ਅਖੌਤੀ ਧਰਮ ਗੁਰੂਆਂ ਦੇ ਕੰਨਾਂ 'ਚ ਇਹ ਗੱਲ ਜ਼ਰੂਰ ਪਾ ਦੇਣ ਕਿ ਧਰਮ, ਅਸਲ ਵਿਚ ਮਨੁੱਖਾਂ ਦਰਮਿਆਨ ਵੰਡੀਆਂ ਪਾਉਣ ਲਈ ਜਾਂ ਮਨੁੱਖਤਾ ਨੂੰ ਲਹੂ-ਲੁਹਾਨ ਕਰਨ ਲਈ ਨਹੀਂ ਬਣੇ ਹਨ ਸਗੋਂ ਇਹ ਤਾਂ ਸਭ ਨੂੰ ਮੁਹੱਬਤ, ਸਤਿਕਾਰ ਅਤੇ ਸ਼ਾਂਤੀ ਪ੍ਰਦਾਨ ਕਰਨ ਲਈ ਬਣੇ ਹਨ।

ਅੰਤ ਵਿਚ ਇਹ ਕਹਿਣਾ ਬਣਦਾ ਹੈ ਕਿ ਸੰਨ ਸੰਤਾਲੀ ਤੋਂ ਪਹਿਲਾਂ ਚੱਲੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਨਾ ਲੈ ਸਕਣ ਵਾਲੇ ਜੁਝਾਰੂ ਨੌਜਵਾਨਾਂ ਲਈ ਅੱਜ ਇਮਤਿਹਾਨ ਦੀ ਘੜੀ ਹੈ। ਨੌਜਵਾਨਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਭਾਰਤ ਮਾਂ ਦੇ ਗਲ ਪਈਆਂ ਗਰੀਬੀ,ਅਨਪੜ੍ਹਤਾ, ਮਹਿੰਗਾਈ, ਭ੍ਰਿਸ਼ਟਾਚਾਰ, ਦਹੇਜ ਪ੍ਰਥਾ, ਨਸ਼ਾਖੋਰੀ ਅਤੇ ਬਲਾਤਕਾਰ ਆਦਿ ਜਿਹੀਆਂ ਜ਼ੰਜੀਰਾਂ ਨੂੰ ਤੋੜਨ ਲਈ ਅੱਗੇ ਆਉਣ ਅਤੇ ਸ਼ਹੀਦ ਭਗਤ ਸਿੰਘ ਸਣੇ ਆਜ਼ਾਦੀ ਦੇ ਸਮੂਹ ਪਰਵਾਨਿਆਂ ਨੂੰ ਆਪਣੀ ਸੱਚੀ ਸ਼ਰਧਾਂਜਲੀ ਭੇਟ ਕਰਨ।

# ਕਾਸ਼ ! ਬੀਤੇ ਵੇਲੇ ਮੁੜ ਆਵਣ



ਸੰਜੀਵ ਸਿੰਘ ਸੈਣੀ
7888966168

ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਨਣਾ ਚਾਹੀਦਾ ਹੈ। ਅੱਜ ਕੱਲ ਦੀ ਜ਼ਿੰਦਗੀ ਬਹੁਤ ਜ਼ਿਆਦਾ ਅਡਵਾਂਸ ਹੋ ਚੁੱਕੀ ਹੈ। ਪੱਛਮੀ ਸੱਭਿਅਤਾ ਦਾ ਬੋਲਬਾਲਾ ਹੈ। ਜੇ ਅਸੀਂ 15 ਕੁ ਸਾਲ ਪਿੱਛੇ ਝਾਤੀ ਮਾਰ ਕੇ ਦੇਖੀਏ, ਉਹ ਸਮਾਂ ਬਹੁਤ ਵਧੀਆ ਸੀ। ਆਪਸੀ ਬਹੁਤ ਪਿਆਰ ਸੀ। ਗੁਜ਼ਰੇ ਜ਼ਮਾਨੇ ਦੀ ਜੇ ਗੱਲ ਕਰੀਏ ਤਾਂ ਸਾਰੇ ਪਿੰਡ ਦਾ ਆਪਸ ਵਿੱਚ ਬਹੁਤ ਪਿਆਰ ਹੁੰਦਾ ਸੀ। ਲੋਕ ਇੱਕ ਦੂਜੇ ਦੀ ਮਦਦ ਕਰਦੇ ਸਨ। ਇਕ ਦੂਜੇ ਨੂੰ ਨੀਚਾ ਨਹੀਂ ਸੀ ਦਿਖਾਇਆ ਜਾਂਦਾ। ਇੱਕ ਦੂਜੇ ਦੀ ਤਰੱਕੀ ਤੋਂ ਬਿਲਕੁਲ ਵੀ ਜਲਣ ਨਹੀਂ ਕਰਦੇ ਸਨ। ਪਰਿਵਾਰ ਸਾਂਝੇ ਹੁੰਦੇ ਸਨ।ਪੈਸੇ ਧੇਲੇ ਨਾਲ ਵੀ ਮਦਦ ਕਰ ਦਿੱਤੀ ਜਾਂਦੀ ਸੀ। ਭਰਾਵਾਂ ਦਾ ਆਪਸ ਵਿੱਚ ਬਹੁਤ ਪਿਆਰ ਹੁੰਦਾ ਸੀ। ਇੱਕ ਦੂਜੇ ਨਾਲ ਬਿਲਕੁਲ ਵੀ ਨਫਰਤ ਨਹੀਂ ਕਰਦੇ ਸਨ। ਭਰਾ ਇੱਕ ਦੂਜੇ ਨੂੰ ਇਕ ਦੂਜੇ ਦੀਆਂ ਬਾਹਾਂ ਸਮਝਦੇ ਸਨ। ਕਹਿਣ ਦਾ ਮਤਲਬ ਇਹ ਹੈ ਕਿ ਜੇ ਵੱਡੇ ਭਰਾ ਨੇ ਕੋਈ ਗੱਲ ਕਹਿ ਵੀ ਦਿੱਤੀ, ਤਾਂ ਛੋਟਾ ਭਰਾ ਉਸ ਨੂੰ ਖਿੜੇ ਮੱਥੇ ਪਰਵਾਨ ਕਰ ਲੈਂਦਾ ਸੀ । ਅੱਗੋਂ ਛੋਟਾ ਭਰਾ ਵੱਡੇ ਭਰਾ ਨਾਲ ਕੋਈ ਬਹਿਸ ਨਹੀਂ ਕਰਦਾ ਸੀ।ਜੇ ਕਿਸੇ ਘਰ ਕੋਈ ਪ੍ਰਾਹੁਣਾ ਆ ਵੀ ਜਾਂਦਾ ਸੀ, ਤਾਂ ਸਾਰਾ ਪਿੰਡ ਉਸ ਦੀ ਬਹੁਤ ਇੱਜ਼ਤ ਕਰਦਾ ਸੀ। ਖੁੱਲ੍ਹੇ ਵਿਹੜੇ ਹੁੰਦੇ ਸਨ। ਸਾਰੇ ਬੱਚੇ ਇੱਕ ਹੀ ਜਗਾਂ ਖੇਡਦੇ ਸਨ । ਜੇ ਇੱਕ ਚੁਲ੍ਹੇ ਤੇ ਸਬਜ਼ੀ ਭਾਜੀ ਬਣਦੀ ਸੀ ,ਤਾਂ ਜੇ ਕੋਈ ਕੋਲੀ , ਭਾਂਡਾ ਚੁੱਕ ਕੇ ਮੰਗਣ ਵੀ ਆ ਜਾਂਦਾ ਸੀ ,ਉਸਨੂੰ ਬਿਨਾਂ ਝਿਜਕ ਸਬਜ਼ ਦੇ ਦਿੱਤੀ ਜਾਂਦੀ ਸੀ। ਭਰਾਵਾਂ ਭਰਾਵਾਂ ਦਾ ਬਹੁਤ ਪਿਆਰ ਹੁੰਦਾ ਸੀ।ਜੇ ਪਿੰਡ ਵਿਚ ਕਿਸੇ ਦੀ ਧੀ ਦਾ ਵਿਆਹ ਹੁੰਦਾ ਸੀ ਤਾਂ ਸਾਰਾ ਪਿੰਡ ਇਕੱਠਾ ਹੋ ਕੇ ਉਸ ਪਰਿਵਾਰ ਦੀ ਮਦਦ ਕਰਦਾ ਸੀ । ਪੈਸਾ ਜਾਂ ਹੋਰ ਵੱਡੀ ਚੀਜ਼ ਦੇ ਕੇ ਪਰਿਵਾਰ ਦੀ ਮਦਦ ਕੀਤੀ ਜਾਂਦੀ ਸੀ।ਪਿੰਡ ਦੀ ਧੀ ਨੂੰ ਬਹੁਤ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਜੇ ਪਿੰਡ ਦਾ ਕੋਈ ਮੁੰਡਾ ਜਾਂ ਕੁੜੀ ਗ਼ਲਤ ਚਲਦਾ ਸੀ, ਤਾਂ ਉਸਨੂੰ ਝਿੜਕ ਦਿੱਤਾ ਜਾਂਦਾ ਸੀ। ਮਜਾਲ ਹੈ ਜੇ ਕੋਈ ਬੱਚਾ ਵੱਡਿਆਂ ਦੇ ਮੂਹਰੇ ਬੋਲ ਪੈਂਦਾ ਸੀ ਜਾਂ ਬਹਿਸ ਕਰ ਲੈਂਦਾ ਸੀ। ਚੰਗੀ ਤਰ੍ਹਾਂ ਉਸ ਦੀ ਛਿੱਤਰ ਪਰੇਡ ਕੀਤੀ ਜਾਂਦੀ ਸੀ। ਹਾਲਾਂਕਿ ਮਾਂ-ਬਾਪ ਨੂੰ ਬਾਅਦ ਵਿੱਚ ਹੀ ਪਤਾ ਚੱਲਦਾ ਸੀ ਕਿ ਸਾਡੇ ਬੱਚੇ ਨੇ ਫਲਾਣੇ ਬੰਦੇ ਨੂੰ ਗ਼ਲਤ ਬੋਲਿਆਂ। ਮਾਂ ਬਾਪ ਬਿਲਕੁਲ ਵੀ ਗੁੱਸਾ ਨਹੀਂ ਕਰਦੇ ਸਨ।

ਲੋਕਾਂ ਵਿੱਚ ਬਹੁਤ ਸਹਿਣਸ਼ੀਲਤਾ ਸੀ। ਹਾਲਾਂਕਿ ਉਨ੍ਹਾਂ ਵਰ੍ਹਿਆਂ ਵਿਚ ਸਹੂਲਤਾਂ ਵੀ ਪੂਰੀਆਂ ਨਹੀਂ ਹੁੰਦੀਆਂ ਸਨ। ਪਰ ਲੋਕਾਂ ਨੂੰ ਜੀਵਨ ਜਿਉਣ ਦੀ ਕਲਾ ਸੀ। ਪੈਸੇ ਦੀ ਹੋੜ ਨਹੀਂ ਸੀ। ਪੈਸੇ ਨਾਲ ਇਕ-ਦੂਜੇ ਦੀ ਮਦਦ ਕੀਤੀ ਜਾਂਦੀ ਸੀ। ਤਾਨੇ- ਮਿਹਣੀਆਂ ਦੀ ਤਾਂ ਗੱਲ ਹੀ ਛੱਡੋ। ਹਾੜ੍ਹੀ ਜਾਂ ਸਾਉਣੀ ਦੀ ਫ਼ਸਲ ਸਮੇਂ ਸਾਰਾ ਪਿੰਡ ਇੱਕ ਦੂਜੇ ਦੇ ਕੰਮ ਵਿਚ ਸ਼ਰੀਕ ਹੁੰਦਾ ਸੀ। ਜਦੋਂ ਕੋਈ ਵੀ ਫਸਲ ਕੱਟਣ ਦਾ ਸਮਾਂ ਆਉਂਦਾ ਸੀ ਤਾਂ ਸਾਰਾ ਪਿੰਡ ਇਕੱਠਾ ਹੋ ਕੇ ਵਾਰੀ-ਵਰੀ ਇਕ ਦੂਜੇ ਦੀ ਫ਼ਸਲ ਕਟਣ ਤੋਂ ਬੀਜਣ ਵਿੱਚ ਮਦਦ ਕਰਦਾ ਸੀ।ਸਾਰੇ ਬੰਦਿਆਂ ਦੀ ਇੱਕ ਹੀ ਚੁਲ੍ਹੇ ਤੇ ਰੋਟੀ ਬਣਦੀ ਸੀ। ਜੇ ਵਿਆਹ ਦੀ ਪਿੰਡ ਵਿਚ ਕੋਈ ਵੀ ਰਸਮ ਹੁੰਦੀ ਸੀ ਤਾਂ ਉਨ੍ਹਾਂ ਵੇਲਿਆਂ ਵਿਚ ਘਰ ਵਿੱਚ ਭੱਠੀਆਂ ਚੜ੍ਹਾਈਆਂ ਜਾਂਦੀਆਂ ਸਨ। ਪਿੰਡ ਦੇ ਨੌਜਵਾਨ ਭੱਠੀ ਤੇ ਆ ਕੇ ਪਰਿਵਾਰ ਦੀ ਮਦਦ ਕਰਦੇ ਸਨ। ਲੱਡੂ ,ਜਲੇਬੀਆਂ, ਮਠਿਆਈਆਂ ਹੋਰ ਕਈ ਤਰ੍ਹਾਂ ਦੀਆਂ ਮਠਿਆਈਆਂ ਵਿਚ ਹੱਥ ਵਟਾਉਂਦੇ ਸਨ। ਖੁੱਲ੍ਹੇ ਵਿਚ ਟੈਂਟ ਲਗਾਏ ਜਾਂਦੇ ਸਨ। ਜੇ ਪਿੰਡ ਵਿੱਚ ਕੋਈ ਬਰਾਤ ਆਉਂਦੀ ਸੀ, ਬਰਾਤ ਨਾਲ ਕੋਈ ਸਬੰਧਤ ਕੁੜੀ ਉਸ ਪਿੰਡ ਵਿਚ ਵਿਆਹੀ ਹੁੰਦੀ ਸੀ ਤਾਂ ਉਸਨੂੰ ਪਤੱਲ ਦਿੱਤੀ ਜਾਂਦੀ ਸੀ। ਪੱਤਲ ਵਿੱਚ ਪੰਜ ,ਛੇ ਜਲੇਬੀਆਂ ,ਲੱਡੂਆਂ ਜਾਂ ਕੁਝ ਪੈਸੇ ਭਾਵ ਉਨ੍ਹਾਂ ਸਮਿਆਂ ਵਿਚ ਗਿਆਰਾਂ ਜਾਂ ਇੱਕੀ ਰੁਪਏ ਦੇ ਦਿੱਤੇ ਜਾਂਦੇ ਸਨ। ਭੈਣ ਨੂੰ ਬਹੁਤ ਮਾਣ ਹੁੰਦਾ ਸੀ ਕਿ ਮੇਰੇ ਪਿੰਡ ਦੇ ਭਰਾ ਮੇਰਾ ਆਦਰ ਸਤਿਕਾਰ ਕਰ ਕੇ ਗਏ ਹਨ।ਅੱਜ ਕੱਲ ਦੀ ਨੌਜਵਾਨ ਪੀੜ੍ਹੀ ਨੂੰ ਪਤੱਲ ਦਾ ਬਿਲਕੁਲ ਵੀ ਨਹੀ ਪਤਾ। ਜ਼ਮਾਨਾ ਬਦਲਿਆ। ਸਾਂਝੇ ਪਰਿਵਾਰਾਂ ਤੋਂ ਛੋਟੇ ਪਰਿਵਾਰਾਂ ਵਿੱਚ ਆ ਗਏ। ਪਰਿਵਾਰਕ ਸਾਂਝ ਖ਼ਤਮ ਹੋ ਗਈ। ਪੈਸਾ ਹੀ ਸਭ ਕੁਝ ਹੋ ਗਿਆ। ਮਾਂ-ਬਾਪ ਦਾ ਸਤਿਕਾਰ ਬਿਲਕੁੱਲ ਵੀ ਨਹੀਂ ਰਿਹਾ ।ਭਰਾ -ਭਰਾ ਦਾ ਦੁਸ਼ਮਨ ਬਣ ਗਿਆ। ਅੱਜ ਕੱਲ ਤਾਂ ਆਮ ਭਰਾ-ਭਰਾ ਦੇ ਵਿਰੁੱਧ ਤਹਿਸੀਲਾਂ ਵਿੱਚ ਕੇਸ ਕਰ ਕੇ ਬੈਠਾ ਹੈ। ਬੱਚੇ ਮਾਂ-ਬਾਪ ਦੇ ਅੱਗੇ ਬਹੁਤ ਗਲਤ ਬੋਲਦੇ ਹਨ।ਬੱਚਿਆਂ ਨੇ ਮਾਂ ਬਾਪ ਦਾ ਕਹਿਣਾ ਮੰਨਣਾ ਛੱਡ ਦਿੱਤਾ। ਵਿਆਹਾਂ ਵਿਚ ਜੋ ਭੱਠੀ ਚੜ੍ਹਾਉਣ ਦੀ ਰਸਮ ਹੁੰਦੀ ਸੀ ਉਹ ਵੀ ਅੱਜ ਕੱਲ ਬੰਦ ਕਰ ਦਿੱਤੀ ਗਈ ਹੈ।ਭੱਠਿਆਂ ਚੜ੍ਹਾਉਣੀਆਂ ਬੰਦ ਕਰ ਦਿੱਤੀਆਂ। ਕਿਸੇ ਕੋਲ ਸਮਾਂ ਨਹੀਂ ਰਿਹਾ ਹੈ। ਜੇ ਅੱਜ ਕੱਲ ਕਿਸੇ ਘਰ ਵਿਚ ਕੋਈ ਦੁੱਖ-ਤਕਲੀਫ਼ ਜਾ ਮੌਤ ਹੋ ਜਾਂਦੀ ਹੈ ,ਤਾਂ ਤਿੰਨ ਜਾਂ ਚਾਰ ਦਿਨਾ ਵਿੱਚ ਹੀ ਉਸ ਬੰਦੇ ਦੀਆਂ ਅੰਤਿਮ ਰਸਮਾਂ ਨੇਪਰੇ ਚਾੜ ਦਿੱਤੀਆਂ ਜਾਂਦੀਆਂ ਹਨ ।


ਯੂਨੀਅਨ ਬੈਂਕ ਆਫ਼ ਇੰਡੀਆ
ਭਾਰਤ ਸਰਕਾਰ ਦਾ ਅਦਾਰਾ
Union Bank of India
A Government of India Undertaking

[ਨਿਯਮ 8 (1)] ਕਬਜ਼ਾ ਸੂਚਨਾ
(ਅਚੱਲ ਸੰਪੱਤੀਆਂ ਦੇ ਲਈ)

ਜਦੋਂ ਕਿ ਯੂਨੀਅਨ ਬੈਂਕ ਆਫ਼ ਇੰਡੀਆ ਲਈ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਨੂੰ ਲਾਗੂ ਕਰਨ (ਦੂਜਾ) ਐਕਟ, 2002 ਦੇ ਤਹਿਤ ਅਤੇ ਸੁਰੱਖਿਆ ਹਿੱਤ (ਲਾਗੂ ਕਰਨ) ਨਿਯਮਾਂ, 2002 ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰ/ਜ਼ਾਮਨ/ਗਿਰਵੀਕਾਰ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਅਤੇ ਉਸ 'ਤੇ ਵਿਆਜ ਵਾਪਸ ਕਰਨ ਲਈ ਕਿਹਾ ਗਿਆ ਹੈ, ਇੱਕ ਡਿਮਾਂਡ ਨੋਟਿਸ ਮਿਤੀ ਜਾਰੀ ਕੀਤੀ।
ਕਰਜ਼ਦਾਰ/ਜ਼ਾਮਨ/ਗਿਰਵੀਕਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰ/ਜ਼ਾਮਨ/ਗਿਰਵੀਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ ਇੱਥੇ ਦੱਸੀ ਗਈ ਮਿਤੀ ਨੂੰ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀਆਂ ਗਈਆਂ ਜਾਇਦਾਦਾਂ ਦਾ ਕਬਜ਼ਾ ਲੈ ਲਿਆ ਹੈ, ਜੋ ਕਿ ਸੁਰੱਖਿਆ ਹਿੱਤ ਲਾਗੂ ਕਰਨ ਦੇ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹਿਆ ਜਾਂਦਾ ਹੈ।
ਕਰਜ਼ਦਾਰ/ਜ਼ਾਮਨ/ਗਿਰਵੀਕਾਰਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਯੂਨੀਅਨ ਬੈਂਕ ਆਫ਼ ਇੰਡੀਆ ਦੇ ਚਾਰਜ ਦੇ ਅਧੀਨ ਹੋਵੇਗਾ।
ਕਰਜ਼ਦਾਰ/ਜ਼ਾਮਨ ਨੂੰ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਧਿਆਨ ਖਿੱਚਿਆ ਜਾਂਦਾ ਹੈ, ਸੁਰੱਖਿਅਤ ਸੰਪਤੀ(ਆਂ) ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ।

| ਸ਼ਾਖਾ ਅਤੇ ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ | ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਬ੍ਰਾਂਚ: ਫਤਿਹਗੜ੍ਹ ਸਾਹਿਬ ਬ੍ਰਾਂਚ ਕਰਜ਼ਦਾਰ (ਏ) ਸ਼੍ਰੀ ਹਰੀਸ਼ ਕੁਮਾਰ ਪੁੱਤਰ ਸ਼੍ਰੀ ਹਰੀ ਰਾਮ, ਮਕਾਨ ਨੰ: 3693/1, ਹਮਾਯੂਪੁਰ ਸਰਹਿੰਦ, ਫਤਿਹਗੜ੍ਹ ਸਾਹਿਬ, (ਅ) ਸ਼੍ਰੀਮਤੀ ਸੁਮਨ ਰਾਣੀ ਪਤਨੀ ਹਰੀਸ਼ ਕੁਮਾਰ, ਮਕਾਨ ਨੰ: 3693/1, ਹਮਾਯੂਪੁਰ, ਸਰਹਿੰਦ, ਫਤਿਹਗੜ੍ਹ ਸਾਹਿਬ ਅਤੇ ਜ਼ਾਮਨ ਅਸ਼ੋਕ ਕੁਮਾਰ ਪੁੱਤਰ ਕਿਸ਼ੋਰੀ ਲਾਲ, ਮਕਾਨ ਨੰ: 3738, ਵਾਰਡ ਨੰ: 11, ਜ਼ਿਲ੍ਹਾ ਫਤਿਹਗੜ੍ਹ ਸਾਹਿਬ | ਰਿਹਾਇਸ਼ੀ ਜਾਇਦਾਦ ਦਾ ਸਾਰਾ ਹਿੱਸਾ ਜਿਸਦੀ ਮਾਪ ਮਕਾਨ ਨੰ. 3691 ਹੈ ਅਤੇ ਜਿਸਦੀ ਮਾਪ 0 ਕਨਾਲ 10.64 ਮਰਲੇ (2875 ਵਰਗ ਫੁੱਟ) ਹੈ, ਵਾਰਡ ਨੰ. 11, ਹੁਮਾਯੂਪੁਰ, ਸਰਹਿੰਦ, ਤਹਿਸੀਲ ਅਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਸ਼੍ਰੀ ਹਰੀਸ਼ ਕੁਮਾਰ ਦੇ ਨਾਮ 'ਤੇ ਵਾਸਿਕਾ ਨੰ. 1564 ਮਿਤੀ 08.07.2009 ਨੂੰ ਪੂਰਬੀ-ਹਾਊਸ ਨਾਲ ਘਿਰਿਆ ਹੋਇਆ ਹੈ। ਸ਼੍ਰੀ ਭਾਗ ਸਿੰਘ ਆਦਿ 36'-0"; ਪੱਛਮ- ਸਟਰੀਟ ਅਤੇ ਸ਼੍ਰੀ ਹਰਬੰਸ ਸਿੰਘ ਦੇ ਘਰ 19'-0" + 19'; ਉੱਤਰ- ਸ਼੍ਰੀ ਕਾਂਸ਼ੀ ਰਾਮ ਦੇ ਘਰ 67'-0" + 16'-0"; ਦੱਖਣ- ਸ਼੍ਰੀ ਹਰੀ ਰਾਮ ਦੇ ਘਰ ਅਤੇ ਸਟਰੀਟ 70'-0" + 13'-0"। ਸਰਸਾਈਆਈਡੀ: 200112443930 | 30/12/2025 | 18/03/2026 | Rs. 3,78,593.14 ਅਤੇ ਹੋਰ ਵਿਆਜ |
| ਬ੍ਰਾਂਚ: ਜੀਟੀਬੀਐਸ ਲੁਧਿਆਣਾ ਬ੍ਰਾਂਚ ਕਰਜ਼ਦਾਰ (a) ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਹਰਜੀਤ ਸਿੰਘ, 8 ਨੰਬਰ 5758, ਗਲੀ ਨੰਬਰ 9/1, ਜੱਸੀਆਂ ਰੋਡ, ਰਘੂਬੀਰ ਪਾਰਕ, ?ਹੈਬੋਵਾਲ ਕਲਾਂ, ਜ਼ਿਲਾ। ਲੁਧਿਆਣਾ-141003; (ਅ) ਸ਼੍ਰੀਮਤੀ ਦਵਿੰਦਰ ਕੌਰ ਪਤਨੀ ਸ਼੍ਰੀ ਹਰਜੀਤ ਸਿੰਘ, ਮਕਾਨ ਨੰ. 5758, ਗਲੀ ਨੰ. 9/1, ਜੱਸੀਆਂ ਰੋਡ, ਰਘੂਬੀਰ ਪਾਰਕ, ਹੈਬੋਵਾਲ ਕਲਾਂ, ਜ਼ਿਲ੍ਹਾ ਲੁਧਿਆਣਾ-141003 ਅਤੇ (ਗ) ਸ਼੍ਰੀ ਹਰਜੀਤ ਸਿੰਘ ਪੁੱਤਰ ਸ਼੍ਰੀ ਮੱਖਣ ਸਿੰਘ, ਮਕਾਨ ਨੰ. 5758, ਗਲੀ ਨੰ. 9/1, ਜੱਸੀਆਂ ਰੋਡ, ਰਘੂਬੀਰ ਪਾਰਕ, ਹੈਬੋਵਾਲ ਕਲਾਂ, ਜ਼ਿਲ੍ਹਾ ਲੁਧਿਆਣਾ-141003 | ਰਿਹਾਇਸ਼ੀ ਜਾਇਦਾਦ ਦੇ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ 86.66 ਵਰਗ ਮੀਟਰ ਹੈ। ਗਜ਼ ਬੇਅਰਿੰਗ ਵਿੱਚ ਖਸਰਾ ਨੰਬਰ 1085, ਖਾਤਾ ਨੰਬਰ 50/14,12,13,17,18,15/1, 16/1, ਖਾਤਾ ਨੰਬਰ 184/196-358/371 ਸ਼ਾਮਲ ਹਨ ਜੋ 2007-2008 ਲਈ ਪ੍ਰਤੀ ਜਮ੍ਹਾਂਬੰਦੀ ਹੈ, ਪਿੰਡ ਜੱਸੀਆਂ, ਹਦਬਸਤ ਨੰਬਰ 101, ਅਬਾਦੀ ਜਿਸਨੂੰ ਲਕਸ਼ਮੀ ਨਗਰ (ਰਘੂਬੀਰ ਪਾਰਕ), ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਸ਼੍ਰੀ ਹਰਜੀਤ ਸਿੰਘ ਅਤੇ ਸ਼੍ਰੀਮਤੀ ਦਵਿੰਦਰ ਕੌਰ ਦੇ ਨਾਮ 'ਤੇ ਵਸਿਕਾ ਨੰਬਰ 10145 ਮਿਤੀ 25.01.2012 ਦੇ ਸੇਲ ਡੀਡ ਦੁਆਰਾ ਖੜ੍ਹਾ ਹੈ, ਪੂਰਬ ਨਾਲ ਘਿਰਿਆ ਹੋਇਆ ਹੈ - ਪਲਾਟ ਨੰਬਰ 70 ਪ੍ਰਸ਼ਾਸਨ 15'-0"; ਪੱਛਮ - ਗਲੀ ਚੌੜੀ 20' ਪ੍ਰਸ਼ਾਸਨ 15'-0"; ਉੱਤਰ - ਅਸ਼ੋਕ ਕੁਮਾਰ ਪ੍ਰਸ਼ਾਸਨ 49'-0"; ਦੱਖਣ - ਗੁਆਂਢੀ ਪ੍ਰਸ਼ਾਸਨ 49'-0"। ਸਰਸਾਈ ਸੰਪਤੀ ਆਈਡੀ: 200076430626 ਸੁਰੱਖਿਆ ਵਿਆਜ ਆਈਡੀ: 400074924756 | 08/01/2026 | 19/03/2026 | Rs. 45,72,686.87 ਅਤੇ ਹੋਰ ਵਿਆਜ |

ਮਿਤੀ : 18.03.2026
ਸਹੀ/- ਅਧਿਕਾਰਤ ਅਧਿਕਾਰੀ

# ਗੈਸ ਉਪਭੋਗਤਾ ਦੇ ਦੁਕਾਨਾਂ ਅੱਗੇ ਵਾਹਨ ਖੜ੍ਹਨ ਕਾਰਨ ਦੁਕਾਨਦਾਰ ਤੇ ਰਾਹਗੀਰ ਪ੍ਰੇਸ਼ਾਨ



ਫਿਲੌਰ, 21 ਮਾਰਚ (ਅਜੇ ਸਿੰਘ ਨਾਗੀ): ਫਿਲੌਰ ਗੈਸ ਏਜੰਸੀ ਗੜ੍ਹਾ ਰੋਡ ਫਿਲੌਰ ਗੈਸ ਸਿਲੰਡਰ ਉਪਭੋਗਤਾ ਸਵੇਰੇ ਗੈਸ ਏਜੰਸੀ ਖੁੱਲ੍ਹਣ ਤੋਂ ਪਹਿਲਾਂ ਆ ਕੇ ਆਪਣੇ ਵਾਹਨ, ਮੋਟਰਸਾਈਕਲ, ਗੱਡੀਆਂ ਦੁਕਾਨਾਂ 'ਤੇ, ਸੜਕ 'ਤੇ ਖੜ੍ਹੇ ਕਰਕੇ ਚਲੇ ਜਾਂਦੇ ਹਨ ਤੇ ਦੁਕਾਨਦਾਰਾਂ ਤੇ ਘਰਾਂ ਵਾਲਿਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੌਕੇ 112 ਦੇ ਇੰਚਾਰਜ ਲਖਵਿੰਦਰ ਸਿੰਘ ਨੇ ਗੈਸ ਲੈਣ ਆਉਣ ਵਾਲੇ ਵਾਹਨ ਚਾਲਕ ਆਪਣੇ ਵਾਹਨ ਸਾਈਡ 'ਤੇ ਲਗਾਉਣ ਨਹੀਂ ਤਾਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਭੀਕੇਯੂ ਦੋਆਬਾ ਕੁਲਦੀਪ ਸਿੰਘ ਜੌਹਲ ਨੰਬਰਦਾਰ ਮਹਲਾ ਚੌਧਰੀਆਂ, ਗੁਰਦੇਵ ਸਿੰਘ ਕੰਗ ਕਿਸਾਨੀ ਆਗੂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਮੁਹੱਲਾ ਵਾਸੀਆਂ ਤੇ ਰਾਹਗੀਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੇ ਸਬੰਧਤ ਵਿਭਾਗ ਤੇ ਗੈਸ ਏਜੰਸੀ ਸੰਚਾਲਕ ਨੂੰ ਕਿਹਾ ਕਿ ਗੈਸ ਸਿਲੰਡਰ ਗੋਦਾਮ ਤੋਂ ਗੈਸ ਉਪਭੋਗਤਾ ਨੂੰ ਸਪਲਾਈ ਦਿੱਤੀ ਜਾਵੇ, ਜਦੋਂ ਇਸ ਸਬੰਧੀ ਏਜੰਸੀ ਦੀ ਸੰਚਾਲਕ ਨਾਲ ਸੰਪਰਕ ਕੀਤਾ, ਜਿਨ੍ਹਾਂ ਦਾ ਪਹਿਲਾਂ ਸਿਲੰਡਰ ਬੁੱਕ ਹੁੰਦਾ ਹੈ, ਉਸ ਨੂੰ ਦਿੱਤਾ ਜਾਂਦਾ ਹੈ , ਟ੍ਰੈਫਿਕ ਸਮੱਸਿਆ ਦਾ ਜਲਦ ਹੱਲ ਕਰਵਾਉਣਗੇ।

# ਈਦ-ਉਲ-ਫ਼ਿਤਰ ਸ਼ਰਧਾ, ਭਾਈਚਾਰੇ ਤੇ ਅਮਨ ਦਾ ਸੰਦੇਸ਼ ਦਿੰਦਿਆਂ ਮਨਾਇਆ



ਕਾਦੀਆਂ, 21 ਮਾਰਚ (ਤਾਰੀ/ਸੰਧੂ): ਜਿਥੇ ਦੇਸ਼ ਭਰ ਵਿੱਚ ਈਦ-ਉਲ-ਫ਼ਿਤਰ ਦਾ ਪਵਿੱਤਰ ਤਿਉਹਾਰ ਬੜੀ ਅਕੀਦਤ ਤੇ ਉਤਸ਼ਾਹ ਨਾਲ ਮਨਾਇਆ ਗਿਆ, ਉਥੇ ਕਾਦੀਆਂ ਵਿੱਚ ਵੀ ਇਹ ਦਿਹਾੜਾ ਸ਼ਰਧਾ, ਭਾਈਚਾਰੇ ਤੇ ਅਮਨ ਦੇ ਸੁਨੇਹੇ ਨਾਲ ਮਨਾਇਆ ਗਿਆ। ਸਵੇਰੇ ਤੋਂ ਹੀ ਸ਼ਹਿਰ ਦਾ ਮਾਹੌਲ ਰੂਹਾਨੀ ਰੰਗ ਵਿੱਚ ਰੰਗਿਆ ਹੋਇਆ ਦਿਖਾਈ ਦਿੱਤਾ ਤੇ ਲੋਕ ਵੱਡੀ ਗਿਣਤੀ ਵਿੱਚ ਮਸਜਿਦਾਂ ਵੱਲ ਰੁਖ ਕਰਦੇ ਨਜ਼ਰ ਆਏ। ਇਸ ਮੌਕੇ ਸ਼ਹਿਰ ਦੀਆਂ ਵੱਖ-ਵੱਖ ਮਸਜਿਦਾਂ ਵਿੱਚ ਈਦ ਦੀ ਨਮਾਜ਼ ਅਦਾ ਕੀਤੀ ਗਈ। ਖਾਸ ਤੌਰ'ਤੇ ਮਸਜਿਦ ਅਕਸਾ ਵਿੱਚ ਵੱਡੀ ਗਿਣਤੀ ਵਿੱਚ ਨਮਾਜ਼ੀ ਇਕੱਠੇ ਹੋਏ, ਜਿੱਥੇ ਹਾਫ਼ਿਜ਼ ਮਖ਼ਦੂਮ ਸ਼ਰੀਫ ਵੱਲੋਂ ਨਮਾਜ਼ ਅਦਾ ਕਰਵਾਈ ਗਈ।ਨਮਾਜ਼ ਦੌਰਾਨ ਖੁਦਾ ਅੱਗੇ ਇਨਸਾਨੀਅਤ ਦੀ ਭਲਾਈ, ਦੇਸ਼ ਦੀ ਤਰੱਕੀ ਤੇ ਵਿਸ਼ਵ ਸ਼ਾਂਤੀ ਲਈ ਖ਼ਾਸ ਦੁਆਵਾਂ ਮੰਗੀਆਂ ਗਈਆਂ।ਨਮਾਜ਼ ਦੇ ਅੰਤ 'ਤੇ ਰਵਾਇਤੀ ਤੌਰ 'ਤੇ ਲੋਕਾਂ ਨੇ ਇੱਕ-ਦੂਜੇ ਨੂੰ ਗਲੇ ਮਿਲ ਕੇ ਈਦ ਮੁਬਾਰਕ ਕਹਿ ਕੇ ਵਧਾਈ ਦਿੱਤੀ। ਛੋਟੇ ਬੱਚਿਆਂ ਵਿੱਚ ਵੀ ਖਾਸ ਖੁਸ਼ੀ ਦੇਖਣ ਨੂੰ ਮਿਲੀ ਤੇ ਘਰਾਂ ਵਿੱਚ ਮਠਿਆਈਆਂ ਵਰਗੀਆਂ ਰਵਾਇਤੀ ਵਿਅੰਜਨਾਂ ਤਿਆਰ ਕੀਤੀਆਂ ਗਈਆਂ। ਪੂਰੇ ਸ਼ਹਿਰ ਵਿੱਚ ਖੁਸ਼ੀ, ਪਿਆਰ ਤੇ ਸਾਂਝੀਵਾਲਤਾ ਦਾ ਮਾਹੌਲ ਬਣਿਆ ਰਿਹਾ।ਇਸ ਖੁਸ਼ੀ ਦੇ ਮੌਕੇ 'ਤੇ ਵੱਖ-ਵੱਖ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਵੀ ਜਮਾਤ ਅਹਿਮਦੀਆ ਨਾਲ ਮਿਲ ਕੇ ਖੁਸ਼ੀ ਸਾਂਝੀ ਕੀਤੀ ਤੇ ਈਦ ਦੀਆਂ ਵਧਾਈਆਂ ਦਿੱਤੀਆਂ। ਇਸ ਦੌਰਾਨ ਪ੍ਰਤਾਪ ਸਿੰਘ ਬਾਜਵਾ, ਜਗਰੂਪ ਸਿੰਘ ਸੇਖਵਾਂ, ਫਤਹਿਜੰਗ ਸਿੰਘ ਬਾਜਵਾ, ਕਲਸੀ, ਬਬੀਤਾ ਖੋਸਲਾ, ਗਗਨਦੀਪ ਸਿੰਘ, ਵਿਜੇ ਕੁਮਾਰ, ਡੀਐਸਪੀ ਹਰੀਸ਼ ਬਹਿਲ, ਐਸਐਚਓ ਗੌਰਵ ਰਾਜਪੂਤ, ਮਨਦੀਪ ਕਾਹਲੋਂ ਤੇ ਪ੍ਰਭ ਬਾਜਵਾ ਸਮੇਤ ਹੋਰ ਕਈ ਪਤਵੰਤੇ ਹਾਜ਼ਰ ਰਹੇ।ਕਾਦੀਆਂ ਵਿੱਚ ਮਨਾਇਆ ਗਿਆ ਈਦ ਦਾ ਇਹ ਤਿਉਹਾਰ ਇੱਕ ਵਾਰ ਫਿਰ ਸਾਂਝੀਵਾਲਤਾ ਤੇ ਧਾਰਮਿਕ ਸਹਿਯੋਗ ਦੀ ਖ਼ੂਬਸੂਰਤ ਮਿਸਾਲ ਬਣ ਕੇ ਸਾਹਮਣੇ ਆਇਆ।

# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਗੁਰਦੁਆਰਾ ਰਵਿਦਾਸ ਸਭਾ ਪਹੁੰਚ ਕੇ ਇਲਾਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ



ਹਰਿਆਣਾ, 21 ਮਾਰਚ (ਚੰਦਰ ਪ੍ਰਕਾਸ਼): ਹਲਕਾ ਸ਼ਾਮ ਚੁਰਾਸੀ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਹਰਿਆਣਾ ਵਿਖੇ ਪਹੁੰਚ ਕੇ ਇਲਾਕੇ ਦੇ ਲੋਕਾਂ ਦੀਆ ਸਮੱਸਿਆਵਾਂ ਸੁਣੀਆਂ ਤੇ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਿਹਾ ਗਿਆ। ਇਸ ਮੌਕੇ ਡਾ. ਰਵਜੋਤ ਸਿੰਘ ਵੱਲੋਂ ਕਿਹਾ ਗਿਆ ਕਿ ਉਨ੍ਹਾਂ ਨੂੰ ਲੋਕਾਂ ਨੇ ਜਿਸ ਉਮੀਦ ਨਾਲ 2022 ਦੀਆਂ ਚੋਣਾਂ ਦੌਰਾਨ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਵਿਧਾਨ ਸਭਾ ਵਿੱਚ ਭੇਜਿਆ ਹੈ, ਉਹ ਆਪਣੇ ਵੋਟਰਾਂ ਤੇ ਸਪੋਟਰਾਂ ਨੂੰ ਕਦੇ ਕੋਈ ਪ੍ਰੇਸ਼ਾਨੀ ਨਹੀਂ ਆਉਣ ਦੇਣਗੇ।ਉਹ ਹਮੇਸ਼ਾ ਆਪਣੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ।ਇਸ ਮੌਕੇ ਕੈਬਨਿਟ ਮੰਤਰੀ ਗੁਰੂਘਰ ਵਿਖੇ ਨਮਸਤਕ ਹੋਏ ਤੇ ਉਨ੍ਹਾਂ ਨੂੰ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਵੱਲੋਂ ਪੰਜਾਬ ਸਰਕਾਰ ਤੇ ਡਾ. ਰਵਜੋਤ ਸਿੰਘ ਦੇ ਯਤਨਾਂ ਸਦਕਾ ਇਲਾਕੇ 'ਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਬਾਰੇ ਦੱਸਿਆ ਗਿਆ ਕਿ ਕਿਸ ਤਰ੍ਹਾਂ ਸਰਕਾਰ ਵੱਲੋਂ ਜਨਤਾ ਨੂੰ ਇਲਾਜ ਲਈ 10 ਲੱਖ ਰੁਪਏ ਸਹੂਲਤ ਤੇ ਪੰਜਾਬ ਦੀਆਂ ਔਰਤਾਂ ਵਾਸਤੇ ਹਰੇਕ ਮਹੀਨੇ ਐਸਸੀ ਵਰਗ ਲਈ 1500 ਰੁਪਏ ਤੇ ਜਨਰਲ ਜਾਤੀ ਲਈ 1000 ਰੁ., ਦੀ ਵਿਤੀ ਸਹਾਇਤਾ, ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਦੀ ਮੁਫਤ ਸੁਵਿਧਾ ਤੇ ਪਿੰਡਾਂ ਵਿੱਚ ਆਮ ਲੋਕਾਂ ਲਈ ਸਿਹਤ ਸਹੂਲਤਾਂ ਦੇਣ ਲਈ ਮੁਹੱਲਾ ਕਲੀਨਿਕ ਖੋਲ੍ਹਣੇ ਤੇ ਹੋਰ ਸਹੂਲਤਾਂ ਨਾਲ ਪੰਜਾਬ ਦੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ।ਇਸ ਮੌਕੇ ਗੁਰਦੁਆਰਾ ਰਵਿਦਾਸ ਸਭਾ ਦੀ ਕਮੇਟੀ ਵੱਲੋਂ ਗੁਰੂਘਰ ਦੇ ਹਾਲ ਬਣਾਉਣ ਲਈ ਰੁਕੇ ਹੋਏ ਕੰਮ ਬਾਰੇ ਡਾ. ਰਵਜੋਤ ਨੂੰ ਦੱਸਿਆ ਗਿਆ ਤੇ ਉਨ੍ਹਾਂ ਵੱਲੋਂ ਇਸ ਹਾਲ ਨੂੰ ਬਣਵਾਉਣ ਲਈ ਪੂਰਾ ਸਹਿਯੋਗ ਕਰਨ ਦਾ ਭਰੋਸਾ ਦਿੱਤਾ ਗਿਆ।ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸੰਜੇ ਕਪਿਲਾ ਮੀਡੀਆ ਇੰਚਾਰਜ ਅਨੀਸ਼, ਰਾਜਵੀਰ ਬੱਲ, ਸਿਟੀ ਪ੍ਰਧਾਨ ਮੁਕੇਸ਼ ਡਡਵਾਲ, ਰਾਮ ਗੋਪਾਲ ਸ਼ਰਮਾ, ਆਪ ਆਗੂ ਜੈਵੰਤੀ, ਵਿਜੈ ਭਾਟੀਆ, ਕਰਨੈਲ ਸਿੰਘ ਮੈਨੇਜਰ, ਰਾਜੇਸ਼ ਸ਼ਰਮਾ, ਇੰਦਰਪਾਲ ਸਿੰਘ, ਮਿੰਟੂ ਨਲੋਆ, ਸੁਖਦੇਵ ਬਾਬਾ, ਬਲਵਿੰਦਰ ਸੋਨੂੰ, ਜਸਪਾਲ ਬੰਟੀ, ਪ੍ਰਿੰਸੀਪਲ ਰਾਮ ਪ੍ਰਕਾਸ਼ ਸਿੰਘ ਹਾਜ਼ਰ ਸਨ।

# ਗੈਸ ਸਿਲੰਡਰਾਂ ਦੀ ਕਮੀ ਤੇ ਵੱਧਦੀਆਂ ਕੀਮਤਾਂ ਨਾਲ ਲੋਕ ਪ੍ਰੇਸ਼ਾਨ, ਬਲੈਕ ਮਾਰਕੀਟਿੰਗ ਦੇ ਸ਼ੱਕ 'ਤੇ ਜਾਂਚ ਦੀ ਮੰਗ

ਕਾਦੀਆਂ, 21 ਮਾਰਚ (ਤਾਰੀ/ਸੰਧੂ): ਗੈਸ ਸਿਲੰਡਰਾਂ ਦੀ ਲਗਾਤਾਰ ਵੱਧ ਰਹੀਆਂ ਕੀਮਤਾਂ ਤੇ ਸਪਲਾਈ ਵਿੱਚ ਗੜਬੜ ਕਾਰਨ ਆਮ ਜਨਤਾ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਹਿਰ ਦੇ ਕਈ ਇਲਾਕਿਆਂ ਵਿੱਚ ਸਮੇਂ ਸਿਰ ਸਿਲੰਡਰ ਨਾ ਮਿਲਣ ਕਰਕੇ ਲੋਕਾਂ ਵਿੱਚ ਨਾਰਾਜ਼ਗੀ ਵੇਖਣ ਨੂੰ ਮਿਲ ਰਹੀ ਹੈ। ਇਸ ਗੰਭੀਰ ਮਾਮਲੇ ਨੂੰ ਲੈ ਕੇ ਸ਼ਿਵਸੈਨਾ ਸਮਾਜਵਾਦੀ ਦੇ ਰਾਸ਼ਟਰੀ ਉਪ-ਪ੍ਰਧਾਨ ਡਾ. ਛਾਬੜਾ ਵੱਲੋਂ ਪ੍ਰੈਸ ਕਾਨਫਰੰਸ ਕਰਕੇ ਪ੍ਰਸ਼ਾਸਨ ਦਾ ਧਿਆਨ ਖਿੱਚਿਆ ਗਿਆ।ਡਾ. ਛਾਬੜਾ ਨੇ ਦੱਸਿਆ ਕਿ ਇੱਕ ਪਾਸੇ ਸਥਾਨਕ ਗੈਸ ਏਜੰਸੀ ਵੱਲੋਂ ਰੋਜ਼ਾਨਾ ਸਪਲਾਈ ਆਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਜਦਕਿ ਦੂਜੇ ਪਾਸੇ ਉਪਭੋਗਤਾਵਾਂ ਨੂੰ 10-10 ਦਿਨ ਤੋਂ ਵੱਧ ਸਮੇਂ ਤੱਕ ਬੁਕਿੰਗ ਹੋਣ ਦੇ ਬਾਵਜੂਦ ਵੀ ਸਿਲੰਡਰ ਨਹੀਂ ਮਿਲ ਰਹੇ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਗੈਸ ਸਿਲੰਡਰਾਂ ਦੀ ਬਲੈਕ ਮਾਰਕੀਟਿੰਗ ਹੋਣ ਦੇ ਸ਼ੱਕ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਹ ਵੀ ਦੱਸਿਆ ਕਿ ਕਈ ਉਪਭੋਗਤਾਵਾਂ ਨੂੰ ਬੁਕਿੰਗ ਤੋਂ ਬਾਅਦ ਡਿਲਿਵਰੀ ਦਾ ਮੈਸੇਜ ਤਾਂ ਆ ਜਾਂਦਾ ਹੈ, ਪਰ ਅਸਲ ਵਿੱਚ ਸਿਲੰਡਰ ਉਨ੍ਹਾਂ ਦੇ ਘਰ ਨਹੀਂ ਪਹੁੰਚਦਾ। ਡਾ. ਛਾਬੜਾ ਨੇ ਦੋਸ਼ ਲਗਾਇਆ ਕਿ ਹੋਮ ਡਿਲਿਵਰੀ ਕਰਨ ਵਾਲੇ ਕਰਮਚਾਰੀ ਅਕਸਰ ਆਪਣੇ ਮੋਬਾਈਲ ਫੋਨ ਬੰਦ ਰੱਖਦੇ ਹਨ ਤੇ ਸਿੱਧੇ ਸੰਪਰਕ ਕਰਨ 'ਤੇ ਹੀ ਸਿਲੰਡਰ ਮੁਹੱਈਆ ਕਰਵਾਇਆ ਜਾਂਦਾ ਹੈ, ਜਿਸ ਨਾਲ ਪਾਰਦਰਸ਼ਤਾ 'ਤੇ ਸਵਾਲ ਖੜ੍ਹੇ ਹੁੰਦੇ ਹਨ। ਇਸ ਤੋਂ ਇਲਾਵਾ ਗੈਸ ਏਜੰਸੀ ਦੇ ਮਾਲਕ ਦੇ ਦਸਤਖ਼ਤਾਂ ਤੋਂ ਬਿਨਾਂ ਸਿਲੰਡਰ ਨਾ ਮਿਲਣ ਦੀ ਗੱਲ ਵੀ ਸਾਹਮਣੇ ਆ ਰਹੀ ਹੈ, ਜਿਸ ਨਾਲ ਉਪਭੋਗਤਾਵਾਂ ਨੂੰ ਹੋਰ ਵੀ ਪ੍ਰੇਸ਼ਾਨੀ ਝੇਲਣੀ ਪੈਂਦੀ ਹੈ। ਅੱਜ ਫਿਰ ਉਹੀ ਹਾਲਾਤ ਬਣਦੇ ਨਜ਼ਰ ਆ ਰਹੇ ਹਨ।ਇਸ ਸਬੰਧ ਵਿੱਚ ਡਾ. ਛਾਬੜਾ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਮਾਮਲੇ ਦੀ ਨਿਰਪੱਖ ਤੇ ਗਹਿਰਾਈ ਨਾਲ ਜਾਂਚ ਕਰਵਾਈ ਜਾਵੇ, ਬਲੈਕ ਮਾਰਕੀਟਿੰਗ 'ਤੇ ਤੁਰੰਤ ਰੋਕ ਲਗਾਈ ਜਾਵੇ ਤੇ ਆਮ ਉਪਭੋਗਤਾਵਾਂ ਨੂੰ ਸਮੇਂ ਸਿਰ ਤੇ ਠੀਕ ਕੀਮਤ 'ਤੇ ਗੈਸ ਸਿਲੰਡਰ ਉਪਲਬਧ ਕਰਵਾਏ ਜਾਣ।ਇਸ ਸਬੰਧ ਵਿੱਚ ਜ਼ਿਲ੍ਹਾ ਫੂਡ ਕੰਟਰੋਲਰ ਅਮਨਜੋਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾਧੀਸ਼ ਦੇ ਨਿਰਦੇਸ਼ਾਂ ਅਨੁਸਾਰ ਮੀਟਿੰਗ ਕਰਕੇ ਸਾਰੇ ਐਸਡੀਐਮ ਤੇ ਸਬੰਧਤ ਅਧਿਕਾਰੀਆਂ ਨੂੰ ਨਿਯਮਿਤ ਚੈਕਿੰਗ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਸਿਲੰਡਰਾਂ ਦੀ ਸਪਲਾਈ ਆ ਰਹੀ ਹੈ, ਉਸੇ ਅਨੁਸਾਰ ਉਪਭੋਗਤਾਵਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਜੇ ਕਿਸੇ ਵੀ ਪੱਧਰ 'ਤੇ ਗੜਬੜ ਸਾਹਮਣੇ ਆਉਂਦੀ ਹੈ ਤਾਂ ਸਬੰਧਤ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।



# ਸਦਰ ਨਵਾਂਸ਼ਹਿਰ ਪੁਲਿਸ ਨੂੰ ਮਿਲੀ ਵੱਡੀ ਕਾਮਯਾਬੀ
## ਲੁੱਟ-ਖੋਹ ਕਰਨ ਵਾਲੇ ਦੋ ਦੋਸ਼ੀ ਗ੍ਰਿਫਤਾਰ

ਰਾਹੋਂ/ਨਵਾਂਸ਼ਹਿਰ, 21 ਮਾਰਚ (ਸੰਜੀਵ ਕੁਮਾਰ ਬੌਬੀ): ਮਾਣਯੋਗ ਸੀਨੀਅਰ ਕਪਤਾਨ ਪੁਲਿਸ ਸ਼ਹੀਦ ਭਗਤ ਸਿੰਘ ਨਗਰ ਤੁਸ਼ਾਰ ਗੁਪਤਾ, ਆਈ.ਪੀ.ਐਸ. ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਪੁਲਿਸ ਨੂੰ ਮਹੱਤਵਪੂਰਨ ਕਾਮਯਾਬੀ ਮਿਲੀ ਹੈ। ਰਾਜ ਕੁਮਾਰ ਬਜਾੜ, ਪੀ.ਪੀ.ਐਸ. ਉਪ-ਕਪਤਾਨ ਪੁਲਿਸ ਸਬ-ਡਵੀਜ਼ਨ ਨਵਾਂਸ਼ਹਿਰ ਦੀ ਦੇਖਰੇਖ ਹੇਠ ਐਸ.ਐਚ.ਓ. ਰੁਬਨੀਵ ਸਿੰਘ ਵੱਲੋਂ ਥਾਣਾ ਸਦਰ ਨਵਾਂਸ਼ਹਿਰ ਦੀ ਪੁਲਿਸ ਟੀਮ ਨੇ ਲੁੱਟ-ਖੋਹ ਕਰਨ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਮਾਮਲੇ ਨੂੰ ਸੁਲਝਾ ਲਿਆ ਹੈ।ਪੁਲਿਸ ਅਨੁਸਾਰ ਕੇਸਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਸ਼ਾਹਪੁਰ ਪੱਟੀ ਥਾਣਾ ਰਾਹੋਂ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਸ਼ੂਗਰ ਮਿੱਲ ਨਵਾਂਸ਼ਹਿਰ ਤੋਂ ਸਰਵੇਅਰ ਵਜੋਂ ਰਿਟਾਇਰਡ ਹੈ। ਮਿਤੀ 13 ਫ਼ਰਵਰੀ 2026 ਨੂੰ ਉਹ ਆਪਣੀ ਸਕੂਟਰੀ PB-32-M-5543 'ਤੇ ਨਵਾਂਸ਼ਹਿਰ ਤੋਂ ਆਪਣੇ ਪਿੰਡ ਸ਼ਾਹਪੁਰ ਪੱਟੀ ਵੱਲ ਜਾ ਰਿਹਾ ਸੀ। ਜਦੋਂ ਉਹ ਪਿੰਡ ਨਾਈ ਮਾਜਰਾ ਦੀ ਲਿੰਕ ਸੜਕ ਤੋਂ ਲਗਭਗ 100 ਮੀਟਰ ਅੱਗੇ ਪਹੁੰਚਿਆ ਤਾਂ ਤਿੰਨ ਨੌਜਵਾਨ ਮੋਟਰਸਾਈਕਲ 'ਤੇ ਆ ਕੇ ਉਸਦੇ ਨਾਲ ਖੜ੍ਹ ਗਏ। ਦੋਸ਼ੀਆਂ ਨੇ ਉਸ 'ਤੇ ਹਮਲਾ ਕਰਕੇ ਦਾਤਰ ਤੇ ਡੰਡਿਆਂ ਨਾਲ ਸੱਟਾਂ ਮਾਰੀਆਂ ਤੇ ਉਸਦੀ ਕਮੀਜ਼ ਦੀ ਜੇਬ ਵਿਚੋਂ ਕਰੀਬ 9 ਹਜ਼ਾਰ ਰੁਪਏ ਖੋਹ ਕੇ ਮੌਕੇ ਤੋਂ ਫ਼ਰਾਰ ਹੋ ਗਏ।ਇਸ ਸਬੰਧੀ ਥਾਣਾ ਸਦਰ ਨਵਾਂਸ਼ਹਿਰ ਵਿੱਚ ਮੁਕੱਦਮਾ ਦਰਜ ਕਰਕੇ ਪੁਲਿਸ ਵੱਲੋਂ ਖੁਫੀਆ, ਐਲਾਨੀਆਂ ਤੇ ਟੈਕਨੀਕਲ ਤਰੀਕਿਆਂ ਨਾਲ ਜਾਂਚ ਸ਼ੁਰੂ ਕੀਤੀ ਗਈ। ਜਾਂਚ ਦੌਰਾਨ ਦੋਸ਼ੀ ਬਲਜਿੰਦਰ ਸਿੰਘ ਉਰਫ਼ ਕਾਲਾ ਪੁੱਤਰ ਮਨਮੋਹਣ ਸਿੰਘ ਤੇ ਅਰੁਣ ਕੁਮਾਰ ਉਰਫ਼ ਅਰੁਣ ਪੁੱਤਰ ਤਰਸੇਮ ਸਿੰਘ ਵਾਸੀ ਮੁੱਜਫਰਪੁਰ ਥਾਣਾ ਰਾਹੋਂ ਨੂੰ 14 ਮਾਰਚ ਨੂੰ ਗ੍ਰਿਫਤਾਰ ਕਰ ਲਿਆ ਗਿਆ।ਪੁਲਿਸ ਨੇ ਦੋਸ਼ੀਆਂ ਪਾਸੋਂ ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਹੀਰੋ ਡੀਲਕਸ PB-24-Z-1825 (ਲਾਲ-ਕਾਲਾ ਰੰਗ), ਇੱਕ ਲੋਹੇ ਦਾ ਦਾਤਰ ਤੇ ਦੋ ਲੱਕੜ ਦੇ ਡੰਡੇ ਬ੍ਰਾਮਦ ਕੀਤੇ ਹਨ।ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀਆਂ ਤੋਂ ਨਵਾਂਸ਼ਹਿਰ ਇਲਾਕੇ ਵਿੱਚ ਹੋਰ ਕੀਤੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਬਾਰੇ ਵੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।



# ਦਾਦੂਵਾਲ ਨੇ ਮੀਰੀ-ਪੀਰੀ ਸੰਸਥਾ ਦੀ ਸੇਵਾ ਸੰਭਾਲਣ ਦਾ ਐਲਾਨ ਕੀਤਾ

ਕੁਰੂਕਸ਼ੇਤਰ, 21 ਮਾਰਚ (ਚ.ਨ.ਸ): ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ (ਐਚਐਸਜੀਐਮਸੀ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨਾਲ ਵਿਵਾਦ ਅਜੇ ਮੁੱਕਿਆ ਨਹੀਂ ਸੀ ਕਿ ਐਚਐਸਜੀਐਮਸੀ ਦੇ ਸਾਬਕਾ ਪ੍ਰਧਾਨ ਤੇ ਨਾਮਜ਼ਦ ਮੈਂਬਰ ਬਲਜੀਤ ਸਿੰਘ ਦਾਦੂਵਾਲ ਅੱਜ ਦੁਪਹਿਰ ਵੇਲੇ ਮੀਰੀ-ਪੀਰੀ ਮੈਡੀਕਲ ਵਿਗਿਆਨ ਐ ਖੋਜ ਚੈਰੀਟੇਬਲ ਟਰੱਸਟ ਵਿਖੇ ਪ੍ਰਦਰਸ਼ਨਕਾਰੀ ਮੁਲਾਜ਼ਮਾਂ ਦਾ ਸਮਰਥਨ ਕਰਨ ਲਈ ਪੁੱਜ ਗਏ। ਇਸ ਦੌਰਾਨ ਅਚਾਨਕ ਉਨ੍ਹਾਂ ਨੇ ਸੰਸਥਾ ਦੀਆਂ ਸੇਵਾਵਾਂ ਸੰਭਾਲਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ।ਉਪਰੰਤ ਟਰੱਸਟ ਅਧਿਕਾਰੀਆਂ ਤੇ ਬਲਜੀਤ ਸਿੰਘ ਦਾਦੂਵਾਲ ਵਿੱਚਕਾਰ ਤਕਰਾਰ ਹੋ ਗਈ। ਦੋਵੇਂ ਧਿਰਾਂ ਨਾਲ ਗੱਲਬਾਤ ਕਰਨ ਪੁੱਜੇ ਡੀਐਸਪੀ ਰਾਮ ਕੁਮਾਰ ਨੇ ਮੀਟਿੰਗ ਰਾਹੀਂ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਜਦੋਂ ਦਾਦੂਵਾਲ ਅੜੇ ਰਹੇ ਤਾਂ ਵੱਡੀ ਗਿਣਤੀ ਐਸਜੀਪੀਸੀ ਸਮਰਥਕ ਇਕੱਠੇ ਹੋ ਗਏ। ਉਨ੍ਹਾਂ ਦਾਦੂਵਾਲ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਪ੍ਰਸ਼ਾਸਨਿਕ ਦਫ਼ਤਰ ਤੋਂ ਬਾਹਰ ਕੱਢ ਦਿੱਤਾ। ਸ਼੍ਰੋਮਣੀ ਕਮੇਟੀ ਦੇ ਸਮਰਥਕ ਰਘੂਜੀਤ ਸਿੰਘ ਵਿਰਕ ਤੇ ਹੋਰਾਂ ਨੇ ਦਾਦੂਵਾਲ ਤੇ ਸਾਥੀਆਂ ਵਿਰੁੱਧ ਸ਼ਾਹਬਾਦ ਪੁਲਿਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ।



**ਹਰਿਆਣਾ ਕਮੇਟੀ ਦੇ ਕੁਝ ਮੈਂਬਰ ਵੀ ਹੋਏ ਬੇਪਰਦ:** ਬਲਜੀਤ ਸਿੰਘ ਦਾਦੂਵਾਲ ਨੇ ਦੱਸਿਆ ਕਿ ਸੰਸਥਾ ਐਚਐਸਜੀਐਮਸੀ ਅਧੀਨ ਆਵੇਗੀ। ਅੱਜ ਪ੍ਰਸ਼ਾਸਨ ਨੇ ਉਨ੍ਹਾਂ ਤੋਂ ਸਮਾਂ ਮੰਗਿਆ ਹੈ ਤੇ ਜ਼ਰੂਰੀ ਦਸਤਾਵੇਜ਼ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਸੰਗਤ ਨੂੰ ਸਪੱਸ਼ਟ ਹੋ ਗਿਆ ਹੈ ਕਿ ਕਿਹੜੇ ਮੈਂਬਰ ਹਰਿਆਣਾ ਦੀ ਸੰਗਤ ਦੇ ਨਾਲ ਖੜ੍ਹੇ ਹਨ ਤੇ ਕਿਹੜੇ ਬਾਦਲ ਪਰਿਵਾਰ ਦੇ ਨਾਲ।

# ਡਾ. ਰਵਜੋਤ ਸਿੰਘ ਨੇ ਛੱਪੜ ਦੇ ਨਵੀਨੀਕਰਨ ਤੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ



ਹੁਸ਼ਿਆਰਪੁਰ, 21 ਮਾਰਚ (ਦੀਪਕ ਅਗਨੀਹੋਤਰੀ): ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਨੇੜਲੇ ਪਿੰਡ ਫਤਹਿਪੁਰ ਵਿਖੇ ਛੱਪੜ ਦੇ ਨਵੀਨੀਕਰਨ ਤੇ ਹੋਰਨਾਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਵਿਕਾਸ ਕਾਰਜਾਂ ਲਈ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ।ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਦੇ ਹਰ ਖੇਤਰ ਵਿਚ ਪਿਛਲੇ ਚਾਰ ਸਾਲਾਂ ਦੌਰਾਨ ਅਥਾਹ ਵਿਕਾਸ ਹੋਇਆ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਤੇ ਸਿਹਤ ਖੇਤਰ ਨੂੰ ਤਵੱਜੋਂ ਦਿੰਦਿਆਂ ਪੰਜਾਬ ਸਰਕਾਰ ਨੇ ਆਮ ਲੋਕਾਂ ਲਈ ਵੱਡੀਆਂ ਸਹੂਲਤਾਂ ਨੂੰ ਯਕੀਨੀ ਬਣਾਇਆ ਹੈ ਤੇ ਆਉਂਦੇ ਸਮੇਂ ਵਿਚ ਵੀ ਇਹ ਲੜੀ ਇਸੇ ਤਰ੍ਹਾਂ ਬਰਕਰਾਰ ਰਹੇਗੀ। ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਛੱਪੜ ਦੇ ਨਵੀਨੀਕਰਨ ਤੇ ਬਾਕੀ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਨਾਲ ਪਿੰਡ ਦੀ ਨੁਹਾਰ ਨੂੰ ਨਵਾਂ ਰੂਪ ਮਿਲੇਗਾ।

# ਕਾਲਾ ਅਫਗਾਨਾ ਵਿਖੇ ਟਰੇਡਰਜ਼ ਕਮਿਸ਼ਨ ਤਹਿਤ ਵਪਾਰੀਆਂ ਤੇ ਦੁਕਾਨਦਾਰਾਂ ਨਾਲ ਮੀਟਿੰਗ




ਬਟਾਲਾ, 21 ਮਾਰਚ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਗੁਰਦਾਸਪੁਰ ਦੇ ਚੇਅਰਮੈਨ ਸਿਮਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਵਪਾਰੀਆਂ ਤੇ ਦੁਕਾਨਦਾਰਾਂ ਤੱਕ ਪਹੁੰਚ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣ ਕੇ ਹੱਲ ਕਰਵਾਈਆਂ ਜਾ ਰਹੀਆਂ ਹਨ। ਜਿਸ ਤਹਿਤ ਕਾਲਾ ਅਫਗਾਨਾ ਵਿਖੇ ਦੁਕਾਨਦਾਰਾਂ ਤੇ ਵਪਾਰੀਆਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਬਲਬੀਰ ਸਿੰਘ ਪੰਨੂੰ ਹਲਕਾ ਇੰਚਾਰਜ ਫਤਹਿਗੜ੍ਹ ਚੂੜੀਆਂ, ਚੇਅਰਮੈਨ ਗੁਰਪ੍ਰੀਤ ਸਿੰਘ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਦੁਕਾਨਦਾਰ ਤੇ ਵਪਾਰ ਮੰਡਲ ਦੀਆਂ ਵੱਖ-ਵੱਖ ਸ਼ਖ਼ਸੀਅਤਾਂ ਮੌਜੂਦ ਸਨ।ਇਸ ਮੌਕੇ ਸੰਬੋਧਨ ਕਰਦਿਆਂ ਬਲਬੀਰ ਸਿੰਘ ਪੰਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਪਾਰੀਆਂ, ਦੁਕਾਨਦਾਰਾਂ ਤੇ ਉਦਮੀਆਂ ਲਈ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ 'ਪੰਜਾਬ ਟਰੇਡ ਕਮਿਸ਼ਨ' ਦਾ ਗਠਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲੇ ਲੋਕਾਂ ਲਈ ਪ੍ਰਸ਼ਾਸਨ ਨੂੰ ਵਧੇਰੇ ਪਹੁੰਚਯੋਗ ਤੇ ਜਵਾਬਦੇਹ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਕਮਿਸ਼ਨ ਵੱਲੋਂ ਵਪਾਰੀਆਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਵਪਾਰੀਆਂ ਵੱਲੋਂ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਤੇ ਮਸਲਿਆਂ ਨੂੰ ਧਿਆਨ ਨਾਲ ਸੁਣਿਆ ਗਿਆ।ਪੰਜਾਬ ਸਟੇਟ ਟਰੇਡਰ ਕਮਿਸ਼ਨ ਦਾ ਮੁਖੀ ਉਦੇਸ਼ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਤੇ ਵਪਾਰਕ ਮਾਹੌਲ ਨੂੰ ਹੋਰ ਸੁਗਮ ਤੇ ਪਾਰਦਰਸ਼ੀ ਬਣਾਉਣਾ ਹੈ।ਇਸ ਤਰ੍ਹਾਂ ਦੀਆਂ ਮੀਟਿੰਗਾਂ ਰਾਹੀਂ ਵਪਾਰੀਆਂ ਤੇ ਪ੍ਰਸ਼ਾਸਨ ਦਰਮਿਆਨ ਸੰਵਾਦ ਮਜ਼ਬੂਤ ਹੋ ਰਿਹਾ ਹੈ, ਜਿਸ ਨਾਲ ਵਪਾਰਕ ਗਤੀਵਿਧੀਆਂ ਨੂੰ ਨਵਾਂ ਉਤਸ਼ਾਹ ਮਿਲ ਰਿਹਾ ਹੈ।

# ਵਿਧਾਇਕ ਰੰਧਾਵਾ ਵੱਲੋਂ ਹਲਕੇ ਦੇ ਪੰਚਾਂ-ਸਰਪੰਚਾਂ ਤੇ ਹੋਰ 'ਆਪ' ਵਲੰਟੀਅਰਾਂ ਨਾਲ ਮੀਟਿੰਗ

ਡੇਰਾ ਬਾਬਾ ਨਾਨਕ, 21 ਮਾਰਚ (ਹੈਪੀ ਕੋਟਲੀ): ਅੱਜ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਬੀਡੀਪੀਓ ਦਫਤਰ ਡੇਰਾ ਬਾਬਾ ਨਾਨਕ ਵਿਖੇ ਵੱਡੀ ਸਕਰੀਨ ਲਗਾ ਕੇ ਇਲਾਕੇ ਦੇ ਸਰਪੰਚਾਂ ਤੇ ਮੋਹਤਬਰ ਵਿਅਕਤੀਆਂ ਨੂੰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਜਾਣੂੰ ਕਰਵਾਇਆ ਗਿਆ। ਇਸ ਮੌਕੇ ਸਰਪੰਚਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਉਪਰ ਝੂਠੇ ਪਰਚੇ ਦਰਜ ਕਰਕੇ ਆਮ ਆਦਮੀ ਪਾਰਟੀ ਤੇ ਅਰਵਿੰਦ ਕੇਜਰੀਵਾਲ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਮਾਣਯੋਗ ਅਦਾਲਤ ਵੱਲੋਂ ਅਰਵਿੰਦ ਕੇਜਰੀਵਾਲ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ।ਉਨ੍ਹਾਂ ਦਾਅਵਾ ਕੀਤਾ ਕਿ 2027 ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ। ਇਸ ਮੌਕੇ ਮੈਂਬਰ ਬਲਾਕ ਸੰਮਤੀ ਬਲਵਿੰਦਰ ਸਿੰਘ ਗੁਰਾਇਆ, ਇੰਦਰਜੀਤ ਸਿੰਘ ਚਾਕਾਂਵਾਲੀ, ਕੇਪੀ ਸਰਪੰਚ ਸਾਹ ਸੰਮਸ, ਕੰਵਲਜੀਤ ਸਿੰਘ ਸਰਪੰਚ ਫੱਤੂਪੁਰ, ਅਮਰਜੀਤ ਸਿੰਘ ਗੁਰਚੱਕ, ਦਲਬੀਰ ਸਿੰਘ ਰਾਜੇਕੇ, ਮਲਕੀਤ ਸਿੰਘ ਖੁਸ਼ਹਾਲਪੁਰ, ਦਲਜੀਤ ਸਿੰਘ ਦੇਹੜ, ਰਵੀ ਸਰਪੰਚ ਮੰਮਣ, ਗੁਰਮਨਜੀਤ ਸਿੰਘ ਧਾਰੋਵਾਲੀ, ਨਰਿੰਦਰ ਸਿੰਘ ਖ਼ਾਲਸਾ, ਬਖਸ਼ੀਸ਼ ਸਿੰਘ ਅਲੀਨੰਗਲ, ਕਮਲਜੀਤ ਕੌਰ ਸਰਪੰਚ ਬਾਜ਼ੀਗਰ ਬਸਤੀ ਧਿਆਨਪੁਰ, ਰਣਜੀਤ ਸਿੰਘ ਗਾਜ਼ੀ ਨੰਗਲ ਕੁਲਦੀਪ ਸਿੰਘ ਗਵਾਰ ਸੂਬੇਦਾਰ ਦੇਹਰ, ਸ਼ਮਸ਼ੇਰ ਸਿੰਘ ਦੇਨਵੀਨਗਰ, ਜੋਬਨਪ੍ਰੀਤ ਸਿੰਘ ਬਹਿਲੋਲਪੁਰ ਤੇ ਗੁਲਜ਼ਾਰ ਸਿੰਘ ਖਹਿਰਾ ਸੁਲਤਾਨਮਨਪ੍ਰੀਤ ਸਿੰਘ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਮਹਿੰਦਰ ਸਿੰਘ ਨਿਕੋਸਰਾਂ, ਸਾਬਕਾ ਚੇਅਰਮੈਨ ਕੁਲਵੰਤ ਸਿੰਘ ਅਗਵਾਨ, ਬਲਵਿੰਦਰ ਸਿੰਘ ਸ਼ਿਕਾਰ ਮਾਸੀਆਂ, ਪ੍ਰਧਾਨ ਰਜੇਸ਼ ਕੁਮਾਰ ਬਿੱਟਾ, ਮੇਜਰ ਸਿੰਘ ਠੇਠਰਕੇ, ਲਵਪ੍ਰੀਤ ਸਿੰਘ ਪੀਏ, ਨਿਰਮਲ ਸਿੰਘ ਮੋਹਲੋਵਾਲੀ, ਬਿਕਰਮਜੀਤ ਸਿੰਘ ਸਰਪੰਚ ਮਸਰਾਲਾ, ਹੀਰਾ ਸਿੰਘ ਸਰਪੰਚ ਪੱਬਾਂ ਰਾਲੀ, ਮਲਕੀਤ ਸਿੰਘ ਸਰਪੰਚ ਸਰਫ ਕੋਟ, ਜਸਪਾਲ ਸਿੰਘ ਸਰਪੰਚ ਸ਼ਾਹਪੁਰ ਗੁਰਾਇਆ, ਲਖਵਿੰਦਰ ਸਿੰਘ ਬਰਿਆਰ, ਗੁਰਤੇਜ ਸਿੰਘ ਰਣਸੀਕਾ ਤੱਲਾ, ਹੈਪੀ ਸਰਪੰਚ ਬਹਿਲੋਲਪੁਰ, ਸਰਬਜੀਤ ਸਿੰਘ, ਸਾਹਿਬ ਸਿੰਘ ਸਰਪੰਚ ਜੀਵਨ ਨੰਗਲ, ਵਿਸਾਖਾ ਸਿੰਘ ਮੀਰ ਖਰਕਚਾਨਾ ਸਤਨਾਮ ਸਿੰਘ ਟਰਪੱਲਾ ਦਲਜੀਤ ਸਿੰਘ ਤਲਵੰਡੀ ਗੁਰਾਇਆ ਹਰਜੀਤ ਸਿੰਘ ਤਪਾਲਾ, ਬਲਜੀਤ ਸਿੰਘ ਪੱਤੀ ਰਾਮਪੁਰ, ਰਾਜਾ ਸਰਪੰਚ ਹਵੇਲੀਆਂ, ਮਨਸਿੰਦਰ ਸਿੰਘ ਚੌੜਾ ਹਾਜ਼ਰ ਸਨ।



# ਗੁਰੂ ਤੇਗ ਬਹਾਦਰ ਇੰਟਰਫੇਥ ਅਕੈਡਮੀ ਨੇ ਸਾਲਾਨਾ ਨਤੀਜੇ ਐਲਾਨੇ ਤੇ ਇਨਾਮ ਤਕਸੀਮ ਕੀਤੇ



ਨੌਸ਼ਿਹਰਾ ਮੱਝਾ ਸਿੰਘ/ਅਲੀਵਾਲ, 21 ਮਾਰਚ (ਡਾ. ਸਰਵਣ ਸਿੰਘ/ਡਾ. ਸਤਨਾਮ ਸਿੰਘ ਸੰਧੂ): ਇਥੋਂ ਥੋੜੀ ਦੂਰ ਗੁਰੂ ਤੇਗ ਬਹਾਦਰ ਇੰਟਰਫੇਥ ਅਕੈਡਮੀ ਕੋਟਲਾ ਸ਼ਰਫ ਵਿਖੇ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਦੇ ਵਿੱਚ ਬਿਨਾਂ ਬੋਰਡ ਦੀਆਂ ਕਲਾਸਾਂ ਦੇ ਨਤੀਜੇ ਐਲਾਨੇ ਗਏ।ਇਸ ਸਮੇਂ ਬੱਚਿਆਂ ਦੇ ਮਾਪਿਆਂ ਨੇ ਵੱਡੀ ਪੱਧਰ 'ਤੇ ਹਾਜ਼ਰੀ ਲਵਾਈ ਤੇ ਅਕੈਡਮੀ ਦੇ ਸਿੱਖਿਆ, ਖੇਡ ਤੇ ਹੋਰ ਪ੍ਰਬੰਧ 'ਤੇ ਸੰਤੁਸ਼ਟਤਾ ਜ਼ਾਹਿਰ ਕੀਤੀ।ਯਾਦ ਰਹੇ ਕਿ ਗੁਰੂ ਤੇਗ ਬਹਾਦਰ ਇੰਟਰਫੇਥ ਅਕੈਡਮੀ ਕੋਟਲਾ ਸ਼ਰਫ ਗੁਰੂ ਤੇਗ ਬਹਾਦਰ ਐਜੂਕੇਸ਼ਨ ਟਰੱਸਟ ਦੁਆਰਾ ਅੰਤਰਰਾਸ਼ਟਰੀ ਸਿੱਖ ਵਿਦਵਾਨ ਡਾ. ਸਰਵਣ ਸਿੰਘ ਦੀ ਰਹਿਨੁਮਾਈ ਹੇਠ ਚਲਾਈ ਜਾ ਰਹੀ ਹੈ। ਇਸ ਸਮੇਂ ਬੋਲਦਿਆਂ ਹੋਇਆਂ ਡਾ. ਸਰਵਣ ਸਿੰਘ ਨੇ ਕਿਹਾ ਕਿ ਅਜੋਕੇ ਪੈਸੇ ਦੇ ਸਮੇਂ ਦੇ ਵਿੱਚ ਲੋਕਾਂ ਨੇ ਸਿੱਖਿਆ ਨੂੰ ਵੀ ਤੋਲਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਅਜੋਕੇ ਸਮੇਂ ਦੇ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਦੇ ਲਈ ਧਾਰਮਿਕ ਤੇ ਨੈਤਿਕ ਸਿੱਖਿਆ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਮੋਬਾਈਲ ਤੇ ਇੰਟਰਨੈਟ ਨੇ ਸਭਿਆਚਾਰ ਨੂੰ ਵੱਡੀ ਢਾਹ ਲਗਾਈ ਹੈ। ਉਨ੍ਹਾਂ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਕਿਤਾਬੀ ਸਭਿਆਚਾਰ ਦੇ ਨਾਲ ਜੁੜਨ ਲਈ ਕਿਹਾ। ਆਪਣੀਆਂ ਕਲਾਸਾਂ ਦੇ ਵਿੱਚੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਪਿੰਡ ਹਸਨਪੁਰਾ ਕਲਾਂ ਦੇ ਮੌਜੂਦਾ ਸਰਪੰਚ ਰਸ਼ਪਾਲ ਸਿੰਘ, ਆਮ ਆਦਮੀ ਪਾਰਟੀ ਦੇ ਪਿੰਡ ਦੇ ਪ੍ਰਧਾਨ ਸਰਬਜੀਤ, ਸੁਰਜੀਤ ਸਿੰਘ, ਬਲਜੀਤ ਸਿੰਘ, ਆਮ ਆਦਮੀ ਪਾਰਟੀ ਦੇ ਬੁੱਧੀਜੀਵੀ ਵਿੰਗ ਦੇ ਪੰਜਾਬ ਦੇ ਮੈਂਬਰ, ਤੇ ਹਲਕੇ ਦੇ ਸੀਨੀਅਰ ਆਪ ਆਗੂ ਡਾ.ਸਰਵਣ ਸਿੰਘ ਹਸਨਪੁਰਾ ਤੇ ਅਕੈਡਮੀ ਦੀ ਪ੍ਰਿੰਸੀਪਲ ਪ੍ਰਿੰਅਕਾ ਤਿਵਾੜੀ ਨੇ ਸਾਂਝੇ ਤੌਰ 'ਤੇ ਇਨਾਮ ਤਕਸੀਮ ਕੀਤੇ। ਇਸ ਸਮੇਂ ਮਨਜੀਤ ਕੌਰ, ਮਧੂ, ਜਗਦੀ, ਹਰਪੀਤ, ਗੁਰਪੀਤ ਕੌਰ, ਬਲਜੀਤ ਕੌਰ ਪ੍ਰਤਾਪ ਸਿੰਘ ਸੁਖਦੇਵ ਸਿੰਘ, ਰਣਜੀਤ ਸਿੰਘ ਹਾਜ਼ਰ ਸਨ।

# ਖ਼ਾਲਸਾ ਕਾਲਜ ਵਿਖੇ 'ਵਿਸ਼ਵ ਉਪਭੋਗਤਾ ਅਧਿਕਾਰ ਦਿਵਸ' ਮਨਾਇਆ



ਗੜ੍ਹਦੀਵਾਲਾ, 21 ਮਾਰਚ (ਗੌਰਵ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਕੱਤਰ (ਵਿੱਦਿਆ) ਸੁਖਮਿੰਦਰ ਸਿੰਘ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਕਾਮਰਸ ਵਿਭਾਗ ਵੱਲੋਂ 'ਵਿਸ਼ਵ ਉਪਭੋਗਤਾ ਅਧਿਕਾਰ ਦਿਵਸ' ਮਨਾਇਆ ਗਿਆ। ਇਸ ਸਮਾਗਮ ਦਾ ਆਯੋਜਨ ਰੰਗਲਾ ਪੰਜਾਬ ਕਲੱਬ ਤੇ ਕਾਮਰਸ ਫਿਊਜ਼ਨ ਫੋਰਮ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉਪਭੋਗਤਾ ਦੇ ਅਧਿਕਾਰਾਂ ਤੇ ਜ਼ਿੰਮੇਵਾਰੀਆਂ ਬਾਰੇ ਜਾਗਰੂਕ ਕਰਨਾ ਸੀ। ਇਸ ਮੌਕੇ 'ਤੇ ਕਈ ਗਿਆਨ-ਵਰਧਕ ਗਤੀਵਿਧੀਆਂ ਕਰਵਾਈਆਂ ਗਈਆਂ, ਜਿਵੇਂ ਕਿ ਕੁਇਜ਼ ਮੁਕਾਬਲਾ, ਪੋਸਟਰ ਮੇਕਿੰਗ ਮੁਕਾਬਲਾ ਤੇ ਪਾਵਰਪੁਆਇੰਟ ਪ੍ਰੈਜ਼ਨਟੇਸ਼ਨ, ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਉਪਭੋਗਤਾ ਅਧਿਕਾਰਾਂ ਨਾਲ ਸਬੰਧਤ ਆਪਣੇ ਵਿਚਾਰ ਰਚਨਾਤਮਕ ਢੰਗ ਨਾਲ ਪੇਸ਼ ਕੀਤੇ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਉਪਭੋਗਤਾ ਅਧਿਕਾਰਾਂ ਦੀ ਜਾਣਕਾਰੀ ਹਰ ਨਾਗਰਿਕ ਲਈ ਬਹੁਤ ਜ਼ਰੂਰੀ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੁਚੇਤ ਉਪਭੋਗਤਾ ਬਣਨ ਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਪ੍ਰੋ. ਸੰਜੀਵ ਸਿੰਘ ਨੇ ਵੀ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਤੇ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਜ਼ਿੰਮੇਵਾਰ ਉਪਭੋਗਤਾ ਬਣਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਾਮਰਸ ਵਿਭਾਗ ਦਾ ਸਾਰਾ ਸਟਾਫ਼ ਵੀ ਮੌਜੂਦ ਸੀ। ਅੰਤ ਵਿੱਚ ਸਾਰੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਤੇ ਸਮਾਗਮ ਨੂੰ ਸਫ਼ਲ ਬਣਾਉਣ ਲਈ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

# ਵਿਸ਼ਵ ਜਲ ਦਿਵਸ ਮਨਾਇਆ

ਹੁਸ਼ਿਆਰਪੁਰ, 21 ਮਾਰਚ (ਪਰਮਿੰਦਰ ਘੁੰਮਣ): ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਜਲ ਸ਼ਕਤੀ ਕੇਂਦਰ ਪੰਡਿਤ ਜਗਤ ਰਾਮ ਮੈਮੋਰੀਅਲ ਫੋਰਸ ਟਰੱਸ ਤੇ ਲੁਧਿਆਣਾ ਬੈਵਰੇਜ ਕੰਪਨੀ ਦੇ ਸਹਿਯੋਗ ਨਾਲ ਵਿਸ਼ਵ ਜਲ ਦਿਵਸ ਮਨਾਇਆ ਗਿਆ, ਜਿਸ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਪਾਣੀ ਦੀ ਵੱਧ ਤੋਂ ਵੱਧ ਬੱਚਤ ਵੱਲ ਵਿਸ਼ੇਸ਼ ਤਵੱਜੋਂ ਦਿੱਤੀ ਜਾਵੇ ਤੇ ਘੱਟ ਪਾਣੀ ਦੀ ਖਪਤ ਵਾਲੀਆਂ ਫ਼ਸਲਾਂ ਦੀ ਪੈਦਾਵਾਰ ਨੂੰ ਤਰਜੀਹ ਦਿੱਤੀ ਜਾਵੇ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਭਾਰੀ ਗਿਣਤੀ ਕਿਸਾਨਾਂ ਦੀ ਮੌਜੂਦਗੀ ਵਿੱਚ ਮਨਾਏ ਗਏ ਵਿਸ਼ਵ ਜਲ ਦਿਵਸ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਪਾਣੀ ਦੀ ਲੋੜ ਅਨੁਸਾਰ ਵਰਤੋਂ 'ਤੇ ਧਿਆਨ ਕੇਂਦਰਿਤ ਕਰਨਾ ਸਮੇਂ ਦੀ ਮੁੱਖ ਮੰਗ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਖੇਤੀਬਾੜੀ ਨਾਲ ਪਾਣੀ ਦੀ ਸੰਭਾਲ ਤੇ ਬੱਚਤ ਦਾ ਗੂੜ੍ਹਾ ਸਬੰਧ ਹੈ, ਜਿਸ ਲਈ ਕਿਸਾਨਾਂ ਨੂੰ ਘੱਟ ਪਾਣੀ ਦੀ ਖਪਤ ਵਾਲੀਆਂ ਫ਼ਸਲਾਂ ਦੀ ਬਿਜਾਈ ਤੇ ਪੈਦਾਵਾਰ ਨੂੰ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਬਹੁਤ ਸਾਰੇ ਖੇਤਰਾਂ ਵਿੱਚ ਕਿਸਾਨਾਂ ਵੱਲੋਂ ਪਾਣੀ ਦੀ ਬੱਚਤ ਲਈ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਕਿ ਬੇਹੱਦ ਸ਼ਲਾਘਾਯੋਗ ਉਪਰਾਲਾ ਹੈ। ਡੀਸੀ ਜੈਨ ਨੇ ਖੇਤੀਬਾੜੀ ਅਧਿਕਾਰੀ ਦੁਪਿੰਦਰ ਸਿੰਘ, ਬਾਗਬਾਨੀ ਵਿਭਾਗ ਦੇ ਡਾ. ਵਿਕਰਮ ਵਰਮਾ, ਐਸ.ਡੀ.ਓ. ਮੀਨਾਕਸ਼ੀ ਭੱਲਾ, ਗੁੱਡ ਗਰੋਅ ਫਗਵਾੜਾ ਦੇ ਸੰਸਥਾਪਕ ਡਾ. ਅਵਤਾਰ ਸਿੰਘ ਤੇ ਫੋਰਸ ਟਰੱਸਟ ਦੇ ਡਾਇਰੈਕਟਰ ਸੰਜੀਵ ਸ਼ਰਮਾ ਦੀ ਮੌਜੂਦਗੀ ਵਿਚ ਬੈਡ ਤਕਨੀਕ ਨਾਲ ਖੇਤਾਂ ਵਿੱਚ ਫ਼ਸਲਾਂ ਨੂੰ ਪਾਣੀ ਲਗਾਉਣ ਵਾਲੇ ਕਿਸਾਨਾਂ ਨਾਲ ਵਿਸਥਾਰ ਵਿੱਚ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੀ ਹਰ ਸੰਭਵ ਮਦਦ ਲਈ ਵਚਨਬੱਧ ਹੈ।

# ਸਾਈਂ ਬਾਬਾ ਬਿੱਲਾ ਸ਼ਾਹ ਜੀ ਨਹੀਂ ਰਹੇ, ਅੰਤਿਮ ਸਸਕਾਰ ਹੋਇਆ

ਤਲਵਾੜਾ, 21 ਮਾਰਚ (ਜਗਮੋਹਨ ਸ਼ਰਮਾ): ਧੰਨ-ਧੰਨ ਬਾਬਾ ਭਾਗੀ ਸ਼ਾਹ ਜੀ ਦਰਬਾਰ, ਅੱਧੀ ਇੱਟ ਝੀਰ ਦਾ ਖੂਹ ਦਾਤਾਰਪੁਰ ਦੇ ਗੱਦੀ ਨਸ਼ੀਨ ਸਾਈਂ ਬਾਬਾ ਬਿੱਲਾ ਸ਼ਾਹ ਜੀ ਦਾ ਸ਼ਨੀਵਾਰ ਸਵੇਰੇ ਦੇਹਾਂਤ ਹੋ ਗਿਆ। ਉਨ੍ਹਾਂ ਦੇ ਅਚਾਨਕ ਚਲੇ ਜਾਣ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਤੇ ਸੰਗਤ ਵਿੱਚ ਗਹਿਰਾ ਦੁੱਖ ਪਾਇਆ ਗਿਆ। ਜਾਣਕਾਰੀ ਅਨੁਸਾਰ ਸਾਈਂ ਬਾਬਾ ਬਿੱਲਾ ਸ਼ਾਹ ਜੀ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਮਿਲਦੇ ਹੀ ਇਲਾਕੇ ਦੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਦਰਬਾਰ ਵਿਖੇ ਪਹੁੰਚੀ ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਸ਼ਾਮ ਕਰੀਬ 4 ਵਜੇ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਗਿਆ। ਉਨ੍ਹਾਂ ਦੇ ਪੁੱਤਰ ਰੌਨੀ ਠਾਕੁਰ ਵੱਲੋਂ ਰਸਮਾਂ ਅਦਾ ਕਰਦੇ ਹੋਏ ਮੁੱਖ ਅਗਨੀ ਦਿੱਤੀ ਗਈ।ਇਸ ਦੁਖਦਾਈ ਮੌਕੇ 'ਤੇ ਸਾਬਕਾ ਵਿਧਾਇਕ ਅਰੁਣ ਮਿੱਕੀ ਡੋਗਰਾ, ਬਲਾਕ ਸੰਮਤੀ ਤਲਵਾੜਾ ਦੇ ਚੇਅਰਮੈਨ ਬੌਬੀ ਕੌਸ਼ਲ, ਸਰਪੰਚ ਦਾਤਾਰਪੁਰ ਹੈਪੀ, ਕਾਂਗਰਸ ਆਗੂ ਰਾਜੀਵ ਸ਼ਰਮਾ, ਅੰਨੀ ਤਲਵਾੜਾ, ਮਾਸਟਰ ਵਿਜੇ ਸਿੰਘ ਰੇਪੁਰ, ਤਰੁਣ ਤਲਵਾੜਾ, ਆਸ਼ੂ ਸ਼ਰਮਾ ਝੀਰ ਦਾ ਖੂਹ ਤੋਂ ਇਲਾਵਾ ਹੋਰ ਕਈ ਪ੍ਰਮੁੱਖ ਹਸਤੀਆਂ ਹਾਜ਼ਰ ਰਹੀਆਂ।



# ਪਿੰਡ ਖੋਦੇ ਬਾਂਗਰ ਵਿਖੇ ਇਸਤਰੀ ਵਿੰਗ ਦੇ ਅਹੁਦੇਦਾਰਾਂ ਨਾਲ ਮੀਟਿੰਗ

ਫਤਹਿਗੜ੍ਹ ਚੂੜੀਆਂ, 21 ਮਾਰਚ (ਰਾਜਨ ਸ਼ਰਮਾ): ਹਲਕਾ ਫਤਹਿਗੜ੍ਹ ਚੂੜੀਆਂ ਦੇ ਨਜ਼ਦੀਕ ਪਿੰਡ ਖੋਦੇ ਬਾਂਗਰ ਵਿਖੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਦੀ ਧਰਮ ਪਤਨੀ ਗੁਰਪ੍ਰੀਤ ਕੌਰ ਪੰਨੂੰ ਤੇ ਹਲਕਾ ਕੋਆਰਡੀਨੇਟਰ ਦਵਿੰਦਰ ਕੌਰ ਦੀ ਅਗਵਾਈ ਹੇਠ ਇਸਤਰੀ ਵਿੰਗ ਦੇ ਅਹੁਦੇਦਾਰਾਂ ਤੇ ਮੈਂਬਰਾਂ ਨਾਲ ਇੱਕ ਭਰਵੀਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਗੁਰਪ੍ਰੀਤ ਸਿੰਘ ਰੰਧਾਵਾ ਖੋਦੇ ਬਾਂਗਰ ਨੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਦੀ ਪਤਨੀ ਗੁਰਪ੍ਰੀਤ ਕੌਰ ਪੰਨੂੰ ਦਾ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚਣ 'ਤੇ ਤਹਿ ਦਿਲ ਤੋਂ ਸਵਾਗਤ ਕੀਤਾ। ਇਸ ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੇ ਗੁਰਪ੍ਰੀਤ ਕੌਰ ਪੰਨੂੰ ਦੇ ਨਾਲ ਵਿਚਾਰ-ਵਟਾਂਦਰੇ ਕੀਤੇ।ਇਸ ਮੌਕੇ ਗੁਰਪ੍ਰੀਤ ਸਿੰਘ ਰੰਧਾਵਾ ਖੋਦੇ ਬਾਂਗਰ, ਸੁਖਪ੍ਰੀਤ ਕੌਰ, ਰਾਜ ਕੌਰ, ਮਹਿਕਦੀਪ ਕੌਰ, ਰਮਨਦੀਪ ਕੌਰ, ਕੁਲਦੀਪ ਕੌਰ, ਕਸ਼ਮੀਰ ਕੌਰ, ਮੀਨੂ, ਹਰਪ੍ਰੀਤ ਕੌਰ, ਸਿਮਰਜੀਤ ਕੌਰ, ਅਮਨਦੀਪ ਕੌਰ, ਪਰਮਜੀਤ ਕੌਰ, ਮਨਪ੍ਰੀਤ ਕੌਰ, ਅਰਸ਼ਦੀਪ ਕੌਰ, ਬਲਜੀਤ ਕੌਰ, ਨਿੰਦਰ ਕੌਰ, ਰੁਪਿੰਦਰ ਕੌਰ, ਦਵਿੰਦਰ ਕੌਰ, ਮਨਦੀਪ ਕੌਰ, ਹਰਜਿੰਦਰ ਕੌਰ, ਅਮਰਜੀਤ ਕੌਰ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮੀਟਿੰਗ ਦੌਰਾਨ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ, ਹਲਕੇ ਦੀਆਂ ਮਹਿਲਾਵਾਂ ਨੂੰ ਰੋਜ਼ਗਾਰ ਦੇਣ ਸਬੰਧੀ ਤੇ ਮਾਨ ਸਰਕਾਰ ਵੱਲੋਂ ਮਹਿਲਾਵਾਂ ਲਈ ਸਤਿਕਾਰ ਵਜੋਂ ਹਰ ਮਹੀਨੇ 1000-1500 ਵਾਲੀ ਸਕੀਮ ਬਾਰੇ ਵੀ ਜਾਣੂੰ ਕਰਵਾਇਆ ਗਿਆ। ਆਖਿਰ ਵਿੱਚ ਗੁਰਪ੍ਰੀਤ ਸਿੰਘ ਰੰਧਾਵਾ ਨੇ ਪੰਜਾਬ ਸਰਕਾਰ ਦਾ ਵੀ ਤਹਿ ਦਿਲ ਤੋਂ ਧੰਨਵਾਦ ਕੀਤਾ।



# ਸੀਐਚਸੀ ਵਿਖੇ ਵਰਲਡ ਓਰਲ ਹੈਲਥ ਡੇਅ ਮਨਾਇਆ

ਫਤਹਿਗੜ੍ਹ ਚੂੜੀਆਂ, 21 ਮਾਰਚ (ਰਾਜਨ ਸ਼ਰਮਾ): ਸਿਵਲ ਸਰਜਨ ਗੁਰਦਾਸਪੁਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਤੇ ਡਾ. ਵਿਨੋਦ ਭਗਤ ਜ਼ਿਲ੍ਹਾ ਡੈਂਟਲ ਅਫਸਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡਾ. ਲਖਵਿੰਦਰ ਸਿੰਘ ਐਸਐਮਓ ਫਤਹਿਗੜ੍ਹ ਚੂੜੀਆਂ ਦੀ ਅਗਵਾਈ ਹੇਠ ਸੀਐਚਸੀ ਵਿਖੇ ਵਰਲਡ ਓਰਲ ਹੈਲਥ ਡੇਅ ਮਨਾਇਆ ਗਿਆ। ਇਸ ਮੌਕੇ 'ਤੇ ਡਾ. ਸੁਖਪ੍ਰੀਤ ਸਿੰਘ ਨੇ ਦੱਸਿਆ ਕਿ ਹਰ ਸਾਲ 20 ਮਾਰਚ ਨੂੰ ਵਿਸ਼ਵ ਓਰਲ ਹੈਲਥ ਡੇਅ ਮਨਾਇਆ ਜਾਂਦਾ ਹੈ। ਇਸ ਦਿਨ ਦੁਨੀਆਂ ਭਰ ਦੇ ਲੋਕਾਂ ਵਿੱਚ ਮੂੰਹ ਦੀ ਸਿਹਤ ਬਾਰੇ ਜਾਗਰੂਕਤਾ ਫੈਲਾਉਣ 'ਤੇ ਲੋਕਾਂ ਨੂੰ ਆਪਣੇ ਮੂੰਹ ਨੂੰ ਸਿਹਤਮੰਦ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ।ਸਾਡੇ ਮੂੰਹ ਦੀ ਸਿਹਤ ਸਾਡੇ ਸਰੀਰ ਨੂੰ ਸਿਹਤਮੰਦ ਰੱਖਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੀ ਹੈ।ਜੇਕਰ ਕਿਸੇ ਕਾਰਨ ਸਾਡੇ ਮੂੰਹ ਵਿੱਚ ਕੋਈ ਬਿਮਾਰੀ ਲੱਗ ਜਾਂਦੀ ਹੈ ਤਾਂ ਸਾਡੇ ਮੂੰਹ ਰਾਹੀਂ ਸਰੀਰ ਵਿੱਚ ਦਾਖਲ ਹੋਣ ਵਾਲਾ ਭੋਜਨ ਵੀ ਦੂਸ਼ਿਤ ਹੋ ਸਕਦਾ ਹੈ, ਜਿਸ ਨਾਲ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ, ਡਾਕਟਰਾਂ ਦਾ ਮੰਨਣਾ ਹੈ ਕਿ ਮੂੰਹ ਦੀ ਸਿਹਤ ਨੂੰ ਬਣਾਏ ਰੱਖਣ ਲਈ ਕੁਝ ਚੰਗੀਆਂ ਆਦਤਾਂ ਨੂੰ ਅਪਣਾਉਣ ਤੇ ਕੁਝ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਦਿਨ ਵਿੱਚ ਦੋ ਵਾਰ ਬੁਰਸ਼ ਕਰੋ, ਜਿਥੋਂ ਤੱਕ ਹੋ ਸਕੇ ਤਾਂ ਤਾਜ਼ਾ ਤੇ ਪਚਣ ਵਾਲਾ ਭੋਜਨ ਖਾਣਾ ਚਾਹੀਦਾ ਹੈ। ਭੋਜਨ ਨੂੰ ਚੰਗੀ ਤਰ੍ਹਾਂ ਚਬਾਓ, ਪਾਨ ਮਸਾਲਾ ਤੰਬਾਕੂ ਜਰਦਾ ਤੇ ਸਿਗਰਟਨੋਸ਼ੀ ਤੋਂ ਬਚੋ, ਸਾਲ ਵਿੱਚ ਇੱਕ ਵਾਰ ਦੰਦਾਂ ਦੇ ਡਾਕਟਰ ਕੋਲ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਮੌਕੇ 'ਤੇ ਜੋਗਾ ਸਿੰਘ ਬੀਈਈ, ਡਾ. ਸੁਖਮਨਪਰੀਤ ਕੌਰ, ਡਾ. ਨਵਨੀਤ ਕੌਰ ਵਿਰਕ, ਡਾ. ਬਬੀਤਾ, ਜੋਤੀ ਸ਼ਰਮਾ, ਹਰਵਿੰਦਰ ਸਿੰਘ, ਦਵਿੰਦਰ ਸਿੰਘ, ਜਗਮੀਤ ਸਿੰਘ ਹੈਲਥ ਸੁਪਰਵਾਈਜ਼ਰ, ਅਰੁਣ ਕੁਮਾਰ, ਰਜੀਵ ਕੁਮਾਰ, ਹੈਲਥ ਵਰਕਰ ਤੇ ਬਹੁਤ ਸਾਰੇ ਲੋਕ ਹਾਜ਼ਰ ਸਨ।



## ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਰੇਲਵੇ ਮਾਰਗ ਨਾਲ ਜੋੜਿਆ ਜਾਵੇਗਾ

ਬਠਿੰਡਾ, 21 ਮਾਰਚ (ਚ.ਨ.ਸ): ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਪੰਜਾਬ ਲਈ ਇੱਕ ਵੱਡੇ ਰੇਲਵੇ ਪ੍ਰੋਜੈਕਟ ਦਾ ਐਲਾਨ ਕੀਤਾ ਗਿਆ ਹੈ। ਰਵਨੀਤ ਬਿੱਟੂ ਨੇ ਐਲਾਨ ਕਰਦਿਆਂ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਰੇਲਵੇ ਲਾਈਨ ਨਾਲ ਜੋੜਿਆ ਜਾਵੇਗਾ। ਰਵਨੀਤ ਸਿੰਘ ਬਿੱਟੂ ਨੇ ਇਸ ਦਾ ਐਲਾਨ ਬਠਿੰਡਾ ਰੇਲਵੇ ਸਟੇਸ਼ਨ 'ਤੇ ਸਮਾਗਮ 'ਚ ਦੌਰਾਨ ਕੀਤਾ। ਬਿੱਟੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੁਰੂ ਸਾਹਿਬਾਨ ਦੀ ਬਖਸ਼ਿਸ਼ ਨਾਲ ਭਾਰਤ ਸਰਕਾਰ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਰੇਲ ਲਿੰਕ ਨਾਲ ਜੋੜਿਆ ਜਾ ਰਿਹਾ ਹੈ।



ਇਹ ਨਵੀਂ ਰੇਲਵੇ ਲਾਈਨ 'ਤੇ 1118 ਕਰੋੜ ਰੁਪਏ ਖਰਚੇ ਜਾਣਗੇ। ਇਸ ਮੌਕੇ ਰਵਨੀਤ ਬਿੱਟੂ ਨੇ ਪੰਜਾਬ ਲਈ ਇਹ ਸੌਗਾਤ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੀ ਦਹਾਕਿਆਂ ਪੁਰਾਣੀ ਮੰਗ ਸੀ ਜਿਸ ਨੂੰ ਮੋਦੀ ਸਰਕਾਰ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ।

## ਰਾਜਸਥਾਨ 'ਚ ਰੂਹ ਕੰਬਾਊ ਵਾਰਦਾਤ

## ਮੌਲਵੀ ਨੇ ਮਸਜਿਦ ਦੇ ਪਖਾਨੇ 'ਚ ਮਜ਼ਦੂਰ 'ਤੇ ਪੈਟਰੋਲ ਪਾ ਕੇ ਲਗਾਈ ਅੱਗ, ਇਲਾਜ ਦੌਰਾਨ ਮੌਤ

ਜੈਪੁਰ, 21 ਮਾਰਚ (ਚ.ਨ.ਸ): ਰਾਜਸਥਾਨ ਦੇ ਟੋਂਕ ਜ਼ਿਲ੍ਹੇ ਦੇ ਕਲਮੰਡਾਂ ਪਿੰਡ 'ਚ ਇੱਕ ਮਸਜਿਦ 'ਚ ਮੌਲਵੀ ਨੇ ਮਜ਼ਦੂਰ 'ਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਉਸਦੀਆਂ ਚੀਕਾਂ ਸੁਣ ਕੇ ਪਿੰਡ ਵਾਸੀ ਮੌਕੇ 'ਤੇ ਪੁੱਜੇ ਤੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਗੰਭੀਰ ਝੁਲਸੇ ਹਕੀਮ ਨੂੰ ਇਲਾਜ ਲਈ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ। ਇਲਾਜ ਦੌਰਾਨ ਉਸ ਦੀ ਸਥਿਤੀ ਜ਼ਿਆਦਾ ਵਿਗੜਨ ਲੱਗੀ ਤਾਂ ਉਸ ਨੂੰ ਜੈਪੁਰ ਰੈਫਰ ਕੀਤਾ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮੁਲਜ਼ਮ ਮੌਲਵੀ ਵਾਰਦਾਤ ਤੋਂ ਬਾਅਦ ਫ਼ਰਾਰ ਹੈ। ਪੁਲਿਸ ਦੀ ਜਾਂਚ 'ਚ ਪਤਾ ਲੱਗਿਆ ਕਿ 48 ਸਾਲਾ ਹਕੀਮ ਪਿਨਾਰਾ ਮਸਜਿਦ 'ਚ ਰੋਜ਼ਾਨਾ ਨਮਾਜ਼ ਪੜ੍ਹਨ ਆਉਂਦਾ ਸੀ। ਹਮੇਸ਼ਾ ਵਾਂਗ ਬੁੱਧਵਾਰ ਰਾਤ ਨੂੰ ਨਮਾਜ਼ ਪੜ੍ਹਾਉਣ ਤੋਂ ਬਾਅਦ ਉਹ ਮਸਜਿਦ 'ਚ ਇੱਕ ਪਾਸੇ ਬੈਠ ਗਿਆ। ਇਸੇ ਦੌਰਾਨ ਮੌਲਵੀ ਆਬਿਦ ਅਬਦੁਲ ਰਸ਼ੀਦ ਨੇ ਉਸ ਨੂੰ ਉਸ ਥਾਂ ਤੋਂ ਉਠਣ



ਲਈ ਕਿਹਾ, ਜਿੱਥੇ ਉਹ ਬੈਠਾ ਸੀ। ਹਕੀਮ ਦੇ ਇਨਕਾਰ ਕਰਨ 'ਤੇ ਦੋਵਾਂ 'ਚ ਵਿਵਾਦ ਹੋ ਗਿਆ। ਹਾਲਾਂਕਿ ਵਿਵਾਦ ਵਧਣ 'ਤੇ ਮਸਜਿਦ 'ਚ ਮੌਜੂਦ ਲੋਕਾਂ ਨੇ ਸਮਝੌਤਾ ਕਰਵਾ ਦਿੱਤਾ। ਵੀਰਵਾਰ ਨੂੰ ਦਿਨੇ ਹਕੀਮ ਮੁੜ ਮਸਜਿਦ 'ਚ ਨਮਾਜ਼ ਪੜ੍ਹਨ ਆਇਆ। ਉਸ ਸਮੇਂ ਮਸਜਿਦ 'ਚ ਹੋਰ ਕੋਈ ਵਿਅਕਤੀ ਨਹੀਂ ਸੀ। ਇਸ ਦੌਰਾਨ ਜਦੋਂ ਉਹ ਮਸਜਿਦ 'ਚ ਬਣੇ ਪਖਾਨੇ 'ਚ ਗਿਆ ਤਾਂ ਮੌਲਵੀ ਨੇ ਬਾਹਰੋਂ ਦਰਵਾਜ਼ਾ ਬੰਦ ਕਰ ਦਿੱਤਾ। ਮਸਜਿਦ ਦੇ ਬਾਹਰ ਖੜ੍ਹੀ ਬਾਈਕ 'ਚੋਂ ਪੈਟਰੋਲ ਕੱਢਿਆ ਤੇ ਉਸ ਨੂੰ ਪਖਾਨੇ ਦੀ ਖੁੱਲ੍ਹੀ ਛੱਤ ਤੋਂ ਹਕੀਮ 'ਤੇ ਸੁੱਟ ਦਿੱਤਾ ਤੇ ਅੱਗ ਲਗਾ ਦਿੱਤੀ। ਹਕੀਮ ਦੀਆਂ ਚੀਕਾਂ ਸੁਣ ਕੇ ਪਿੰਡ ਵਾਲੇ ਮੌਕੇ 'ਤੇ ਪੁੱਜੇ ਤੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਕਰੀਬ 70 ਫ਼ੀਸਦੀ ਝੁਲਸੀ ਹਾਲਤ 'ਚ ਇਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੇ ਦਮ ਤੋੜ ਦਿੱਤਾ। ਮੁਲਜ਼ਮ ਮੌਲਵੀ ਖ਼ਿਲਾਫ਼ ਹੱਤਿਆ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਉਹ ਜੋਧਪੁਰ ਦਾ ਵਾਸੀ ਹੈ। ਉਹ ਪਿੰਡ ਦੇਇਕ ਵਿਅਕਤੀ ਦੀ ਬਾਈਕ ਚੋਰੀ ਕਰ ਕੇ ਫ਼ਰਾਰ ਹੋਇਆ ਹੈ।

## ਜ਼ਿਲ੍ਹਾ ਫਾਜ਼ਿਲਕਾ 'ਚ ਨਿਆਂ ਪ੍ਰਣਾਲੀ ਨੂੰ ਮਿਲੀ ਨਵੀਂ ਦਿਸ਼ਾ

## ਜਸਟਿਸ ਬੈਨਰਜੀ ਵੱਲੋਂ ਅਦਾਲਤਾਂ ਦਾ ਦੌਰਾ ਤੇ ਨਿਰੀਖਣ, ਈ-ਮੁਲਾਕਾਤ ਸੁਵਿਧਾ ਦਾ ਉਦਘਾਟਨ

ਫਾਜ਼ਿਲਕਾ, 21 ਮਾਰਚ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਮਾਣਯੋਗ ਮਿਸ ਜਸਟਿਸ ਲਪਿਤਾ ਬੈਨਰਜੀ, ਪ੍ਰਬੰਧਕੀ ਜੱਜ, ਫਾਜ਼ਿਲਕਾ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਵਿੱਚ ਸਥਾਪਤ ਫਾਜ਼ਿਲਕਾ, ਅਬੋਹਰ ਤੇ ਜਲਾਲਾਬਾਦ ਦੀਆਂ ਅਦਾਲਤਾਂ ਦਾ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਉਨ੍ਹਾਂ ਵੱਲੋਂ ਅਦਾਲਤੀ ਪ੍ਰਬੰਧਾਂ, ਸਹੂਲਤਾਂ ਤੇ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਕਾਨੂੰਨੀ ਸੇਵਾਵਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ 'ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੇ ਦਫ਼ਤਰ ਵਿੱਚ ਈ-ਮੁਲਾਕਾਤ ਸੁਵਿਧਾ ਦਾ ਉਦਘਾਟਨ ਮਾਣਯੋਗ ਮਿਸ ਜਸਟਿਸ ਲਪਿਤਾ ਬੈਨਰਜੀ, ਪ੍ਰਬੰਧਕੀ ਜੱਜ, ਫਾਜ਼ਿਲਕਾ ਵੱਲੋਂ ਕੀਤਾ ਗਿਆ। ਇਸ ਈ-ਮੁਲਾਕਾਤ ਕਮਰੇ ਰਾਹੀਂ ਹਿਰਾਸਤ ਵਿੱਚ ਬੰਦ ਵਿਅਕਤੀਆਂ ਤੇ ਉਨ੍ਹਾਂ ਦੇ ਵਕੀਲ ਸਾਹਿਬਾਨ ਦਰਮਿਆਨ ਆਸਾਨ ਤੇ



ਸੁਚੱਜੇ ਢੰਗ ਨਾਲ ਸੰਪਰਕ ਸਥਾਪਤ ਕੀਤਾ ਜਾ ਸਕੇਗਾ। ਇਸ ਸੁਵਿਧਾ ਦੇ ਤਹਿਤ ਹਿਰਾਸਤ ਵਿੱਚ ਬੰਦ ਵਿਅਕਤੀ ਆਪਣੇ ਵਕੀਲ ਸਾਹਿਬਾਨ ਨਾਲ ਵੀਡੀਓ ਕਾਲ ਰਾਹੀਂ ਸਿੱਧੀ ਗੱਲਬਾਤ ਕਰ ਸਕਣਗੇ ਤੇ ਇਸੇ ਤਰ੍ਹਾਂ ਵਕੀਲ ਸਾਹਿਬਾਨ ਵੀ ਜੇਲ੍ਹਾਂ ਜਾਂ ਹੋਰ ਹਿਰਾਸਤੀ ਸਥਾਨਾਂ ਵਿੱਚ ਬੰਦ ਆਪਣੇ ਮੁਆਕਲਾਂ ਨਾਲ ਬਿਨਾਂ ਕਿਸੇ ਦੇਰੀ ਦੇ ਸੰਪਰਕ ਕਰ ਸਕਣਗੇ। ਇਹ ਪ੍ਰਣਾਲੀ ਨਿਆਂ ਪ੍ਰਕਿਰਿਆ ਨੂੰ ਹੋਰ ਤੇਜ਼, ਪਾਰਦਰਸ਼ੀ ਤੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਇਸ ਰਾਹੀਂ ਵਕੀਲ ਸਾਹਿਬਾਨ ਆਪਣੇ ਮੁਆਕਲਾਂ ਨਾਲ ਕੇਸ ਦੀ ਤਿਆਰੀ, ਦਸਤਾਵੇਜ਼ਾਂ ਬਾਰੇ ਚਰਚਾ ਤੇ ਅਦਾਲਤੀ ਕਾਰਵਾਈ ਸਬੰਧੀ ਹਦਾਇਤਾਂ ਸਾਂਝੀਆਂ ਕਰ ਸਕਣਗੇ, ਜਿਸ ਨਾਲ ਕੇਸਾਂ ਦੀ ਸੁਣਵਾਈ ਵਿੱਚ ਤੇਜ਼ੀ ਆਵੇਗੀ।ਇਸ ਦੌਰੇ ਦੌਰਾਨ ਧਰਮਿੰਦਰ ਪਾਲ ਸਿੰਗਲਾ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਤੇ ਫਾਜ਼ਿਲਕਾ ਦੇ ਸਾਰੇ ਜੱਜ-ਸਾਹਿਬਾਨ, ਬਾਰ ਐਸੋਸੀਏਸ਼ਨ ਦੇ ਵਕੀਲ ਸਾਹਿਬਾਨ ਤੇ ਅਦਾਲਤੀ ਅਧਿਕਾਰੀ ਵੀ ਮੌਜੂਦ ਸਨ।

## ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਅਹਿਮ ਬੈਠਕ, ਬਕਾਇਆ ਰਕਮ ਤੇ ਸਬਸਿਡੀ ਜਲਦ ਜਾਰੀ ਕਰਨ ਦੀ ਮੰਗ



ਫਾਜ਼ਿਲਕਾ, 21 ਮਾਰਚ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਇੱਕ ਅਹਿਮ ਮਾਸਿਕ ਬੈਠਕ ਅੱਜ ਮਾਰਕੀਟ ਕਮੇਟੀ ਫਾਜ਼ਿਲਕਾ ਵਿਖੇ ਜ਼ਿਲ੍ਹਾ ਪ੍ਰਧਾਨ ਪ੍ਰਲਾਦ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਸੰਪੰਨ ਹੋਈ। ਇਸ ਬੈਠਕ ਵਿੱਚ ਜ਼ਿਲ੍ਹੇ ਭਰ ਦੇ ਕਿਸਾਨ ਆਗੂਆਂ ਨੇ ਸ਼ਮੂਲੀਅਤ ਕੀਤੀ ਤੇ ਕਿਸਾਨੀ ਨਾਲ ਜੁੜੀਆਂ ਵੱਖ-ਵੱਖ ਗੰਭੀਰ ਸਮੱਸਿਆਵਾਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।ਬੈਠਕ ਦੌਰਾਨ ਕਿਸਾਨ ਆਗੂਆਂ ਨੇ ਸਰਕਾਰ ਅੱਗੇ ਮੁੱਖ ਮੰਗਾਂ ਰੱਖਦਿਆਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਕੀਤੀ ਸੀ ਤੇ ਹੋਰ ਫਸਲਾਂ ਦੀ ਜੋ ਬਕਾਇਆ ਰਾਸ਼ੀ ਸਰਕਾਰ ਵੱਲ ਪੈਂਡਿੰਗ ਹੈ, ਉਸ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਜਾਰੀ ਕੀਤਾ ਜਾਵੇ। ਇਸ ਦੇ ਨਾਲ ਹੀ ਆਗੂਆਂ ਨੇ ਨਰਮੇ ਦੀ ਫਸਲ ਦੇ ਸਬੰਧ ਵਿੱਚ ਬੀਜਾਂ ਉਤੇ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਸਬਸਿਡੀ ਦਾ ਮੁੱਦਾ ਵੀ ਪ੍ਰਮੁੱਖਤਾ ਨਾਲ ਚੁੱਕਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬੀਜਾਂ 'ਤੇ ਜੋ ਸਬਸਿਡੀ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉਹ ਅਜੇ ਤੱਕ ਕਿਸਾਨਾਂ ਨੂੰ ਨਹੀਂ ਮਿਲੀ ਹੈ, ਜਿਸ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕੀਤਾ ਜਾਵੇ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਜਨਰਲ ਸਕੱਤਰ ਗੁਰਿੰਦਰ ਪਾਲ, ਜ਼ਿਲ੍ਹਾ ਮੀਤ ਪ੍ਰਧਾਨ ਸੁਖਜੀਤ ਸਿੰਘ ਔਲਖ, ਬਲਾਕ ਪ੍ਰਧਾਨ ਅਜਮੇਰ ਕੁਮਾਰ ਪੱਪੀ, ਜਲਾਲਾਬਾਦ ਦੇ ਬਲਾਕ ਪ੍ਰਧਾਨ ਬੁੱਧ ਸਿੰਘ, ਰਾਜਕਰਨੀ ਦਫ਼ਤਰ ਪ੍ਰਧਾਨ ਫਾਜ਼ਿਲਕਾ ਹਰਵਿੰਦਰ ਸਿੰਘ ਤੇ ਹੋਰ ਬਲਾਕ ਤੇ ਜ਼ਿਲ੍ਹਾ ਪੱਧਰੀ ਅਹੁਦੇਦਾਰ ਹਾਜ਼ਰ ਸਨ। ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਕਿਸਾਨਾਂ ਦੀਆਂ ਇਨ੍ਹਾਂ ਹੱਕੀ ਮੰਗਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ।

## ਪਸ਼ੂ ਪਾਲਣ ਮੰਤਰੀ ਖੁੱਡੀਆਂ ਦੇ ਹਲਕੇ ਲੰਬੀ 'ਚ ਵੈਟਰਨਰੀ ਇੰਸਪੈਕਟਰਾਂ ਵੱਲੋਂ ਜ਼ਬਰਦਸਤ ਰੋਸ ਪ੍ਰਦਰਸ਼ਨ

ਮੁਕੇਰੀਆਂ, 21 ਮਾਰਚ (ਧਰਮ ਚੰਦ): ਵੈਟਰਨਰੀ ਇੰਸਪੈਕਟਰਾਂ ਵੱਲੋਂ ਪਸ਼ੂ ਪਾਲਣ ਮੰਤਰੀ ਦੇ ਵਿਧਾਨ ਸਭਾ ਹਲਕੇ ਵਿੱਚ ਇੱਕ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਨੂੰ ਦੇਖ ਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ



ਗਈ, ਇਸ ਰੋਸ ਪ੍ਰਦਰਸ਼ਨ ਵਿੱਚ ਵਿਭਾਗ ਵਿੱਚ ਨੌਕਰੀ ਕਰਦੇ ਵੈਟਰਨਰੀ ਇੰਸਪੈਕਟਰਾਂ ਤੋਂ ਇਲਾਵਾ ਵਿਭਾਗ ਵਿੱਚੋਂ ਰਿਟਾਇਰ ਹੋ ਚੁੱਕੇ ਸਾਥੀਆਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਰੋਸ ਰੈਲੀ ਵਿੱਚ ਡੈਮੋਕ੍ਰੇਟਿਕ ਟੀਚਰ ਫਰੰਟ ਦੇ ਲੀਡਰ ਖਾਸ ਤੌਰ 'ਤੇ ਪਹੁੰਚੇ, ਇਸ ਮੌਕੇ 'ਤੇ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਬੁਲਾਰਿਆਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਲੀਡਰ, ਅਫਸਰਸ਼ਾਹੀ ਦੇ ਦਬਾਅ ਹੇਠਾਂ ਕੰਮ ਕਰ ਰਹੇ ਹਨ, ਉਹ ਵੈਟਰਨਰੀ ਇੰਸਪੈਕਟਰਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨਣ ਦੀ ਥਾਂ 'ਤੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਕਿਸੇ ਤਰ੍ਹਾਂ ਦੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰਨਗੇ, ਜੇਕਰ ਹੁਣ ਵੀ ਵੈਟਰਨਰੀ ਇੰਸਪੈਕਟਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤੇ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦਾ ਅਸਰ 2027 ਦੀਆਂ ਚੋਣਾਂ ਵਿੱਚ ਵੇਖਣ ਨੂੰ ਮਿਲੇਗਾ। ਇਸ ਮੌਕੇ 'ਤੇ ਗੁਰਦੀਪ ਬਾਸੀ ਤੋਂ ਇਲਾਵਾ ਦਲਜੀਤ ਸਿੰਘ ਚਾਹਲ, ਸੰਦੀਪ ਸਰਾਂ, ਰਜੀਵ ਮਲਹੋਤਰਾ, ਰਕੇਸ਼ ਸੈਣੀ ਵਿਜ ਕੰਬੋਜ, ਗੁਰਦੀਪ ਛੰਨਾ, ਗੁਰਮੀਤ ਮਹਿਤਾ, ਰਜਿੰਦਰ ਕੰਬੋਜ, ਗੁਰਪ੍ਰੀਤ ਸੰਗਰੂਰ ਗੁਰਪ੍ਰੀਤ ਨਾਭਾ, ਹਰਦੀਪ ਗਿਆਨਾ ਸੰਦੀਪ ਚੌਧਰੀ ਨੇ ਇਕੱਠ ਹੁਣ ਸੰਬੋਧਨ ਕੀਤਾ।ਆਪਣੇ ਸੰਬੋਧਨ ਰਾਹੀਂ ਆਗੂਆਂ ਨੇ ਕਿਹਾ ਕਿ ਪਸ਼ੂ ਪਾਲਣ ਵਿਭਾਗ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਵੈਟਰਨਰੀ ਇੰਸਪੈਕਟਰ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੇ ਆ ਰਹੇ ਹਨ, ਵਿਭਾਗ ਦਾ 90 ਪ੍ਰਤੀਸ਼ਤ ਕੰਮ ਵੈਟਰਨਰੀ ਇੰਸਪੈਕਟਰ ਕੇਡਰ ਵੱਲੋਂ ਕੀਤਾ ਜਾਂਦਾ ਹੈ, ਇਸ ਗੱਲ ਤੋਂ ਵਿਭਾਗ ਦੇ ਕੈਬਿਨਟ ਮੰਤਰੀ ਗੁਰਮੀਤ ਸਿੰਘ ਖੁਡੀਆਂ ਤੇ ਵਿਭਾਗ ਦੀ ਅਫਸਰਸ਼ਾਹੀ ਭਲੀ-ਭਾਂਤ ਜਾਣੂੰ ਹੈ, ਫਿਰ ਵੀ ਵੈਟਰਨਰੀ ਇੰਸਪੈਕਟਰਾਂ ਦੀਆਂ ਮੰਗਾਂ ਨੂੰ ਲੈ ਕੇ ਪਿਛਲੇ ਚਾਰ ਸਾਲਾਂ ਤੋਂ ਉਨ੍ਹਾਂ ਨੂੰ ਖੱਜਲ-ਖੁਆਰ ਕੀਤਾ ਜਾ ਰਿਹਾ ਹੈ, ਇਸ ਸਬੰਧੀ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ ਦੇ ਨੁਮਾਇੰਦਿਆਂ ਦੀਆਂ ਕਈ ਮੀਟਿੰਗਾਂ ਮਾਣਯੋਗ ਮੰਤਰੀ ਸਾਹਿਬ ਤੇ ਵਿਭਾਗ ਦੇ ਉਚ ਅਧਿਕਾਰੀਆਂ ਨਾਲ ਹੋ ਚੁੱਕੀਆਂ ਹਨ, ਹਰ ਵਾਰ ਵੈਟਰਨਰੀ ਇੰਸਪੈਕਟਰਾਂ ਨੂੰ ਇੱਕ ਮਿੱਠਾ ਜਿਹਾ ਲਾਰਾ ਲਗਾ ਕੇ ਘਰਾਂ ਨੂੰ ਤੋਰ ਦਿੱਤਾ ਜਾਂਦਾ ਰਿਹਾ ਹੈ।

## ਧਰਮਕੋਟ ਦੀ ਰੈਲੀ ਨੂੰ ਲੈ ਕੇ ਸ਼ਹਿਰੀ ਪ੍ਰਧਾਨ ਭੂਪੇਸ਼ ਗਰਗ ਵੱਲੋਂ ਬੱਸ ਰਵਾਨਾ



ਮੋਗਾ, 21 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਆਪ ਵੱਲੋਂ ਧਰਮਕੋਟ ਵਿੱਚ ਕੀਤੀ ਜਾ ਰਹੀ ਰੈਲੀ ਨੂੰ ਲੈ ਕੇ ਕਸਬਾ ਫਤਹਿਗੜ੍ਹ ਪੰਜਤੂਰ ਤੋਂ ਸ਼ਹਿਰੀ ਪ੍ਰਧਾਨ ਭੂਪੇਸ਼ ਗਰਗ ਵੱਲੋਂ ਆਪ ਦੇ ਵਰਕਰਾਂ ਨੂੰ ਲੈ ਕੇ ਅੱਜ ਬੱਸ ਨੂੰ ਰਵਾਨਾ ਕੀਤਾ ਗਿਆ, ਆਪ ਦੇ ਸਾਰੇ ਵਰਕਰਾਂ ਵਿੱਚ ਇਸ ਰੈਲੀ ਨੂੰ ਲੈ ਕੇ ਬਹੁਤ ਉਤਸ਼ਾਹ ਬਣਿਆ ਹੋਇਆ ਹੈ। ਭੂਪੇਸ਼ ਗਰਗ ਦਾ ਕਹਿਣਾ ਹੈ ਕਿ ਇਸ ਰੈਲੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆ ਰਹੇ ਹਨ ਤੇ ਬਹੁਤ ਕੁਝ ਧਰਮਕੋਟ ਹਲਕੇ ਨੂੰ ਦੇ ਕੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਇਹ ਰੈਲੀ ਇੱਕ ਸਫਲ ਰੈਲੀ ਸਾਬਿਤ ਹੋਵੇਗੀ ਤੇ ਇਹ ਰੈਲੀ ਨਾਲ ਸਿਆਸਤ ਹੋਰ ਤੇਜ਼ ਹੋ ਜਾਵੇਗੀ। ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਭੂਪੇਸ਼ ਗਰਗ ਨੇ ਕਿਹਾ ਕਿ ਆਪ ਦੇ ਨਾਲ ਜੋ ਵੀ ਵਰਕਰ ਜੁੜਿਆ ਹੈ, ਉਹ ਦਿਲੋਂ ਜੁੜਿਆ ਹੋਇਆ ਹੈ ਤੇ ਉਹ ਆਪ ਦੇ ਲਈ ਦਿਲੋਂ ਪਿਆਰ ਕਰਦਾ ਹੈ ਤੇ 2027 ਦੇ ਵਿੱਚ ਹੋਣ ਵਾਲੇ ਇਲੈਕਸ਼ਨ ਵਿੱਚ ਫਿਰ ਦੁਬਾਰਾ ਤੋਂ ਆਪ ਦੀ ਸਰਕਾਰ ਆਵੇਗੀ। ਇਸ ਸਮੇਂ ਭੂਪੇਸ਼ ਗਰਗ ਦੇ ਨਾਲ ਫਤਹਿਗੜ੍ਹ ਤੋਂ ਚੰਦਰਸ਼ੇਖਰ, ਸੰਜੀਵ ਬਾਂਸਲ, ਭੂਸ਼ਨ ਬਾਂਸਲ, ਕਰਮਜੀਤ ਸੋਢੀ, ਦੀਪਾ ਹਲਵਾਈ, ਦੇਵ ਨਰਾਇਣ ਤੇ ਫਤਹਿਗੜ੍ਹ ਪੰਜਤੂਰ ਦੇ ਆਪ ਵਰਕਰ ਸ਼ਾਮਲ ਸਨ।

## ਗਲੀ 'ਚੋਂ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ



ਅਮਲੋਹ, 21 ਮਾਰਚ (ਜਸਵੰਤ ਸਿੰਘ): ਨਜ਼ਦੀਕੀ ਪਿੰਡ ਲੱਖਾ ਸਿੰਘ ਵਾਲਾ ਵਿਖੇ ਇੱਕ ਗਲੀ ਵਿੱਚ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮੁਹੱਲਾ ਨਿਵਾਸੀਆਂ ਨੇ ਦੋਸ਼ ਲਗਾਇਆ ਕਿ ਕੁਝ ਲੋਕਾਂ ਨੇ ਆਪਣੇ ਘਰਾਂ ਵਿੱਚ ਵੱਡੀ ਗਿਣਤੀ ਵਿੱਚ ਮੱਝਾਂ ਤੇ ਗਾਵਾਂ ਰੱਖੀਆਂ ਹੋਈਆਂ ਹਨ। ਘਰਾਂ ਦੇ ਮਾਲਕਾਂ ਵੱਲੋਂ ਡੰਗਰਾਂ ਦੇ ਮਲ ਮੂਤਰ ਦੀ ਨਿਕਾਸੀ ਲਈ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ ਜਿਸ ਕਾਰਨ ਇਨ੍ਹਾਂ ਦਾ ਗੋਹਾ ਤੇ ਮਲ ਮੂਤਰ ਗਲੀਆਂ ਵਿੱਚ ਖੜ੍ਹਾ ਰਹਿੰਦਾ ਹੈ। ਗੰਦੇ ਪਾਣੀ ਕਾਰਨ ਇਸ ਵਿੱਚੋਂ ਪੈਦਲ ਲੰਘਣਾ ਵੀ ਮੁਸ਼ਕਿਲ ਹੈ ਤੇ ਬਿਮਾਰੀਆਂ ਫ਼ੈਲਣ ਦਾ ਵੀ ਖਤਰਾ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸਬੰਧਤ ਘਰ ਮਾਲਕਾਂ ਨੂੰ ਕਈ ਵਾਰ ਇਸ ਸਬੰਧੀ ਕਿਹਾ ਕਿ ਪ੍ਰੰਤੂ ਕੋਈ ਹੱਲ ਨਹੀਂ ਕੀਤਾ ਗਿਆ। ਮੁਹੱਲਾ ਨਿਵਾਸੀ ਅਮਰਜੀਤ ਸਿੰਘ, ਜੰਗ ਸਿੰਘ, ਕਿੰਦਰ ਸਿੰਘ ਤੇ ਬੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਇਹ ਮਾਮਲਾ ਪਿੰਡ ਦੇ ਸਰਪੰਚ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਅਮਲੋਹ, ਸਿਹਤ ਵਿਭਾਗ ਤੇ ਹੋਰ ਉਚ-ਅਧਿਕਾਰੀਆਂ ਦੇ ਵੀ ਧਿਆਨ ਵਿੱਚ ਲਿਆਂਦਾ ਪ੍ਰੰਤੂ ਕੋਈ ਹੱਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਪੰਚਾਇਤ ਤੇ ਸਿਹਤ ਵਿਭਾਗ ਵੱਲੋਂ ਘਰਾਂ ਵਿੱਚ ਜਾ ਕੇ ਚਲਾਨ ਕੀਤੇ ਜਾਂਦੇ ਹਨ ਕਿ ਗਮਲਿਆਂ ਆਦਿ ਵਿੱਚ ਪਾਣੀ ਨਾ ਖੜ੍ਹਾ ਕਰੋ ਪ੍ਰੰਤੂ ਦੂਸਰੇ ਪਾਸੇ ਮੁਹੱਲਿਆਂ ਵਿੱਚ ਖੜ੍ਹੇ ਗੰਦੇ ਪਾਣੀ ਬਾਰੇ ਉਨ੍ਹਾਂ ਖਾਮੋਸ਼ੀ ਧਾਰੀ ਹੋਈ ਹੈ।

## ਸ੍ਰੀ ਰਾਮ ਨੌਮੀ ਦੇ ਦਿਹਾੜੇ ਨੂੰ ਮੁੱਖ ਰੱਖ ਕੇ ਸ਼ਹਿਰ 'ਚ ਪ੍ਰਭਾਤ ਫੇਰੀਆਂ ਹੋਈਆਂ ਸ਼ੁਰੂ

ਮੰਡੀ ਗੋਬਿੰਦਗੜ੍ਹ, 21 ਮਾਰਚ (ਸੂਦ): ਸ੍ਰੀ ਰਾਮ ਨੌਮੀ ਦੇ ਮੌਕੇ 'ਤੇ ਸ਼ਹਿਰ ਵਿੱਚ ਭਾਰੀ ਉਤਸ਼ਾਹ ਹੈ। ਸ੍ਰੀ ਹਰੀ ਕਥਾ ਸੰਮਤੀ ਦੇ ਮੁੱਖ ਸਰਪ੍ਰਸਤ ਪ੍ਰਕਾਸ਼ ਚੰਦ ਗਰਗ, ਚੇਅਰਮੈਨ ਡਾ. ਮਨਮੋਹਨ ਕੌਸ਼ਲ ਤੇ ਪ੍ਰਧਾਨ ਸ਼ਰਨ ਦਾਸ ਮਿੱਤਲ ਦੀ ਅਗਵਾਈ ਹੇਠ ਸ਼ਹਿਰ ਦੇ ਪ੍ਰਮੁੱਖ ਮੰਦਰਾਂ ਤੋਂ ਸਵੇਰ ਦੀਆਂ ਪ੍ਰਭਾਤਫੇਰੀਆਂ ਜਾਰੀ ਹਨ। ਇਸੇ ਦੌਰਾਨ ਗੋਲ ਮਾਰਕੀਟ ਸਥਿਤ ਸ੍ਰੀ ਕ੍ਰਿਸ਼ਨਾ ਮੰਦਰ ਤੋਂ ਭਗਵਾਨ ਰਾਮ ਤੱਕ ਕੱਢੀ ਪ੍ਰਭਾਤ ਫੇਰੀ ਵਿੱਚ ਵੱਡੀ ਗਿਣਤੀ ਵਿੱਚ ਪਤਵੰਤਿਆਂ ਨੇ ਭਾਗ ਲਿਆ। ਇਸ ਦਾ ਉਦਘਾਟਨ ਨਗਰ ਕੌਂਸਲ ਦੇ ਪ੍ਰਧਾਨ ਹਰਪ੍ਰੀਤ ਪ੍ਰਿੰਸ ਤੇ ਸੰਚਿਤ ਸਿੰਗਲਾ ਨੇ ਜੋਤ ਜਗਾ ਕੇ ਕੀਤਾ।ਇੱਕ ਦਿਨ ਪਹਿਲਾਂ ਸ੍ਰੀ ਕ੍ਰਿਸ਼ਨਾ ਮੰਦਰ ਵਿਖੇ ਭਜਨ-ਕੀਰਤਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਿੱਸਾ ਲਿਆ ਤੇ ਭਗਵਾਨ ਸ੍ਰੀ ਰਾਮ ਦਾ ਗੁਣਗਾਨ ਕੀਤਾ। ਚੇਅਰਮੈਨ ਡਾ.



ਮਨਮੋਹਨ ਕੌਸ਼ਲ ਤੇ ਪ੍ਰਧਾਨ ਸ਼ਰਨ ਦਾਸ ਮਿੱਤਲ ਨੇ ਦੱਸਿਆ ਕਿ ਰਾਮ ਨੌਮੀ ਨੂੰ ਮੁੱਖ ਰੱਖ ਕੇ ਸਵੇਰ ਦੀਆਂ ਪ੍ਰਭਾਤ ਫੇਰੀਆਂ ਦਾ ਉਦੇਸ਼ ਸਮਾਜ ਵਿੱਚ ਧਾਰਮਿਕ, ਸੱਭਿਆਚਾਰਕ ਤੇ ਅਧਿਆਤਮਿਕ ਜਾਗਰੂਕਤਾ ਫੈਲਾਉਣਾ ਹੈ। ਇਸ ਮੌਕੇ ਮੁੱਖ ਸਰਪ੍ਰਸਤ ਪ੍ਰਕਾਸ਼ ਚੰਦ ਗਰਗ, ਚੇਅਰਮੈਨ ਡਾ. ਮਨਮੋਹਨ ਕੌਸ਼ਲ, ਸ਼ੋਭਾ ਯਾਤਰਾ ਦੇ ਪ੍ਰਧਾਨ ਸੁਰੇਸ਼ ਗੁਪਤਾ, ਸਕੱਤਰ ਸੰਦੀਪ ਗੋਇਲ, ਖਜ਼ਾਨਚੀ ਸੱਜਣ ਗੋਇਲ, ਦਵਿੰਦਰ ਪਰਾਸ਼ਰ, ਯੱਗਿਆ ਦੱਤ, ਗਿਸ਼ੀ ਰਾਜ ਗੋਇਲ, ਰਾਕੇਸ਼ ਗੁਪਤਾ ਤੇ ਕ੍ਰਿਸ਼ਨਾ ਮੰਦਰ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ। ਪ੍ਰਭਾਤ ਫੇਰੀ ਦਾ ਸੰਚਾਲਨ ਸੁਭਾਸ਼ ਭਾਰਤੀ, ਹੰਸਰਾਜ ਜਿੰਦਲ, ਰਜਿੰਦਰ ਭਾਂਬਰੀ, ਸੰਜੇ ਗਰਗ, ਕਨੂੰ ਸ਼ਰਮਾ ਤੇ ਅਨੁਰਾਧਾ ਗੋਇਲ ਨੇ ਕੀਤਾ, ਰਸਤੇ ਨੂੰ ਫੁੱਲਾਂ, ਗੁਬਾਰਿਆਂ ਤੇ ਰੰਗੋਲੀਆਂ ਨਾਲ ਸਜਾਇਆ ਗਿਆ ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਮਾਹੌਲ ਭਗਤੀ ਦੇ ਭਜਨਾਂ ਤੇ 'ਜੈ ਸ੍ਰੀ ਰਾਮ' ਦੇ ਗਰਜ ਨਾਲ ਗੂੰਜ ਉਠਿਆ।

## ਹਰੇਕ ਦੇ ਦੁੱਖ-ਸੁੱਖ ਦੇ ਸਾਥੀ ਨੇ: ਵਿਨੋਦ ਬਾਂਸਲ

ਮੋਗਾ, 21 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਵਿਨੋਦ ਬਾਂਸਲ ਜੋ ਕਿ ਅਜਿਹੀ ਸ਼ਖਸੀਅਤ ਹੈ, ਜੋ ਕਿ ਕਿਸੇ ਨਾਮ ਦੇ ਮੁਥਾਜ ਨਹੀਂ ਹੈ, ਇਹ ਨਾਮ ਉਹ ਹੈ, ਜਿਸ ਨੂੰ ਕਿਸੇ ਨੂੰ ਦੱਸਣ ਦੀ ਲੋੜ ਨਹੀਂ, ਹਰ ਇੱਕ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਇਨ੍ਹਾਂ ਨੂੰ ਜਾਣਦਾ ਹੈ ਤੇ ਇਨ੍ਹਾਂ ਦੀ ਇਮਾਨਦਾਰੀ ਨੂੰ ਵੀ ਹਰ ਇੱਕ ਬੰਦਾ ਜਾਣਦਾ ਹੈ, ਹਰੇਕ ਦੇ ਦੁੱਖ-ਸੁੱਖ ਦੇ ਵਿੱਚ ਖੜ੍ਹਨ ਵਾਲੇ ਇਹ ਵਿਨੋਦ ਬਾਂਸਲ ਹਰ ਵੇਲੇ ਲੋਕਾਂ ਦੀ ਭਲਾਈ ਦਾ ਕੰਮ ਕਰਦੇ ਹਨ। ਹੁਣ 2027 ਦੇ ਵਿੱਚ ਚੋਣਾਂ ਸ਼ੁਰੂ ਹੋਣੀਆਂ ਹਨ। ਵਿਨੋਦ ਬਾਂਸਲ ਕਾਂਗਰਸ ਵੱਲੋਂ ਚੋਣਾਂ ਲੜਨ ਦੇ ਚਾਹਵਾਨ ਹਨ ਤੇ ਇਹ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਵੀ ਰਹਿ ਚੁੱਕੇ ਹਨ, 2027 ਦੀਆਂ ਚੋਣਾਂ ਨੂੰ ਲੈ ਕੇ ਕਾਂਗਰਸ ਦਾ ਝੰਡਾ ਚੁੱਕ ਕੇ ਵਿਨੋਦ ਬਾਂਸਲ ਇਮਾਨਦਾਰੀ ਦਾ ਭਰਿਆ ਢਾਈ ਦਹਾਕਿਆਂ ਦਾ ਸਿਆਸੀ ਕਰੀਅਰ ਹੈ, ਕਾਂਗਰਸ ਦੀ ਸਰਕਾਰ ਵੇਲੇ ਪੰਜਾਬ ਦੇ ਮੰਤਰੀਆਂ ਦਾ ਨਾਲ ਅਫਸਰਸ਼ਾਹੀਆਂ ਨਾਲ ਨਿੱਜੀ ਨੇੜਤਾ ਰੱਖਣ ਵਾਲੇ ਇਸ ਆਗੂ ਨੇ ਆਪਣੀ ਚਿੱਟੀ ਚਾਦਰ ਨੂੰ ਬਰਕਰਾਰ ਰੱਖਿਆ ਹੈ ਤੇ ਨਾਲ ਸਿਆਸਤ ਤੋਂ ਬਿਨਾਂ ਇਹ ਇੱਕ ਬਹੁਤ ਵਧੀਆ ਬਿਜ਼ਨੈਸ ਮੈਨ ਵੀ ਹੈ, ਬਿਜ਼ਨੈਸ ਵਿੱਚ



ਵੀ ਇਨ੍ਹਾਂ ਨੇ ਆਪਣਾ ਖ਼ੂਬ ਨਾਮ ਕਮਾਇਆ ਹੈ। ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਵਿਨੋਦ ਬਾਂਸਲ ਨੇ ਕਿਹਾ ਕਿ ਜੋ ਵੀ ਜਿਸ ਨੂੰ ਵੀ ਸਿਆਸੀ ਸੱਤਾ ਹਾਸਲ ਹੋ ਜਾਂਦੀ ਹੈ, ਉਸ ਨੂੰ ਪੈਸੇ ਕਮਾਉਣ ਦੀ ਹੋੜ ਲੱਗ ਜਾਂਦੀ ਹੈ, ਪਰ ਮੈਂ ਇਸ ਤੋਂ ਬਿਲਕੁਲ ਉਲਟ ਹਾਂ, ਮੈਂ ਪੈਸੇ ਨੂੰ ਇੱਕ ਸਾਈਡ 'ਤੇ ਛੱਡ ਕੇ ਮੋਗਾ ਨੂੰ ਇੱਕ ਨਵਾਂ ਹੀ ਨਕਸ਼ਾ ਦੇ ਸਕਦਾ ਹਾਂ। ਉਨ੍ਹਾਂ ਨੇ ਕਿਹਾ ਕਿ ਹੁਣ ਪੰਜਾਬ ਅੰਦਰ ਚੋਣਾਵੀਂ ਮਾਹੌਲ ਬਣਨ ਲੱਗ ਪਿਆ ਹੈ ਪਰ ਹਲਕੇ ਦੇ ਲੋਕ ਮੈਨੂੰ ਪਿਛਲੇ ਢਾਈ ਦਹਾਕਿਆਂ ਤੋਂ ਦੇਖ ਰਹੇ ਹਨ, ਕਿ ਮੈਂ ਕਿਸ ਤਰ੍ਹਾਂ ਲੋਕਾਂ ਦਾ ਸਾਥ ਦੇ ਰਿਹਾ ਹਾਂ, ਉਨ੍ਹਾਂ ਨੇ ਕਿਹਾ ਉਨ੍ਹਾਂ ਨੇ ਹਮੇਸ਼ਾ ਪਾਰਟੀ ਦੀ ਮਜ਼ਬੂਤੀ ਲਈ ਕੰਮ ਕੀਤਾ ਹੈ, ਜਿੱਥੇ ਵੀ ਕਿਤੇ ਪਾਰਟੀ ਨੇ ਡਿਊਟੀ ਲਗਾਈ ਹੈ, ਉਸ ਨੂੰ ਬਖੂਬੀ ਨਿਭਾਇਆ ਹੈ। ਉਨ੍ਹਾਂ ਨੇ ਕਿਹਾ ਕਿ ਭਵਿੱਖ ਵਿੱਚ ਪਾਰਟੀ ਜਿੱਥੇ ਵੀ ਡਿਊਟੀ ਲਗਾਏਗੀ, ਉਸ ਨੂੰ ਤਨਦੇਹੀ ਨਾਲ ਨਿਭਾਇਆ ਜਾਵੇਗਾ ਤੇ ਲੋਕਾਂ ਦੇ ਦੁੱਖ ਸੁੱਖ ਵਿੱਚ ਮੈਂ 24 ਘੰਟੇ ਖੜ੍ਹਾ ਹਾਂ ਤੇ ਖੜ੍ਹਾ ਹੀ ਰਹਾਂਗਾ।

## ਰਣਦੀਪ ਸਿੰਘ ਨਾਭਾ ਦੀ ਅਗਵਾਈ 'ਚ ਕਈ ਪਰਿਵਾਰ ਕਾਂਗਰਸ 'ਚ ਸ਼ਾਮਲ



ਅਮਲੋਹ, 21 ਮਾਰਚ (ਜਸਵੰਤ ਸਿੰਘ): ਪਿੰਡ ਬੈਣੀ ਜੇਰ ਦੇ ਆਮ ਆਦਮੀ ਪਾਰਟੀ ਨਾਲ ਸਬੰਧਤ ਕਈ ਪਰਿਵਾਰਾਂ ਨੇ ਆਪ ਦਾ ਪੱਲਾ ਛੱਡ ਕੇ ਪੰਜਾਬ ਦੇ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਤੇ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀਆਂ ਨਿਤੀਆਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਵਿੱਚ ਸ਼ਾਮਲ ਹੋ ਰਹੇ ਹਨ ਤੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਦੇ ਰਹਿਣਗੇ। ਇਨ੍ਹਾਂ ਵਿੱਚ ਨਾਜ਼ਰ ਸਿੰਘ, ਕਰਮ ਪਾਲ ਸਿੰਘ, ਭੁਪਿੰਦਰ ਸਿੰਘ, ਬੂਟਾ ਸਿੰਘ, ਕੁਲਵੰਤ ਸਿੰਘ, ਸੋਹਨ ਸਿੰਘ, ਪ੍ਰਭਜੋਤ ਸਿੰਘ, ਰਾਜਨ, ਸਰੂਪ ਸਿੰਘ, ਹੁਸਨਦੀਪ ਸਿੰਘ, ਜੱਗੀ, ਗੁਰਵਿੰਦਰ ਸਿੰਘ, ਜਤਿੰਦਰ ਸਿੰਘ, ਮਿੱਠੂ ਸਿੰਘ, ਲਵਪ੍ਰੀਤ ਸਿੰਘ, ਸਰੂਪ ਸਿੰਘ, ਮਲਕੀਤ ਕੌਰ, ਸ਼ਾਂਤੀ ਦੇਵੀ ਤੇ ਬਲਵਿੰਦਰ ਸਿੰਘ ਆਦਿ ਸ਼ਾਮਲ ਹਨ। ਸਾਬਕਾ ਮੰਤਰੀ ਨੇ ਇਨ੍ਹਾਂ ਦਾ ਸਨਮਾਨ ਕਰਦੇ ਹੋਏ ਇਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਨਮਾਨ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ 2027 ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਯਕੀਨੀ ਹੈ, ਜਿਸ ਵਿੱਚ ਹਰ ਵਰਗ ਨੂੰ ਬਣਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ, ਗੁਰਪ੍ਰੀਤ ਸਿੰਘ ਗਰੇਵਾਲ, ਬਿੱਕਰ ਸਿੰਘ ਦੀਵਾ, ਪ੍ਰਤਾਪ ਸਿੰਘ ਸਾਬਕਾ ਸਰਪੰਚ, ਜੱਗੀ ਵੜੈਚਾਂ, ਪ੍ਰਭਜੀਤ ਬੈਣਾ ਤੇ ਦਫਤਰ ਇੰਚਾਰਜ ਮਨਪ੍ਰੀਤ ਸਿੰਘ ਮਿੰਟਾ ਹਾਜ਼ਰ ਸਨ।

## ਬਾਬਾ ਬੰਦਾ ਸਿੰਘ ਬਹਾਦਰ ਇੰਜੀ. ਕਾਲਜ 'ਚ ਪੌਦੇ ਲਗਾਉਣ ਦੀ ਮੁਹਿੰਮ ਤੇ ਸੰਗੀਤਕ ਸਮਾਗਮ ਕਰਵਾਇਆ



ਸ੍ਰੀ ਫਤਹਿਗੜ੍ਹ ਸਾਹਿਬ, 21 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਕੈਂਪਸ ਵਿੱਚ ਕਾਲਜ ਦੇ ਐਨ.ਐਸ.ਐਸ. ਯੂਨਿਟ ਤੇ ਰੈਡ ਰਿਬਨ ਕਲੱਬ ਵੱਲੋਂ 'ਰੁੱਤ' ਨਾਮ ਹੇਠ ਪੌਦੇ ਲਗਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੇ ਦੂਜੇ ਹਿੱਸੇ ਵਿੱਚ ਕੁਦਰਤ ਨਾਲ ਬਿਤਾਈਆਂ ਘੜੀਆਂ ਦਾ ਜਸ਼ਨ ਮਨਾਉਣ ਲਈ ਸੰਗੀਤਕ ਪ੍ਰੋਗਰਾਮ ਵੀ ਕਰਵਾਇਆ ਗਿਆ।ਇਸ ਮੁਹਿੰਮ ਦੀ ਸ਼ੁਰੂਆਤ ਕਾਲਜ ਦੇ ਸਫਾਈ ਕਰਮਚਾਰੀ ਸਵਰਗੀ ਅਨੁਰਾਗ ਨਾਹਰ ਨੂੰ ਯਾਦ ਕਰਦਿਆਂ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਪੌਦੇ ਲਗਾਉਣ ਤੇ ਉਨ੍ਹਾਂ ਦੀ ਮੁੱਢਲੀ ਸੰਭਾਲ ਸਬੰਧੀ ਨਿਰਦੇਸ਼ ਦਿੱਤੇ ਗਏ। ਇਸ ਤੋਂ ਬਾਅਦ ਵਲੰਟੀਅਰਾਂ ਨੇ ਪੌਦੇ ਲਗਾਉਣ ਦੇ ਨਾਲ-ਨਾਲ ਵੱਡੇ ਰੁੱਖਾਂ ਤੇ ਲੋਹੇ ਦੇ ਖੰਭਿਆਂ ਨੂੰ ਰੰਗ ਕਰਕੇ ਮੁਹਿੰਮ ਵਿੱਚ ਸਰਗਰਮ ਭਾਗ ਲਿਆ। ਇਸ ਉਪਰਾਲੇ ਨਾਲ ਕੈਂਪਸ ਨੂੰ ਹਰਾ-ਭਰਾ ਤੇ ਜੀਵੰਤ ਰੂਪ ਮਿਲਿਆ।ਇਸ ਦੌਰਾਨ ਕਾਲਜ ਦੇ ਪ੍ਰਿੰਸੀਪਲ ਨੇ ਹਰ ਵਿਅਕਤੀ ਨੂੰ ਆਪਣੀ ਜ਼ਿੰਦਗੀ ਵਿੱਚ ਘੱਟੋ-ਘੱਟ ਦਸ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਤੇ ਪੌਦੇ ਲਗਾਉਣ ਦੇ ਵੱਖ-ਵੱਖ ਲਾਭਾਂ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੇ ਦੂਜੇ ਹਿੱਸੇ ਵਿੱਚ ਸਾਰੇ ਵਿਦਿਆਰਥੀਆਂ ਤੇ ਸਟਾਫ ਤੋਂ ਗ੍ਰੀਨ ਕੈਂਪਸ ਪ੍ਰਣ ਕਰਵਾਇਆ ਗਿਆ। ਇਸ ਉਪਰੰਤ ਲਾਈਵ ਸੰਗੀਤਕ ਪ੍ਰੋਗਰਾਮ ਦੌਰਾਨ ਜਸ਼ਨਪ੍ਰੀਤ ਸਿੰਘ, ਦੀਪਾਂਜਲੀ ਤੇ ਗਗਨਜੋਤ ਕੌਰ ਨੇ ਆਪਣੀਆਂ ਮੋਹਕ ਪ੍ਰਸਤੁਤੀਆਂ ਨਾਲ ਦਰਸ਼ਕਾਂ ਨੂੰ ਮੰਤਰ-ਮੁਗਧ ਕੀਤਾ। ਪ੍ਰੋਗਰਾਮ ਦੇ ਅਖੀਰਲੇ ਪੜਾਅ ਵਿੱਚ ਪ੍ਰੋ. ਗੁਰਲੀਨ ਕੌਰ ਧਾਲੀਵਾਲ ਵੱਲੋਂ ਕਵਿਤਾ ਵੀ ਸਾਂਝੀ ਕੀਤੀ ਗਈ। ਇਸ ਮੌਕੇ ਵਿਦਿਆਰਥੀ ਖੁਸ਼ਪ੍ਰੀਤ ਸਿੰਘ ਵੱਲੋਂ ਲਿਖੀ ਕਵਿਤਾ ਦੀ ਕਿਤਾਬ ਸਫਰ-ਏ-ਸ਼ਾਇਰ ਦਾ ਕਵਰ ਪੇਜ ਰਿਲੀਜ਼ ਕੀਤਾ ਗਿਆ ਤੇ ਕਵਿਤਾ ਪਾਠ ਵੀ ਕੀਤਾ ਗਿਆ।ਪ੍ਰਿੰਸੀਪਲ ਨੇ ਆਪਣੇ ਸੰਬੋਧਨ ਦੌਰਾਨ ਪਰਿਆਵਰਨ ਸੰਭਾਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤੇ ਸੇਵਾਦਾਰਾਂ, ਡਾ. ਸ਼ਿੰਦਰ ਸਿੰਘ ਤੇ ਅਸਟੇਟ ਆਫਿਸ ਦੇ ਕਰਮਚਾਰੀਆਂ ਦੇ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਸਾਰੇ ਭਾਗੀਦਾਰਾਂ ਨੇ ਘਾਹ 'ਤੇ ਬੈਠ ਕੇ ਜਾਂ ਖੜ੍ਹੇ ਹੋ ਕੇ ਕੁਦਰਤ ਨਾਲ ਨੇੜਤਾ ਦਾ ਅਨੁਭਵ ਕੀਤਾ।

## ਵਿਧਾਇਕ ਸ਼ੈਰੀ ਕਲਸੀ ਵੱਲੋਂ ਸਰਕਾਰੀ ਪੌਲੀਟੈਕਨਿਕ ਕਾਲਜ ਵਿਖੇ ਇਲਾਕੇ ਦੀ ਪਹਿਲੀ ਏ.ਆਈ. ਆਧਾਰਿਤ ਸੀ.ਪੀ.ਐਸ. ਲੈਬ ਦਾ ਉਦਘਾਟਨ



ਬਟਾਲਾ, 21 ਮਾਰਚ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਤੇ ਪ੍ਰਮੁੱਖ ਸਕੱਤਰ ਤੇ ਡਾਇਰੈਕਟਰ ਤਕਨੀਕੀ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੇ ਉਪਰਾਲਿਆਂ ਸਦਕਾ ਬਟਾਲਾ ਹਲਕੇ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਵਿਖੇ ਇਲਾਕੇ ਦੀ ਪਹਿਲੀ ਏ.ਆਈ. ਬੇਸਡ ਸੀ.ਪੀ.ਐਸ. ਲੈਬ (ਸਾਈਬਰ ਫਿਜ਼ੀਕਲ ਸਿਸਟਮਸ ਲੈਬ) ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਪ੍ਰਿੰਸੀਪਲ ਭੱਟੀ ਤੇ ਕਾਲਜ ਦੇ ਸਮੂਹ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਹਮੇਸ਼ਾ ਹੀ ਇਲਾਕੇ ਲਈ ਇੱਕ ਵਰਦਾਨ ਸਾਬਤ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਲੈਬ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਦੇ ਨਾਲ-ਨਾਲ ਕਿਸਾਨਾਂ ਨੂੰ ਵੀ ਮਿੱਟੀ ਜਾਂਚ ਤੇ ਮੌਸਮੀ ਜਾਣਕਾਰੀ ਦੇ ਰੂਪ ਵਿੱਚ ਵੱਡਾ ਲਾਭ ਦੇਵੇਗੀ। ਉਨ੍ਹਾਂ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਵੱਧ ਤੋਂ ਵੱਧ ਸਕੀਮਾਂ ਲਾਗੂ ਕਰ ਰਹੀ ਹੈ, ਉਥੇ ਇਹ ਲੈਬ ਵੀ ਇਲਾਕੇ ਦੇ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਤੇ ਆਧੁਨਿਕ ਜਾਣਕਾਰੀ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਇਸ ਮੌਕੇ ਸਰਕਾਰੀ ਪੌਲੀਟੈਕਨਿਕ ਕਾਲਜ ਦੀਨਾਨਗਰ ਦੇ ਪ੍ਰਿੰਸੀਪਲ ਵਿਜੇ ਥਾਪਾ, ਜ਼ਿਲ੍ਹਾ ਲੋਕ ਸੰਪਰਕ ਅਫਸਰ ਹਰਜਿੰਦਰ ਸਿੰਘ ਕਲਸੀ, ਨਵਦੀਪ ਸਿੰਘ, ਸੰਜੀਵ ਕੁਮਾਰ, ਹਰਦੀਪ ਸਿੰਘ ਸੰਧੂ, ਬਿਕਰਮਜੀਤ ਸਿੰਘ, ਸਰਕਾਰੀ ਪੌਲੀਟੈਕਨਿਕ ਕਾਲਜ ਅੰਮ੍ਰਿਤਸਰ ਤੋਂ ਆਈਟੀ ਵਿਭਾਗ ਦੇ ਇੰਚਾਰਜ ਸਮਿੱਤਰਬੀਰ ਸਿੰਘ, ਲੈਕਚਰਾਰ ਗੁਰਮੁੱਖ ਸਿੰਘ, ਕਾਲਜ ਦੇ ਵਿਭਾਗੀ ਮੁਖੀ, ਇੰਚਾਰਜ ਤੇ ਸਟਾਫ ਜਿਨ੍ਹਾਂ ਵਿੱਚ ਜਸਮੀਤ ਕੌਰ, ਵਿਜੇ ਮਨਿਹਾਸ, ਹਰਜਿੰਦਰਪਾਲ ਸਿੰਘ, ਰੇਖਾ, ਬਲਵਿੰਦਰ ਸਿੰਘ, ਹਰਿੰਦਰ ਸਿੰਘ, ਅਤੀਸ਼ ਕੁਮਾਰ, ਡਾ. ਸਨਿਮਰਜੀਤ ਕੌਰ, ਜਗਦੀਪ ਸਿੰਘ, ਸ਼ਾਲਿਨੀ ਮਹਾਜਨ, ਰੰਜੂ ਓਹਰੀ, ਜਸਬੀਰ ਸਿੰਘ ਆਦਿ ਹਾਜ਼ਰ ਸਨ।

## ਬਾਜ਼ਾਰ 'ਚ ਤਾਰਾਂ ਸ਼ਾਰਟ ਹੋਣ ਨਾਲ ਲੱਗੀ ਅੱਗ

ਭੋਗਪੁਰ, 21 ਮਾਰਚ (ਜੰਡੀਰ ਸੈਣੀ): ਭੋਗਪੁਰ ਰੇਲਵੇ ਰੋਡ ਸੰਘਣੇ ਬਾਜ਼ਾਰ ਵਿੱਚ ਅੱਜ ਬਿਜਲੀ ਦੀਆਂ ਤਾਰਾਂ ਸ਼ਾਰਟ ਹੋਣ ਕਰਕੇ ਵੱਡਾ ਹਾਦਸਾ ਵਾਪਰ ਸਕਦਾ ਸੀ। ਪਰ ਨਾਲ ਦੇ ਦੁਕਾਨਦਾਰਾਂ ਵੱਲੋਂ ਰਲ-ਮਿਲ ਕੇ ਸ਼ਾਰਟ ਹੋਣ ਨਾਲ ਲੱਗੀ ਅੱਗ ਨੂੰ ਕਾਬੂ ਪਾ ਲਿਆ ਗਿਆ। ਮਾਲਕਾਂ ਨੇ ਕਿਹਾ ਕਿ ਕਈ ਵਾਰ ਮੁਲਾਜ਼ਮਾਂ ਨੂੰ ਤਾਰਾਂ ਸਬੰਧੀ ਸ਼ਿਕਾਇਤ ਕੀਤੀ ਗਈ ਸੀ ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਅਗਰ ਮੁਲਾਜ਼ਮਾਂ ਨੇ ਪਹਿਲੇ ਹੀ ਮੌਕਾ ਸਾਂਭ ਲਿਆ ਹੁੰਦਾ ਤਾਂ ਅੱਜ ਇਹ ਹਾਦਸਾ ਨਹੀਂ ਸੀ ਹੋਣਾ। ਇਸ ਸਬੰਧੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਪਹਿਲੇ ਵੀ ਕੰਪਲੇਂਟ ਕਰਕੇ ਆਏ ਸੀ ਤੇ ਕਈ ਵਾਰ ਜ਼ਿਆਦਾ ਲੋਡ ਪੈਣ ਕਰਕੇ ਤਾਰਾਂ ਸਪਾਰਕ ਕਰ ਜਾਂਦੀਆਂ ਹਨ।

## ਵਿਸ਼ਾਲ ਹਸਪਤਾਲ ਵਿਖੇ ਮੈਗਾ ਮੈਡੀਕਲ ਕੈਂਪ ਲਗਾਇਆ

### ☛400 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਮੁਆਇਨਾ ਕੀਤਾ, ਵੰਡੀਆਂ ਦਵਾਈਆਂ

ਲੋਹੀਆਂ ਖਾਸ, 21 ਮਾਰਚ (ਸਬਪ੍ਰੀਤ ਸਿੰਘ): ਲੋਹੀਆਂ ਦੇ ਵਿੱਚ ਮਸ਼ਹੂਰ ਵਿਸ਼ਾਲ ਹਸਪਤਾਲ ਦੀ ਹੋਰ ਨਵੀਂ ਬਿਲਡਿੰਗ ਵਿੱਚ ਸ਼ੁਭ ਮਹੂਰਤ ਵਜੋਂ ਮੈਗਾ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ 400 ਤੋਂ ਵੱਧ ਮਰੀਜ਼ਾਂ ਦਾ ਮੁਕਤ ਚੈਕਅੱਪ ਕੀਤਾ ਗਿਆ ਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ।ਇਸ ਕੈਂਪ ਦੇ ਆਯੋਜਨ ਵਿੱਚ ਰੋਟਰੀ ਕਲੱਬ ਜਲੰਧਰ ਸ਼ਹਿਰ ਵਿੱਚ



ਸ਼ੁਮਾਰ ਪਾਸਟ ਡਿਸਟ੍ਰਿਕ ਗਵਰਨਰ ਰੋਟੇਰੀਅਨ ਡਾ. ਯੂ.ਐਸ. ਘਈ ਦੀ ਰਹਿਨੁਮਾਈ ਹੇਠ ਰੋਟਰੀ ਪ੍ਰਧਾਨ ਅਮਿਤ ਟੰਡਨ, ਪ੍ਰੋਜੈਕਟ ਡਾਇਰੈਕਟਰ ਰੋਟੇਰੀਅਨ ਵਰੁਣ ਸ਼ਰਮਾ, ਸੈਕਟਰੀ ਰਣਜੀਤ ਸੇਠੀ ਨੇ ਅਯੋਜਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਚੇਤੇ ਰਹੇਗੀ ਲੋਹੀਆਂ ਵਿਖੇ ਵਿਸ਼ਾਲ ਹਸਪਤਾਲ ਸਿਹਤ ਸੇਵਾਵਾਂ ਵਾਸਤੇ ਇਲਾਕਾ ਭਰ ਵਿੱਚ ਮੋਹਰਲੀ ਕਤਾਰ ਵਿੱਚ ਸਥਿਤ ਹੈ, ਜਦਕਿ ਸੇਵਾ ਮੁਕਤ ਐਸ.ਐਮ.ਓ. ਡਾ. ਡੀ.ਪੀ. ਸਿੰਘ ਵਿਸ਼ਾਲ ਹਸਪਤਾਲ ਨੂੰ ਬਹੁਮੁੱਲੀਆਂ ਸੇਵਾਵਾਂ ਭੇਟ ਕਰਕੇ ਦਿਲ, ਗੁਰਦੇ ਤੇ ਸ਼ੂਗਰ ਦੇ ਮਰੀਜ਼ਾਂ ਵਾਸਤੇ ਵਰਦਾਨ ਬਣੇ ਹੋਏ ਹਨ। ਵਿਸ਼ਾਲ ਹਸਪਤਾਲ ਦੇ ਐਮ.ਡੀ. ਡਾ. ਵਿਸ਼ਾਲ ਗੁਪਤਾ ਨੇ ਉਕਤ ਕੈਂਪ ਦੌਰਾਨ ਸਾਰੇ ਹੀ ਸਹਿਯੋਗੀਆਂ ਦਾ ਧੰਨਵਾਦ ਕੀਤਾ ਤੇ ਹਰ ਪ੍ਰਕਾਰ ਦੇ ਮਰੀਜ਼ਾਂ ਦੀ ਬਹੁਤ ਹੀ ਘੱਟ ਲਾਗਤ ਤੇ ਸਿਹਤ ਸਹੂਲਤਾਂ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ।

## ਹੋਲੀ ਹਾਰਟ ਸਕੂਲ ਵਿਖੇ ਕਿੰਡਰਗਾਰਟਨ ਸੈਕਸ਼ਨ ਦਾ 'ਗ੍ਰੈਜੂਏਸ਼ਨ ਡੇਅ' ਧੂਮ-ਧਾਮ ਨਾਲ ਮਨਾਇਆ

ਮੋਗਾ, 21 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਸਥਾਨਕ ਹੋਲੀ ਹਾਰਟ ਸਕੂਲ ਵਿਖੇ ਕਿੰਡਰਗਾਰਟਨ ਸੈਕਸ਼ਨ ਦੇ ਨੰਨ੍ਹੇ-ਮੁੰਨ੍ਹੇ ਬੱਚਿਆਂ ਲਈ 'ਗ੍ਰੈਜੂਏਸ਼ਨ ਡੇਅ' ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਹ ਸਮਾਗਮ ਚੇਅਰਮੈਨ ਸੁਭਾਸ਼ ਪਲਤਾ, ਪ੍ਰਿੰਸੀਪਲ ਸ਼ਿਵਾਨੀ ਅਰੋੜਾ ਤੇ ਮੈਨੇਜਮੈਂਟ ਟੀਮ ਦੇ ਮੈਂਬਰ ਸ਼੍ਰੇਆ ਪਲਤਾ ਦੀ ਯੋਗ ਅਗਵਾਈ ਹੇਠ ਸੰਪੰਨ ਹੋਇਆ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਸਕੂਲ ਦੇ ਅਧਿਆਪਕਾਂ ਵੱਲੋਂ ਬਹੁਤ ਜ਼ਿਆਦਾ ਮਿਹਨਤ ਤੇ ਯਤਨ ਕੀਤੇ ਗਏ। ਅਧਿਆਪਕਾਂ ਨੇ ਬੱਚਿਆਂ ਨੂੰ ਸੁੰਦਰ ਪੇਸ਼ਕਾਰੀਆਂ ਲਈ ਤਿਆਰ ਕਰਨ ਤੇ ਪ੍ਰੋਗਰਾਮ ਦੀ ਹਰ ਬਾਰੀਕੀ ਨੂੰ ਸੰਵਾਰਨ ਵਿੱਚ ਦਿਨ-ਰਾਤ ਇੱਕ ਕਰ ਦਿੱਤਾ। ਚੇਅਰਮੈਨ ਸੁਭਾਸ਼ ਪਲਤਾ ਤੇ ਪ੍ਰਿੰਸੀਪਲ ਸ਼ਿਵਾਨੀ ਅਰੋੜਾ ਨੇ ਅਧਿਆਪਕਾਂ ਦੀ ਇਸ ਬੇਮਿਸਾਲ ਮਿਹਨਤ ਦੀ ਪੁਰਜ਼ੋਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦੇ ਸਹਿਯੋਗ ਤੇ ਸਮਰਪਣ ਸਦਕਾ ਹੀ ਅੱਜ ਦਾ ਇਹ ਪ੍ਰੋਗਰਾਮ ਇੰਨਾ ਯਾਦਗਾਰੀ ਬਣ ਸਕਿਆ ਹੈ। **ਸਮਾਗਮ ਦੀਆਂ ਹੋਰ ਮੁੱਖ ਵਿਸ਼ੇਸ਼ਤਾਵਾਂ:** ਨੰਨ੍ਹੇ ਗ੍ਰੈਜੂਏਟ: ਗ੍ਰੈਜੂਏਸ਼ਨ ਗਾਊਨ ਤੇ ਕੈਂਪਸ ਵਿੱਚ ਸਜੇ ਹੋਏ ਛੋਟੇ ਬੱਚੇ ਬਹੁਤ ਹੀ ਖੂਬਸੂਰਤ ਤੇ ਦਿਲਕਸ਼ ਲੱਗ ਰਹੇ ਸਨ। ਮਾਪਿਆਂ ਦੀ ਖੁਸ਼ੀ: ਸਮਾਗਮ ਵਿੱਚ ਪਹੁੰਚੇ ਮਾਪਿਆਂ ਨੇ ਆਪਣੇ ਬੱਚਿਆਂ ਦੀ ਇਸ ਪ੍ਰਾਪਤੀ 'ਤੇ ਬਹੁਤ ਖੁਸ਼ੀ ਜ਼ਾਹਿਰ ਕੀਤੀ ਤੇ ਪ੍ਰੋਗਰਾਮ ਦਾ ਭਰਪੂਰ ਆਨੰਦ ਮਾਣਿਆ। ਡਿਗਰੀਆਂ ਦੀ ਵੰਡ: ਮੈਨੇਜਮੈਂਟ ਟੀਮ ਵੱਲੋਂ ਬੱਚਿਆਂ ਨੂੰ ਡਿਗਰੀਆਂ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਸਾਡੇ ਅਧਿਆਪਕਾਂ ਦਾ ਜਜ਼ਬਾ ਤੇ ਬੱਚਿਆਂ ਦੀ ਮਾਸੂਮੀਅਤ ਨੇ ਇਸ ਦਿਨ ਨੂੰ ਹੋਰ ਵੀ ਖਾਸ ਬਣਾ ਦਿੱਤਾ ਹੈ।



# 'ਈਦ-ਉਲ-ਫ਼ਿਤਰ' ਮੌਕੇ ਮੰਤਰੀ ਸੌਂਦ ਨੇ ਜਾਮਾ ਮਸਜਿਦਾਂ ਵਿਖੇ ਸਮਾਗਮਾਂ 'ਚ ਸ਼ਿਰਕਤ ਕਰਕੇ ਦਿੱਤਾ ਸਾਂਝ ਤੇ ਸ਼ਾਂਤੀ ਦਾ ਸੰਦੇਸ਼




ਲੁਧਿਆਣਾ, 21 ਮਾਰਚ (ਵਿਸ਼ਾਲ ਸ਼ਰਮਾ): ਮੰਤਰੀ ਤਰੁਨਪ੍ਰੀਤ ਸੌਂਦ ਨੇ ਸ਼ਨੀਵਾਰ ਨੂੰ 'ਈਦ-ਉਲ-ਫ਼ਿਤਰ' ਦੇ ਤਿਉਹਾਰ ਦੇ ਮੌਕੇ 'ਤੇ ਪਿੰਡ ਲਿਬੜਾ ਅਤੇ ਖੰਨਾ ਦੀਆਂ ਜਾਮਾ ਮਸਜਿਦਾਂ ਵਿੱਚ ਹੋਏ ਸਮਾਗਮਾਂ ਵਿੱਚ ਸ਼ਿਰਕਤ ਕਰਕੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਈਦ ਦੀਆਂ ਵਧਾਈਆਂ ਦਿੱਤੀਆਂ। ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ 'ਈਦ-ਉਲ-ਫ਼ਿਤਰ' ਦਾ ਤਿਉਹਾਰ ਸਰਬ ਸਾਂਝੀਵਾਲਤਾ, ਸ਼ਾਂਤੀ ਅਤੇ ਸਦਭਾਵਨਾ ਦਾ ਪ੍ਰਤੀਕ ਹੈ। ਇਹ ਤਿਉਹਾਰ ਰਮਜ਼ਾਨ ਦੇ ਪਵਿੱਤਰ ਮਹੀਨੇ ਦੀ ਸਮਾਪਤੀ ਨੂੰ ਦਰਸਾਉਂਦਾ ਹੈ, ਜੋ ਦਾਨ ਅਤੇ ਉਦਾਰਤਾ ਦੀ ਭਾਵਨਾ ਨੂੰ ਦ੍ਰਿੜ ਕਰਵਾਉਂਦਾ ਹੈ ਅਤੇ ਹਮਦਰਦੀ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਦਾ ਹੈ। ਸੌਂਦ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਪਵਿੱਤਰ ਦਿਹਾੜਾ ਭਾਈਚਾਰਕ ਸਾਂਝ ਅਤੇ ਸ਼ਾਂਤੀ ਦੇ ਬੰਧਨਾਂ ਨੂੰ ਮਜ਼ਬੂਤ ਕਰੇਗਾ, ਜੋ ਸਾਡੇ ਮਹਾਨ ਗੁਰੂਆਂ, ਸੰਤਾਂ ਅਤੇ ਪੀਰਾਂ ਦੁਆਰਾ ਪ੍ਰਚਾਰੀਆਂ ਗਈਆਂ ਮਹਾਨ ਮਨੁੱਖੀ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੈ। ਮੰਤਰੀ ਨੇ ਕਿਹਾ ਕਿ ਇਹ ਪਵਿੱਤਰ ਤਿਉਹਾਰ ਆਪਸੀ ਸਦਭਾਵਨਾ ਨੂੰ ਮਜ਼ਬੂਤ ਕਰਦਾ ਹੈ ਅਤੇ ਸਾਨੂੰ ਸਾਰਿਆਂ ਨੂੰ ਪਿਆਰ, ਦੋਸਤੀ ਅਤੇ ਸਦਭਾਵਨਾ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਜਾਤ-ਪਾਤ, ਰੰਗ, ਨਸਲ ਦੇ ਭੇਦਭਾਵ ਤੋਂ ਉਪਰ ਉਠ ਕੇ ਸਮੂਹਿਕ ਤੌਰ 'ਤੇ ਇਸ ਖੁਸ਼ੀ ਦੇ ਤਿਉਹਾਰ ਨੂੰ ਉਤਸ਼ਾਹ ਅਤੇ ਧਾਰਮਿਕ ਸ਼ਰਧਾ ਨਾਲ ਮਨਾਉਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਸੌਂਦ ਨੇ ਦੁਹਰਾਇਆ ਕਿ ਪੰਜਾਬ ਵਿੱਚ ਸਮਾਜਿਕ ਸਾਂਝ ਇੰਨੀ ਮਜ਼ਬੂਤ ਹੈ ਕਿ ਪੰਜਾਬ ਦੀ ਉਪਜਾਊ ਧਰਤੀ 'ਤੇ ਕੋਈ ਵੀ ਬੀਜ ਉੱਗ ਸਕਦਾ ਹੈ ਪਰ ਇੱਥੇ ਨਫ਼ਰਤ ਦਾ ਬੀਜ ਕਿਸੇ ਵੀ ਕੀਮਤ 'ਤੇ ਨਹੀਂ ਉੱਗੇਗਾ। ਇਸ ਤੋਂ ਪਹਿਲਾਂ 'ਈਦ-ਉਲ-ਫ਼ਿਤਰ' ਦੇ ਤਿਉਹਾਰ ਦੇ ਮੌਕੇ 'ਤੇ ਪਿੰਡ ਲਿਬੜਾ ਅਤੇ ਖੰਨਾ ਦੀਆਂ ਜਾਮਾ ਮਸਜਿਦਾਂ ਵਿੱਚ ਹੋਏ ਸਮਾਗਮਾਂ ਵਿੱਚ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੇ ਸ਼ਾਮਲ ਹੋਣ 'ਤੇ ਮੁਸਲਿਮ ਭਾਈਚਾਰੇ ਦੇ ਆਗੂਆਂ ਅਤੇ ਅਮਾਮ ਵੱਲੋਂ ਸਵਾਗਤ ਅਤੇ ਸਨਮਾਨ ਵੀ ਕੀਤਾ ਗਿਆ।

# ਚੇਅਰਮੈਨ ਮਨਪ੍ਰੀਤ ਸਿੰਘ ਦੀ ਅਗਵਾਈ 'ਚ ਟਰੇਡ ਕਮਿਸ਼ਨ ਦੀ ਮੀਟਿੰਗ




ਲੁਧਿਆਣਾ, 21 ਮਾਰਚ (ਵਿਸ਼ਾਲ ਸ਼ਰਮਾ): ਚੇਅਰਮੈਨ ਮਨਪ੍ਰੀਤ ਸਿੰਘ ਦੀ ਅਗਵਾਈ ਵਿੱਚ ਟਰੇਡ ਕਮਿਸ਼ਨ ਹਲਕਾ ਆਤਮ ਨਗਰ ਦੀ ਮੀਟਿੰਗ ਹੋਈ, ਜਿਸ ਵਿੱਚ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਨਗਰ ਨਿਗਮ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਉਚੇਚੇ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ, ਜਿਨ੍ਹਾਂ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਸੁਣਿਆ। ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਚੇਅਰਮੈਨ ਮਨਪ੍ਰੀਤ ਸਿੰਘ ਨੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੰਦੇ ਹੋਏ ਮੌਕੇ 'ਤੇ ਹੀ ਕਈ ਸਮੱਸਿਆਵਾਂ ਦੇ ਹੱਲ ਕਰਵਾਇਆ ਅਤੇ ਜੋ ਰਹਿੰਦੀਆਂ ਸਮੱਸਿਆਵਾਂ ਸੀ ਉਹਨਾਂ ਦਾ ਵਿਭਾਗ ਵੱਲੋਂ ਕੰਮ ਕਰਵਾਉਣ ਦਾ ਵਾਅਦਾ ਕੀਤਾ। ਜ਼ਿਆਦਾਤਰ ਵਪਾਰੀਆਂ ਨੂੰ ਜੀ.ਐਸ.ਟੀ. ਰਿਫੰਡ ਅਤੇ ਬਿਜਲੀ ਦੀਆਂ ਤਾਰਾਂ ਜੋ ਲੰਬੇ ਸਮੇਂ ਤੋਂ ਲਟਕ ਰਹੀਆਂ ਸਨ ਦੀ ਕਾਫੀ ਵੱਡੀ ਸਮੱਸਿਆ ਸੀ, ਜਿਨਾਂ ਨੂੰ ਸਬੰਧਿਤ ਅਧਿਕਾਰੀਆਂ ਨੂੰ ਕਹਿ ਕੇ ਇਹਨਾਂ ਨੂੰ ਤੁਰੰਤ ਪ੍ਰਭਾਵ ਨਾਲ ਦੂਰ ਕਰਨ ਦੀ ਹਦਾਇਤ ਦਿੱਤੀ। ਚੇਅਰਮੈਨ ਮਨਪ੍ਰੀਤ ਸਿੰਘ ਨੇ ਆਏ ਹੋਏ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਆਖਿਆ ਤੇ ਹਲਕਾ ਆਤਮ ਨਗਰ ਵਿੱਚ ਵਪਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਹੁਣ ਸਰਕਾਰ ਉਹਨਾਂ ਦੇ ਦੁਆਰਾ ਆ ਗਈ ਹੈ ਅਤੇ ਉਹਨਾਂ ਦੀਆਂ ਜੋ ਵੀ ਸਮੱਸਿਆਵਾਂ ਹਨ ਉਹ ਪਹਿਲ ਦੇ ਆਧਾਰ 'ਤੇ ਦੂਰ ਕੀਤੀਆਂ ਜਾਣਗੀਆਂ ਅਤੇ ਵਪਾਰੀਆਂ ਨੂੰ ਕਿਸੇ ਤਰ੍ਹਾਂ ਦੀ ਵੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਏਗੀ। ਅੰਤ ਵਿੱਚ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਮਨਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜੋ ਅਜਿਹਾ ਟਰੇਡ ਕਮਿਸ਼ਨ ਬਣਾ ਕੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਦੂਰ ਕਰ ਰਹੇ ਹਨ ਇਸ ਮੌਕੇ ਸੋਸ਼ਲ ਮੀਡੀਆ ਜਿਲਾ ਇੰਚਾਰਜ ਗੁਰਪ੍ਰੀਤ ਸਿੰਘ ਰਾਜਾ, ਕੌਂਸਲਰ ਸੋਹਨ ਸਿੰਘ ਗੋਗਾ, ਅਰਸ਼ਦੀਪ ਸਿੰਘ ਬਿੱਲਾ, ਟਰੇਡ ਕਮਿਸ਼ਨ ਮੈਂਬਰ ਸਤਬੀਰ ਸਿੰਘ ਬਿੰਦਰਾ, ਹਰਮੀਤ ਭਾਟੀਆ, ਅਸ਼ੋਕ ਪੁਰੀ, ਸਤਿੰਦਰ ਸਿੰਘ ਲੋਟੇ, ਹਰਵਿੰਦਰ ਸਿੰਘ, ਦੀਪਕ ਅਰੋੜਾ, ਡੀ.ਸੀ ਗਰਗ, ਗੁਰਵਿੰਦਰ ਸਿੰਘ ਮਾਰਟਿਨ ਵੀ ਹਾਜ਼ਰ ਸਨ।

# ਐਸ.ਐਸ.ਪੀ. ਦੀ ਅਗਵਾਈ ਹੇਠ ਦੂਜਾ ਜ਼ਿਲ੍ਹਾ ਪੱਧਰੀ ਸਮਾਧਾਨ ਕੈਂਪ ਲੱਗਾ



ਲੁਧਿਆਣਾ, 21 ਮਾਰਚ (ਵਿਸ਼ਾਲ ਸ਼ਰਮਾ): ਪੁਲਿਸ ਪ੍ਰਸ਼ਾਸਨ ਵੱਲੋਂ ਏ.ਐਸ.ਕਾਲਜ ਵੂਮੈਨ ਖੰਨਾ ਵਿਖੇ ਦੂਜਾ 'ਜ਼ਿਲ੍ਹਾ ਪੱਧਰੀ ਸਮਾਧਾਨ ਕੈਂਪ' ਲਗਾਇਆ ਗਿਆ। ਇਸ ਜ਼ਿਲ੍ਹਾ ਪੱਧਰੀ ਸਮਾਧਾਨ ਕੈਂਪ ਦੀ ਅਗਵਾਈ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ) ਖੰਨਾ ਡਾ. ਦਰਪਣ ਆਹਲੂਵਾਲੀਆ ਵੱਲੋਂ ਖੁਦ ਕੀਤੀ ਗਈ। ਇਸ ਕੈਂਪ ਦੌਰਾਨ ਪੁਲਿਸ ਜ਼ਿਲ੍ਹਾ ਖੰਨਾ ਦੇ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਲੋਕਾਂ ਦੀਆਂ ਹਰ ਤਰ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ ਗਈਆਂ ਅਤੇ ਬਹੁਤ ਸਾਰੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ ਅਤੇ ਐਸ.ਐਸ.ਪੀ ਖੰਨਾ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਸਮਾਂਬੱਧ ਜਾਂਚ ਕਰਕੇ ਰਹਿੰਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਗਏ।

ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਦੀ ਦੂਰਦਰਸ਼ੀ ਸੋਚ, ਸਖ਼ਤ ਨਿਗਰਾਨੀ ਅਤੇ ਮਨੁੱਖੀ ਪਹੁੰਚ ਨੇ ਲੋਕਾਂ ਵਿੱਚ ਇਹ ਵਿਸ਼ਵਾਸ ਪੈਦਾ ਕੀਤਾ ਹੈ ਕਿ ਹੁਣ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਹੱਲ ਕੀਤਾ ਜਾਵੇਗਾ। ਇਹ ਪਹਿਲ ਭਵਿੱਖ ਵਿੱਚ ਹੋਰ ਜ਼ਿਲ੍ਹਿਆਂ ਲਈ ਵੀ ਇੱਕ ਮਿਸਾਲ ਸਾਬਤ ਹੋ ਸਕਦੀ ਹੈ। ਕੁੱਲ ਮਿਲਾ ਕੇ, ਜ਼ਿਲ੍ਹਾ ਪੱਧਰੀ ਸਮਾਧਾਨ ਕੈਂਪ ਖੰਨਾ ਪੁਲਿਸ ਲਈ ਇੱਕ ਨਵੀਂ ਪਛਾਣ ਬਣ ਰਹੀ ਹੈ। ਪੁਲਿਸ ਸਮਾਧਾਨ ਕੈਂਪ ਰਾਹੀਂ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਸਾਫ਼ ਸੰਦੇਸ਼ ਦਿੱਤਾ ਹੈ ਕਿ ਖੰਨਾ ਪੁਲਿਸ ਜਨਤਾ ਦੇ ਨਾਲ ਖੜ੍ਹੀ ਹੈ ਅਤੇ ਹਰ ਪੀੜਤ ਨੂੰ ਇਨਸਾਫ਼ ਦਿਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਪਹਿਲ ਨਾ ਸਿਰਫ਼ ਲੰਬਿਤ ਸ਼ਿਕਾਇਤਾਂ ਦਾ ਹੱਲ ਕਰ ਰਹੀ ਹੈ ਸਗੋਂ ਪੁਲਿਸ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਵੀ ਵਧਾ ਰਹੀ ਹੈ। ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਪੁਲਿਸ ਸਟੇਸ਼ਨਾਂ ਅਤੇ ਸਬ-ਡਿਵੀਜ਼ਨ ਪੱਧਰ 'ਤੇ ਸਮਾਧਾਨ ਕੈਂਪ ਲਗਾਤਾਰ ਲੱਗਦੇ ਰਹਿੰਦੇ ਹਨ। ਪਰ ਅੱਜ ਜ਼ਿਲ੍ਹਾ ਪੱਧਰੀ ਸਮਾਧਾਨ ਕੈਂਪ ਲਗਾਇਆ ਗਿਆ ਹੈ। ਇਸ ਕੈਂਪ ਵਿੱਚ ਲੋਕਾਂ ਨਾਲ ਸਿੱਧਾ ਰਾਬਤਾ (ਸੰਪਰਕ) ਹੁੰਦਾ ਹੈ। ਪੁਲਿਸ ਅਧਿਕਾਰੀ ਅਤੇ ਕਰਮਚਾਰੀ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਕੇ, ਕਾਨੂੰਨ ਅਨੁਸਾਰ ਕਾਰਵਾਈ ਕਰਕੇ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਹਨ। ਇਸ ਕੈਂਪ ਦੇ ਕਈ ਫਾਇਦੇ ਵੀ ਹੁੰਦੇ ਹਨ, ਜਿਸ ਵਿੱਚ ਇੱਕੋ ਪਲੇਟਫਾਰਮ 'ਤੇ ਦੋਨੋਂ ਪਾਰਟੀਆਂ ਦੀ ਸੁਣਵਾਈ ਹੁੰਦੀ ਹੈ। ਜਿਸ ਨਾਲ ਪਾਰਦਰਸ਼ਤਾ ਅਤੇ ਜਵਾਬਦੇਹੀ ਵੀ ਸਾਹਮਣੇ ਆਉਂਦੀ ਹੈ। ਦਰਖਾਸਤਕਾਰ ਨੂੰ ਵੱਖ-ਵੱਖ ਦਫਤਰਾਂ ਦੇ ਚੱਕਰ ਨਹੀਂ ਕੱਟਣੇ ਪੈਂਦੇ। ਇੱਕੋ ਪਲੇਟਫਾਰਮ 'ਤੇ ਸੰਬੰਧਿਤ ਸਮੱਸਿਆ/ਸ਼ਿਕਾਇਤ ਦਾ ਨਿਪਟਾਰਾ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਸਾਰੇ ਸੁਪਰਵਾਇਜ਼ਰੀ ਅਫਸਰ, ਐਸ.ਐਚ.ਓ, ਚੌਂਕੀ ਇੰਚਾਰਜ ਅਤੇ ਤਫਤੀਸ਼ੀ ਅਫਸਰ ਇਕੱਠੇ ਬੈਠ ਕੇ ਸ਼ਿਕਾਇਤਾਂ ਦੀ ਸੁਣਵਾਈ ਕਰਦੇ ਹਨ। ਸੁਪਰਵਾਇਜ਼ਰੀ ਅਫਸਰਾਂ ਵੱਲੋਂ ਦਿੱਤੇ ਜ਼ਰੂਰੀ ਦਿਸ਼ਾ-ਨਿਰਦੇਸ਼ ਅਤੇ ਹਦਾਇਤਾਂ ਮੌਕੇ 'ਤੇ ਹੀ ਲਾਗੂ ਕਰਨੀਆਂ ਯਕੀਨੀ ਬਣਾਈਆ ਜਾਂਦੀਆਂ ਹਨ। ਸੋ ਖੰਨਾ ਪੁਲਿਸ ਦਾ ਇਹ ਉਪਰਾਲਾ ਕਾਫੀ ਲਾਭਦਾਇਕ ਰਿਹਾ ਹੈ। ਇਸ ਲਈ ਅਸੀਂ ਇਹ ਕੈਂਪ ਲਗਾਤਾਰ ਲਗਾਉਂਦੇ ਰਹਾਂਗੇ।

# ਚੰਡੀਗੜ੍ਹ ਤੋਂ ਸਸਤੀ ਸ਼ਰਾਬ ਲਿਆ ਕੇ ਵੇਚਣ ਵਾਲਾ ਕਾਬੂ, ਇੱਕ ਫਰਾਰ

## 65 ਪੇਟੀਆਂ ਸ਼ਰਾਬ ਬਰਾਮਦ

ਮੁੱਲਾਂਪੁਰ ਦਾਖਾ, 21 ਮਾਰਚ (ਦਵਿੰਦਰ ਸਿੰਘ ਲੰਮੇ): ਥਾਣਾ ਦਾਖਾ ਪੁਲਿਸ ਨੇ ਮੁਖਬਰ ਦੀ ਇਤਲਾਹ 'ਤੇ ਕਾਰਵਾਈ ਕਰਦਿਆਂ ਚੰਡੀਗੜ੍ਹ ਤੋਂ ਸਸਤੀ ਸ਼ਰਾਬ ਲਿਆ ਕੇ ਵੇਚਣ ਵਾਲੇ 2 ਵਿਅਕਤੀਆਂ ਵਿੱਚੋਂ ਇੱਕ ਨੂੰ ਗ੍ਰਿਫਤਾਰ ਕਰਕੇ 65 ਪੇਟੀਆਂ ਸ਼ਰਾਬ ਬਰਾਮਦ ਕਰਨ ਉਪਰੰਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਕੇਸ ਦੀ ਪੜਤਾਲ ਕਰ ਰਹੇ ਏ.ਐਸ. ਆਈ. ਨਰਿੰਦਰ ਕੁਮਾਰ ਅਨੁਸਾਰ ਮੁਖਬਰ ਨੇ ਇਤਲਾਹ ਦਿੱਤੀ ਕਿ ਸੋਨੂੰ ਸਿੰਘ ਪੁੱਤਰ ਤਾਰਾ ਸਿੰਘ ਅਤੇ ਪ੍ਰਦੀਪ ਸਿੰਘ ਪੁੱਤਰ ਚਮਕੌਰ ਸਿੰਘ ਵਾਸੀਆਨ ਕੋਠੇ ਸ਼ੇਰ ਜੰਗ ਚੰਡੀਗੜ੍ਹ ਤੋਂ ਸਸਤੇ ਭਾਅ ਸ਼ਰਾਬ ਲਿਆ ਕੇ ਮਹਿੰਗੇ ਭਾਅ ਵੇਚਣ ਦਾ ਧੰਦਾ ਕਰਦੇ ਹਨ ਅਤੇ ਅਜ ਵੀ ਉਹ ਆਪਣੀ ਟੋਇਟਾ ਕਰੋਲਾ ਕਾਰ ਵਿੱਚ ਭਾਰੀ ਮਾਤਰਾ ਵਿੱਚ ਚੰਡੀਗੜ੍ਹ ਤੋਂ ਸ਼ਰਾਬ ਲਿਆਕੇ ਵੇਚਣ ਆ ਰਹੇ ਹਨ। ਉਹਨਾਂ ਦੱਸਿਆ ਕਿ ਇਤਲਾਹ ਅਨੁਸਾਰ ਜਾਂਗਪੁਰ ਰੋਡ ਨੇੜੇ ਪੈਂਦੇ ਰੇਲਵੇ ਪੁੱਲ ਕੋਲ ਨਾਕਾਬੰਦੀ ਕਰਨ ਉਪਰੰਤ ਆ ਰਹੀ ਗੱਡੀ ਨੂੰ ਰੋਕਕੇ ਸੋਨੂੰ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਇਸਦਾ ਸਾਥੀ ਪ੍ਰਦੀਪ ਸਿੰਘ ਮੌਕੇ ਤੋਂ ਭੱਜਣ ਵਿੱਚ ਸਫਲ ਹੋ ਗਿਆ। ਨਰਿੰਦਰ ਕੁਮਾਰ ਨੇ ਦੱਸਿਆ ਜਦੋਂ ਟੋਆਇਟਾ ਕਰੋਲਾ ਦੇ ਕਾਰ ਦੀ ਤਲਾਸ਼ੀ ਲਈ ਤਾਂ ਉਸ ਵਿਚੋ 40 ਪੇਟੀਆਂ ਮਾਰਕਾ ਰਾਜਧਾਨੀ ਵਿਸਕੀ ਅਤੇ 25 ਪੇਟੀਆਂ ਸ਼ਰਾਬ ਮਾਰਕਾ ਸੁਪਰ ਹਿਮਤ ਸ਼ੋਫ (ਚੰਡੀਗੜ੍ਹ) ਬ੍ਰਾਮਦ ਹੋਇਆ।




# ਡੀ.ਏ.ਵੀ. ਸੈਂਟੇਨਰੀ ਪਬਲਿਕ ਸਕੂਲ ਵਿੱਚ ਯੂ.ਕੇ.ਜੀ. ਗ੍ਰੈਜੂਏਸ਼ਨ ਸਮਾਰੋਹ ਮਨਾਇਆ




ਜਗਰਾਓਂ, 21 ਮਾਰਚ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਯੂ.ਕੇ.ਜੀ. ਗ੍ਰੈਜੂਏਸ਼ਨ ਸਮਾਰੋਹ ਡੀ.ਏ.ਵੀ. ਸੈਂਟੇਨਰੀ ਪਬਲਿਕ ਸਕੂਲ, ਜਗਰਾਓਂ ਵਿੱਚ ਬਹੁਤ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਹ ਸਮਾਰੋਹ ਸਾਡੇ ਨੰਨ੍ਹੇ ਵਿਦਿਆਰਥੀਆਂ ਦੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਮੌਕਾ ਸੀ, ਜਦੋਂ ਉਹ ਆਪਣੀ ਪੜ੍ਹਾਈ ਦੇ ਨਵੇਂ ਪੜਾਅ ਵਿੱਚ ਕਦਮ ਰੱਖਣ ਲਈ ਤਿਆਰ ਹੋ ਰਹੇ ਸਨ।

ਇਸ ਸਮਾਰੋਹ ਵਿੱਚ ਸਾਡੇ ਮਾਣਯੋਗ ਮੁੱਖ ਮਹਿਮਾਨ ਡਾ. ਸੁਮੀਤ ਬਰਾੜ ਰੰਧਾਵਾ, ਮਿਸਿਜ਼ ਨੀਰੂ ਮਹਾਜਨ ਅਤੇ ਸ਼੍ਰੀ ਰਾਜ ਕੁਮਾਰ ਭੱਲਾ ਦੀ ਹਾਜ਼ਰੀ ਨੇ ਸਮਾਗਮ ਦੀ ਸ਼ੋਭਾ ਵਧਾਈ। ਕਾਰਜਕ੍ਰਮ ਦੀ ਸ਼ੁਰੂਆਤ ਸ਼ੁਭ ਗਣੇਸ਼ ਵੰਦਨਾ ਨਾਲ ਕੀਤੀ ਗਈ, ਜਿਸ ਰਾਹੀਂ ਚੰਗੇ ਅਤੇ ਸਫਲ ਭਵਿੱਖ ਲਈ ਅਸੀਸਾਂ ਮੰਗੀਆਂ ਗਈਆਂ। ਨੰਨ੍ਹੇ ਬੱਚਿਆਂ ਨੇ ਆਪਣੀਆਂ ਸੋਹਣੀਆਂ ਪ੍ਰਸਤੁਤੀਆਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ, ਜਿਸ ਵਿੱਚ ਮਿੱਠੀ ਕਵਾਲੀ, ਜੋਸ਼ ਭਰਿਆ ਵੈਸਟਰਨ ਡਾਂਸ ਅਤੇ ਰੰਗ-ਬਿਰੰਗਾ ਭੰਗੜਾ ਸ਼ਾਮਲ ਸਨ।

ਸਮਾਰੋਹ ਦੀ ਇੱਕ ਖਾਸ ਝਲਕ ਮਾਈਮ ਪ੍ਰਦਰਸ਼ਨ ਸੀ, ਜਿਸ ਨੇ ਮੋਬਾਈਲ ਦੇ ਅਧਿਕ ਉਪਯੋਗ ਨੂੰ ਘਟਾਉਣ ਅਤੇ ਅਸਲ ਜ਼ਿੰਦਗੀ ਵਿੱਚ ਸੰਪਰਕ ਵਧਾਉਣ ਦਾ ਮਹੱਤਵਪੂਰਨ ਸੰਦੇਸ਼ ਦਿੱਤਾ। ਇਸ ਸਮਾਗਮ ਵਿੱਚ ਮਾਪਿਆਂ ਲਈ ਮਿਊਜ਼ਿਕਲ ਚੇਅਰ ਗੇਮ ਵੀ ਕਰਵਾਈ ਗਈ, ਜਿਸ ਤੋਂ ਬਾਅਦ ਮਾਪਿਆਂ ਵੱਲੋਂ ਉਤਸ਼ਾਹ ਭਰਿਆ ਡਾਂਸ ਕੀਤਾ ਗਿਆ, ਜਿਸ ਨਾਲ ਸਮਾਰੋਹ ਵਿੱਚ ਹੋਰ ਵੀ ਰੌਣਕ ਆ ਗਈ।

ਕਾਰਜਕ੍ਰਮ ਨੂੰ ਹੋਰ ਵੀ ਰੰਗੀਨ ਬਣਾਇਆ ਨੰਨੇ ਬੱਚਿਆਂ ਦੇ ਦਿਲੋਂ ਨਿਕਲੇ ਭਾਸ਼ਣਾਂ ਨੇ, ਜਿਨ੍ਹਾਂ ਵਿੱਚ ਉਨ੍ਹਾਂ ਨੇ ਆਪਣੀ ਖੁਸ਼ੀ ਅਤੇ ਧੰਨਵਾਦ ਪ੍ਰਗਟ ਕੀਤਾ। ਇਸ ਤੋਂ ਬਾਅਦ ਮਾਪਿਆਂ ਨੇ ਵੀ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਸਕੂਲ ਦੀ ਪ੍ਰਸ਼ੰਸਾ ਕੀਤੀ। ਅੰਤ ਵਿੱਚ ਪ੍ਰਿੰਸੀਪਲ ਸਾਹਿਬ ਨੇ ਆਪਣੇ ਕੀਮਤੀ ਸ਼ਬਦਾਂ ਨਾਲ ਸਭ ਨੂੰ ਪ੍ਰੇਰਿਤ ਕੀਤਾ। ਸਮਾਰੋਹ ਖੁਸ਼ੀ ਅਤੇ ਸੁਹਣੀਆਂ ਯਾਦਾਂ ਨਾਲ ਸਮਾਪਤ ਹੋਇਆ, ਜੋ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਲਈ ਹਮੇਸ਼ਾਂ ਯਾਦਗਾਰ ਰਹੇਗਾ। ਇਹ ਸੱਚਮੁੱਚ ਸਭ ਲਈ ਮਾਣ ਵਾਲਾ ਮੌਕਾ ਸੀ।

# ਮੰਦਿਰ ਦੇ ਸਥਾਪਨਾ ਦਿਵਸ 'ਤੇ ਚਾਰ ਰੋਜ਼ਾ ਸਮਾਗਮ 28 ਤੋਂ

ਮੁੱਲਾਂਪੁਰ ਦਾਖਾ, 21 ਮਾਰਚ (ਦਵਿੰਦਰ ਸਿੰਘ ਲੰਮੇ): ਸ਼੍ਰੀ ਦੁਰਗਾ ਮਾਤਾ ਮੰਦਿਰ ਮੰਡੀ ਮੁੱਲਾਂਪੁਰ ਵਿਖੇ ਮੰਦਿਰ ਦਾ ਚਾਰ ਰੋਜ਼ਾ ਸਥਾਪਨਾ ਦਿਵਸ, ਵਿਸ਼ਾਲ ਭਗਵਤੀ ਮੇਲਾ ਤੇ ਜਗਰਾਤਾ 28 ਮਾਰਚ ਤੋਂ 31 ਮਾਰਚ ਤੱਕ ਸ਼੍ਰੀ ਦੁਰਗਾ ਮਾਤਾ ਮੰਦਿਰ ਵਿਖੇ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ 28 ਮਾਰਚ ਦਿਨ ਸ਼ਨੀਵਾਰ ਨੂੰ ਮਹਾਂਮਾਈ ਦੀ ਚੌਂਕੀ ਸ਼ਾਮ ਸੱਤ ਵਜੇ ਤੋਂ ਦਸ ਵਜੇ ਤੱਕ ਕਰਵਾਈ ਜਾਵੇਗੀ। 29 ਮਾਰਚ ਦਿਨ ਐਤਵਾਰ ਨੂੰ ਦੁਪਹਿਰ ਤਿੰਨ ਵਜੇ ਤੋਂ ਪੰਜ ਵਜੇ ਤੱਕ ਮਹਿਲਾ ਮੰਡਲ ਦੁਆਰਾ ਕੀਰਤਨ ਕੀਤਾ ਜਾਵੇਗਾ। 30 ਮਾਰਚ ਦਿਨ ਸੋਮਵਾਰ ਨੂੰ ਸਵੇਰੇ ਨੌਂ ਵਜੇ ਹਵਨ ਯੱਗ ਤੇ ਇਸ ਦੇ ਨਾਲ ਹੀ ਸ਼ਾਮ ਚਾਰ ਵਜੇ ਮਹਾਂਮਾਈ ਸ਼੍ਰੀ ਦੁਰਗਾ ਮਾਤਾ ਮੰਦਿਰ ਤੋਂ ਸ਼ੋਭਾ ਯਾਤਰਾ ਕੱਢੀ ਜਾਵੇਗੀ ਜਿਹੜੀ ਕਿ ਸ਼ਹਿਰ ਦੀ ਪ੍ਰੀਕਰਮਾ ਕਰਦਿਆਂ ਮੰਦਿਰ ਵਾਪਿਸ ਪਹੁੰਚੇਗੀ। ਇਸ ਪ੍ਰੋਗਰਾਮ ਦੌਰਾਨ ਰਾਤ ਅੱਠ ਵਜੇ ਝੰਡੇ ਦੀ ਰਸਮ ਅਤੇ ਰਾਤ ਨੌਂ ਵਜੇ ਜੋਤੀ ਪ੍ਰਚੰਡ ਕੀਤੀ ਜਾਵੇਗੀ। ਰਾਜੂ ਮਾਨ ਐਂਡ ਪਾਰਟੀ ਲੁਧਿਆਣਾ ਵਾਲੇ ਮਹਾਂਮਾਈ ਦੀਆਂ ਭੇਟਾਂ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। 31 ਮਾਰਚ ਦਿਨ ਮੰਗਲਵਾਰ ਨੂੰ ਤਾਰਾ ਰਾਣੀ ਦੀ ਕਥਾ ਸਮਾਪਤ ਹੋਣ ਉਪਰੰਤ ਹੀ ਸਵੇਰੇ ਪੰਜ ਕੰਜਕ ਪੂਜਣ ਕੀਤਾ ਜਾਵੇਗਾ। ਪ੍ਰਬੰਧਕਾਂ ਨੇ ਸੰਗਤਾਂ ਨੂੰ ਸਮੇਂ ਸਿਰ ਪਹੁੰਚ ਕੇ ਲਾਹਾ ਲੈਣ ਦੀ ਅਪੀਲ ਕੀਤੀ ਹੈ।

# ਵਿਧਾਇਕ ਸਿੱਧੂ ਨੇ ਮੁਸਲਿਮ ਭਾਈਚਾਰੇ ਨਾਲ ਮਨਾਇਆ ਈਦ ਦਾ ਪਵਿੱਤਰ ਤਿਉਹਾਰ



ਲੁਧਿਆਣਾ, 21 ਮਾਰਚ (ਵਿਸ਼ਾਲ ਸ਼ਰਮਾ): ਈਦ ਦਾ ਪਵਿੱਤਰ ਤਿਉਹਾਰ ਅੱਜ ਪੂਰੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਮਨਾਇਆ ਗਿਆ। ਹਲਕਾ ਆਤਮ ਨਗਰ ਅਧੀਨ ਇੰਦਰਾ ਨਗਰ ਵਿਖੇ ਸਮਾਜ ਸੇਵੀ ਡਾਕਟਰ ਉਸਮਾਨ ਬਾਲੀ ਵੱਲੋਂ ਵੀ ਵੱਡੇ ਪੱਧਰ 'ਤੇ ਇਸ ਤਿਉਹਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਉਚੇਚੇ ਤੌਰ 'ਤੇ ਪਹੁੰਚੇ ਕੇ ਮੁਸਲਿਮ ਭਾਈਚਾਰੇ ਨੂੰ ਈਦ ਦੀ ਮੁਬਾਰਕਬਾਦ ਦਿੱਤੀ। ਵਿਧਾਇਕ ਸਿੱਧੂ ਨੇ ਮੁਸਲਿਮ ਵੀਰਾਂ ਨਾਲ ਮਿਲ ਕੇ ਸਰਬੱਤ ਦੇ ਭਲੇ ਦੀ ਅਰਦਾਸ ਵੀ ਕੀਤੀ। ਉਹਨਾਂ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਫਕੀਰਾਂ ਦੀ ਧਰਤੀ ਹੈ। ਇਸ ਲਈ ਇੱਥੇ ਹਰ ਇੱਕ ਇਨਸਾਨ ਆਪਸ ਵਿੱਚ ਭਰਾਵਾਂ ਵਾਂਗ ਰਹਿੰਦਾ ਹੈ ਅਤੇ ਹਰੇਕ ਧਰਮ ਦਾ ਤਿਉਹਾਰ ਮਿਲ ਜੁਲ ਕੇ ਮਨਾਇਆ ਜਾਂਦਾ ਹੈ। ਉਹਨਾਂ ਕਿਹਾ ਕਿ ਈਦ ਦੇ ਪਵਿੱਤਰ ਤਿਉਹਾਰ ਉੱਤੇ ਵੀ ਹਰੇਕ ਭਾਈਚਾਰੇ ਦੇ ਲੋਕ ਮੁਸਲਿਮ ਭਾਈਚਾਰੇ ਨੂੰ ਗਲੇ ਮਿਲ ਕੇ ਇਸ ਮੁਹੱਬਤ ਦੇ ਤਿਉਹਾਰ ਦੀਆਂ ਮੁਬਾਰਕਾਂ ਦਿੰਦੇ ਹਨ ਅਤੇ ਉਹਨਾਂ ਨਾਲ ਪਿਆਰ ਦੀ ਸਾਂਝ ਪਾਉਂਦੇ ਹਨ। ਵਿਧਾਇਕ ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਪ੍ਰਗਟ ਹੋਏ ਸੰਤਾਂ, ਪੀਰਾਂ ਅਤੇ ਫਕੀਰਾਂ ਨੇ ਇੱਕੋ ਗੱਲ ਸਮਝਾਈ ਹੈ ਕਿ ਰੱਬ ਇੱਕ ਹੈ ਅਤੇ ਅਸੀਂ ਸਾਰੇ ਉਸੇ ਦੀ ਔਲਾਦ ਹਾਂ, ਇਸ ਲਈ ਸਾਨੂੰ ਸਭ ਨੂੰ ਮਿਲ ਕੇ ਪਿਆਰ ਅਤੇ ਸਦਭਾਵਨਾ ਨਾਲ ਇਕੱਠੇ ਰਹਿਣਾ ਚਾਹੀਦਾ ਹੈ। ਉਹਨਾਂ ਅੱਜ ਈਦ ਦੇ ਪਵਿੱਤਰ ਦਿਹਾੜੇ 'ਤੇ ਇਲਾਕਾ ਨਿਵਾਸੀਆਂ ਨੂੰ ਇਹ ਪ੍ਰਣ ਕਰਨ ਲਈ ਕਿਹਾ ਕਿ ਅਸੀਂ ਆਪਣੇ ਮਨਾਂ ਵਿੱਚੋਂ ਵਾਧੂ ਦੀਆਂ ਨਫਰਤਾਂ ਨੂੰ ਮਿਟਾਈਏ ਅਤੇ ਏਕੋ ਰੱਬ ਦੇ ਬੱਚੇ ਹੋਣ ਕਰਕੇ ਭਰਾਵਾਂ ਵਾਂਗੂ ਮਿਲ ਜੁਲ ਕੇ ਰਹੀਏ। ਵਿਧਾਇਕ ਸਿੱਧੂ ਨੇ ਕਿਹਾ ਕਿ ਮੁਸਲਿਮ ਭਾਈਚਾਰੇ ਦੇ ਲੋਕ ਪੂਰੇ ਇੱਕ ਮਹੀਨਾ ਰੋਜ਼ਿਆਂ ਤੋਂ ਬਾਅਦ ਈਦ ਦੇ ਪਵਿੱਤਰ ਦਿਹਾੜੇ ਨੂੰ ਮਨਾਉਂਦੇ ਹਨ ਜੋਂ ਕਿ ਇੱਕ ਬਹੁਤ ਵਧੀਆ ਸੁਨੇਹਾ ਹੈ, ਜਿੱਥੇ ਇੱਕ ਮਹੀਨਾ ਸਭ ਕੁਝ ਭੁਲਾ ਕੇ ਰੱਬ ਦਾ ਨਾਮ ਲਿਆ ਜਾਂਦਾ ਹੈ ਉੱਥੇ ਹੀ ਰੋਜੇ ਰੱਖਣ ਕਾਰਨ ਤਨ ਅਤੇ ਮਨ ਨੂੰ ਵੀ ਸੋਧ ਲਿਆ ਜਾਂਦਾ ਹੈ, ਜਿਸ ਨਾਲ ਸਰੀਰ ਅਤੇ ਮਨ ਵਿੱਚ ਇੱਕ ਨਵੀਂ ਊਰਜਾ ਦਾ ਆਗਮਨ ਹੁੰਦਾ ਹੈ। ਜਿੱਥੇ ਇਹ ਇੱਕ ਧਾਰਮਿਕ ਕਾਰਜ ਹੈ, ਉਥੇ ਹੀ ਵਿਗਿਆਨਿਕ ਤੌਰ 'ਤੇ ਵੀ ਬਹੁਤ ਵਧੀਆ ਉਪਰਾਲਾ ਹੈ। ਇਸ ਮੌਕੇ ਇਬਾਦਤਗਾਹ ਉੱਤੇ ਉਹਨਾਂ ਨਾਲ ਸਰਾਜਦੀਨ ਬਾਲੀ, ਉਮੇਰ ਬਾਲੀ, ਹਾਰੂਨ ਬਾਲੀ ਅਤੇ ਅਨੇਕਾਂ ਮੁਸਲਿਮ ਭਾਈਚਾਰੇ ਦੇ ਲੋਕ ਸ਼ਾਮਲ ਸਨ।

# ਮੇਰੇ ਵਾਰਡ ਵਿੱਚ ਪੰਜਾਬ ਸਰਕਾਰ ਨੇ ਕਰੋੜਾਂ ਦੇ ਕੰਮ ਸ਼ੁਰੂ ਕਰਵਾਏ : ਕੌਂਸਲਰ ਗੋਗਾ



ਲੁਧਿਆਣਾ, 21 ਮਾਰਚ (ਰਵਿੰਦਰ ਸਿੰਘ ਨਿੱਝਰ) : ਵਾਰਡ ਨੰਬਰ 44 ਵਿੱਚ ਮਿਲਟਰੀ ਕੈਂਪ ਵਾਲੀ ਗਲੀ ਵਿੱਚ ਸੀਵਰੇਜ ਅਤੇ ਸੜਕਾਂ ਬਣਾਉਣ ਲਈ ਸਵਾ ਕਰੋੜ ਦੇ ਕਰੀਬ ਕੰਮ ਕਰਵਾਏ ਜਾਣ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ। ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਮੇਅਰ ਇੰਦਰਜੀਤ ਕੌਰ, ਕਮਿਸ਼ਨਰ ਅਤੇ ਵਾਰਡ ਕੌਂਸਲਰ ਸੋਹਣ ਸਿੰਘ ਗੋਗਾ ਅਤੇ ਸਮੂਹ ਇਲਾਕਾ ਨਿਵਾਸੀਆਂ ਦੇ ਵੱਡੇ ਇਕੱਠ ਵਿੱਚ ਇਹ ਸ਼ੁਰੂਆਤ ਕੀਤੀ ਗਈ। ਕੌਂਸਲਰ ਗੋਗਾ ਨੇ ਇਸ ਮੌਕੇ ਸੰਬੋਧਨ ਕਰਦਿਆਂ ਆਖਿਆ ਕਿ ਲੰਬੇ ਸਮੇਂ ਤੋਂ ਪਰੇਸ਼ਾਨ ਚੱਲ ਰਹੇ ਇਲਾਕੇ ਦੇ ਲੋਕਾਂ ਦੀ ਵੱਡੀ ਮੰਗ ਪੂਰੀ ਹੋਈ ਹੈ। ਸਵਾ ਕਰੋੜ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਮੰਤਰੀ ਅਰੋੜਾ, ਵਿਧਾਇਕ ਸਿੱਧੂ ਨੇ ਕਿਹਾ ਕਿ ਪਹਿਲੇ ਮੇਅਰ ਦੇ ਕੀਤੇ ਗਲਤ ਕੰਮਾਂ ਨੂੰ ਲੋਕਾਂ ਨੇ ਖੂਬ ਕੋਸਿਆ। ਹੁਣ ਕਰੋੜਾਂ ਦਾ ਖ਼ਰਚਾ ਕੀਤਾ ਜਾ ਰਿਹਾ ਹੈ। ਮੇਅਰ ਇੰਦਰਜੀਤ ਕੌਰ ਅਤੇ ਕਮਿਸ਼ਨਰ ਨੇ ਕਿਹਾ ਕਿ ਗੋਗੇ ਦੇ ਵਾਰਡ ਵਿੱਚ ਕੋਈ ਕੰਮ ਨਹੀਂ ਰੁਕੇਗਾ ਕਰੋੜਾਂ ਦੇ ਕੰਮ ਹੋਰ ਜਲਦ ਸ਼ੁਰੂ ਹੋਣਗੇ। ਇਸ ਸਮਾਗਮ ਵਿੱਚ ਸਾਬਕਾ ਕੌਂਸਲਰ ਕੁਲਵਿੰਦਰ ਕੌਰ, ਜਸਪਾਲ ਕੌਰ, ਇਕਬਾਲ ਕੌਰ, ਕੁਲਦੀਪ ਸਿੰਘ, ਅਜਮੇਰ ਸਿੰਘ ਪ੍ਰਧਾਨ, ਗੁਰਪ੍ਰੀਤ ਸਿੰਘ ਰਾਜਾ, ਬਿਪਨ ਸੇਠੀ, ਹਰਪ੍ਰੀਤ ਸਿੰਘ ਸੈਣੀ, ਅਜੀਤ ਸਿੰਘ ਟੀਟੂ, ਦਵਿੰਦਰ ਸਿੰਘ, ਰਣਜੀਤ ਸਿੰਘ ਜੀਤੀ, ਮਨਦੀਪ ਸਿੰਘ, ਦਿਆਲ ਸਿੰਘ, ਸੁਖਵਿੰਦਰ ਦਹੇਲੇ, ਅਕਾਸ਼ ਵਰਮਾ, ਭੁਪਿੰਦਰ ਸਿੰਘ ਰਾਜੜ, ਸਾਗਰ ਤੁਲੀ, ਰਾਜਵਿੰਦਰ ਸਿੰਘ, ਕਰਮਜੀਤ ਸਿੰਘ, ਦਰਸ਼ਨ ਸਿੰਘ ਜੱਸਲ, ਹਰਪ੍ਰੀਤ ਸਿੰਘ ਆਤੂ, ਬਲਵਿੰਦਰ ਸਿੰਘ ਕਾਲਾ, ਹਰਦੇਵ ਸਿੰਘ, ਸੁਰਜੀਤ ਸਿੰਘ ਕਲਸੀ, ਦਵਿੰਦਰ ਸ਼ਰਮਾ, ਰਣਜੀਤ ਸਿੰਘ ਜੀਤਾ, ਹਰਜੀਤ ਕੌਰ, ਬਲਜੀਤ ਕੌਰ ਪ੍ਰੀਤੀ ਅਤੇ ਹਰਦੀਪ ਸਿੰਘ ਹੈਰੀ ਆਦਿ ਵੀ ਸ਼ਾਮਲ ਸਨ।

# ਨਿਸ਼ਾਨ ਨੇ ਲੁਧਿਆਣਾ ਵਿੱਚ ਆਊਟਲੈੱਟ ਖੋਲ੍ਹਿਆ



ਲੁਧਿਆਣਾ, 21 ਮਾਰਚ (ਰਵਿੰਦਰ ਸਿੰਘ ਨਿੱਝਰ) : ਨਿਸਾਨ ਮੋਟਰ ਇੰਡੀਆ ਨੇ ਲੁਧਿਆਣਾ ਵਿਖੇ ਆਪਣਾ ਨਵਾਂ ਆਊਟਲੈੱਟ ਖੋਲ੍ਹਿਆ ਹੈ। ਇਸ ਮੌਕੇ ਬੋਲਦਿਆਂ ਨਿਸਾਨ ਮੋਟਰ ਦੇ ਮੈਨੇਜਿੰਗ ਡਾਇਰੈਕਟਰ ਸੌਰਭ ਵਤਸ ਨੇ ਕਿਹਾ ਕਿ ਇਸ ਕੇਂਦਰ 'ਚ 4,100 ਵਰਗ ਫੁੱਟ ਦਾ ਆਧੁਨਿਕ ਸ਼ੋਅਰੂਮ ਹੈ, ਜਿਸ 'ਚ 7 ਕਾਰਾਂ ਨੂੰ ਡਿਸਪਲੇਟ ਕੀਤਾ ਜਾ ਸਕਦਾ ਹੈ। ਨਾਲ ਹੀ, 5,5000 ਵਰਗ ਫੁੱਟ ਵਿੱਚ 5 ਸਰਵਿਸ ਬੇਅ ਦੇ ਨਾਲ ਇੱਕ ਸਰਵਿਸ ਵਰਕਸ਼ਾਪ ਸਥਾਪਿਤ ਕੀਤੀ ਗਈ ਹੈ।

ਇੰਪੀਰੀਅਲ ਨਿਸਾਨ ਦੇ ਡੀਲਰ ਗੁਰਲੀਨ ਸਿੰਘ ਗਰੇਵਾਲ ਨੇ ਕਿਹਾ ਕਿ ਅਸੀਂ ਲੁਧਿਆਣਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਗਾਹਕਾਂ ਨੂੰ ਵਧੀਆ ਸੇਵਾਵਾਂ ਪ੍ਰਦਾਨ ਕਰਾਂਗੇ।

# ਚੇਅਰਮੈਨ ਚਾਵਲਾ ਦੀ ਪ੍ਰਧਾਨਗੀ ਹੇਠ ਪੰਜਾਬ ਸਟੇਟ ਟਰੇਡ ਕਮਿਸ਼ਨ ਦੀ ਮੀਟਿੰਗ




ਲੁਧਿਆਣਾ, 21 ਮਾਰਚ (ਵਿਸ਼ਾਲ ਸ਼ਰਮਾ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ, ਚੇਅਰਮੈਨ ਰਾਜੂ ਚਾਵਲਾ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਅਧੀਨ ਭਾਈ ਮੰਨਾ ਸਿੰਘ ਨਗਰ ਵਿਖੇ ਪੰਜਾਬ ਸਟੇਟ ਟਰੇਡ ਕਮਿਸ਼ਨ ਵੱਲੋਂ ਵਪਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਦੇ ਨਾਲ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਵਿਧਾਇਕ ਬੱਗਾ ਦੇ ਨਾਲ ਚੇਅਰਮੈਨ ਚਾਵਲਾ ਨੇ ਵਪਾਰੀਆਂ ਦੀਆਂ ਮੁਸ਼ਕਿਲਾਂ ਸੁਣੀਆ ਤੇ ਮੌਕੇ 'ਤੇ ਨਿਪਟਾਰਾ ਵੀ ਕੀਤਾ। ਵਿਧਾਇਕ ਬੱਗਾ ਅਤੇ ਚੇਅਰਮੈਨ ਚਾਵਲਾ ਦੇ ਨਾਲ ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਦੀਆਂ ਵੱਖ-ਵੱਖ ਮਾਰਕੀਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੇ ਆਪਣੀਆਂ ਮੁਸ਼ਕਿਲਾਂ ਸਾਂਝੀਆਂ ਕੀਤੀਆਂ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਬਾਜ਼ਾਰਾਂ ਵਿੱਚ ਬਿਜਲੀ ਦੀਆਂ ਢਿੱਲੀਆਂ ਤਾਰਾਂ ਨੂੰ ਦਰੁਸਤ ਕੀਤਾ ਜਾਵੇ, ਟਰਾਂਸਫਾਰਮਰ, ਤਹਿਬਜ਼ਾਰੀ ਨਾਲ ਸਬੰਧਤ ਮਸਲੇ, ਟ੍ਰੈਫਿਕ ਸਮੱਸਿਆ ਅਤੇ ਬਾਜ਼ਾਰਾਂ ਵਿੱਚ ਸੁਰੱਖਿਆ ਦੀ ਘਾਟ ਵਰਗੇ ਮੁੱਦੇ ਵੀ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣ। ਇਸ ਤੋਂ ਇਲਾਵਾ ਵਪਾਰੀਆਂ ਨੇ ਜੀ.ਐਸ.ਟੀ. ਰਿਫੰਡ ਅਤੇ ਹੋਰ ਵਿਭਾਗੀ ਮਸਲਿਆਂ ਦੇ ਜਲਦ ਨਿਪਟਾਰੇ ਦੀ ਵੀ ਗੁਹਾਰ ਲਗਾਈ। ਵਿਧਾਇਕ ਚੌਧਰੀ ਮਦਨ ਲਾਲ ਬੱਗਾ ਅਤੇ ਚੇਅਰਮੈਨ ਰਾਜੂ ਚਾਵਲਾ ਵੱਲੋਂ ਜੀ.ਐਸ.ਟੀ. ਵਿਭਾਗ, ਪ੍ਰਦੂਸ਼ਣ ਕੰਟਰੋਲ ਬੋਰਡ, ਨਗਰ ਨਿਗਮ, ਫੂਡ ਸਪਲਾਈ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਵਪਾਰੀਆਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ ਅਤੇ ਵਪਾਰੀਆਂ ਨੂੰ ਬਿਨ੍ਹਾਂ ਕਿਸੇ ਠੋਸ ਕਾਰਨ ਖੱਜਲ-ਖੁਆਰ ਨਾ ਕੀਤਾ ਜਾਵੇ ਕਿਉਂਕਿ ਉਦਯੋਗਪਤੀਆਂ ਨੂੰ ਸੂਬੇ ਦੀ ਆਰਥਿਕਤਾ ਦਾ ਧੁਰਾ ਮੰਨਿਆ ਜਾਂਦਾ ਹੈ ਜੋ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਦੇ ਹਨ। ਅਖੀਰ ਵਿੱਚ, ਚੇਅਰਮੈਨ ਰਾਜੂ ਚਾਵਲਾ ਵੱਲੋਂ ਮੀਟਿੰਗ ਪਹੁੰਚੇ ਸਾਰੇ ਵਪਾਰੀਆਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਲੰਬਿਤ ਸ਼ਿਕਾਇਤਾਂ ਦਾ ਵੀ ਜਲਦ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਵਪਾਰੀ ਵਰਗ ਦੀਆਂ ਮੁਸ਼ਕਿਲਾਂ ਦੇ ਨਿਪਟਾਰੇ ਲਈ ਅਜਿਹੀਆਂ ਮੀਟਿੰਗਾਂ ਨਿਰੰਤਰ ਜਾਰੀ ਰਹਿਣਗੀਆਂ।

# ਬਿਜਲੀ ਦੇ ਸਰਕਾਰੀ ਖੰਭਿਆਂ 'ਤੇ ਪ੍ਰਾਪਰਟੀ ਡੀਲਰ ਨੇ ਲਿਖਵਾਏ ਬੋਰਡ, ਸਬੰਧਿਤ ਵਿਭਾਗ ਬੇਖ਼ਬਰ




ਲੁਧਿਆਣਾ, 21 ਮਾਰਚ (ਕੁਲਦੀਪ ਸਿੰਘ ਕੁਹਾੜਾ) : ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਦੇ ਸਰਕਾਰੀ ਬਿਜਲੀ ਖੰਭਿਆਂ 'ਤੇ ਨਿਯਮਾਂ ਨੂੰ ਛਿੱਕੇ ਟੰਗ ਕੇ ਇੱਕ ਪ੍ਰਾਪਰਟੀ ਡੀਲਰ ਵੱਲੋਂ ਬਿਨਾਂ ਕਿਸੇ ਮਨਜ਼ੂਰੀ ਤੋਂ ਆਪਣੀ ਮਸ਼ਹੂਰੀ ਕੀਤੀ ਜਾ ਰਹੀ ਹੈ। ਇਲਾਕੇ ਵਿੱਚ ਲਿਖੇ ਇਹ ਬੋਰਡ ਸਿਰਫ਼ ਕਾਨੂੰਨੀ ਉਲੰਘਣਾ ਹੀ ਨਹੀਂ, ਸਗੋਂ ਸਰਕਾਰੀ ਸੰਪਤੀ ਦੀ ਖੁੱਲ੍ਹੀ ਬੇਅਦਬੀ ਵੀ ਦਰਸਾਉਂਦੇ ਹਨ।

ਸਥਾਨਕ ਲੋਕਾਂ ਦੇ ਅਨੁਸਾਰ, ਬਿਜਲੀ ਦੇ ਖੰਭਿਆਂ 'ਤੇ ਲਿਖੇ ਇਹ ਬੋਰਡ ਕਾਫ਼ੀ ਸਮੇਂ ਤੋਂ ਮੌਜੂਦ ਹਨ, ਪਰ ਸੰਬੰਧਤ ਵਿਭਾਗ ਦੀ ਨਜ਼ਰ ਇਸ ਵੱਲ ਨਹੀਂ ਪੈ ਰਹੀ। ਹੈਰਾਨੀ ਦੀ ਗੱਲ ਇਹ ਹੈ ਕਿ ਪੀਐੱਸਪੀਸੀਐੱਲ ਦੇ ਅਧਿਕਾਰੀ ਇਨ੍ਹਾਂ ਗੈਰ-ਕਾਨੂੰਨੀ ਵਿਗਿਆਪਨਾਂ 'ਤੇ ਕੋਈ ਕਾਰਵਾਈ ਕਰਦੇ ਨਜ਼ਰ ਨਹੀਂ ਆ ਰਹੇ, ਜਿਸ ਨਾਲ ਵਿਭਾਗ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਖੜ੍ਹੇ ਹੋ ਰਹੇ ਹਨ।

ਕਾਨੂੰਨ ਮੁਤਾਬਕ ਸਰਕਾਰੀ ਸੰਪਤੀ 'ਤੇ ਬਿਨਾਂ ਮਨਜ਼ੂਰੀ ਕਿਸੇ ਵੀ ਤਰ੍ਹਾਂ ਦੀ ਮਸ਼ਹੂਰੀ ਕਰਨਾ ਦੰਡਨੀਯ ਅਪਰਾਧ ਹੈ। ਇਸ ਦੇ ਬਾਵਜੂਦ, ਪ੍ਰਾਪਰਟੀ ਡੀਲਰ ਵੱਲੋਂ ਬੇਖ਼ੌਫ਼ ਹੋ ਕੇ ਖੰਬਿਆਂ 'ਤੇ ਆਪਣੇ ਨੰਬਰ ਅਤੇ ਸੇਵਾਵਾਂ ਦੇ ਬੋਰਡ ਲਿਖਣ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਕਾਨੂੰਨ ਦੀ ਉਲੰਘਣਾ ਖੁੱਲ੍ਹੇਆਮ ਕੀਤੀ ਜਾ ਰਹੀ ਹੈ। ਇਲਾਕਾ ਵਾਸੀਆਂ ਨੇ ਮੰਗ ਕੀਤੀ ਹੈ ਕਿ ਸੰਬੰਧਤ ਵਿਭਾਗ ਤੁਰੰਤ ਇਸ ਮਾਮਲੇ ਦੀ ਜਾਂਚ ਕਰੇ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਇਸ ਤਰ੍ਹਾਂ ਦੇ ਗੈਰ-ਕਾਨੂੰਨੀ ਕੰਮਾਂ ਨੂੰ ਰੋਕਿਆ ਨਾ ਗਿਆ ਤਾਂ ਹੋਰ ਲੋਕ ਵੀ ਸਰਕਾਰੀ ਸੰਪਤੀ ਦਾ ਗਲਤ ਇਸਤੇਮਾਲ ਕਰਨ ਲੱਗ ਜਾਣਗੇ।

ਹੁਣ ਦੇਖਣਾ ਇਹ ਹੈ ਕਿ ਪੀਐੱਸਪੀਸੀਐੱਲ ਵਿਭਾਗ ਇਸ ਮਾਮਲੇ ਨੂੰ ਕਿੰਨੀ ਗੰਭੀਰਤਾ ਨਾਲ ਲੈਂਦਾ ਹੈ ਅਤੇ ਕੀ ਅਸਲ ਕਾਰਵਾਈ ਹੁੰਦੀ ਹੈ ਜਾਂ ਇਹ ਮਾਮਲਾ ਵੀ ਫਾਈਲਾਂ ਵਿੱਚ ਹੀ ਦੱਬ ਕੇ ਰਹਿ ਜਾਂਦਾ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# 40 ਪਾਬੰਦੀਸ਼ੁਦਾ ਗੋਲ਼ੀਆਂ ਸਮੇਤ ਨੌਜਵਾਨ ਕਾਬੂ

ਮੁੱਲਾਂਪੁਰ ਦਾਖਾ, 21 ਮਾਰਚ (ਦਵਿੰਦਰ ਸਿੰਘ ਲੰਮੇਂ) : ਥਾਣਾ ਦਾਖਾ ਦੀ ਪੁਲਿਸ ਨੇ ਗਸ਼ਤ ਦੌਰਾਨ ਇੱਕ ਨੌਜਵਾਨ ਨੂੰ 40 ਪਾਬੰਦੀਸ਼ੁਦਾ ਗੋਲੀਆਂ ਸਮੇਤ ਕਾਬੂ ਕਰਨ ਉਪਰੰਤ ਉਸਦੇ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕੇਸ ਦੀ ਪੜਤਾਲ ਕਰ ਰਹੇ ਏ.ਐਸ.ਆਈ. ਇੰਦਰਜੀਤ ਸਿੰਘ ਅਨੁਸਾਰ ਜਦੋਂ ਉਹ ਆਪਣੇ ਸਾਥੀ ਪੁਲਿਸ ਕਰਮਚਾਰੀਆਂ ਨਾਲ ਪਿੰਡ ਪੁੜੈਣ ਤੋਂ ਪਿੰਡ ਆਲੀਵਾਲ ਵੱਲ ਜਾ ਰਹੇ ਸਨ ਤਾਂ ਜਦੋਂ ਉਹ ਦਾਣਾ ਮੰਡੀ ਪੁੜੈਣ ਕੋਲ ਪੁੱਜੇ ਤਾਂ ਸਾਹਮਣੇ ਤੋਂ ਇੱਕ ਮੋਨਾ ਨੌਜਵਾਨ ਆਉਂਦਾ ਦਿਖਾਈ ਦਿੱਤਾ, ਜਿਹੜਾ ਪੁਲਿਸ ਪਾਰਟੀ ਨੂੰ ਆਉਂਦਾ ਦੇਖ ਕੇ ਘਬਰਾ ਕੇ ਦਾਣਾ ਮੰਡੀ ਵੱਲ ਮੁੜ ਗਿਆ ਅਤੇ ਆਪਣੀ ਜੀਨ ਦੀ ਪੈਂਚ ਖੱਬੀ ਜੇਬ ਵਿੱਚੋਂ ਮੋਮੀ ਲਿਫਾਫਾ ਕੱਢਕੇ ਦਰੱਖਤ ਦੀਆਂ ਜੜ੍ਹਾਂ ਵਿੱਚ ਸੁੱਟ ਦਿੱਤਾ। ਸ਼ੱਕ ਪੈਣ 'ਤੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਉੱਕਤ ਨੌਜਵਾਨ ਨੂੰ ਕਾਬੂ ਕੀਤਾ, ਜਿਸਨੇ ਆਪਣਾ ਨਾਮ ਸੋਨੂੰ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਤਲਵੰਡੀ ਨੌ ਅਬਾਦ ਦੱਸਿਆ, ਜਦੋਂ ਉਸ ਵੱਲੋਂ ਸੁੱਟੇ ਗਏ ਲਿਫਾਫੇ ਨੂੰ ਚੁੱਕਵਾ ਕੇ ਚੈਕ ਕੀਤਾ ਤਾਂ ਉਸ ਵਿੱਚੋਂ 20 ਗੋਲੀਆਂ ਲ਼ੋਮੋਟਲਿ ਅਤੇ 20 ਗੋਲੀਆਂ ਟਰਾਮਡੋਲ (ਕੁੱਲ 40 ਗੋਲੀਆਂ) ਬ੍ਰਾਮਦ ਹੋਈਆਂ।

# ਖੰਨਾ ਤਹਿਸੀਲ ਦੇ ਨੰਬਰਦਾਰਾਂ ਤੇ ਚੌਕੀਦਾਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ : ਬੈਨੀਪਾਲ

ਖੰਨਾ, 21 ਮਾਰਚ (ਅਰਵਿੰਦਰ ਸਿੰਘ ਸਵੈਚ) : ਮਾਲ ਵਿਭਾਗ ਦੇ ਨੰਬਰਦਾਰਾਂ ਤੇ ਚੌਕੀਦਾਰਾਂ ਵੱਲੋਂ ਆਏ ਦਿਨ ਸਰਕਾਰ ਦੇ ਕੰਮਕਾਜ ਨੂੰ ਸੁਚੱਜੇ ਢੰਗ ਕਰਦੇ ਹੋਏ ਆਪਣੀਆਂ ਡਿਊਟੀਆਂ ਤਨਦੇਹੀ ਨਾਲ ਨਿਭਾਈਆਂ ਜਾਂਦੀਆਂ ਹਨ। ਪਰੰਤੂ ਫੇਰ ਵੀ ਨੰਬਰਦਾਰਾਂ ਤੇ ਚੌਕੀਦਾਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਨੰਬਰਦਾਰ ਐਸੋਸੀਏਸ਼ਨ (ਗਾਲਿਬ) ਦੇ ਕਾਨੂੰਨੀ ਸਲਾਹਕਾਰ (ਜ਼ਿਲ੍ਹਾ ਲੁਧਿਆਣਾ) ਸੰਤੋਖ ਸਿੰਘ ਬੈਨੀਪਾਲ ਨੇ ਦੱਸਿਆ ਕਿ ਮਾਲ ਵਿਭਾਗ ਵੱਲੋਂ ਸਰਕਾਰ ਦੇ ਖ਼ਜ਼ਾਨੇ ਵਿੱਚ ਰੋਜ਼ਾਨਾ ਕਰੋੜਾਂ ਰੁਪਏ ਜਮ੍ਹਾਂ ਹੁੰਦੇ ਹਨ ਜੇਕਰ ਖੰਨਾ ਤਹਿਸੀਲ ਦੀ ਗੱਲ ਕਰੀਏ ਤਾਂ ਇਥੋਂ ਦੇ ਨੰਬਰਦਾਰ ਤੇ ਚੌਕੀਦਾਰ ਪਿਛਲੇ ਤਿੰਨ ਮਹੀਨਿਆਂ ਤੋਂ ਮਾਣ ਭੱਤੇ ਤੋਂ ਵਾਂਝੇ ਹਨ। ਜਦ ਕਿ ਤਹਿਸੀਲ ਖੰਨਾ ਦਾ ਸਮੂਹ ਸਟਾਫ਼ ਪਿਛਲੇ ਦਿਨੀਂ ਅਖ਼ਬਾਰਾਂ 'ਚ ਪ੍ਰਕਾਸ਼ਿਤ ਹੋਈਆਂ ਖ਼ਬਰਾਂ ਤੋਂ ਬਾਅਦ ਆਪਣੀਆਂ ਬਕਾਇਆਂ ਤਨਖਾਹਾਂ ਆਪਣੇ ਖਾਤਿਆਂ 'ਚ ਪਵਾ ਕੇ ਮੌਜਾਂ ਮਾਣ ਰਿਹਾ ਹੈ। ਜਦਕਿ ਖੰਨਾ ਤਹਿਸੀਲ ਦੇ ਬੁਜ਼ਰਗ ਨੰਬਰਦਾਰ ਤੇ ਚੌਕੀਦਾਰ ਮਾਣ ਭੱਤੇ ਤੋਂ ਵਾਂਝੇ ਹੋਣ ਕਰਕੇ ਆਪਣੀ ਦਵਾਈ ਬੂਟੀ ਲੈਣ ਤੋਂ ਔਖੇ ਹਨ।

ਬੈਨੀਪਾਲ ਨੇ ਦੱਸਿਆ ਕਿ ਜਦੋਂ ਵੀ ਖੰਨਾ ਤਹਿਸੀਲ ਦੇ ਸਟਾਫ਼ ਤੋਂ ਨੰਬਰਦਾਰਾਂ ਤੇ ਚੌਕੀਦਾਰਾਂ ਦੇ ਬਕਾਇਆ ਮਾਣ ਭੱਤੇ ਬਾਰੇ ਪੁੱਛਿਆ ਜਾਂਦਾ ਹੈ ਤਾਂ ਸਟਾਫ਼ ਵੱਲੋਂ ਕਿਹਾ ਜਾਂਦਾ ਹੈ ਕਿ ਮਹਿਲਾ ਬਿੱਲ ਕਲਰਕ ਜਣੇਪਾ ਛੁੱਟੀ 'ਤੇ ਹੋਣ ਕਰਕੇ ਮਾਣ ਭੱਤਾ ਪਾਉਂਣ ਵਿੱਚ ਦੇਰੀ ਹੋ ਰਹੀ ਹੈ। ਜਦਕਿ ਸਟਾਫ਼ ਆਪਣੀਆਂ ਬਕਾਇਆਂ ਤਨਖਾਹਾਂ ਲੈ ਚੁੱਕਾਂ ਹੈ। ਬੈਨੀਪਾਲ ਨੇ ਕਿਹਾ ਕਿ ਨੰਬਰਦਾਰਾਂ ਤੇ ਚੌਕੀਦਾਰ ਨਾਲ ਵਿਤਕਰਾ ਕਰਨ ਵਾਲੇ ਕਰਮਚਾਰੀਆਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋਕਿ ਸਟਾਫ਼ ਦਾ ਕੋਈ ਵੀ ਕਰਮਚਾਰੀ ਅੱਗੇ ਤੋਂ ਵਿਤਕਰਾ ਨਾ ਕਰੇ।

ਕੀ ਕਹਿੰਦੇ ਹਨ ਆਰ ਸੀ ਅਮਰੀਕ ਸਿੰਘ: ਉਪਰੋਕਤ ਖਬਰ ਦੇ ਸਬੰਧ ਵਿੱਚ ਜਦੋਂ ਆਰ ਸੀ ਅਮਰੀਕ ਸਿੰਘ ਨਾਲ ਗੱਲ ਕਰਨੀ ਚਾਹੀ ਤਾਂ ਉਹਨਾਂ ਵਰ-ਵਾਰ ਫੋਨ ਕਰਨ 'ਤੇ ਵੀ ਫੋਨ ਨਹੀਂ ਚੁੱਕਿਆ।

## ਸਿਰਲੇਖਵਾਰ ਇਸ਼ਤਿਹਾਰ /Classified Advertisement

**In the Court of Sh. Sukhmandeep Singh**
**Judicial Magistrate First Class-3, Abohar**
CNR No.PBFZE10049602024
Next Date : 28.04.2026
NACT/1533/2024
Sh Ram Finance Ltd
Versus
Gurbhej Singh
Detail of offence:- 138 NIAct
Notice To: Gurbhej Singh S/O Sohan Singh R/O Hno 165 Seed Farm Kacha Tehsil Abohar Distt Fazilka
In above titled case the accused could not be served. It is orderded that accused should appear in person or through counsel on **28**.04.2026 at 10:00 A.M.
for details logon to https//. highcourtchd. gov. in/?mod=district_ notice& district=mogacourt
Dated this day of 16-03-2026
**Sd/- Judicial Magistrate First Class-3, Abohar**

---

**In the Court of Sh. Sukhmandeep Singh**
**Judicial Magistrate First Class-3, Abohar**
CNR No.PPBFZE10048112024
Next Date : 28.04.2026
NACT/1466/2024
Sh Ram Finance Ltd
Versus
Amarjeet Singh
Detail of offence:- 138 NIAct
Notice to: Amarjeet Singh S/O Harbinder Singh R/O Miji Sahib Dharm Nagri Near Noni Karyana Store Tehsil Abohar Distt Fazilka
In above titled case the accused could not be served. It is orderded that accused should appear in person or through counsel on **28**.04.2026 at 10:00 A.M.
For details logon to https:// highcourtchd.gov.in/?mod=district_ notice&district=mogacourt
Dated this day of 16-03-2026
**Sd/- Judicial Magistrate First Class-3, Abohar**

---

**(U/o 5 Rule 20 CPC)**
**In the Court of Sh. Sumit Ghai**
**Principal Judge Family Court, Ferozepur**
CNR No.PBFZ01-008369-2025
Next Date: 10.04.2026
Harpinder Kaur Thind
Versus
General Public
Petition u/s 7 and 10 of the Guardian and Wards Act
Notice to: General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **10**.04.2026 at 10:00 A.M.
For details logon to https:// highcourtchd.gov.in/?mod=district_ notice&district=mogacourt
Dated this day of 04-02-2026
**Sd/- Principal Judge Family Court, Ferozepur**

---

**(U/o 5 Rule 20 CPC)**
**In the Court of Sh. Harbans Singh Lekhi**
**Principal Judge Family Court, Hoshiarpur**
CNR No.PBHO01-004442-2025
Next Date : 10.04.2026
Daljit Singh R/O Village Mirzapur, Po Hussainpur Lalowal, Tehsil And Distt. Hoshiarpur
Versus
Nisha Kumari R/O Village Ugrupur, Tehsil Sultanpur Lodhi, Distt. Kapurthala.
Notice to: Nisha Kumari Spouse::- Daljit Singh R/O Village Ugrupur, Tehsil Sultanpur Lodhi, Distt. Kapurthala.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **10**.04.2026 at 10:00 A.M.
For details logon to https:// highcourtchd.gov.in/?trs=district_ notice&district=Hoshiarpur
Dated this day of 27-02-2026
**Sd/- Principal Judge Family Court, Hoshiarpur**

---

**(U/o 5 Rule 20 CPC)**
**In the Court of Ms. Dipti Goyal**
**Principal Judge Family Court, Mansa,**
CNR No.PBMN01-001655-2025
Next Date : 09.04.2026
Kanta Rani
Versus
Deepak Kumar
Petition Under Section 13(1), (ia), (ib) Of The Hindu Marriage Act, 1955 To Dissolve The Marriage In Between The Parties By Virtue Of Decree Of Divorce On The Ground Of Cruelty And Deseration
Notice to: Deepak Kumar Father:- Anil Kumar Alias Mohan Lal Near Police Post, Lehragaga District Sangrur
In above titled case the respondent could not be served. It is orderded that respondent should appear in person or through counsel on **09**.04.2026 at 10:00 A.M.
For details logon to https:// highcourtchd.gov.in/?mod=district_ notice&district=mogacourt
Dated this day of 11-02-2026
**Sd/- Principal Judge Family Court, Mansa,**

---

**(U/o 5 Rule 20 CPC)**
**In the Court of Hon'ble Priyanka Sharma**
**Civil Judge (Junior Division),**
CNR No.PBAS02-001476-2020
Next Date : 09.04.2026
CS/1170/2025
Balwinder Kaur
Versus
Rajwinder Kaur
Notice to: Gurpreet Singh S/O Shri Gulzar Singh R/O Village Rure Wal Distt, Amritsar.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **09**.04.2026 at 10:00 A.M.
For details logon to https:// highcourtchd.gov.in/?trs=district_ notice&district=Amritsar
Dated this day of 12-02-2026
**Sd/- Civil Judge (Junior Division),**

---

**In the Court of Sh. Sukhmandeep Singh**
**Judicial Magistrate First Class-3, Abohar**
CNR No.PPBFZE10003052025
Next Date : 28.04.2026
NACT/86/2025
Sh. Ram Finance Ltd
Versus
Sukhvir Singh
Detail of offence:- 138 NIact
Notice to: Sukhvir Singh S/O Sukhpal Singh R/O Sarabha Nagar Seed Farm Pakka Tehsil Abohar Distt Fazilka
In above titled case the accused could not be served. It is orderded that accused should appear in person or through counsel on **28**.04.2026 at 10:00 A.M.
For details logon to https:// highcourtchd.gov.in/?mod=district_ notice&district=mogacourt
Dated this day of 16-03-2026
**Sd/- Judicial Magistrate First Class-3, Abohar**

---

**In the Court of Sh. Sukhmandeep Singh**
**Judicial Magistrate First Class-3, Abohar**
CNR No.PBFZE100440402024
Next Date:-28-04-2026
NACT/1322/2024
Sh Ram Finance Ltd
Versus
Prema bai
Detail of offence:- 138 NI Act
Notice to: Parma Baiw/O Sandeep Singh R/O Vpo Bakain Wala Tehsil And Distt Fazilka
In above titled case the accused could not be served. It is orderded that accused should appear in person or through counsel on **28**.04.2026 at 10:00 A.M.
for details logon to https//. highcourtchd. gov. in/?mod=district_ notice& district=mogacourt
Dated this day of 16-03-2026
**Sd/- Judicial Magistrate First Class-3, Abohar**

---

**In the Court of Sh. Sukhmandeep Singh**
**Judicial Magistrate First Class-3, Abohar**
CNR No.PPBFZE1-0044002024
Next Date: 28.04.2026
NACT/1319/2024
Sh. Ram Finance Ltd
Versus
Chander Pal
Detail of offence:- 138 NI Act
Notice to: Chander Pal S/O Ram Singh R/O H.No 300/B1 Subhash Nagar Tehsil Abohar Distt Fazilka
In above titled case the accused could not be served. It is orderded that accused should appear in person or through counsel on **28**.04.2026 at 10:00 A.M.
For details logon to https:// highcourtchd.gov.in/?mod=district_ notice&district=mogacourt
Dated this day of 16-03-2026
**Sd/- Judicial Magistrate First Class-3, Abohar**

---

**ਬਾ-ਅਦਾਲਤ ਮਾਨਯੋਗ ਕੁਲੈਕਟਰ ਸਬ ਡਵੀਜ਼ਨ-ਕਮ-ਉਪ ਮੰਡਲ ਮੈਜਿਸਟਰੇਟ, ਮਲੋਟ।**
**ਨੋਟਿਸ**
**(ਸਰਦੂਲ ਸਿੰਘ ਬਨਾਮ ਮੁਤਵਫੀ ਗੁਰਬਚਨ ਸਿੰਘ ਉਰਫ ਗੁਰਮੁੱਖ ਸਿੰਘ ਵਗੈਰਾ, ਪਿੰਡ ਔਲਖ) ਅਪੀਲ ਤਕਸੀਮ**
ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸਰਦੂਲ ਸਿੰਘ ਪੁੱਤਰ ਮਾੜਾ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਪਿੰਡ ਔਲਖ ਤਹਿਸੀਲ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਅਪੀਲ ਤਕਸੀਮ ਬਰਖਿਲਾਫ਼ ਹੁਕਮ ਮਿਤੀ 26.11.2024 ਵੱਲੋਂ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ, ਦੂਜਾ ਮਲੋਟ ਕੇਸ ਨੰਬਰ 87/ਪੀ ਤੋਂ 94/ ਪੀ ਬਰਾਏ ਰੱਦ ਕੀਤੇ ਜਾਣੇ ਹੁਕਮ ਵਾ ਮੰਨਜੂਰ ਫੁਰਮਾਏ ਜਾਣੇ ਅਪੀਲ ਬਰੂਏ ਸ਼ਹਾਦਤ ਤਹਿਰੀਰੀ ਵਾ ਜ਼ੁਬਾਨੀ ਹਰ ਕਿਸਮ ਇਸ ਅਦਾਲਤ ਵਿਖੇ ਲਗਾਇਆ ਗਿਆ ਹੈ। ਇਸ ਕੇਸ ਵਿਚ ਅਗਲੀ ਤਾਰੀਖ ਪੇਸ਼ੀ ਮਿਤੀ 02.04.2026 ਨਿਸ਼ਚਿਤ ਕੀਤੀ ਗਈ ਹੈ। ਉਕਤ ਕੇਸ ਵਿਚ ਲੜੀ ਨੰ.6) ਸੁਖਪਾਲ ਸਿੰਘ ਪੁੱਤਰ ਜਗਜੀਤ ਸਿੰਘ ਪੁੱਤਰ ਜੰਗੀਰ ਸਿੰਘ 7) ਨਗਿੰਦਰ ਸਿੰਘ ਪੁੱਤਰ ਤਰਸੇਮ ਸਿੰਘ ਪੁੱਤਰ ਜਗਜੀਤ ਸਿੰਘ 8) ਹਰਬੰਸ ਸਿੰਘ 9) ਬਖਤੌਰ ਸਿੰਘ 10) ਸੁਖਵੰਤ ਸਿੰਘ 11) ਸੂਬਾ ਸਿੰਘ ਪਿਸਰਾਨ ਕੇਹਰ ਸਿੰਘ ਪੁੱਤਰ ਭਾਨ ਸਿੰਘ 12) ਲਖਵਿੰਦਰ ਸਿੰਘ ਪੁੱਤਰ ਸਰਵਨ ਸਿੰਘ ਪੁੱਤਰ ਕੇਹਰ ਸਿੰਘ 13) ਜਗਦੇਵ ਸਿੰਘ 14) ਹਰਦੇਵ ਸਿੰਘ 15) ਜਸਕਰਨ ਸਿੰਘ 16) ਗੁਰਚਰਨ ਸਿੰਘ ਪਿਸਰਾਨ ਗੁਰਬਖਸ਼ ਸਿੰਘ ਪੁੱਤਰ ਨਿਧਾਨ ਸਿੰਘ ਵਾਸੀਆਨ ਪਿੰਡ ਔਲਖ ਤਹਿਸੀਲ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ 17) ਗੁਰਮੀਤ ਸਿੰਘ 18) ਮੰਦਰ ਸਿੰਘ ਪੁੱਤਰਾਨ ਮਾੜਾ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀਆਨ ਪਿੰਡ ਖਾਨੇ ਕੀ ਢਾਬ, ਤਹਿਸੀਲ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ 19) ਜਸਵੰਤ ਸਿੰਘ ਉਰਫ ਬਸੰਤ ਸਿੰਘ ਪੁੱਤਰ ਚੂਹੜ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਪਿੰਡ ਔਲਖ ਤਹਿਸੀਲ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੂੰ ਪਾਰਟੀ ਬਣਾਇਆ ਗਿਆ ਹੈ। ਜੇਕਰ ਕਿਸੇ ਉਤਰਵਾਦੀਆਨ ਧਿਰ ਜਾਂ ਕਿਸੇ ਵਿਅਕਤੀ ਨੂੰ ਉਕਤ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਜਾਂ ਪੱਖ ਅਸਾਲਤਨ/ਵਕਾਲਤਨ ਮਿਤੀ 02.04.2026 ਤੱਕ ਅਦਾਲਤ ਵਿਚ ਹਾਜ਼ਰ ਹੋ ਕੇ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਅਮਲ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਉਕਤ ਅਨੁਮਾਨ ਕੇਸ (ਸਰਦੂਲ ਸਿੰਘ ਬਨਾਮ ਮੁਤਵਫੀ ਗੁਰਬਚਨ ਸਿੰਘ ਉਰਫ ਗੁਰਮੁੱਖ ਸਿੰਘ ਵਗੈਰਾ, ਪਿੰਡ ਔਲਖ) ਵਿਚ ਨਿਯਮਾਂ ਅਨੁਸਾਰ ਲੋੜੀਂਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।
ਮਿਤੀ 12.03.2026 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤੀ ਨਾਲ ਇਹ ਨੋਟਿਸ ਜਾਰੀ ਹੋਇਆ ਹੈ।
**ਸਹੀ/- ਕੁਲੈਕਟਰ ਸਬ ਡਵੀਜ਼ਨ ਮਲੋਟ।**

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪ੍ਰਤਾਪ ਸਿੰਘ ਬਾਜਵਾ ਮ੍ਰਿਤਕ ਗੁਰਦੀਪ ਸਿੰਘ ਰੰਧਾਵਾ ਦੇ ਘਰ ਪਹੁੰਚੇ

## ਪਰਿਵਾਰ ਨੂੰ ਦਿੱਤਾ ਭਰੋਸਾ ਹਰ ਹਾਲਤ ਵਿੱਚ ਨਾਲ ਖੜ੍ਹੇ ਰਹਿਣ ਦਾ ਭਰੋਸਾ




ਅੰਮ੍ਰਿਤਸਰ, 21 ਮਾਰਚ (ਬਬਲੂ ਮਹਾਜਨ) ਪੰਜਾਬ ਵਿੱਚ ਵੱਧ ਰਹੇ ਅਪਰਾਧ ਅਤੇ ਇਕ ਕਥਿਤ ਸੁਸਾਈਡ ਮਾਮਲੇ ਨੂੰ ਲੈ ਕੇ ਸਿਆਸਤ ਤੀਵਰ ਹੋ ਗਈ ਹੈ। ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਮ੍ਰਿਤਕ ਗੁਰਦੀਪ ਸਿੰਘ ਰੰਧਾਵਾ ਦੇ ਘਰ ਪਹੁੰਚੇ ਅਤੇ ਦੁੱਖੀ ਪਰਿਵਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਧੀਰਜ ਦਿੱਤਾ। ਇਸ ਦੌਰਾਨ ਉਨ੍ਹਾਂ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਉਹ ਹਰ ਹਾਲਤ ਵਿੱਚ ਉਨ੍ਹਾਂ ਦੇ ਨਾਲ ਖੜੇ ਰਹਿਣਗੇ ਅਤੇ ਕਿਸੇ ਵੀ ਤਰ੍ਹਾਂ ਦੇ ਦਬਾਅ ਵਿੱਚ ਨਹੀਂ ਆਉਣ ਦੇਣਗੇ। ਮੀਡੀਆ ਨਾਲ ਗੱਲਬਾਤ ਕਰਦਿਆਂ ਬਾਜਵਾ ਨੇ ਕਿਹਾ ਕਿ ਇਹ ਸਿਰਫ ਇਕ ਪਰਿਵਾਰ ਦਾ ਮਾਮਲਾ ਨਹੀਂ, ਸਗੋਂ ਸਾਰੇ ਪੰਜਾਬ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਰਾਜ ਵਿੱਚ ਗੈਂਗਸਟਰ ਅਤੇ ਗੁੰਡਾ ਤੱਤਾਂ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ, ਜਿਸ ਨੂੰ ਜੇ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਪੰਜਾਬ ਨੂੰ ਇਸ ਦੀ ਭਾਰੀ ਕੀਮਤ ਚੁਕਾਣੀ ਪਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਮ੍ਰਿਤਕ ਦੇ ਪਰਿਵਾਰ ਨੂੰ ਪਹਿਲਾਂ ਤੋਂ ਧਮਕੀਆਂ ਮਿਲ ਰਹੀਆਂ ਸਨ ਅਤੇ ਇਸ ਬਾਰੇ ਸੰਬੰਧਿਤ ਅਧਿਕਾਰੀਆਂ ਨੂੰ ਸ਼ਿਕਾਇਤ ਵੀ ਦਿੱਤੀ ਗਈ ਸੀ, ਪਰ ਕੋਈ ਢੰਗ ਦੀ ਕਾਰਵਾਈ ਨਹੀਂ ਹੋਈ।

ਬਾਜਵਾ ਨੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜੇ ਪ੍ਰਸ਼ਾਸਨ ਵੱਲੋਂ ਸਮੇਂ ਸਿਰ ਕਾਰਵਾਈ ਕੀਤੀ ਜਾਂਦੀ ਤਾਂ ਰੰਧਾਵਾ ਦੀ ਜਾਨ ਬਚ ਸਕਦੀ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਅਧਿਕਾਰੀਆਂ ਦੀ ਲਾਪਰਵਾਹੀ ਇਸ ਘਟਨਾ ਦਾ ਵੱਡਾ ਕਾਰਨ ਹੈ। ਨਾਲ ਹੀ ਉਨ੍ਹਾਂ ਇਹ ਵੀ ਸਵਾਲ ਉਠਾਇਆ ਕਿ ਕੀ ਹੁਣ ਪੰਜਾਬ ਵਿੱਚ ਇਮਾਨਦਾਰ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਉਨ੍ਹਾਂ ਇਸ ਮਾਮਲੇ ਵਿੱਚ ਕੈਬਿਨੇਟ ਮੰਤਰੀ ਲਾਲਜੀਤ ਭੁੱਲਰ'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਮ੍ਰਿਤਕ ਵੱਲੋਂ ਬਣਾਈ ਗਈ ਆਖਰੀ ਵੀਡੀਓ ਵਿੱਚ ਸਿੱਧੇ ਤੌਰ 'ਤੇ ਉਨ੍ਹਾਂ ਦਾ ਨਾਮ ਸਾਹਮਣੇ ਆਇਆ ਹੈ, ਜਿਸਨੂੰ ਡਾਇਂਗ ਡਿਕਲੇਰੇਸ਼ਨ ਮੰਨਿਆ ਜਾਣਾ ਚਾਹੀਦਾ ਹੈ। ਬਾਜਵਾ ਨੇ ਮੰਗ ਕੀਤੀ ਕਿ ਭੁੱਲਰ ਖ਼ਿਲਾਫ ਤੁਰੰਤ ਐਫਆਈਆਰ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਨਾਲ ਹੀ ਉਨ੍ਹਾਂ ਦੇ ਫੋਨ ਰਿਕਾਰਡ, ਸਟਾਫ ਅਤੇ ਘਰ ਦੇ ਸੀਸੀਟੀਵੀ ਫੁਟੇਜ ਦੀ ਵੀ ਜਾਂਚ ਕੀਤੀ ਜਾਵੇ। ਵਿਰੋਧੀ ਧਿਰ ਦੇ ਨੇਤਾ ਨੇ ਇਹ ਵੀ ਮੰਗ ਕੀਤੀ ਕਿ ਮਾਮਲੇ ਦੀ ਨਿਰਪੱਖ ਜਾਂਚ ਲਈ ਇਸਨੂੰ ਸੀਬੀਆਈ ਨੂੰ ਸੌਂਪਿਆ ਜਾਵੇ। ਉਨ੍ਹਾਂ ਦੋਸ਼ ਲਗਾਇਆ ਕਿ ਰਾਜ ਸਰਕਾਰ ਅਕਸਰ ਅਜਿਹੇ ਮਾਮਲਿਆਂ ਵਿੱਚ ਸਮਾਂ ਕੱਟਣ ਦੀ ਕੋਸ਼ਿਸ਼ ਕਰਦੀ ਹੈ ਅਤੇ ਬਾਅਦ ਵਿੱਚ ਪਰਿਵਾਰ 'ਤੇ ਦਬਾਅ ਬਣਾਇਆ ਜਾਂਦਾ ਹੈ। ਅਖੀਰ ਵਿੱਚ ਬਾਜਵਾ ਨੇ ਕਿਹਾ ਕਿ ਇਹ ਸਿਰਫ ਇਕ ਵਿਅਕਤੀ ਦੀ ਮੌਤ ਨਹੀਂ, ਸਗੋਂ ਸਿਸਟਮ ਦੀ ਨਾਕਾਮੀ ਦਾ ਪ੍ਰਤੀਕ ਹੈ।

# ਖ਼ਾਲਸਾ ਕਾਲਜ ਗੜ੍ਹਦੀਵਾਲਾ ਦੇ ਆਰ.ਆਰ.ਆਰ. ਸੈਂਟਰ ਅਤੇ ਰੈੱਡ ਕ੍ਰਾਸ ਸੁਸਾਇਟੀ ਵੱਲੋਂ ਸੇਵਾ ਕਾਰਜ




ਗੜ੍ਹਦੀਵਾਲਾ 21 ਮਾਰਚ ( ਗੌਰਵ )ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ, ਸਕੱਤਰ (ਵਿੱਦਿਆ) ਸ. ਸੁਖਮਿੰਦਰ ਸਿੰਘ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਕਾਲਜ ਦੇ ਆਰ.ਆਰ.ਆਰ. ਸੈਂਟਰ, ਰੈੱਡ ਰਿਬਨ ਕਲੱਬ ਅਤੇ ਰੈੱਡ ਕ੍ਰਾਸ ਸੋਸਾਇਟੀ ਦੇ ਸਾਂਝੇ ਉਪਰਾਲੇ ਨਾਲ ਸਮਾਜ ਸੇਵਾ ਦਾ ਕਾਰਜ ਕੀਤਾ ਗਿਆ। ਇਸ ਮੌਕੇ ਕਾਲਜ ਵੱਲੋਂ ਬਾਹਗਾ ਵਿਖੇ ਬਾਬਾ ਦੀਪ ਸਿੰਘ ਸੇਵਾ ਦਲ ਨੂੰ ਦਵਾਈਆਂ ਦੀ ਕਿੱਟ, ਕੱਪੜੇ ਅਤੇ ਹੋਰ ਲੋੜੀਂਦਾ ਸਮਾਨ ਭੇਂਟ ਕੀਤਾ ਗਿਆ, ਤਾਂ ਜੋ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਕੀਤੀ ਜਾ ਸਕੇ। ਇਸ ਤੋਂ ਇਲਾਵਾ ਕਾਲਜ ਦੇ ਆਰ.ਆਰ.ਆਰ. ਸੈਂਟਰ ਦੀ ਟੀਮ ਵੱਲੋਂ ਗੜ੍ਹਦੀਵਾਲਾ ਦੇ ਨੇੜਲੇ ਸਲੱਮ ਇਲਾਕਿਆਂ ਦਾ ਦੌਰਾ ਕਰਕੇ ਉੱਥੇ ਰਹਿੰਦੇ ਬੱਚਿਆਂ ਅਤੇ ਪਰਿਵਾਰਾਂ ਨੂੰ ਦੁਬਾਰਾ ਵਰਤਣ ਯੋਗ ਪਾਣੀ ਦੀਆਂ ਬੋਤਲਾਂ, ਸਕੂਲ ਬੈਗ ਅਤੇ ਕੱਪੜੇ ਆਦਿ ਵੰਡੇ ਗਏ। ਇਸ ਸੇਵਾ ਕਾਰਜ ਦਾ ਮੁੱਖ ਉਦੇਸ਼ ਲੋੜਵੰਦ ਲੋਕਾਂ ਦੀ ਮੱਦਦ ਕਰਨਾ ਅਤੇ ਵਿਦਿਆਰਥੀਆਂ ਵਿੱਚ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨਾ ਸੀ।

ਇਸ ਮੌਕੇ ਮੈਡਮ ਨੇਹਾ, ਸ਼੍ਰੀ ਸੁਖਵਿੰਦਰ ਕੁਮਾਰ ਅਤੇ ਮੈਡਮ ਗੁਰਪ੍ਰੀਤ ਕੌਰ ਮੌਜੂਦ ਰਹੇ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਕਾਰਜ ਵਿਦਿਆਰਥੀਆਂ ਵਿੱਚ ਮਨੁੱਖਤਾ ਅਤੇ ਸਹਿਯੋਗ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।

# ਹਲਕਾ ਇੰਚਾਰਜ ਮੁਖਵਿੰਦਰ ਸਿੰਘ ਮਾਹਲ ਦੀ ਅਗਵਾਈ ਹੇਠ ਮੀਟਿੰਗ ਹੋਈ



ਚੋਗਾਵਾਂ, 21 ਮਾਰਚ (ਸੁਬੇਗ ਸਿੰਘ ਸੋਨਾ) ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਬਹਿੜਵਾਲ ਵਿਖੇ ਵੱਡੀ ਮੀਟਿੰਗ ਮਲਕੀਤ ਸਿੰਘ ਦੇ ਗ੍ਰਹਿ ਵਿਖੇ ਹੋਈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਹਲਕਾ ਇੰਚਾਰਜ ਰਾਜਾਸਾਂਸੀ ਮੁਖਵਿੰਦਰ ਸਿੰਘ ਮਾਹਲ ਉਨ੍ਹਾਂ ਕੇਂਦਰ ਸਰਕਾਰ ਦੀਆਂ ਸਕੀਮਾਂ ਤੋਂ ਜਾਣੂੰ ਕਰਵਾਇਆ ਤੇ 2027 ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਉਣ ਲਈ ਅਪੀਲ ਕੀਤੀ ਇਸ ਮੌਕੇ ਹਲਕਾ ਇੰਚਾਰਜ ਤੇ ਸਰਕਲ ਪ੍ਰਧਾਨ ਚੋਗਾਵਾ ਸਕੱਤਰ ਸਿੰਘ ਫੌਜੀ ਤੇ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ 1 ਪ੍ਰਧਾਨ ਮਹਿਲਾ ਮੋਰਚਾ ਬੀਬੀ ਰਾਜਵਿੰਦਰ ਕੌਰ ਦੌਸਾਂਝ ਨੇ ਮਲਕੀਤ ਸਿੰਘ ਨੂੰ ਸਰਕਲ ਚੋਗਾਵਾ ਉਪ ਪ੍ਰਧਾਨ ਤੇ ਬੀਬੀ ਕਾਜਲ ਕੌਰ ਨੂੰ ਸਰਕਲ ਚੋਗਾਵਾ ਮਹਿਲਾ ਮੋਰਚਾ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ ਇਸ ਮੌਕੇ ਹਾਜ਼ਰ ਸਰਕਲ ਚੋਗਾਵਾ ਜਨਰਲ ਸਕੱਤਰ ਗੁਰਸਾਹਿਬ ਸਿੰਘ, ਪਹਿਲਵਾਨ ਮੁਬਾਰਕ ਸਿੰਘ ਮਾਹਲ,ਸਰਕਲ ਪ੍ਰਧਾਨ ਹਰਸ਼ਾ ਛੀਨਾ ਮਨਦੀਪ ਸਿੰਘ ਸੰਧੂ, ਸਾਬਕਾ ਸਰਪੰਚ ਗੁਰਸਾਹਿਬ ਸਿੰਘ, ਮੈਂਬਰ ਬਲਵਿੰਦਰ ਸਿੰਘ, ਸੁਖਦੇਵ ਸਿੰਘ ਸੋਹਲ, ਸਵਿੰਦਰ ਸਿੰਘ, ਬਲਜੀਤ ਸਿੰਘ, ਮਹਿਕਦੀਪ ਕੌਰ, ਮਨਜੀਤ ਕੌਰ, ਸ਼ਰਨਜੀਤ ਕੌਰ, ਸੰਦੀਪ ਕੌਰ, ਨਰਿੰਦਰ ਕੌਰ, ਗੁਰਮੀਤ ਕੌਰ, ਅਮਰਜੀਤ ਕੌਰ, ਪ੍ਰਵੀਨ ਕੌਰ ਆਦਿ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਦਿੱਲੀ ਫ਼ਤਹਿ ਦਿਵਸ ਮਨਾਉਣ ਲਈ ਇਸਤਰੀ ਵਿੰਗ ਦੀ ਸਰਗਰਮ ਭਾਗੀਦਾਰੀ : ਹਰਮੀਤ ਸਿੰਘ ਕਾਲਕਾ



ਨਵੀਂ ਦਿੱਲੀ, 21 ਮਾਰਚ( ਹਰਮੀਤ ਸਿੰਘ ਕਾਲਕਾ ਪ੍ਰਧਾਨ) ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਇਤਿਹਾਸ ਦੀ ਮਹਾਨ ਘਟਨਾ ਦਿੱਲੀ ਫ਼ਤਹਿ ਦੀ ਯਾਦ ਨੂੰ ਸਮਰਪਿਤ 28 ਅਤੇ 29 ਮਾਰਚ ਨੂੰ ਬੜੇ ਉਤਸ਼ਾਹ, ਸ਼ਾਨ ਅਤੇ ਸੰਗਤ ਦੀ ਵਿਸ਼ਾਲ ਭਾਗੀਦਾਰੀ ਨਾਲ ਦਿੱਲੀ ਫ਼ਤਹਿ ਦਿਵਸ ਮਨਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਹ ਇਤਿਹਾਸਕ ਫ਼ਤਹਿ ਮਹਾਨ ਸਿੱਖ ਜਰਨੈਲਾਂ — ਬਾਬਾ ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਤਾਰਾ ਸਿੰਘ ਘੇਬਾ ਅਤੇ ਮਹਾਂ ਸਿੰਘ ਸ਼ੁਕਰਚੱਕੀਆ ਦੀ ਅਗਵਾਈ ਹੇਠ ਸਿੰਘਾਂ ਵੱਲੋਂ ਪ੍ਰਾਪਤ ਕੀਤੀ ਗਈ ਸੀ, ਜਿਸ ਨੇ ਸਿੱਖ ਕੌਮ ਦੇ ਬਹਾਦਰੀ, ਅਟੱਲ ਵਿਸ਼ਵਾਸ ਅਤੇ ਕੁਰਬਾਨੀ ਦੀ ਅਮਿੱਟ ਛਾਪ ਇਤਿਹਾਸ ਵਿੱਚ ਦਰਜ ਕੀਤੀ।

ਇਸ ਵਿਸ਼ੇਸ਼ ਸਮਾਗਮ ਦੀ ਸੁਚਾਰੂ ਤਿਆਰੀ ਲਈ ਡੀ.ਐਸ.ਜੀ.ਐਮ.ਸੀ. ਦੇ ਦਫ਼ਤਰ ਦੇ ਕਾਨਫਰੰਸ ਹਾਲ ਵਿੱਚ ਇਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਇਸਤਰੀ ਵਿੰਗ ਦੀਆਂ ਬੀਬੀਆਂ ਨੇ ਵੀ ਸਰਗਰਮ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਸਮਾਗਮ ਨੂੰ ਵੱਡੇ ਪੱਧਰ 'ਤੇ ਮਨਾਉਣ, ਸੰਗਤ ਦੀ ਵੱਡੀ ਭਾਗੀਦਾਰੀ ਯਕੀਨੀ ਬਣਾਉਣ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਵਿਚਾਰ-ਵਟਾਂਦਰਾ ਕੀਤਾ ਗਿਆ।

ਸਰਦਾਰ ਕਾਲਕਾ ਨੇ ਕਿਹਾ ਕਿ ਦਿੱਲੀ ਫ਼ਤਹਿ ਦਿਵਸ ਸਿਰਫ਼ ਇੱਕ ਇਤਿਹਾਸਕ ਯਾਦਗਾਰ ਨਹੀਂ, ਸਗੋਂ ਸਿੱਖ ਕੌਮ ਦੀ ਸ਼ਾਨ, ਅਤੇ ਕੁਰਬਾਨੀ ਦੀ ਰੂਹ ਦਾ ਪ੍ਰਤੀਕ ਹੈ, ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਸਮੇਂ ਦੀ ਮਹੱਤਵਪੂਰਨ ਲੋੜ ਹੈ। ਉਨ੍ਹਾਂ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ ਪਹੁੰਚ ਕੇ ਇਸ ਇਤਿਹਾਸਕ ਦਿਵਸ ਨੂੰ ਸ਼ਾਨਦਾਰ ਢੰਗ ਨਾਲ ਮਨਾਇਆ ਜਾਵੇ।

### ਜਨਤਕ ਸੂਚਨਾ
### ਚੰਡੀਗੜ੍ਹ ਪ੍ਰਸ਼ਾਸਨ
### ਆਬਕਾਰੀ ਅਤੇ ਟੈਕਸ ਵਿਭਾਗ

**ਯੂ.ਟੀ., ਚੰਡੀਗੜ੍ਹ ਵਿੱਚ ਸਾਲ 2026-27 ਲਈ ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਵਿਦੇਸ਼ੀ ਸ਼ਰਾਬ, ਬੀਅਰ, ਵਾਈਨ ਅਤੇ ਦੇਸੀ ਸ਼ਰਾਬ (L-2/L-14A) ਦੇ ਪ੍ਰਚੂਨ ਸ਼ਰਾਬ ਲਾਇਸੈਂਸਾਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਭਾਗੀਦਾਰੀ ਲਈ ਰਜਿਸਟ੍ਰੇਸ਼ਨ ਲਈ ਨੋਟਿਸ।**

ਇਹ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਯੂ.ਟੀ., ਚੰਡੀਗੜ੍ਹ ਵਿੱਚ ਸਾਲ 2026-27 ਲਈ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਵਿਅਕਤੀਆਂ ਦੀ ਔਨਲਾਈਨ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ 21.03.2026 ਤੋਂ ਸ਼ੁਰੂ ਹੋਵੇਗੀ।

ਸਾਰੇ ਇੱਛੁਕ ਵਿਅਕਤੀ ਪ੍ਰਕਿਰਿਆ ਦੀ ਜਾਣਕਾਰੀ/ਜਾਣਕਾਰੀ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਜਾ ਸਕਦੇ ਹਨ ਅਤੇ ਜੋ ਲੋਕ ਈ-ਟੈਂਡਰਿੰਗ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ, ਉਹ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸਾਰੇ ਸੰਭਾਵੀ ਬੋਲੀਕਾਰਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਈ-ਟੈਂਡਰ ਵੈੱਬਸਾਈਟ https://etenders.chd.nic.in 'ਤੇ ਈ-ਟੈਂਡਰਿੰਗ ਲਈ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਹੋਵੇਗਾ।

ਈ-ਟੈਂਡਰਿੰਗ ਲਈ ਭਾਗੀਦਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਸਹਾਇਕ ਆਬਕਾਰੀ ਅਤੇ ਕਰ ਕਮਿਸ਼ਨਰ, ਯੂ.ਟੀ., ਚੰਡੀਗੜ੍ਹ ਦੇ ਦਫ਼ਤਰ ਵਿੱਚ ਇੱਕ ਹੈਲਪਡੈਸਕ ਵੀ ਸਥਾਪਤ ਕੀਤਾ ਗਿਆ ਹੈ।

**ਆਬਕਾਰੀ ਅਤੇ ਕਰ ਕਮਿਸ਼ਨਰ,**
**ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ।**

# ਸ੍ਰੀ ਬਜਰੰਗ ਭਵਨ ਮੰਦਰ ਜ਼ੀਰਾ ਵੱਲੋਂ 46ਵਾਂ ਸਨਾਤਨ ਧਰਮ ਸੰਮੇਲਨ

## ਪਵਿੱਤਰ ਕਲਸ਼ ਯਾਤਰਾ ਨਾਲ ਅਰੰਭ



ਜ਼ੀਰਾ,21 ਮਾਰਚ (ਦੀਪਕ ਭਾਰਗੋ ਸ਼ਹਿਰ ਦੀ ਨਾਮੀ ਧਾਰਮਿਕ ਸੰਸਥਾ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਸ੍ਰੀ ਬਜਰੰਗ ਭਵਨ ਮੰਦਰ ਜ਼ੀਰਾ ਵੱਲੋਂ 46ਵਾਂ ਸਨਾਤਨ ਧਰਮ ਸੰਮੇਲਨ 21ਮਾਰਚ ਤੋਂ ਸ਼ੁਰੂ ਹੋਣ ਜਾ ਰਿਹਾ ਹੈ ,ਜਿਸ ਦੇ ਸਬੰਧ ਵਿੱਚ ਪਵਿੱਤਰ ਕਲਸ਼ ਯਾਤਰਾ ਕੱਢੀ ਗਈ । ਜ਼ਿਕਰਯੋਗ ਹੈ ਕਿ ਸਨਾਤਨ ਧਰਮ ਮਹਾਵੀਰ ਦਲ ਸ੍ਰੀ ਬਜੰਗ ਭਵਨ ਮੰਦਰ ਜ਼ੀਰਾ ਦੇ ਮਰਹੂਮ ਸਰਪ੍ਰਸਤ ਸਵ ਸ੍ਰੀ ਪ੍ਰੇਮ ਕੁਮਾਰ ਗਰੋਵਰ ਜੀ ਦੀ ਦੇ ਚਲਾਏ ਧਰਮ ਪ੍ਰਚਾਰ ਸੰਮੇਲਨ ਦੀ ਲੜੀ ਤਹਿਤ 46ਵਾਂ ਸਨਾਤਨ ਧਰਮ ਸੰਮੇਲਨ ਸ੍ਰੀ ਮਧ ਭਗਵਤ ਕਥਾ ਸਪਤਾਹਿਕ ਗਿਆਨ ਯੱਗ ਸ੍ਰੀ ਬਜਰੰਗ ਭਵਨ ਮੰਦਰ ਜੀਰਾ ਵਿਖੇ ਮਿਤੀ 21 ਮਾਰਚ ਤੋਂ ਅਰੰਭ ਹੋਣ ਜਾ ਰਿਹਾ ਹੈ। ਜਿਸ ਦੇ ਸਬੰਧ ਵਿੱਚ ਅੱਜ ਪਵਿੱਤਰ ਕਲਸ਼ ਯਾਤਰਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸ੍ਰੀ ਬਜਰੰਗ ਭਵਨ ਇਸਤਰੀ ਸੰਕੀਰਤਨ ਭਜਨ ਮੰਡਲੀ ਅਤੇ ਸ੍ਰੀ ਸ਼ਿਆਮ ਪਰਿਵਾਰ ਜ਼ੀਰਾ ਮੰਡਲੀ ਦੀਆਂ ਮਹਿਲਾਵਾਂ ਵੱਲੋਂ ਪਵਿੱਤਰ ਕਲਸ਼ ਸਿਰ ਉੱਪਰ ਚੁੱਕ ਕੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਤੋਂ ਹੁੰਦਾ ਹੋਇਆ ਮੁੱਖ ਚੌਂਕ ਤੋਂ ਵਾਪਸ ਸ੍ਰੀ ਬਜਰੰਗ ਭਵਨ ਮੰਦਰ ਜ਼ੀਰਾ ਵਿਖੇ ਸਮਾਪਤ ਹੋਇਆ। ਇਸ ਮੌਕੇ ਸ਼ਹਿਰ ਦੀਆਂ ਧਾਰਮਿਕ ਸੰਸਥਾਵਾਂ ਵੱਲੋਂ ਕੱਲ ਸ਼ੀ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਜਗ੍ਹਾ ਜਗ੍ਹਾ ਫੁੱਲਾਂ ਦੀ ਵਰਖਾ ਚਾਹ ਪਕੌੜਿਆਂ, ਛਬੀਲਾਂ ਅਤੇ ਕੋਲਡ ਡਰਿੰਕ ਦੇ ਲੰਗਰ ਸ਼ਰਧਾਲੂਆਂ ਨੂੰ ਛਕਾਏ ਗਏ। ਇਸ ਮੌਕੇ ਕਲ ਸੀ ਯਾਤਰਾ ਵਿੱਚ ਰਾਜਨੀਤਿਕ ਆਗੂ ਸਮਿੰਦਰ ਖਿੰਡਾ , ਆਪ ਆਗੂ ਸੁਨੀਲ ਗਰੋਵਰ ਤੋਂ ਇਲਾਵਾਂ ਸੰਸਥਾ ਦੇ ਪ੍ਰਧਾਨ ਸੁਭਾਸ਼ ਉੱਪਲ, ਚੇਅਰਮੈਨ ਸ਼ਮੀ ਜੈਨ, ਸਰਪ੍ਰਸਤ ਧਰਮਪਾਲ ਚੁੱਘ , ਵਿਪਨ ਸੇਠੀ, ਮੋਹਣ ਲਾਲ ਅਨੇਜਾ, ਦੀਪਕ ਭਾਰਗੋ ,ਤ੍ਰਲੋਕ ਸਿੰਘ ਮਿਰਜ਼ਾ ,ਰਜੇਸ਼ ਢੰਡ, ਸੁਭਾਸ਼ ਗੁਪਤਾ, ਗੁਰਦੇਵ ਸਿੱਧੂ, ਅਨਿਲ ਉੱਪਲ ,ਨਰਿੰਦਰ ਨਾਰੰਗ , ਐਡਵੋਕੇਟ ਲਵਪ੍ਰੀਤ ਸਿੰਘ ਸਿੱਧੂ ,ਕ੍ਰਿਸ਼ਨ ਹਾਂਡਾ, ਕਲਭੂਸ਼ਣ ਸ਼ਰਮਾ, ਵਿਕਾਸ ਗਰੋਵਰ, ਮਦਨ ਲਾਲ, ਰਿਦੂਮ ਸੇਠੀ, ਰੋਹਿਤ ਅਨੇਜਾ, ਗੋਰਵ ਭਾਰਗੋ, ਪੱਤਰਕਾਰ ਗੁਰਪ੍ਰੀਤ ਸਿੱਧੂ, ਰਾਜ ਚੁੱਘ, ਸਤੀਸ਼ ਸਚਦੇਵਾ, ਕਮਲਾ ਰਾਣੀ, ਰੰਜਨ ਉੱਪਲ, ਕਮਲੇਸ਼ ਰਾਣੀ, ਰੰਜਨਾ ਉੱਪਰ , ਸੰਤੋਸ਼ ਸਚਦੇਵਾ, ਕਵਿਤਾ ਗਰੋਵਰ, ਨੀਰੂ ਚੌਧਰੀ, ਗੀਤੂ ਗਰੋਵਰ, ਭੋਲੀ ਰਾਣੀ ਆਦਿ ਤੋਂ ਇਲਾਵਾਂ ਵੱਡੀ ਗਿਣਤੀ ਵਿਚ ਸ਼ਹਿਰ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ।

# ਡਿਪਟੀ ਸਪੀਕਰ ਨੇ ਲਿਆ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੈਸ਼ਨਲ ਮੈਰਾਥਨ ਦੀਆਂ ਤਿਆਰੀਆਂ ਦਾ ਜਾਇਜ਼ਾ

**ਮਾਹਿਲਪੁਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ 22 ਮਾਰਚ ਨੂੰ ਹੋਵੇਗੀ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ ਰਾਸ਼ਟਰੀ ਮੈਰਾਥਨ**



ਮਾਹਿਲਪੁਰ/ਹੁਸ਼ਿਆਰਪੁਰ, 21 ਮਾਰਚ :ਦੀਪਕ ਅਗਨੀਹੋਤਰੀ ਪੰਜਾਬ ਸਰਕਾਰ ਵਲੋਂ ਨਸ਼ਿਆਂ ਖਿਲਾਫ਼ ਕੀਤੇ ਜਾ ਰਹੇ ਵੱਖ-ਵੱਖ ਉਪਰਾਲਿਆਂ ਦੀ ਲੜੀ ਤਹਿਤ ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ 22 ਮਾਰਚ ਨੂੰ 'ਯੁੱਧ ਨਸ਼ਿਆਂ ਵਿਰੁੱਧ' ਦੇ ਬੈਨਰ ਹੇਠ ਸ਼ਹੀਦ-ਏ-ਆ ?ਜ਼ਮ ਸਰਦਾਰ ਭਗਤ ਸਿੰਘ ਮਹਾਨ ਸ਼ਹਾਦਤ ਨੂੰ ਸਮਰਪਿਤ ਕਰਵਾਈ ਜਾ ਰਹੀ ਮੈਰਾਥਨ ਦੀਆਂ ਤਿਆਰੀਆਂ ਦਾ ਮੌਕੇ 'ਤੇ ਅੱਜ ਸ਼ਾਮ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਜਾਇਜ਼ਾ ਲੈਂਦਿਆਂ ਸਮਾਜਿਕ ਸੰਸਥਾਵਾਂ ਅਤੇ ਐਨ.ਜੀ.ਓਜ਼ ਨੂੰ ਮੈਰਾਥਨ ਵਿਚ ਭਰਵੀਂ ਸ਼ਮੂਲੀਅਤ ਦਾ ਸੱਦਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਅਧਿਕਾਰੀਆਂ, ਪੰਚਾਇਤਾਂ ਦੇ ਨੁਮਾਇੰਦਿਆਂ, ਸਮਾਜਿਕ ਅਤੇ ਐਨ.ਜੀ.ਓਜ਼ ਦੇ ਮੈਂਬਰਾਂ ਨਾਲ ਵਿਸਥਾਰ ਵਿਚ ਵਿਚਾਰ-ਵਟਾਂਦਰਾ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਜਾਗਰੂਕਤਾ ਦੇ ਨਾਲ-ਨਾਲ ਖੇਡਾਂ ਦੇ ਰੁਝਾਨ ਨੂੰ ਹੋਰ ਪ੍ਰਫੁੱਲਤ ਅਤੇ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਜੋ ਇਸ ਸਮਾਜਿਕ ਬੁਰਾਈ ਤੋਂ ਛੁਟਕਾਰਾ ਹਾਸਲ ਕੀਤਾ ਜਾ ਸਕੇ। ਉਨ੍ਹਾਂ ਨੇ ਪੰਚਾਇਤਾਂ ਅਤੇ ਪਿੰਡਾਂ ਦੇ ਵਸਨੀਕਾਂ ਨੂੰ ਸੱਦਾ ਦਿੱਤਾ ਕਿ ਉਹ ਮੈਰਾਥਨ ਵਿਚ ਦੌੜਨ ਵਾਲਿਆਂ ਦੀ ਹੌਸਲਅਫਜ਼ਾਈ ਲਈ ਆਪੋ-ਆਪਣੇ ਪਿੰਡਾਂ ਦੇ ਬਾਹਰ ਇਕੱਤਰ ਹੋ ਕੇ ਨਸ਼ਿਆਂ ਦੇ ਖਾਤਮੇ ਦੇ ਸੰਕਲਪ ਨੂੰ ਹੋਰ ਠੋਸ ਰੂਪ ਦੇਣ। ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਵੱਡੇ ਪੱਧਰ 'ਤੇ ਕਾਰਵਾਈਆਂ ਕਰਕੇ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਰਹੀ ਹੈ ਜਿਸ ਦੇ ਸਾਰਥਕ ਸਿੱਟੇ ਸਾਡੇ ਸਾਹਮਣੇ ਹਨ। ਉਨ੍ਹਾਂ ਕਿਹਾ ਕਿ ਮਾਹਿਲਪੁਰ ਵਿਖੇ ਹੋਣ ਵਾਲੀ ਰਾਸ਼ਟਰੀ ਮੈਰਾਥਨ ਵੀ ਇਸੇ ਲੜੀ ਦਾ ਹਿੱਸਾ ਹੈ ਜੋ ਨਸ਼ਿਆਂ ਖਿਲਾਫ਼ ਸੰਦੇਸ਼ ਨੂੰ ਘਰ-ਘਰ ਪਹੁੰਚਾਵੇਗੀ। ਉਨ੍ਹਾਂ ਦੱਸਿਆ ਕਿ ਮੈਰਾਥਨ ਦੇ ਜੇਤੂਆਂ ਦੀ ਹੌਸਲਾਅਫ਼ਜ਼ਾਈ ਲਈ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਜਾਵੇਗਾ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੈਸ਼ਨਲ ਮੈਰਾਥਨ ਬਾਰੇ ਡਿਪਟੀ ਸਪੀਕਰ ਨੇ ਕਿਹਾ ਕਿ ਇਸ ਮੈਰਾਥਨ ਵਿਚ ਚਾਰ ਵਰਗ ਰੱਖੇ ਗਏ ਹਨ ਜਿਨ੍ਹਾਂ ਵਿਚ 5 ਕਿਲੋਮੀਟਰ, 10 ਕਿਲੋਮੀਟਰ, 21 ਕਿਲੋਮੀਟਰ ਤੇ 42 ਕਿਲੋਮੀਟਰ ਮੈਰਾਥਨ ਵਿਚ ਲੋਕ ਦੌੜਨਗੇ ਅਤੇ 'ਨਸ਼ਿਆਂ ਨੂੰ ਨਾਂਹ' ਦਾ ਅਹਿਦ ਵੀ ਲਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਮੈਰਾਥਨ ਵਿਚ ਹਰ ਪੱਖੋਂ ਲੋੜੀਂਦੇ ਪੁਖਤਾ ਪ੍ਰਬੰਧ ਅਮਲ ਵਿਚ ਲਿਆਂਦੇ ਜਾਣਗੇ ਤਾਂ ਜੋ ਸਾਰੀ ਪ੍ਰਕਿਰਿਆ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹੀ ਜਾ ਸਕੇ। ਮੈਰਾਥਨ ਲਈ ਰਜਿਸਟ੍ਰੇਸ਼ਨ ਬਾਰੇ ਡਿਪਟੀ ਸਪੀਕਰ ਨੇ ਦੱਸਿਆ ਕਿ ਵੱਖ-ਵੱਖ ਵਰਗਾਂ ਲਈ ਚਾਹਵਾਨ ਵਿਅਕਤੀ/ਨੌਜਵਾਨ www.srsftge.com ਰਾਹੀਂ ਨੈਸ਼ਨਲ ਮੈਰਾਥਨ ਵਾਸਤੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਸ ਐਪ ਰਾਹੀਂ ਮੁਕੰਮਲ ਜਾਣਕਾਰੀ ਵੀ ਹਾਸਲ ਕੀਤੀ ਜਾ ਸਕਦੀ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਪੰਜਾਬ ਯੂਨੀਵਰਸਿਟੀ ਦੁਆਰਾ ਐਲਾਨੇ ਨਤੀਜਿਆਂ ਵਿੱਚ ਐਸ.ਪੀ.ਐਨ ਕਾਲਜ ਦਾ ਸ਼ਾਨਦਾਰ ਪ੍ਰਦਰਸ਼ਨ

ਮੁਕੇਰੀਆਂ, 21 ਮਾਰਚ ( ਧਰਮ ਚੰਦ) ਸਵਾਮੀ ਪ੍ਰੇਮਾਨੰਦ ਮਹਾਵਿਦਿਆਲਿਆਂ (ਐਸ.ਪੀ.ਐਨ. ਕਾਲਜ), ਮੁਕੇਰੀਆਂ ਦੇ ਵਿਦਿਆਰਥੀਆਂ ਨੇ ਐਮ.ਐਸ.ਸੀ. ਫਿਜ਼ਿਕਸ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ।

ਐਮ.ਐਸ.ਸੀ. ਫਿਜ਼ਿਕਸ ਤੀਜੇ ਸਮੈਸਟਰ ਦੇ ਨਤੀਜੇ ਵਿੱਚ ਚਾਹਤ ਨੇ 91.2 ਪ੍ਰਤੀਸ਼ਤ ਅੰਕਾਂ ਨਾਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਕਾਲਜ ਵਿੱਚ ਵੀ ਅਵੱਲ ਰਹੀ। ਇਸੇ ਤਰ੍ਹਾਂ ਭਾਰਤੀ ਮਿਨਹਾਸ ਨੇ 87.2 ਪ੍ਰਤੀਸ਼ਤ ਅੰਕਾਂ ਨਾਲ ਕਾਲਜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਅੰਕਿਤਾ ਸ਼ਰਮਾ ਨੇ 84 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।

ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਸ਼ਮੀਰ ਸ਼ਰਮਾ ਨੇ ਕਿਹਾ ਕਿ ਇਹ ਨਤੀਜੇ ਵਿਦਿਆਰਥੀਆਂ ਦੀ ਲਗਾਤਾਰ ਮਿਹਨਤ, ਅਧਿਆਪਕਾਂ ਦੀ ਰਹਿਨੁਮਾਈ ਅਤੇ ਸੰਸਥਾ ਦੇ ਉੱਚ ਅਕਾਦਮਿਕ ਮਾਹੌਲ ਦਾ ਪ੍ਰਤੀਕ ਹਨ। ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਐਮ.ਐਸ.ਸੀ. ਫਿਜ਼ਿਕਸ ਵਿਭਾਗ ਦੇ ਮੁਖੀ ਡਾ. ਅਰੁਣ ਕੁਮਾਰ ਨੇ ਵੀ ਵਿਦਿਆਰਥੀਆਂ ਦੀ ਇਸ ਉਪਲੱਬਧੀ 'ਤੇ ਖੁਸ਼ੀ ਜਤਾਉਂਦੇ ਹੋਏ ਕਿਹਾ ਕਿ ਇਹ ਨਤੀਜੇ ਵਿਦਿਆਰਥੀਆਂ ਦੀ ਲਗਨ ਅਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਦਾ ਨਤੀਜਾ ਹਨ। ਉਹਨਾਂ ਨੇ ਆਪਣੇ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਸ਼ਮੀਰ ਸ਼ਰਮਾ ਅਤੇ ਕਾਲਜ ਪ੍ਰਬੰਧਕ ਕਮੇਟੀ ਦੇ ਨਿਰੰਤਰ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਪ੍ਰਗਟ ਕੀਤਾ ਗਿਆ।

ਇਸ ਮੌਕੇ ਵਿਭਾਗ ਦੇ ਅਧਿਆਪਕ ਪ੍ਰੋ. ਨਰਾਇਣ ਸਿੰਘ, ਡਾ. ਦੀਪਿਕਾ ਸ਼ਰਮਾ, ਡਾ. ਅਰਵਿੰਦ ਚੌਹਾਨ, ਡਾ. ਅਸ਼ੋਕ ਚੌਧਰੀ, ਪ੍ਰੋ. ਵਿਸ਼ੇਕ ਅਤੇ ਪ੍ਰੋ. ਮੋਹਿਤ ਪਠਾਨੀਆ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

### ਚੰਡੀਗੜ੍ਹ ਪ੍ਰਸ਼ਾਸਨ
### ਆਬਕਾਰੀ ਅਤੇ ਟੈਕਸ ਵਿਭਾਗ

ਯੂ.ਟੀ., ਚੰਡੀਗੜ੍ਹ ਵਿੱਚ ਸਾਲ 2026-27 ਲਈ ਪ੍ਰਚੂਨ ਵਿਕਰੀ ਵਿਕਰੇਤਾਵਾਂ (L-2/L-14A) ਲਈ ਲਾਇਸੈਂਸ ਅਲਾਟ ਕਰਨ ਲਈ ਆਮ ਜਨਤਾ ਤੋਂ ਈ-ਟੈਂਡਰ ਮੰਗਵਾਉਣ ਲਈ ਨੋਟਿਸ

1. ਆਮ ਜਨਤਾ ਦੀ ਜਾਣਕਾਰੀ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਆਬਕਾਰੀ ਨੀਤੀ, 2026-27 (1 ਅਪ੍ਰੈਲ, 2026 ਤੋਂ 31 ਮਾਰਚ 2027 ਤੱਕ ਸ਼ੁਰੂ) ਲਈ ਲਾਇਸੈਂਸਿੰਗ ਯੂਨਿਟਾਂ ਦੇ ਰੂਪ ਵਿੱਚ ਪ੍ਰਚੂਨ ਵਿਕਰੀ ਯਾਨੀ L-2/L-14A ਲਾਇਸੈਂਸ ਦੀ ਗ੍ਰਾਂਟ ਲਈ ਈ-ਟੈਂਡਰ ਮੰਗੇ ਜਾਂਦੇ ਹਨ। ਹਰੇਕ ਲਾਇਸੈਂਸਿੰਗ ਯੂਨਿਟ ਵਿੱਚ ਇੱਕ ਛੱਤ ਹੇਠ L-2/L-14A (ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਕੀਤੀ ਵਿਦੇਸ਼ੀ ਸ਼ਰਾਬ ਅਤੇ ਦੇਸੀ ਸ਼ਰਾਬ) ਸ਼ਾਮਲ ਹੋਣਗੇ। ਪੂਰੇ ਸ਼ਹਿਰ ਵਿੱਚ ਇੱਕ (01) ਲਾਇਸੈਂਸਿੰਗ ਯੂਨਿਟ ਹੋਵੇਗੀ ਅਤੇ ਸਾਰੀਆਂ ਲਾਇਸੈਂਸਿੰਗ ਯੂਨਿਟਾਂ ਲਈ ਵੱਖਰੇ ਤੌਰ 'ਤੇ ਈ-ਟੈਂਡਰ ਮੰਗੇ ਜਾਣਗੇ।
2. ਪ੍ਰਚੂਨ ਵਿਕਰੀ ਵਾਲੇ ਠੇਕੇ ਸਭ ਤੋਂ ਵੱਧ ਯੋਗ ਬੋਲੀਕਾਰ ਨੂੰ ਅਲਾਟ ਕੀਤੇ ਜਾਣਗੇ, ਜੋ ਲਾਇਸੈਂਸਿੰਗ ਯੂਨਿਟ ਦੀ ਰਿਜ਼ਰਵ ਕੀਮਤ ਦੇ ਬਰਾਬਰ ਜਾਂ ਇਸ ਤੋਂ ਵੱਧ ਬੋਲੀ ਦੇਵੇਗਾ। ਜੇਕਰ ਇੱਕੋ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਇੱਕ ਤੋਂ ਵੱਧ ਬੋਲੀ ਪ੍ਰਾਪਤ ਹੁੰਦੀ ਹੈ, ਤਾਂ ਅਲਾਟਮੈਂਟ ਉਸੇ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਬੋਲੀਕਾਰਾਂ ਵਿਚਕਾਰ ਲਾਟ ਦੇ ਡਰਾਅ ਦੁਆਰਾ ਨਿਰਧਾਰਤ ਕੀਤੀ ਜਾਵੇਗੀ।
3. ਸਾਰੇ ਇੱਛੁਕ ਭਾਗੀਦਾਰ ਜਾਣਕਾਰੀ ਲਈ/ ਪ੍ਰਕਿਰਿਆ ਨੂੰ ਜਾਣਨ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline 'ਤੇ ਜਾ ਸਕਦੇ ਹਨ। ਆਬਕਾਰੀ ਨੀਤੀ 2026-27 ਦੇ ਅਨੁਸਾਰ, ਈ-ਟੈਂਡਰਾਂ ਅਤੇ ਭਾਗੀਦਾਰੀ ਫੀਸ ਅਤੇ ਬਿਆਨਾ ਜਮ੍ਹਾਂ ਕਰਵਾਉਣ ਲਈ ਵਿਸਤ੍ਰਿਤ ਪ੍ਰਕਿਰਿਆ, ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline ਦੇ ਨਾਲ-ਨਾਲ ਵਿਭਾਗ ਦੇ ਆਬਕਾਰੀ ਦਫਤਰ ਵਿੱਚ ਉਪਲਬਧ ਹੈ।
4. ਈ-ਬੋਲੀਆਂ ਜਮ੍ਹਾਂ ਕਰਾਉਣ ਲਈ, ਹਰੇਕ ਸੰਭਾਵੀ ਬੋਲੀਕਾਰ ਨੂੰ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਲਾਜ਼ਮੀ ਹੈ।
5. ਲਾਇਸੈਂਸਿੰਗ ਯੂਨਿਟ ਕੋਡ ਦੇ ਇਲਾਕਿਆਂ/ਖੇਤਰਾਂ, ਵਿਕਰੇਤਾਵਾਂ ਦੀ ਆਗਿਆਯੋਗ ਗਿਣਤੀ/ਪ੍ਰਚੂਨ ਵਿਕਰੀ ਆਊਟਲੈੱਟ, ਕੋਟਾ ਅਤੇ ਰਿਜ਼ਰਵ ਕੀਮਤ ਦਾ ਜ਼ਿਕਰ ਕਰਨ ਵਾਲੀਆਂ ਨਿਯਮ ਅਤੇ ਸ਼ਰਤਾਂ ਅਤੇ ਵਿਸਤ੍ਰਿਤ ਸੂਚੀ ਆਬਕਾਰੀ ਅਤੇ ਕਰ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonling ਤੋਂ 'ਜਨਤਕ ਨੋਟਿਸ' ਭਾਗ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।
6. ਸਾਰੇ ਲਾਇਸੈਂਸ ਪੰਜਾਬ ਆਬਕਾਰੀ ਐਕਟ, 1914 (ਜਿਵੇਂ ਕਿ ਯੂ.ਟੀ., ਚੰਡੀਗੜ੍ਹ 'ਤੇ ਲਾਗੂ ਹੁੰਦਾ ਹੈ) ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਸਾਲ 2026-27 ਲਈ ਆਬਕਾਰੀ ਨੀਤੀ ਦੇ ਅਧੀਨ ਦਿੱਤੇ ਜਾਣਗੇ। ਸਾਲ 2026-27 ਲਈ ਆਬਕਾਰੀ ਨੀਤੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਉਪਲਬਧ ਹੈ।
7. ਈ-ਟੈਂਡਰ 21.03.2026 ਨੂੰ ਸਵੇਰੇ (11:00 ਵਜੇ) https://etenders.chd.nic.in 'ਤੇ ਉਪਲਬਧ ਹੋਣਗੇ ਅਤੇ ਬੋਲੀਕਾਰ 21.03.2026 (ਸਵੇਰੇ 11:00 ਵਜੇ) ਤੋਂ ਆਪਣੀਆਂ ਬੋਲੀਆਂ ਜਮ੍ਹਾ ਕਰਨਾ ਸ਼ੁਰੂ ਕਰ ਸਕਦੇ ਹਨ।

ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਤਰੀਕਾਂ ਦੀ ਸਮਾਂ-ਸਾਰਣੀ:-

| | |
|---|---|
| ਬੋਲੀ ਜਮ੍ਹਾਂ ਕਰਨ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ | 21 ਮਾਰਚ 2026 ਤੋਂ (ਸਵੇਰੇ 11:00 ਵਜੇ) |
| ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 25 ਮਾਰਚ, 2026 ਤੱਕ (ਸਵੇਰੇ 11:00 ਵਜੇ ਤੱਕ) |
| ਤਕਨੀਕੀ ਈ-ਬੋਲੀਆਂ ਦੀ ਸ਼ੁਰੂਆਤ | 25 ਮਾਰਚ, 2026 (ਦੁਪਹਿਰ 12:00 ਵਜੇ ਤੋਂ ਬਾਅਦ) |
| ਵਿੱਤੀ ਈ-ਬੋਲੀਆਂ ਦੀ ਸ਼ੁਰੂਆਤ | 25 ਮਾਰਚ, 2026 (ਦੁਪਹਿਰ 02:00 ਵਜੇ ਤੋਂ ਬਾਅਦ) ਕਾਨਫਰੰਸ ਹਾਲ (ਪਹਿਲੀ ਮੰਜ਼ਿਲ), ਆਬਕਾਰੀ ਅਤੇ ਕਰ ਵਿਭਾਗ, ਸੈਕਟਰ 17, ਯੂ.ਟੀ. ਚੰਡੀਗੜ੍ਹ |

**ਸਹੀ/- ਆਬਕਾਰੀ ਅਤੇ ਕਰ ਕਮਿਸ਼ਨਰ,**
**ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ**




## ਵਿਧਾਇਕ ਡਾ. ਅਜੇ ਗੁਪਤਾ ਨੇ ਮੁਸਲਿਮ ਭਾਈਚਾਰੇ ਨੂੰ ਈਦ-ਉਲ-ਫਿਤਰ ਦੀ ਵਧਾਈ ਦਿੱਤੀ



ਅੰਮ੍ਰਿਤਸਰ, 21 ਮਾਰਚ, (ਗੁਰਦਿਆਲ ਸਿੰਘ) : ਅੱਜ ਦੇਸ਼ ਭਰ ਵਿੱਚ ਈਦ-ਉਲ-ਫਿਤਰ (ਮਿੱਠੀ ਈਦ) ਮਨਾਈ ਜਾ ਰਹੀ ਹੈ। ਆਪਸੀ ਭਾਈਚਾਰੇ ਦੇ ਪ੍ਰਤੀਕ ਈਦ-ਉਲ-ਫਿਤਰ ਦੇ ਸ਼ੁਭ ਮੌਕੇ 'ਤੇ, ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਮੁਸਲਿਮ ਭਾਈਚਾਰੇ ਨਾਲ ਆਪਣੀ ਖੁਸ਼ੀ ਸਾਂਝੀ ਕਰਨ ਲਈ ਹਾਲ ਬਾਜ਼ਾਰ ਵਿੱਚ ਮਸਜਿਦ ਖੈਰੂਦੀਨ ਅਤੇ ਹੋਟਲ ਰਮਦਾ ਨੇੜੇ ਮਸਜਿਦ ਸਿਕੰਦਰ ਖਾਨ ਦਾ ਦੌਰਾ ਕੀਤਾ। ਆਪਸੀ ਭਾਈਚਾਰੇ ਦੇ ਪ੍ਰਤੀਕ ਈਦ-ਉਲ-ਫਿਤਰ ਦੇ ਸ਼ੁਭ ਮੌਕੇ 'ਤੇ, ਵਿਧਾਇਕ ਡਾ. ਗੁਪਤਾ ਨੇ ਸਾਰਿਆਂ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ।ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਈਦ ਦਾ ਤਿਉਹਾਰ ਸਾਡੇ ਸਮਾਜ ਵਿੱਚ ਉਮੀਦ, ਸਦਭਾਵਨਾ ਅਤੇ ਦਿਆਲਤਾ ਦੀ ਭਾਵਨਾ ਨੂੰ ਵਧਾਵੇ। ਤੁਹਾਡੇ ਸਾਰੇ ਯਤਨਾਂ ਨੂੰ ਖੁਸ਼ੀ ਅਤੇ ਸਫਲਤਾ ਮਿਲੇ। ਵਿਧਾਇਕ ਡਾ. ਗੁਪਤਾ ਨੇ ਖੁਰਸ਼ੀਦ ਅਹਿਮਦ ਅਤੇ ਮੌਲਾਨਾ ਹਾਮਿਦ ਹੁਸੈਨ ਨਾਲ ਵੀ ਮੁਲਾਕਾਤ ਕੀਤੀ ਅਤੇ ਕੇਂਦਰੀ ਵਿਧਾਨ ਸਭਾ ਹਲਕੇ ਦੀਆਂ ਇਨ੍ਹਾਂ ਮਸਜਿਦਾਂ ਵਿੱਚ ਆਏ ਮੁਸਲਿਮ ਭਾਈਚਾਰੇ ਨੂੰ ਵਧਾਈ ਦਿੱਤੀ। ਇਸ ਮੌਕੇ ਸੁਦੇਸ਼ ਕੁਮਾਰ, ਅਜੇ ਨਿਵਾਲ, ਮਨਜੀਤ ਸਿੰਘ, ਓਮਪ੍ਰਕਾਸ਼, ਕੁਰਨੇਸ਼ ਭਾਰਗਵ, ਵਿੱਕੀ, ਰਘੂ ਕੁਮਾਰ ਆਦਿ ਹਾਜ਼ਰ ਸਨ।

## ਗੁ. ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਊੜੀ ਬਾਹਰ ਜੋੜਾ ਘਰ ਗੱਠੜੀ ਘਰ ਦੀ ਸੇਵਾ ਹੋਈ ਆਰੰਭ





ਤਰਨ ਤਾਰਨ ਸਾਹਿਬ/ ਅੰਮ੍ਰਿਤਸਰ, 21 ਮਾਰਚ(ਗੁਰਦਿਆਲ ਸਿੰਘ) :ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਊੜੀ ਦੇ ਬਾਹਰ ਸੰਗਤਾਂ ਦੀ ਸਹੂਲਤ ਲਈ ਮੋਟਰਸਾਈਕਲ ਤੇ ਸਕੂਟਰ ਸਟੈਂਡ, ਜੋੜਾ ਘਰ, ਗਠੜੀ ਘਰ ਅਤੇ ਸੰਗਤਾਂ ਲਈ ਵਾਸ਼ਰੂਮ ਬਨਾਉਣ ਲਈ ਕਾਰ ਸੇਵਾ ਦੀ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਜਗਤਾਰ ਸਿੰਘ, ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨ ਤਾਰਨ ਵਾਲਿਆਂ ਵੱਲੋਂ ਪ੍ਰਮੁੱਖ ਸਖਸ਼ੀਅਤਾਂ ਅਤੇ ਸੰਗਤਾਂ ਦੀ ਹਾਜ਼ਰੀ ਵਿੱਚ ਟੱਕ ਲਗਾ ਕੇ ਸ਼ੁਰੂਆਤ ਕੀਤੀ ਗਈ। ਇਸ ਤੋਂ ਪਹਿਲਾਂ ਦੀਵਾਨ ਹਾਲ ਵਿਖੇ ਗੁਰਬਾਣੀ ਕੀਰਤਨ ਮਗਰੋਂ ਕਾਰ ਸੇਵਾ ਦੀ ਆਰੰਭਤਾ ਦੀ ਅਰਦਾਸ ਹੋਈ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਸੰਗਤਾਂ ਦੀ ਮੰਗ ਅਨੁਸਾਰ ਗੁਰਦੁਆਰਾ ਸਾਹਿਬ ਦੀ ਦਰਸ਼ਨੀ ਡਿਊੜੀ ਦੇ ਬਾਹਰ ਬੇਸਮੈਂਟ ਵਿਚ ਮੋਟਰਸਾਈਕਲ ਤੇ ਸਕੂਟਰ ਸਟੈਂਡ ਤਿਆਰ ਕੀਤਾ ਜਾਵੇਗਾ। ਇਸ ਉਪਰ ਜੋੜਾ ਘਰ ਤੇ ਗੱਠੜੀ ਘਰ ਤਿਆਰ ਹੋਵੇਗਾ। ਇਸੇ ਤਰ੍ਹਾਂ ਸੰਗਤਾਂ ਦੀ ਸਹੂਲਤ ਲਈ ਵਾਸ਼ਰੂਮ ਵੀ ਤਿਆਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਾਰੇ ਕਾਰਜ ਦੀ ਸੇਵਾ ਬਾਬਾ ਜਗਤਾਰ ਸਿੰਘ ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨ ਤਾਰਨ ਸਾਹਿਬ ਵਾਲਿਆਂ ਨੂੰ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲਿਆਂ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਕਈ ਹੋਰ ਗੁਰਦੁਆਰਾ ਸਾਹਿਬਾਨ ਅਤੇ ਅਸਥਾਨਾਂ ਦੀਆਂ ਸੇਵਾਵਾਂ ਸੰਗਤਾਂ ਦੇ ਸਹਿਯੋਗ ਨਾਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕਾਰਜ਼ ਤੇ ਵੀ ਕਰੀਬ 5 ਕਰੋੜ ਰੁਪਏ ਖ਼ਰਚ ਆਉਣ ਦਾ ਅਨੁਮਾਨ ਹੈ। ਉਨ੍ਹਾਂ ਸੰਗਤਾਂ ਨੂੰ ਗੁਰੂ ਘਰ ਦੀਆਂ ਇਨ੍ਹਾਂ ਸੇਵਾਵਾਂ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਮੈਂਬਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਗੁਰਬਖਸ਼ ਸਿੰਘ ਖਾਲਸਾ, ਸ. ਅਮਰਜੀਤ ਸਿੰਘ ਭਲਾਈਪੁਰ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਐਕਸੀਅਨ ਸ. ਸੁਖਜਿੰਦਰ ਸਿੰਘ, ਬਾਬਾ ਕਾਰਜ ਸਿੰਘ, ਬਾਬਾ ਅਵਤਾਰ ਸਿੰਘ ਭੈਲ, ਬਾਬਾ ਰਣਜੀਤ ਸਿੰਘ, ਬਾਬਾ ਅਵਤਾਰ ਸਿੰਘ, ਮੈਨੇਜਰ ਸ. ਹਰਜਿੰਦਰ ਸਿੰਘ ਪੱਟੀ, ਸ. ਭਗਵੰਤ ਸਿੰਘ, ਸ. ਅੰਗਰੇਜ਼ ਸਿੰਘ ਆਦਿ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਮੰਗੇ ਪਾਸਪੋਰਟ



ਅੰਮ੍ਰਿਤਸਰ, 21 ਮਾਰਚ (ਗੁਰਦਿਆਲ ਸਿੰਘ) :ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜੂਨ 2026 ਵਿਚ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸ਼ਰਧਾਲੂਆਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਹੈ। ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ 31 ਮਾਰਚ 2026 ਤੱਕ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ 'ਚ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਾਕਿਸਤਾਨ ਵਿਖੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ ਅਤੇ ਇਸ ਵਾਰ ਇਹ ਜਥਾ ਜੂਨ ਮਹੀਨੇ ਪਾਕਿਸਤਾਨ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸਿਫਾਰਸ਼ ਸਹਿਤ 31 ਮਾਰਚ 2026 ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪਾਸਪੋਰਟ ਦੇ ਨਾਲ ਪਛਾਣ ਪੱਤਰ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਵੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਲਈ ਸ਼ਰਧਾਲੂ ਆਪਣੇ ਪਾਸਪੋਰਟ ਸਮੇਂ ਸਿਰ ਸ਼੍ਰੋਮਣੀ ਕਮੇਟੀ ਕੋਲ ਜਮ੍ਹਾਂ ਕਰਵਾਉਣ ਤਾਂ ਜੋ ਅਗਲੇਰੀ ਕਾਰਵਾਈ ਲਈ ਸਰਕਾਰ ਨੂੰ ਭੇਜੇ ਜਾ ਸਕਣ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੇਰੀਆਂ ਨੂੰ ਲੱਗੀ ਬੇਰਾਂ ਦੀ ਬਹਾਰ



ਅੰਮ੍ਰਿਤਸਰ,21 ਮਾਰਚ ( ਬਬਲੂ ਮਹਾਜਨ):ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਜੋ ਕਿ ਸਮੁੱਚੀ ਮਨੁੱਖਤਾ ਦੇ ਅਧਿਆਤਮਿਕ ਕੇਂਦਰ ਵਜੋਂ ਜਾਣਿਆ ਜਾਂਦਾ ਹੈ, ਉੱਥੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਤਿਹਾਸਕ ਬੇਰੀਆਂ ਨੂੰ ਫਲ (ਬੇਰ) ਲੱਗਣ ਨਾਲ ਰੌਣਕਾਂ ਵਧ ਗਈਆਂ ਹਨ। ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸਥਿਤ ਪੁਰਾਤਨ ਦੁੱਖਭੰਜਨੀ ਬੇਰੀ, ਬੇਰ ਬਾਬਾ ਬੁੱਢਾ ਜੀ ਅਤੇ ਲਾਚੀ ਬੇਰ ਨੂੰ ਇਸ ਸਾਲ ਵੀ ਭਰਪੂਰ ਮਾਤਰਾ ਵਿੱਚ ਬੇਰ ਲੱਗੇ ਹਨ, ਜੋ ਕਿ ਖਿੱਚ ਦਾ ਕੇਂਦਰ ਬਣੇ ਹੋਏ ਹਨ।ਦਰਬਾਰ ਸਾਹਿਬ ਆਉਣ ਵਾਲੀਆਂ ਸੰਗਤਾਂ ਦੀ ਅਥਾਹ ਸ਼ਰਧਾ ਦਾ ਆਲਮ ਇਹ ਹੈ ਕਿ ਲੋਕ ਘੰਟਿਆਂ ਬੱਧੀ ਇਹਨਾਂ ਬੇਰੀਆਂ ਦੇ ਹੇਠਾਂ ਬੈਠ ਕੇ ਇਸ ਉਡੀਕ ਵਿੱਚ ਰਹਿੰਦੇ ਹਨ ਕਿ ਕਦੋਂ ਕੋਈ ਬੇਰ ਆਪਣੇ ਆਪ ਟੁੱਟ ਕੇ ਹੇਠਾਂ ਗਿਰੇ। ਸਿੱਖ ਰਵਾਇਤਾਂ ਅਨੁਸਾਰ, ਇਹਨਾਂ ਇਤਿਹਾਸਕ ਬੇਰੀਆਂ ਤੋਂ ਡਿੱਗੇ ਹੋਏ ਬੇਰਾਂ ਨੂੰ ਤੋੜਨਾ ਮਨ੍ਹਾ ਹੈ, ਇਸ ਲਈ ਸੰਗਤਾਂ ਕੇਵਲ ਧਰਤੀ 'ਤੇ ਡਿੱਗੇ ਹੋਏ ਬੇਰਾਂ ਨੂੰ ਹੀ ਪ੍ਰਸ਼ਾਦ ਵਜੋਂ ਗ੍ਰਹਿਣ ਕਰਦੀਆਂ ਹਨ।ਦੁੱਖਭੰਜਨੀ ਬੇਰੀ ਦੀ ਮਹੱਤਤਾ ਬੀਬੀ ਰਜਨੀ ਜੀ ਦੇ ਇਤਿਹਾਸ ਨਾਲ ਜੁੜੀ ਹੋਈ ਹੈ, ਜਿੱਥੇ ਉਹਨਾਂ ਦੇ ਪਿੰਗਲੇ ਪਤੀ ਦੇ ਦੁੱਖ ਦੂਰ ਹੋਏ ਸਨ। ਅੱਜ ਵੀ ਸੰਗਤਾਂ ਦਾ ਮੰਨਣਾ ਹੈ ਕਿ ਇਹ ਬੇਰ ਸਿਰਫ਼ ਇੱਕ ਫਲ ਨਹੀਂ, ਸਗੋਂ ਗੁਰੂ ਘਰ ਦੀਆਂ ਬਖਸ਼ਿਸ਼ਾਂ ਦਾ ਪ੍ਰਤੀਕ ਹਨ। ਮਾਹਿਰਾਂ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਹਨਾਂ ਬੇਰੀਆਂ ਦੀ ਸਾਂਭ-ਸੰਭਾਲ ਲਈ ਖ਼ਾਸ ਉਪਰਾਲੇ ਕੀਤੇ ਜਾਂਦੇ ਹਨ, ਤਾਂ ਜੋ ਇਹਨਾਂ ਦੀ ਉਮਰ ਲੰਬੀ ਹੋ ਸਕੇ।ਪਰਿਕਰਮਾ ਵਿੱਚ ਬੇਰੀਆਂ ਥੱਲੇ ਬੈਠੀ ਸੰਗਤ ਜਿੱਥੇ ਗੁਰਬਾਣੀ ਦਾ ਜਾਪ ਕਰਦੀ ਹੈ, ਉੱਥੇ ਹੀ ਬੇਰ ਦੇ ਡਿੱਗਣ 'ਤੇ ਉਸ ਨੂੰ ਮੱਥੇ ਨਾਲ ਲਗਾ ਕੇ ਸ਼ਰਧਾ ਨਾਲ ਪ੍ਰਸ਼ਾਦ ਵਜੋਂ ਪ੍ਰਾਪਤ ਕਰਦੀ ਹੈ। ਦੇਸ਼ਾਂ-ਵਿਦੇਸ਼ਾਂ ਤੋਂ ਆਏ ਸ਼ਰਧਾਲੂ ਇਸ ਰੂਹਾਨੀ ਨਜ਼ਾਰੇ ਨੂੰ ਦੇਖ ਕੇ ਗਦ-ਗਦ ਹੋ ਜਾਂਦੇ ਹਨ। ਇਹ ਵਿਸ਼ਵਾਸ ਅਤੇ ਸਬਰ ਦੀ ਅਨੋਖੀ ਮਿਸਾਲ ਹੈ, ਜਿੱਥੇ ਇੱਕ ਨਿੱਕੇ ਜਿਹੇ ਫਲ ਦੀ ਉਡੀਕ ਵਿੱਚ ਸੰਸਾਰਿਕ ਚਿੰਤਾਵਾਂ ਭੁਲਾ ਕੇ ਸੰਗਤ ਪ੍ਰਭੂ ਭਗਤੀ ਵਿੱਚ ਲੀਨ ਨਜ਼ਰ ਆਉਂਦੀ ਹੈ।

## ਰਿਆੜਕੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਲੱਖਾਂ ਦੇ ਧਾਰਮਿਕ ਵਜ਼ੀਫੇ ਜਿੱਤ



ਕਾਹਨੂੰਵਾਨ 21 ਮਾਰਚ (ਕੁਲਜੀਤ ਖੋਖਰ)ਧਾਰਮਿਕ ਅਤੇ ਨੈਤਿਕ ਮੁੱਲਾਂ ਨੂੰ ਵਿਦਿਆ ਨਾਲ ਜੋੜਨ ਵਾਲੀ ਇਲਾਕੇ ਦੀ ਪ੍ਰਸਿੱਧ ਸੰਸਥਾ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ, ਤੁਗਲਵਾਲਾ ਨੇ ਇੱਕ ਵਾਰ ਫਿਰ ਆਪਣੇ ਵਿਦਿਆਰਥੀਆਂ ਦੀ ਅਡੋਲ ਮਿਹਨਤ ਅਤੇ ਗੁਰਮਤਿ ਪ੍ਰਤੀ ਡੂੰਘੀ ਸ਼ਰਧਾ ਨਾਲ ਸਾਰਿਆਂ ਦੇ ਦਿਲ ਜਿੱਤ ਲਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਆਯੋਜਿਤ ਧਾਰਮਿਕ ਪ੍ਰੀਖਿਆਵਾਂ ਵਿੱਚ ਇਸ ਸਕੂਲ ਦੇ ਮਿਹਨਤੀ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲੇ ਅਤੇ ਦੂਜੇ ਦਰਜੇ ਵਿੱਚ ਵਜੀਫੇ ਹਾਸਲ ਕੀਤੇ। ਪਹਿਲੇ ਦਰਜੇ ਵਿੱਚ 12 ਵਿਦਿਆਰਥੀ—ਅਨੁਰੀਤ ਕੌਰ, ਸੁਖਨਾਜਪ੍ਰੀਤ ਕੌਰ (7ਵੀਂ), ਹਰਲੀਨ ਕੌਰ, ਹਰਮਨਪ੍ਰੀਤ ਕੌਰ, ਵਿਸ਼ਾਲੀ, ਜਸਕਰਨਦੀਪ ਸਿੰਘ, ਜਸਮੀਤ ਕੌਰ, ਜਸਨੀਤ ਕੌਰ, ਮੰਨਤ ਰਿਆੜ, ਮਨਰੀਤ ਕੌਰ, ਰਸ਼ਲੀਨ ਕੌਰ ਅਤੇ ਸ਼ੁਭਨੀਤ ਕੌਰ (8ਵੀਂ)—ਨੇ ਵਜੀਫ਼ੇ ਪ੍ਰਾਪਤ ਕੀਤੇ, ਜਦਕਿ ਦੂਜੇ ਦਰਜੇ ਵਿੱਚ 17 ਵਿਦਿਆਰਥੀ—ਬਲਜਿੰਦਰ ਕੌਰ, ਇਸ਼ਮੀਤ ਕੌਰ, ਮਨਰੀਤ ਕੌਰ, ਮੁਸਕਾਨਪ੍ਰੀਤ ਕੌਰ (9ਵੀਂ), ਰਾਜਦੀਪ ਕੌਰ, ਹਰਲੀਨ ਕੌਰ, ਹਰਮਨਪ੍ਰੀਤ ਕੌਰ, ਜਸਵਿੰਦਰ ਕੌਰ (10ਵੀਂ), ਅਰਸ਼ਪ੍ਰੀਤ ਕੌਰ, ਗੁਰਪ੍ਰੀਤ ਕੌਰ, ਸਿਮਰਨਜੀਤ ਕੌਰ, ਜਸਲੀਨ ਕੌਰ, ਜਸ਼ਨਪ੍ਰੀਤ ਕੌਰ, ਜਸਪ੍ਰੀਤ ਕੌਰ, ਮਹਿਕਦੀਪ ਕੌਰ, ਮਨਪ੍ਰੀਤ ਕੌਰ ਅਤੇ ਨਵਜੋਤ ਕੌਰ (11ਵੀਂ)—ਨੇ ਵੀ ਲਾਜਵਾਬ ਨਤੀਜੇ ਦਰਜ ਕਰਵਾਏ। ਇਸ ਮਾਣਯੋਗ ਉਪਲਬਧੀ ਨੂੰ ਮਨਾਉਣ ਲਈ ਸਕੂਲ ਵਿਖੇ ਇਨਾਮ ਵੰਡ ਸਮਾਰੋਹ ਦੌਰਾਨ ਸਾਰੇ ਸਫਲ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਰਿਆੜਕੀ ਕਾਲਜ ਦੇ ਪ੍ਰਿੰਸੀਪਲ ਸ੍ਰ.ਸਵਰਨ ਸਿੰਘ ਜੀ ਵਿਰਕ ਨੇ ਵਿਦਿਆਰਥੀਆਂ ਦੀ ਅਟੱਲ ਮਿਹਨਤ, ਅਨੁਸ਼ਾਸਨ ਅਤੇ ਅਧਿਆਪਕਾਂ ਦੀ ਨਿਰੰਤਰ ਅਗਵਾਈ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਵੀ ਉੱਚੀਆਂ ਮੰਜ਼ਿਲਾਂ ਛੂਹਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਇਹ ਸਫਲਤਾਵਾਂ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਬਣਨਗੀਆਂ। ਇਹ ਸ਼ਾਨਦਾਰ ਨਤੀਜੇ ਸੰਸਥਾ ਦੇ ਧਾਰਮਿਕ-ਨੈਤਿਕ ਵਾਤਾਵਰਣ ਅਤੇ ਵਿਦਿਆਰਥੀਆਂ ਦੀ ਲਗਨ ਦਾ ਜੀਵੰਤ ਪ੍ਰਤੀਕ ਹਨ, ਜੋ ਪੰਜਾਬ ਦੇ ਪੇਂਡੂ ਇਲਾਕੇ ਵਿੱਚ ਵਸੇ ਬੱਚਿਆਂ ਵਿੱਚ ਛੁਪੀ ਅਸੀਮ ਸਮਰੱਥਾ ਨੂੰ ਉਜਾਗਰ ਕਰਦੇ ਹਨ ਅਤੇ ਸਾਨੂੰ ਯਾਦ ਕਰਵਾਉਂਦੇ ਹਨ ਕਿ ਅਸਲ ਸਿੱਖਿਆ ਉਹ ਹੈ ਜੋ ਮਨ ਨੂੰ ਰੌਸ਼ਨ ਅਤੇ ਆਤਮਾ ਨੂੰ ਪਵਿੱਤਰ ਕਰੇ।ਇਸ ਮੌਕੇ ਡਾਇਰੈਕਟਰ ਮਨਪ੍ਰੀਤ ਕੌਰ, ਪ੍ਰਿੰਸੀਪਲ ਇੰਦਰਜੀਤ ਕੌਰ, ਕੋਆਰਡੀਨੇਟਰ ਸੁਖਦੀਪ ਕੌਰ ਧਾਰਮਿਕ ਵਿਭਾਗ ਦੇ ਮੁਖੀ ਬਲਜੀਤ ਕੌਰ ਸਮੇਤ ਪਤਵੰਤੇ ਹਾਜ਼ਰ ਸਨ।

## ਪੰਜਾਬ ਸਰਕਾਰ ਵੱਲੋਂ ਔਰਤਾਂ ਦੇ ਮੁਫ਼ਤ ਸਫਰ 'ਤੇ 2042 ਕਰੋੜ ਖ਼ਰਚੇ ਗਏ : ਵਿਧਾਇਕਾ ਜੀਵਨ ਜੋਤ ਕੌਰ



ਅੰਮ੍ਰਿਤਸਰ, 21 ਮਾਰਚ (ਗੁਰਦਿਆਲ ਸਿੰਘ): ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੇ ਸਸ਼ਕਤੀਕਰਨ ਲਈ ਲਗਾਤਾਰ ਢੁਕਵੇਂ ਅਤੇ ਲੋਕ-ਹਿਤੈਸ਼ੀ ਕਦਮ ਚੁੱਕੇ ਜਾ ਰਹੇ ਹਨ, ਜੋ ਉਹਨਾਂ ਦੀ ਜ਼ਿੰਦਗੀ ਵਿੱਚ ਅਸਲ ਬਦਲਾਅ ਲਿਆ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਦੀ ਵਿਧਾਇਕਾ ਸ੍ਰੀਮਤੀ ਜੀਵਨ ਜੋਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2022-23 ਤੋਂ 2025-26 ਤੱਕ ਔਰਤਾਂ ਦੇ ਮੁਫ਼ਤ ਬਸ ਸਫਰ ਲਈ ਲਗਭਗ 2042 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਵਿੱਚ 2022-23 ਦੌਰਾਨ 495 ਕਰੋੜ, 2023-24 ਵਿੱਚ 497.50 ਕਰੋੜ, 2024-25 ਵਿੱਚ 450 ਕਰੋੜ ਅਤੇ 2025-26 ਵਿੱਚ 600 ਕਰੋੜ ਰੁਪਏ ਸ਼ਾਮਲ ਹਨ।ਵਿਧਾਇਕਾ ਸ੍ਰੀਮਤੀ ਜੀਵਨ ਜੋਤ ਕੌਰ ਨੇ ਦੱਸਿਆ ਕਿ ਇਸ ਸਕੀਮ ਤਹਿਤ ਹਰ ਮਹੀਨੇ ਲਗਭਗ 1 ਕਰੋੜ 20 ਲੱਖ ਮੁਫ਼ਤ ਬਸ ਸਫਰ ਦਾ ਲਾਭ ਪੰਜਾਬ ਭਰ ਦੀਆਂ ਮਹਿਲਾਵਾਂ ਵੱਲੋਂ ਲਿਆ ਜਾ ਰਿਹਾ ਹੈ, ਜੋ ਇਸ ਯੋਜਨਾ ਦੀ ਲੋਕਪ੍ਰਿਯਤਾ ਅਤੇ ਪ੍ਰਭਾਵਸ਼ੀਲਤਾ ਨੂੰ ਸਪਸ਼ਟ ਤੌਰ ਤੇ ਦਰਸਾਉਂਦਾ ਹੈ। ਉਨ੍ਹਾਂ ਕਿਹਾ ਇਹ ਸਹੂਲਤ ਸਿਰਫ਼ ਮੁਫ਼ਤ ਸਫਰ ਨਹੀਂ, ਸਗੋਂ ਮਹਿਲਾਵਾਂ ਦੀ ਜ਼ਿੰਦਗੀ ਵਿੱਚ ਆਜ਼ਾਦੀ ਅਤੇ ਵਿਸ਼ਵਾਸ ਦੀ ਨਵੀਂ ਲਹਿਰ ਹੈ। ਹੁਣ ਉਹ ਬਿਨਾਂ ਆਰਥਿਕ ਚਿੰਤਾ ਦੇ ਸਿੱਖਿਆ, ਰੋਜ਼ਗਾਰ ਅਤੇ ਸਿਹਤ ਸੇਵਾਵਾਂ ਤੱਕ ਆਸਾਨੀ ਨਾਲ ਪਹੁੰਚ ਰਹੀਆਂ ਹਨ, ਜਿਸ ਨਾਲ ਉਹ ਹੋਰ ਖੁਦ-ਮੁਖਤਿਆਰ ਅਤੇ ਮਜ਼ਬੂਤ ਬਣ ਰਹੀਆਂ ਹਨ।ਵਿਧਾਇਕਾ ਸ੍ਰੀਮਤੀ ਜੀਵਨ ਜੋਤ ਕੌਰ ਨੇ ਕਿਹਾ ਕਿ ਮਹਿਲਾਵਾਂ ਦਾ ਸਸ਼ਕਤੀਕਰਨ ਹੀ ਤਰੱਕੀਸ਼ੀਲ ਸਮਾਜ ਦੀ ਬੁਨਿਆਦ ਹੈ ਅਤੇ ਪੰਜਾਬ ਸਰਕਾਰ ਇਸ ਦਿਸ਼ਾ ਵਿੱਚ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਬਜਟ ਵਿੱਚ ਮਾਨ ਸਰਕਾਰ ਨੇ ਮਹਿਲਾਵਾਂ ਨੂੰ 1000 ਰੁਪਏ ਮਹੀਨਾਂ ਅਤੇ ਅਨਸੂਚਿਤ ਜਾਤੀਆਂ ਨਾਲ ਸਬੰਧਿਤ ਮਹਿਲਾਵਾਂ ਨੂੰ 1500 ਰੁਪਏ ਦੇਣ ਦਾ ਫੈਸਲਾ ਕਰਕੇ ਇੱਕ ਹੋਰ ਵੱਡੀ ਸਹੂਲਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਮਹਿਲਾਵਾਂ ਦੀ ਭਲਾਈ ਲਈ ਹੋਰ ਪ੍ਰਭਾਵਸ਼ਾਲੀ ਅਤੇ ਲੋਕ-ਹਿਤੈਸ਼ੀ ਉਪਰਾਲੇ ਜਾਰੀ ਰਹਿਣਗੇ।

## ਖ਼ਾਲਸਾ ਕਾਲਜ ਵੂਮੈਨ ਵਿਖੇ 'ਰਾਸ਼ਟਰੀ ਸਿੱਖਿਆ ਪਾਲਿਸੀ-2020' 'ਤੇ ਸੈਮੀਨਾਰ ਕਰਵਾਇਆ



ਅੰਮ੍ਰਿਤਸਰ, 21 ਮਾਰਚ (ਬਬਲੂ ਮਹਾਜਨ):ਖਾਲਸਾ ਕਾਲਜ ਫਾਰ ਵੂਮੈਨ ਵਿਖੇ 'ਨੈਸ਼ਨਲ ਸਿੱਖਿਆ ਪਾਲਿਸੀ-2020-ਹੁਨਰ ਵਿੱਦਿਆ ਲਈ ਇਕ ਖਾਕਾ' ਵਿਸ਼ੇ 'ਤੇ ਨੈਸ਼ਨਲ ਇੰਸਟੀਚਿਊਟ ਫਾਰ ਐਜੂਕੇਸ਼ਨ ਪਲੈਨਿੰਗ ਐਂਡ ਐਡਮਿਨਿਸਟ੍ਰੇਸ਼ਨ (ਐਨ.ਆਈ.ਈ.ਪੀ.ਏ.) ਦੇ ਸਹਿਯੋਗ ਨਾਲ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਦਾ ਉਦਘਾਟਨ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸੈਂਟਰ ਫਾਰ ਪੁਲਿਸ ਐਡਮਿਨਿਸਟ੍ਰੇਸ਼ਨ ਅਤੇ ਕੋਆਰਡੀਨੇਟਰ ਐਨ. ਈ. ਪੀ. ਦੇ ਪ੍ਰੋਫੈਸਰ ਡਾ. ਅਨਿਲ ਮੋਂਗਾ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ ਤੋਂ ਕੰਸੋਰਟੀਅਮ ਫਾਰ ਐਜੂਕੇਸ਼ਨਲ ਕਮਿਊਨੀਕੇਸ਼ਨ ਸਾਬਕਾ ਡਾਇਰੈਕਟਰ ਪ੍ਰੋ. ਜੀ. ਡੀ. ਸ਼ਰਮਾ ਅਤੇ ਗੁਰੂਗ੍ਰਾਮ ਯੂਨੀਵਰਸਿਟੀ, ਗੁਰੂਗ੍ਰਾਮ ਤੋਂ ਸਿੱਖਿਆ ਵਿਭਾਗ ਚੇਅਰਪਰਸਨ ਅਤੇ ਐਸੋਸੀਏਟ ਪ੍ਰੋਫੈਸਰ ਸੋਨਮ ਬਾਂਸਲ, ਕੇਂਦਰੀ ਯੂਨੀਵਰਸਿਟੀ ਹਰਿਆਣਾ, ਮਹੇਂਦਰਗੜ੍ਹ ਤੋਂ ਅਰਥ ਸ਼ਾਸਤਰ ਵਿਭਾਗ ਪ੍ਰੋਫੈਸਰ ਡਾ. ਅਮਨਦੀਪ ਵਰਮਾ ਅਤੇ ਖ਼ਾਲਸਾ 'ਵਰਸਿਟੀ ਦੇ ਅਕਾਦਮਿਕ ਡੀਨ ਡਾ. ਸੁਰਿੰਦਰ ਕੌਰ ਨਾਲ ਮਿਲ ਕੇ ਸ਼ਮਾਂ ਰੌਸ਼ਨ ਕਰਕੇ ਕੀਤਾ ਗਿਆ।ਇਸ ਮੌਕੇ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਸ: ਛੀਨਾ ਨੇ ਫੈਕਲਟੀ ਮੈਂਬਰਾਂ ਨੂੰ ਰਾਸ਼ਟਰੀ ਸਿੱਖਿਆ ਨੀਤੀ ਦੇ ਸਫਲਤਾਪੂਰਵਕ ਲਾਗੂ ਕਰਨ ਲਈ ਪਹਿਲਕਦਮੀਆਂ ਕਰਨ ਲਈ ਉਤਸ਼ਾਹਿਤ ਕੀਤਾ, ਜਿਸਦਾ ਉਦੇਸ਼ ਗ੍ਰੈਜੂਏਟਾਂ ਦੇ ਹੁਨਰਾਂ ਨੂੰ ਵਧਾਉਣਾ ਹੈ, ਜਿਸ ਨਾਲ ਉਨ੍ਹਾਂ ਨੂੰ ਵਧੇਰੇ ਰੁਜ਼ਗਾਰ ਯੋਗ ਅਤੇ ਸਵੈ-ਨਿਰਭਰ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਇਸ ਮਹੱਤਵਪੂਰਨ ਵਿਸ਼ੇ 'ਤੇ ਬੌਧਿਕ ਭਾਸ਼ਣ 'ਚ ਯੋਗਦਾਨ ਪਾਉਣ ਲਈ ਮੁੱਖ ਬੁਲਾਰਿਆਂ ਦੀ ਸ਼ਲਾਘਾ ਕੀਤੀ।ਇਸ ਤੋਂ ਪਹਿਲਾਂ ਡਾ.ਸੁਰਿੰਦਰ ਕੌਰ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਅਤੇ ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਬਦਲਣ 'ਚ ਐਨ. ਈ.ਪੀ.-2020 ਦੀ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਪਾਲਿਸੀ-2020 ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਅਕਾਦਮਿਕ ਉੱਤਮਤਾ ਅਤੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਪ੍ਰਤੀ ਸੰਸਥਾ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।ਇਸ ਮੌਕੇ ਡਾ. ਮੋਂਗਾ ਨੇ ਐਨ. ਈ. ਪੀ.-2020 ਨੂੰ ਲਾਗੂ ਕਰਨ 'ਚ ਰੁਕਾਵਟਾਂ 'ਤੇ ਚਾਨਣਾ ਪਾਉਂਦਿਆ ਕਿਹਾ ਕਿ ਪਿਛਲੀਆਂ ਨੀਤੀਆਂ 'ਚ ਸੁਧਾਰਾਂ ਦੀ ਜ਼ਰੂਰਤ ਸੀ ਤਾਂ ਕਿ ਵਿੱਦਿਆ ਪ੍ਰਸਾਰ 'ਚ ਨਵੀਂ ਲਚਕਤਾ, ਬਹੁ-ਅਨੁਸ਼ਾਸਨੀ ਪਹੁੰਚ ਅਤੇ ਵਿਅਕਤੀ ਦੇ ਸੰਪੂਰਨ ਵਿਕਾਸ ਨੂੰ ਤਰਜੀਹ ਦਿੱਤੀ ਜਾਵੇ। ਡਾ. ਮੋਂਗਾ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜਨਤਕ ਯੂਨੀਵਰਸਿਟੀਆਂ 'ਚ ਫੈਕਲਟੀ ਦੀ ਘਾਟ ਅਤੇ ਫੰਡਿੰਗ ਦੀਆਂ ਰੁਕਾਵਟਾਂ ਇਸਦੀ ਸਫਲਤਾ 'ਚ ਰੁਕਾਵਟ ਬਣ ਸਕਦੀਆਂ ਹਨ। ਉਨ੍ਹਾਂ ਅਧਿਆਪਕਾਂ ਨੂੰ ਪਾਠਕ੍ਰਮ ਨੂੰ ਸੁਧਾਰਨ ਅਤੇ ਉੱਤਮਤਾ ਪ੍ਰਾਪਤ ਕਰਨ ਲਈ ਅਜਿਹੇ ਮੌਕੇ ਦਾ ਫਾਇਦਾ ਚੁੱਕਣ ਦਾ ਹੋਕਾ ਦਿੰਦਿਆਂ ਇਸਨੂੰ ਅਧਿਆਪਕਾਂ ਲਈ ਚੁਣੌਤੀ ਦੱਸਿਆ।ਇਸ ਮੌਕੇ ਪ੍ਰੋ. ਸ਼ਰਮਾ ਨੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤ ਵੱਲੋਂ ਐਨਈਪੀ 2020 ਨੂੰ ਅਪਣਾਉਣ ਦਾ ਉਦੇਸ਼ ਵਿੱਦਿਅਕ ਸੰਸਥਾਵਾਂ ਦੀਆਂ ਸੰਭਾਵਨਾਵਾਂ ਨੂੰ ਖੋਜਣਾ ਹੈ। ਉਨ੍ਹਾਂ ਫੈਕਲਟੀ ਨੂੰ ਤਕਨੀਕੀ ਕ੍ਰਾਂਤੀ, ਖਾਸ ਕਰਕੇ ਏ. ਆਈ. ਦੇ ਅਨੁਕੂਲ ਹੋਣ ਅਤੇ ਮਸ਼ੀਨ ਇੰਟੈਲੀਜੈਂਸ ਦੇ ਪੂਰਕ ਹੁਨਰਾਂ 'ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ।

## ਦਮਦਮੀ ਟਕਸਾਲ ਵੱਲੋਂ ਬੇਅਦਬੀ ਰੋਕਣ ਲਈ ਵਿਸ਼ੇਸ਼ ਕਾਨੂੰਨ ਬਣਾਉਣ ਦੀ ਮੰਗ ਤੇਜ਼ ਗੁਰੂ ਸਾਹਿਬ ਦੀ ਬੇਅਦਬੀ ਖ਼ਿਲਾਫ਼ ਸਖ਼ਤ ਸਜ਼ਾਵਾਂ ਦੀ ਲੋੜ 'ਤੇ ਜ਼ੋਰ



ਅੰਮ੍ਰਿਤਸਰ, 21 ਮਾਰਚ (ਬਬਲੂ ਮਹਾਜਨ): ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਬਾਬਾ ਰਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੁਲ ਕਾਇਨਾਤ ਦੇ ਮਾਲਕ ਅਤੇ ਸਿੱਖ ਕੌਮ ਦੇ ਜਾਗਤ ਜੋਤ ਸਤਿਗੁਰੂ ਹਨ ਅਤੇ ਹਰ ਸਿੱਖ ਦੀ ਉਨ੍ਹਾਂ ਪ੍ਰਤੀ ਅਟੱਲ ਸ਼ਰਧਾ ਤੇ ਡੂੰਘੀ ਭਾਵਨਾ ਹੈ। ਉਨ੍ਹਾਂ ਸਮਾਣਾ ਵਿੱਚ ਮੋਰਚਾ ਲਗਾ ਕੇ ਬੈਠੇ ਭਾਈ ਗੁਰਜੀਤ ਸਿੰਘ ਦੀ ਮੰਗ ਦਾ ਸਮਰਥਨ ਕਰਦਿਆਂ ਜ਼ੋਰ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਲਈ ਦੇਸ਼ ਪੱਧਰ 'ਤੇ ਵਿਸ਼ੇਸ਼ ਕਾਨੂੰਨ ਬਣਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮਾਮਲੇ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਸਾਹਮਣੇ ਆ ਰਹੇ ਹਨ ਅਤੇ ਇਹ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਇਸ ਲਈ ਦੋ ਮੁੱਖ ਕਦਮ ਬਹੁਤ ਜ਼ਰੂਰੀ ਹਨ—ਪਹਿਲਾਂ ਪੰਥਕ ਪੱਧਰ 'ਤੇ ਹਰ ਗੁਰਦੁਆਰੇ ਵਿੱਚ ਲਗਾਤਾਰ ਪਹਿਰੇਦਾਰੀ ਦਾ ਪ੍ਰਬੰਧ ਕੀਤਾ ਜਾਵੇ ਅਤੇ ਦੂਜਾ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਲਈ ਵਿਸ਼ੇਸ਼ ਕਾਨੂੰਨ ਲਿਆਂਦਾ ਜਾਵੇ।ਬਾਬਾ ਰਾਮ ਸਿੰਘ ਖਾਲਸਾ ਨੇ ਦੱਸਿਆ ਕਿ ਸਰਕਾਰ ਵੱਲੋਂ ਮੋਰਚੇ ਵੱਲੋਂ ਛੇ ਮਹੀਨੇ ਦਾ ਸਮਾਂ ਮੰਗਿਆ ਗਿਆ ਸੀ ਕਿ ਇਸ ਮਸਲੇ 'ਤੇ ਸਖ਼ਤ ਕਾਨੂੰਨ ਬਣਾਇਆ ਜਾਵੇਗਾ, ਪਰ ਹੁਣ ਲਗਭਗ ਅੱਠ ਮਹੀਨੇ ਬੀਤ ਚੁੱਕੇ ਹਨ ਅਤੇ ਇਸ ਸਬੰਧੀ ਕੋਈ ਢੁਕਵਾਂ ਕਦਮ ਨਹੀਂ ਚੁੱਕਿਆ ਗਿਆ। ਉਨ੍ਹਾਂ ਕਿਹਾ ਕਿ ਜਦੋਂ ਤੋਂ ਬੇਅਦਬੀ ਦੀਆਂ ਘਟਨਾਵਾਂ ਦਾ ਦੌਰ ਸ਼ੁਰੂ ਹੋਇਆ ਹੈ, ਉਹਨਾਂ ਦੇ ਪਿੱਛੇ ਕੰਮ ਕਰਨ ਵਾਲੀਆਂ ਤਾਕਤਾਂ ਨੂੰ ਬੇਨਕਾਬ ਕਰਨਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਇਹ ਵੀ ਉਲੇਖ ਕੀਤਾ ਕਿ ਦੁਨੀਆ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕੋ-ਇੱਕ ਐਸਾ ਧਾਰਮਿਕ ਗ੍ਰੰਥ ਹੈ ਜਿਸਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ। ਇਸ ਲਈ ਇਸ ਦੀ ਬੇਅਦਬੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਯਾਦ ਦਿਵਾਇਆ ਕਿ ਸਾਲ 2008 ਵਿੱਚ ਸਤਿਕਾਰ ਐਕਟ ਪਾਸ ਹੋਇਆ ਸੀ ਅਤੇ 2016 ਵਿੱਚ ਵੀ ਇਸ ਮਾਮਲੇ 'ਤੇ ਕਈ ਉਪਰਾਲੇ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਗਏ, ਪਰ ਅਜੇ ਤੱਕ ਕੋਈ ਢੰਗ ਦਾ ਨਤੀਜਾ ਨਹੀਂ ਨਿਕਲਿਆ। ਭਾਈ ਗੁਰਜੀਤ ਸਿੰਘ ਦੀ ਵਿਗੜ ਰਹੀ ਸਿਹਤ 'ਤੇ ਚਿੰਤਾ ਜਤਾਉਂਦਿਆਂ ਬਾਬਾ ਰਾਮ ਸਿੰਘ ਜੀ ਨੇ ਕਿਹਾ ਕਿ ਸੂਬੇ ਦੇ ਹਰ ਨਾਗਰਿਕ ਦੀ ਸਿਹਤ ਦੀ ਜ਼ਿੰਮੇਵਾਰੀ ਸਰਕਾਰ ਦੀ ਹੁੰਦੀ ਹੈ।

## ਏ.ਆਈ. (19) ਤਕਨੀਕ ਰਾਹੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਇਤਰਾਜ਼ਯੋਗ ਵੀਡੀਓਜ਼ ਵਾਇਰਲ ਕਰਨ 'ਤੇ ਸ਼੍ਰੋਮਣੀ ਕਮੇਟੀ ਸਖ਼ਤ



ਅੰਮ੍ਰਿਤਸਰ, 21 ਮਾਰਚ (ਬਬਲੂ ਮਹਾਜਨ) :ਪਿਛਲੇ ਕੁੱਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ (19) ਤਕਨੀਕ ਰਾਹੀਂ ਤਿਆਰ ਕੀਤੀਆਂ ਗਈਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਇਤਰਾਜ਼ਯੋਗ ਵੀਡੀਓਜ਼ ਅਤੇ ਤਸਵੀਰਾਂ ਵਾਇਰਲ ਹੋਣ ਕਾਰਨ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਗੰਭੀਰ ਮੁੱਦੇ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਅਤੇ ਕਾਨੂੰਨੀ ਮਾਹਰ ਐਡਵੋਕੇਟ ਅਮਰਬੀਰ ਸਿੰਘ ਸਿਆਲੀ ਨੇ ਇਸ ਨੂੰ ਸਿੱਖ ਸੰਗਤ ਦੇ ਧਾਰਮਿਕ ਜਜ਼ਬਾਤਾਂ ਨਾਲ ਖਿਲਵਾੜ ਕਰਾਰ ਦਿੱਤਾ ਹੈ।ਐਡਵੋਕੇਟ ਸਿਆਲੀ ਨੇ ਕਿਹਾ ਕਿ ਜਿੱਥੇ ਆਈ.ਟੀ. ਤਕਨੀਕ ਦਾ ਮਕਸਦ ਦੇਸ਼ ਅਤੇ ਬੱਚਿਆਂ ਦਾ ਵਿਕਾਸ ਹੋਣਾ ਚਾਹੀਦਾ ਸੀ, ਉੱਥੇ ਕੁੱਝ ਸ਼ਰਾਰਤੀ ਅਨਸਰ ਇਸ ਦੀ ਵਰਤੋਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਲਈ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਲਿਖਤੀ ਸ਼ਿਕਾਇਤਾਂ ਭੇਜੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਜਿਸ ਤਰ੍ਹਾਂ ਕਈ ਯੂਰਪੀਅਨ ਮੁਲਕਾਂ ਨੇ ਅਜਿਹੀ ਇਤਰਾਜ਼ਯੋਗ ਸਮੱਗਰੀ 'ਤੇ ਮੁਕੰਮਲ ਬੈਨ ਲਗਾਇਆ ਹੈ, ਉਸੇ ਤਰ੍ਹਾਂ ਭਾਰਤ ਵਿੱਚ ਵੀ ਆਈ.ਟੀ. ਐਕਟ ਵਿੱਚ ਅਮੈਂਡਮੈਂਟ (ਸੋਧ) ਕਰਕੇ ਸਖ਼ਤ ਕਾਨੂੰਨ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ, ਜਿਸ ਦੇ ਚਾਰੇ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਹਨ ਅਤੇ ਜਿੱਥੇ ਸਰਬੱਤ ਦੇ ਭਲੇ ਦੀ ਗੱਲ ਹੁੰਦੀ ਹੈ, ਅਜਿਹੇ ਪਵਿੱਤਰ ਅਸਥਾਨ ਬਾਰੇ ਗਲਤ ਵੀਡੀਓਜ਼ ਬਣਾਉਣ ਵਾਲੇ ਲੋਕ ਮਾਨਸਿਕ ਤੌਰ ਤੇ ਬਿਮਾਰ ਹਨ। ਉਨ੍ਹਾਂ ਸ਼ੱਕ ਜਤਾਇਆ ਕਿ ਇਨ੍ਹਾਂ ਸ਼ਰਾਰਤਾਂ ਪਿੱਛੇ ਕੁੱਝ ਅਜਿਹੀਆਂ ਤਾਕਤਾਂ ਜਾਂ ਏਜੰਸੀਆਂ ਹੋ ਸਕਦੀਆਂ ਹਨ ਜੋ ਧਰਮਾਂ ਨੂੰ ਬਦਨਾਮ ਕਰਨਾ ਚਾਹੁੰਦੀਆਂ ਹਨ।ਸਿਆਲੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਆਈ.ਟੀ. ਵਿੰਗ ਇਸ ਤੇ ਲਗਾਤਾਰ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਵਿਦੇਸ਼ ਮੰਤਰਾਲੇ ਨੂੰ ਵੀ ਅਪੀਲ ਕੀਤੀ ਕਿ ਉਹ ਯੂ.ਐਸ. ਅਤੇ ਹੋਰ ਦੇਸ਼ਾਂ ਦੀਆਂ ਕੰਪਨੀਆਂ ਨਾਲ ਰਾਬਤਾ ਕਾਇਮ ਕਰਨ ਤਾਂ ਜੋ ਹੇਟ ਸਪੀਚ ਅਤੇ ਇਤਰਾਜ਼ਯੋਗ ਵੀਡੀਓਜ਼ ਨੂੰ ਇੰਟਰਨੈੱਟ ਤੋਂ ਤੁਰੰਤ ਹਟਾਇਆ ਜਾ ਸਕੇ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿੱਥੇ ਦੋਸ਼ੀ ਭਾਰਤ ਵਿੱਚ ਹੁੰਦੇ ਹਨ, ਉੱਥੇ ਤੁਰੰਤ ਐਫ.ਆਈ.ਆਰ. ਦਰਜ ਕਰਵਾਈ ਜਾਂਦੀ ਹੈ, ਪਰ ਵਿਦੇਸ਼ੀ ਐਪਸ ਤੇ ਲਗਾਮ ਲਗਾਉਣ ਲਈ ਸਰਕਾਰ ਦੀ ਦਖ਼ਲਅੰਦਾਜ਼ੀ ਲਾਜ਼ਮੀ ਹੈ।

## ਧਰੁਵ ਰਾਠੀ ਨੇ ਆਪਣੀ ਵੀਡੀਓ ਰਾਹੀਂ ਮੋਦੀ ਸਰਕਾਰ ਦੇ ਝੂਠ ਨੂੰ ਕੀਤਾ ਬੇਨਕਾਬ: ਜੀਵਨਜੋਤ ਕੌਰ



ਅੰਮ੍ਰਿਤਸਰ, 21 ਮਾਰਚ (ਬਬਲੂ ਮਹਾਜਨ) : ਅੰਮ੍ਰਿਤਸਰ ਪੂਰਬੀ ਦੀ ਵਿਧਾਇਕਾ ਸ੍ਰੀਮਤੀ ਜੀਵਨਜੋਤ ਕੌਰ ਨੇ ਬੀਤੀ ਸ਼ਾਮ ਵਾਰਡ ਨੰਬਰ 11 ਵਿੱਚ ਇੱਕ ਵੱਡੀ ਸਕਰੀਨ ਲਗਾ ਕੇ ਹਲਕਾ ਵਾਸੀਆਂ ਨੂੰ ਉੱਘੇ ਯੂ-ਟਿਊਬਰ ਧਰੁਵ ਰਾਠੀ ਦੀ ਡਾਕੂਮੈਂਟਰੀ ਇੰਡੀਆਜ ਬਿਗਸਟ ਕਾਨਸਪਰੈਂਸੀ, ਰਿਆਲਟੀ ਆਫ਼ ਦਿੱਲੀ ਲੀਕਰ ਸਕੈਮ ਦਿਖਾਈ। ਵੱਡੀ ਗਿਣਤੀ ਵਿੱਚ ਵਾਰਡ ਨੰਬਰ 11 ਦੇ ਵਾਸੀਆਂ ਨੇ ਪਹੁੰਚ ਕੇ ਇਸ ਡਾਕੂਮੈਂਟਰੀ ਵੀਡੀਓ ਨੂੰ ਦੇਖਿਆ।27 ਮਿੰਟ ਦੀ ਇਸ ਵੀਡੀਓ ਡਾਕੂਮੈਂਟਰੀ ਵਿੱਚ ਵਿਸ਼ਵ ਪ੍ਰਸਿੱਧ ਯੂ-ਟਿਊਬਰ ਧਰੁਵ ਰਾਠੀ ਨੇ ਪੂਰੇ ਵਿਸਥਾਰ ਨਾਲ ਤੱਥਾਂ ਸਮੇਤ ਸੱਚ ਦਿਖਾਇਆ ਕਿ ਕਿਵੇਂ ਕੇਂਦਰ ਦੀ ਮੋਦੀ ਸਰਕਾਰ ਨੇ ਝੂਠੇ ਅਤੇ ਬੇਬੁਨਿਆਦ ਦੋਸ਼ਾਂ ਤਹਿਤ ਦਿੱਲੀ ਦੇ ਤਤਕਾਲੀ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁਨੀਸ਼ ਸਿਸੋਦੀਆ, ਸਤਿੰਦਰ ਜੈਨ ਸਮੇਤ ਪਾਰਟੀ ਦੇ ਹੋਰ ਆਗੂਆਂ ਨੂੰ ਦਿੱਲੀ ਸ਼ਰਾਬ ਘੁਟਾਲੇ ਦੇ ਫ਼ਰਜ਼ੀ ਕੇਸ ਵਿੱਚ ਫਸਾਇਆ ਸੀ। 6 ਦਿਨ ਪਹਿਲਾਂ ਜਾਰੀ ਹੋਈ ਇਸ ਡਾਕੂਮੈਂਟਰੀ ਨੂੰ ਹੁਣ ਤੱਕ 95 ਲੱਖ ਤੋਂ ਵੱਧ ਲੋਕ ਦੇਖ ਚੁੱਕੇ ਹਨ। ਅੰਮ੍ਰਿਤਸਰ ਪੂਰਬੀ ਦੇ ਵਾਸੀਆਂ ਨੇ ਇਸ ਡਾਕੂਮੈਂਟਰੀ ਵੀਡੀਓ ਨੂੰ ਪੂਰੇ ਧਿਆਨ ਨਾਲ ਦੇਖਿਆ ਅਤੇ ਸੱਚ ਜਾਣ ਕੇ ਭਾਜਪਾ ਦੀ ਇਸ ਸੌੜੀ ਰਾਜਨੀਤੀ ਦੀ ਕਰੜੀ ਅਲੋਚਨਾ ਕੀਤੀ।ਇਸ ਮੌਕੇ ਵਿਧਾਇਕਾ ਜੀਵਨ ਜੋਤ ਕੌਰ ਨੇ ਕਿਹਾ ਕਿ ਅੱਜ ਉਨ੍ਹਾਂ ਨੇ ਆਪਣੇ ਹਲਕੇ ਦੇ ਵਾਰਡ ਨੰਬਰ 11 ਦੇ ਵਾਸੀਆਂ ਨੂੰ ਉੱਘੇ ਯੂ-ਟਿਊਬਰ ਸ੍ਰੀ ਧਰੁਵ ਰਾਠੀ ਦੀ ਦੀ ਉਹ ਖਾਸ ਵੀਡੀਓ ਦਿਖਾਈ ਹੈ, ਜਿਸ ਵਿੱਚ ਧਰੁਵ ਰਾਠੀ ਨੇ ਪੂਰੇ ਤੱਥਾਂ ਤੇ ਸਬੂਤਾਂ ਸਮੇਤ ਭਾਜਪਾ ਵੱਲੋਂ ਬੁਣੇ ਗਏ ਝੂਠ ਦੇ ਜਾਲ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ।ਵਿਧਾਇਕਾ ਜੀਵਨ ਜੋਤ ਕੌਰ ਨੇ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁਨੀਸ਼ ਸਿਸੋਦੀਆ ਵਿਰੁੱਧ ਬਣਾਏ ਗਏ ਫਰਜ਼ੀ ਕੇਸ ਸਿਰਫ ਇੱਕ ਸਾਜ਼ਿਸ਼ ਸੀ ਤਾਂ ਜੋ ਦਿੱਲੀ ਦੇ ਸਿੱਖਿਆ ਅਤੇ ਸਿਹਤ ਕ੍ਰਾਂਤੀ ਦੇ ਮਾਡਲ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸ਼ਾਇਦ ਭਾਜਪਾ ਇਹ ਭੁੱਲ ਗਈ ਸੀ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਇਮਾਨਦਾਰੀ ਤੁਹਾਡੀਆਂ ਜੇਲ੍ਹਾਂ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੈ। ਉਨ੍ਹਾਂ ਕਿਹਾ ਕਿ ਹੁਣ ਹਰ ਇੱਕ ਪੰਜਾਬੀ ਸੱਚ ਜਾਣ ਚੁੱਕਾ ਹੈ ਅਤੇ ਭਾਜਪਾ ਦੀ ਹੋਸ਼ੀ ਤੇ ਹੇਠਲੀ ਰਾਜਨੀਤੀ ਦਾ ਅੰਤ ਨਿਸ਼ਚਿਤ ਹੈ।

## ਜਨਰਲ ਕੈਟਾਗਰੀ ਕਮਿਸ਼ਨ, ਕਿਸਾਨ ਕਮਿਸ਼ਨ ਵੱਲੋਂ ਪੰਜਾਬ ਦੇ ਪਾਣੀਆਂ ਦੇ ਮਸਲੇ ਖ਼ਸਖ਼ਸ ਦੀ ਖੇਤੀ ਤੇ ਪੋਸਤ ਦੇ ਠੇਕੇ ਖੋਲ੍ਹਣ ਦੀ ਮੰਗ



ਸ੍ਰੀ ਹਰਗੋਬਿੰਦਪੁਰ ਸਾਹਿਬ, 21 ਮਾਰਚ ( ਸੁਖ ਅੰਮ੍ਰਿਤ ਸੋਨੂ /ਡਾ. ਸਰਬਜੀਤ ਭਿੰਡਰ) : ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਪੰਜਾਬ ਦੀਆ ਕਿਸਾਨ ਜਥੇਬੰਦੀਆਂ ਦੇ ਆਗੂਆ ਵੱਲੋਂ ਪ੍ਰੈਸ ਕਾਨਫਰੰਸ ਕੀਤੀ, ਜਿਸ ਵਿੱਚ ਰਾਜਨੀਤਿਕ ਪਾਰਟੀਆਂ ਨੂੰ ਚੋਣ ਮੈਨੀਫੈਸਟੋ ਜਾਰੀ ਕਰਨ ਵੇਲੇ ਪੰਜਾਬ ਦੀਆਂ ਮੰਗਾਂ 'ਤੇ ਕਿਸਾਨੀ ਨੂੰ ਮੁੱਖ ਏਜੰਡੇ 'ਤੇ ਰੱਖ ਕੇ ਲਾਗੂ ਕਰਨ ਦਾ ਸਮਾਂ ਨਿਸ਼ਚਿਤ ਕਰਨਾ ਪਵੇਗਾ,ਜਿਸ ਵਿੱਚ ਪੰਜਾਬ ਦੇ ਪਾਣੀਆਂ ਦੇ ਹੱਕ ਪੰਜ,ਦਰਿਆਈ ਪਾਣੀਆਂ ਦਾ ਫੈਸਲਾ ਰਿਪੇਰੀਅਨ ਸਿਧਾਂਤ ਤਹਿਤ ਲਾਗੂ ਹੋਣਾ ਚਾਹੀਦਾ ਅਤੇ ਧਾਰਾ 78,79,80 ਨੂੰ ਰੱਦ ਕਰਨ ਤੇ ਡੈਮਾਂ 'ਤੇ ਪੰਜਾਬ ਦਾ ਕੰਟਰੋਲ ਹੋਣਾ ਚਾਹੀਦਾ।ਪੰਜਾਬ ਦੇ ਕਿਸਾਨਾਂ ਦੇ ਸਿਰ ਚੜੇ ਕਰਜ਼ੇ ਤੋਂ ਮੁਕਤ ਕਰਵਾਉਣ ਲਈ ਕਰਜ਼ੇ ਤੇ ਸਰਕਾਰ ਲੀਕ ਮਾਰੇ, ਫਸਲਾਂ ਦੀ ਕੁਦਰਤੀ ਮਾਰ ਆਲੂ ਦੇ ਮੰਦੇ ਰੇਟ ਆਲੂ,ਮੱਕੀ, ਦਾਲਾਂ, ਸਬਜੀਆਂ,ਸਰੋਂ ਤੇ ਭਾਵਅੰਤਰ ਸਕੀਮ ਨਾਲ ਸਟੇਟ ਸਰਕਾਰ ਵੱਲੋਂ ਕੁਝ ਫਸਲਾਂ 'ਤੇ ਐਮਐਸਪੀ ਦਿੱਤੀ ਜਾਵੇ ਖੇਤੀ ਨੀਤੀ ਲਾਗੂ ਕਰਨ ਦਾ ਤਰੁੰਤ ਸਰਕਾਰ ਫੈਸਲਾ ਲਵੇ, ਪੰਜਾਬ ਸਰਕਾਰ ਵੱਲੋਂ ਮਾਣਯੋਗ ਰਾਜਪਾਲ ਦੀ ਮਨਜ਼ੂਰੀ ਨਾਲ ਜਾਰੀ ਕੀਤਾ ਟਾਈਲ ਨੰਬਰ ਪੰਜਾਬ ਸਰਕਾਰ ਦੇ ਸਮਜਿਕ ਨਿਆਂ, ਸ਼ਕਤੀਕਰਨ ਅਤੇ ਘੱਟ ਗਿਣਤੀ ਵਿਭਾਗ (ਰਿਜਰਵੇਸ਼ਨ ਸੈੱਲ)ਵੱਲੋ ਆਰਡਰ ਮਿਤੀ 29-12-2021 ਨੂੰ ਜਾਰੀ ਕੀਤਾ ਗਿਆ ਸੀ ਕਿ ਜਰਨਲ ਕਮਿਸ਼ਨ ਬਣਾਇਆ ਜਾਵੇਗਾ ਇਸ ਕਮਿਸ਼ਨ ਨੂੰ ਜਰਨਲ ਕੈਟਾਗਿਰੀ ਕਮਿਸ਼ਨ ਕਿਹਾ ਜਾਵੇਗਾ।ਅੱਜ ਤੱਕ ਲਾਗੂ ਨਹੀਂ ਕੀਤਾ, ਨਾਲ ਹੀ ਕਿਸਾਨ ਕਮਿਸ਼ਨ ਵੀ ਬਣਾਇਆ ਜਾਵੇ ਤਾਂ ਜੋ ਕਿਸਾਨਾਂ ਤੇ ਜਰਨਲ ਵਰਗ ਨੂੰ ਇਨਸਾਫ਼ ਮਿਲ ਸਕੇ ਪੰਜਾਬ ਵਿੱਚ ਨੌਕਰੀਆਂ ਪਹਿਲ ਦੇ ਆਧਾਰ 'ਤੇ ਪੰਜਾਬੀਆਂ ਨੂੰ ਹੀ ਦਿੱਤੀਆਂ ਜਾਣ ਤਾਂ ਜੋ ਪੰਜਾਬ ਦੀ ਜਵਾਨੀ ਬਚਾਈ ਜਾ ਸਕੇ ਗੰਨੇ ਦੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ 68.50ਰੁਪਏ ਪ੍ਰਤੀ ਕੁਇੰਟਲ ਦੀ ਰਾਸ਼ੀ 14 ਦਿਨਾਂ ਅੰਦਰ ਅੰਦਰ ਦਿੱਤੀ ਜਾਵੇ ਤੇ ਪੰਜਾਬ ਸਰਕਾਰ ਇਸ ਦੀ ਅਦਾਇਗੀ ਜਿਸ ਤਰ੍ਹਾ ਕੋ ਅਪਰੇਟਿਵ ਖੰਡ ਮਿੱਲਾਂ ਵਿੱਚ ਇਕ ਕਾਊਂਟਰ ਇਕ ਪੇਮੈਂਟ ਭਾਵ 416 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਇਕੱਠੀ ਪ੍ਰਾਈਵੇਟ ਮਿੱਲਾਂ ਦੀ ਵੀ ਕੀਤੀ ਜਾਵੇ।ਚਿੱਟਾ ਜ਼ਹਿਰ ਪੰਜਾਬ ਵਿੱਚ ਸ਼ਰੇਆਮ ਵਿਕਦਾ ਤਾ ਵੇਚਦੇ ਵੀ ਦੂਜੀਆਂ ਸਟੇਟਾ ਦੇ ਲੋਕ ਤਾ ਜੋ ਪੰਜਾਬੀਆਂ ਦੀ ਨਸਲਕੁਸ਼ੀ ਕੀਤੀ ਜਾਵੇ।ਪੰਜਾਬ ਸਰਕਾਰ ਚੁੱਪ ਕਰਕੇ ਬੈਠੀ ਹੈ। ਓਹਨਾਂ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ ਤੇ ਨਕਲੀ ਦੁੱਧ ਨੂੰ ਚੈੱਕ ਕਰਨ ਲਈ ਮੋਬਾਈਲ ਲੈਬਾਂ ਚਲਾਈਆਂ ਜਾਣ ਤਾਂ ਜੋ ਪੰਜਾਬ ਬਚ ਸਕੇ ।ਸਿੰਥੈਟਿਕ ਨਸ਼ੇ ਨੂੰ ਖਤਮ ਕਰਨ ਤੇ ਨਸ਼ਿਆ ਵਿੱਚ ਉਜਾੜ ਰਹੀ ਜਵਾਨੀ ਨੂੰ ਬਚਾਉਣ ਲਈ ਖਸ ਖ਼ਸ ਦੀ ਖੇਤੀ ਨੂੰ ਪ੍ਰਵਾਨਗੀ ਦਿੱਤੀ ਜਾਵੇ ਤੇ ਪੋਸਤ ਤੇ ਅਫੀਮ ਦੇ ਠੇਕੇ ਖੋਲੇ ਜਾਣ ਯੂਰੀਆ ਤੇ ਡੀ ਏ ਪੀ ਖਾਦ ਨਾਲ ਕੀਤੀ ਜਾਂਦੀ ਟੇਕਿੰਗ ਕਰਕੇ ਸਲਫਰ ਨੈਨੋ ਯੂਰੀਆ ਨੈਨੋ ਡੀ ਏ ਪੀ ਮਹਿੰਗੇ ਭਾਅ ਤੇ ਦਿੱਤੇ ਜਾਂਦੇ ਹਨ ਨਾਲ ਕਿਸਾਨ ਆਰਥਿਕ ਬੋਝ ਥੱਲੇ ਆ ਰਿਹਾ ਹੈ ਨੂੰ ਤਰੁੰਤ ਬੰਦ ਕੀਤਾ ਜਾਵੇ, ਖ਼ਾਦ ਦੀ ਸਪਲਾਈ ਨਿਰੰਤਰ ਜਾਰੀ ਕੀਤੀ ਜਾਵੇ। ਇਸ ਮੌਕੇ ਪੰਜਾਬ ਦੀਆ ਸੰਘਰਸ਼ੀਲ ਕਿਸਾਨ ਜਥੇਬੰਦੀਆਂ ਦੇ ਆਗੂ ਸ. ਹਰਮੀਤ ਸਿੰਘ ਕਾਦੀਆ ( ਬੀ ਕੇ ਯੂ ਕਾਦੀਆ), ਸ, ਫੁਰਮਾਨ ਸਿੰਘ ਸੰਧੂ (ਬੀ ਕੇ ਯੂ ਪੰਜਾਬ), ਸ. ਜੰਗਵੀਰ ਸਿੰਘ ਚੌਹਾਨ (ਦੋਆਬਾ ਕਿਸਾਨ ਕਮੇਟੀ ਪੰਜਾਬ), ਸ. ਬਲਵਿੰਦਰ ਸਿੰਘ ਮੱਲ੍ਹੀ ਨੰਗਲ ( ਦੋਆਬਾ ਕਿਸਾਨ ਸੰਘਰਸ਼ ਕਮੇਟੀ), ਸ. ਬਲਵਿੰਦਰ ਸਿੰਘ ਰਾਜੂ ਔਲਖ ( ਮਾਝਾ ਕਿਸਾਨ ਸੰਘਰਸ਼ ਕਮੇਟੀ), ਸ. ਮਲੂਕ ਸਿੰਘ ਹੀਰਕੇ (ਬੀ ਕੇ ਯੂ ਮਾਲਵਾ ਹੀਰਕੇ), ਸ. ਕੁਲਦੀਪ ਸਿੰਘ ਬਜੀਦਪੁਰ ( ਦੋਆਬਾ ਕਿਸਾਨ ਯੂਨੀਅਨ ਪੰਜਾਬ), ਦੀਪ ਰਾਜਪੁਰੀਆ, ਰਾਜੂ ਧੱਕੜ ਵਾਇਸ ਪ੍ਰਧਾਨ ਪੰਜਾਬ, ਆਦਿ ਹਾਜ਼ਰ ਸਨ।



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਗਰਮੀਆਂ 'ਚ ਅੰਜੀਰ ਖਾਣਾ ਸਿਹਤ ਲਈ ਹੈ ਰਾਮਬਾਣ

ਅੰਜੀਰ ਨੂੰ ਅਕਸਰ ਸਰਦੀਆਂ ਦਾ ਸੁੱਕਾ ਮੇਵਾ ਮੰਨਿਆ ਜਾਂਦਾ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਗਰਮੀਆਂ ਦੇ ਮੌਸਮ ਵਿਚ ਵੀ ਇਹ ਤੁਹਾਡੀ ਸਿਹਤ ਲਈ ਬੇਮਿਸਾਲ ਫ਼ਾਇਦੇਮੰਦ ਸਾਬਤ ਹੋ ਸਕਦਾ ਹੈ? ਸਿਹਤ ਮਾਹਰਾਂ ਅਨੁਸਾਰ, ਜੇਕਰ ਅੰਜੀਰ ਨੂੰ ਸਹੀ ਤਰੀਕੇ ਨਾਲ ਖਾਧਾ ਜਾਵੇ, ਤਾਂ ਇਹ ਸਰੀਰ ਦੀ ਗਰਮੀ ਨੂੰ ਸ਼ਾਂਤ ਕਰਨ ਦੇ ਨਾਲ-ਨਾਲ ਕਈ ਗੰਭੀਰ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ।

**ਗਰਮੀਆਂ 'ਚ ਅੰਜੀਰ ਕਿਉਂ ਹੈ ਜ਼ਰੂਰੀ;** ਅੰਜੀਰ ਵਿਚ ਫਾਈਬਰ, ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਵਿਟਾਮਿਨ-ਬੀ ਭਰਪੂਰ ਮਾਤਰਾ ਵਿਚ ਹੁੰਦੇ ਹਨ।



**ਕਬਜ਼ ਤੋਂ ਤੁਰੰਤ ਰਾਹਤ :** ਅੰਜੀਰ 'ਚ ਮੌਜੂਦ ਉੱਚ ਫਾਈਬਰ ਪਾਚਨ ਪ੍ਰਣਾਲੀ ਨੂੰ ਦਰੁਸਤ ਰੱਖਦਾ ਹੈ। ਗਰਮੀਆਂ 'ਚ ਹੋਣ ਵਾਲੀ ਕਬਜ਼ ਅਤੇ ਪੇਟ ਦੇ ਅਫਾਰੇ ਲਈ ਇਹ ਸਭ ਤੋਂ ਵਧੀਆ ਕੁਦਰਤੀ ਇਲਾਜ ਹੈ।

**ਸਰੀਰ ਨੂੰ ਰੱਖਦਾ ਹੈ ਠੰਢਾ :** ਰਾਤ ਭਰ ਪਾਣੀ 'ਚ ਭਿੱਜਿਆ ਹੋਇਆ ਅੰਜੀਰ ਖਾਣ ਨਾਲ ਇਸ ਦੀ ਤਾਸੀਰ ਬਦਲ ਜਾਂਦੀ ਹੈ, ਜੋ ਸਰੀਰ ਨੂੰ ਅੰਦਰੂਨੀ ਠੰਢਕ ਪ੍ਰਦਾਨ ਕਰਦਾ ਹੈ ਅਤੇ ਲੂ ਤੋਂ ਬਚਾਉਂਦਾ ਹੈ।

**ਬਲੱਡ ਪ੍ਰੈਸ਼ਰ 'ਤੇ ਕਾਬੂ :** ਇਸ 'ਚ ਮੌਜੂਦ ਪੋਟਾਸ਼ੀਅਮ ਸਰੀਰ 'ਚ ਸੋਡੀਅਮ ਦੇ ਪੱਧਰ ਨੂੰ ਸੰਤੁਲਿਤ ਕਰਦਾ ਹੈ, ਜਿਸ ਨਾਲ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਕੰਟਰੋਲ 'ਚ ਰਹਿੰਦੀ ਹੈ।

**ਹੱਡੀਆਂ ਦੀ ਮਜ਼ਬੂਤੀ :** ਕੈਲਸ਼ੀਅਮ ਦਾ ਚੰਗਾ ਸਰੋਤ ਹੋਣ ਕਾਰਨ, ਇਹ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤ ਬਣਾਉਣ 'ਚ ਮਦਦ ਕਰਦਾ ਹੈ।

# ਭਾਰਤ ਨੇ ਐਲ.ਪੀ.ਜੀ. ਦੀ ਘਾਟ ਨੂੰ ਦੂਰ ਕਰਨ ਲਈ ਅਮਰੀਕਾ ਤੋਂ ਖ਼ਰੀਦੀ 1 ਲੱਖ 76 ਹਜ਼ਾਰ ਟਨ ਗੈਸ

ਨਵੀਂ ਦਿੱਲੀ, 21 ਮਾਰਚ (ਚ.ਨ.ਸ.) : ਮੱਧ ਪੂਰਬ ਵਿੱਚ ਵਧ ਰਹੇ ਤਣਾਅ ਦਾ ਪ੍ਰਭਾਵ ਹੁਣ ਵਿਸ਼ਵਵਿਆਪੀ ਊਰਜਾ ਸਪਲਾਈ ਲੜੀ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ। ਕਈ ਦੇਸ਼ ਈਂਧਨ ਦੀ ਕਮੀ ਨਾਲ ਜੂਝ ਰਹੇ ਹਨ, ਅਤੇ ਭਾਰਤ ਵੀ ਇਸ ਤੋਂ ਅਪਵਾਦ ਨਹੀਂ ਰਿਹਾ। ਇਸ ਸਥਿਤੀ ਦੇ ਮੱਦੇਨਜ਼ਰ, ਭਾਰਤ ਨੇ ਸਥਿਰ ਘਰੇਲੂ ਸਪਲਾਈ ਨੂੰ ਯਕੀਨੀ ਬਣਾਉਣ ਅਤੇ ਜਨਤਾ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨੂੰ ਰੋਕਣ ਲਈ ਸੰਯੁਕਤ ਰਾਜ ਅਮਰੀਕਾ ਤੋਂ ਲਗਭਗ 176,000 ਟਨ ਐਲਪੀਜੀ ਖਰੀਦ ਕੇ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ।ਐਸ ਐਂਡ ਪੀ ਕਮੋਡਿਟੀਜ਼ ਐਟ ਸੀ (ਸੀਐਸ) ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਦਾ ਕੁੱਲ ਐਲਪੀਜੀ ਆਯਾਤ 19 ਮਾਰਚ ਨੂੰ ਖਤਮ ਹੋਏ ਹਫ਼ਤੇ ਵਿੱਚ ਘਟ ਕੇ 265,000 ਟਨ ਰਹਿ ਗਿਆ - ਜੋ ਕਿ 5 ਮਾਰਚ ਨੂੰ 322,000 ਟਨ ਸੀ। ਖਾਸ ਤੌਰ 'ਤੇ, ਪੱਛਮੀ ਏਸ਼ੀਆ ਤੋਂ ਆਉਣ ਵਾਲੀ ਸਪਲਾਈ ਵਿੱਚ ਤੇਜ਼ੀ ਨਾਲ ਗਿਰਾਵਟ ਦੇਖੀ ਗਈ ਹੈ। 19 ਮਾਰਚ ਦੇ ਹਫ਼ਤੇ ਦੌਰਾਨ, ਇਹ ਦਰਾਮਦ ਸਿਰਫ਼ 89,000 ਟਨ ਤੱਕ ਡਿੱਗ ਗਈ - ਜੋ ਜਨਵਰੀ 2026 ਤੋਂ ਬਾਅਦ ਦਾ ਸਭ ਤੋਂ ਘੱਟ ਪੱਧਰ ਹੈ।ਇਸ ਘਾਟੇ ਨੂੰ ਪੂਰਾ ਕਰਨ ਲਈ, ਭਾਰਤ ਹੁਣ ਦੂਜੇ ਦੇਸ਼ਾਂ ਵਿੱਚ ਵਿਕਲਪਕ ਸਰੋਤਾਂ ਵੱਲ ਮੁੜ ਰਿਹਾ ਹੈ। ਰਿਪੋਰਟ ਦੇ ਅਨੁਸਾਰ, 19 ਮਾਰਚ ਨੂੰ ਖਤਮ ਹੋਏ ਹਫ਼ਤੇ ਦੌਰਾਨ ਵਿਕਲਪਕ ਖੇਤਰਾਂ ਤੋਂ ਐਲਪੀਜੀ ਸਪਲਾਈ 176,000 ਟਨ ਤੱਕ ਪਹੁੰਚ ਗਈ, ਜਿਸ ਵਿੱਚ ਸੰਯੁਕਤ ਰਾਜ ਅਮਰੀਕਾ ਇਹਨਾਂ ਦਰਾਮਦਾਂ ਦਾ ਸਭ ਤੋਂ ਵੱਡਾ ਹਿੱਸਾ ਹੈ। ਅਨੁਮਾਨਾਂ ਤੋਂ ਪਤਾ ਚੱਲਦਾ ਹੈ ਕਿ ਭਾਰਤੀ ਤੇਲ ਕੰਪਨੀਆਂ 2026 ਵਿੱਚ ਅਮਰੀਕਾ ਤੋਂ ਲਗਭਗ 2.2 ਮਿਲੀਅਨ ਟਨ ਐਲਪੀਜੀ ਆਯਾਤ ਕਰ ਸਕਦੀਆਂ ਹਨ।ਸਰਕਾਰੀ ਸੂਤਰਾਂ ਦੇ ਅਨੁਸਾਰ, ਸੰਯੁਕਤ ਰਾਜ ਅਮਰੀਕਾ ਤੋਂ ਐਲਪੀਜੀ ਲੈ ਕੇ ਜਾਣ ਵਾਲੇ ਕਈ ਜਹਾਜ਼ ਪਹਿਲਾਂ ਹੀ ਭਾਰਤ ਪਹੁੰਚ ਚੁੱਕੇ ਹਨ, ਹਾਲਾਂਕਿ ਅਜਿਹੇ ਜਹਾਜ਼ਾਂ ਦੀ ਸਹੀ ਗਿਣਤੀ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਅਧਿਕਾਰੀਆਂ ਨੇ ਮੌਜੂਦਾ ਸਥਿਤੀ ਨੂੰ 'ਚਿੰਤਾਜਨਕ' ਦੱਸਿਆ ਹੈ ਅਤੇ ਕਿਹਾ ਹੈ ਕਿ ਦੇਸ਼ ਦੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੁਣ ਹੋਰ ਦੇਸ਼ਾਂ - ਜਿਵੇਂ ਕਿ ਰੂਸ ਅਤੇ ਜਾਪਾਨ - ਤੋਂ ਗੈਸ ਪ੍ਰਾਪਤ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।



# ਹਵਾਈ ਸੈਨਾ ਮੁਖੀ ਅਮਨ ਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ



ਪਟਨਾ, 21 ਮਾਰਚ (ਮਨਪ੍ਰੀਤ ਸਿੰਘ) : ਭਾਰਤੀ ਫੌਜ ਦੇ ਏਅਰ ਚੀਫ਼ ਮਾਰਸ਼ਲ ਸਰਦਾਰ ਅਮਨ ਪ੍ਰੀਤ ਸਿੰਘ ਨੇ ਆਪਣੇ ਪਰਿਵਾਰ ਸਮੇਤ ਅੱਜ ਤਖ਼ਤ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ। ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਨੇ ਉਨ੍ਹਾਂ ਨੂੰ ਸਿਰੋਪਾਓ ਭੇਟ ਕੀਤਾ। ਤਖ਼ਤ ਸਾਹਿਬ ਕਮੇਟੀ ਦੇ ਉਪ ਪ੍ਰਧਾਨ ਗੁਰਵਿੰਦਰ ਸਿੰਘ ਨੇ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਜੀ ਦਾ ਜੋੜਾ ਸਾਹਿਬ ਵੀ ਦਿਖਾਇਆ। ਤਖ਼ਤ ਸਾਹਿਬ ਕਮੇਟੀ ਵੱਲੋਂ ਉਪ ਪ੍ਰਧਾਨ ਗੁਰਵਿੰਦਰ ਸਿੰਘ, ਹਰਕੀਰਤ ਸਿੰਘ ਸੋਹੀ ਅਤੇ ਸੁਪਰਡੈਂਟ ਦਲਜੀਤ ਸਿੰਘ ਨੇ ਸਰਦਾਰ ਏ.ਪੀ. ਸਿੰਘ ਨੂੰ ਕਿਰਪਾਨ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ।

ਸਰ ਅਮਨਪ੍ਰੀਤ ਸਿੰਘ ਨੇ ਉਪ ਪ੍ਰਧਾਨ ਗੁਰਵਿੰਦਰ ਸਿੰਘ ਤੋਂ ਤਖ਼ਤ ਸਾਹਿਬ ਦੇ ਇਤਿਹਾਸ ਅਤੇ ਪ੍ਰਬੰਧਕ ਕਮੇਟੀ ਦੇ ਕੰਮਕਾਜ ਬਾਰੇ ਪੁੱਛਗਿੱਛ ਕੀਤੀ, ਜਿਸ 'ਤੇ ਗੁਰਵਿੰਦਰ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਤਖ਼ਤ ਸਾਹਿਬ ਕਮੇਟੀ ਦੇ ਪ੍ਰਧਾਨ ਸਰਦਾਰ ਜਗਜੋਤ ਸਿੰਘ ਸੋਹੀ ਦੀ ਯੋਗ ਅਗਵਾਈ ਹੇਠ, ਕਮੇਟੀ ਸੰਗਤ ਦੀ ਸਹੂਲਤ ਲਈ ਕਈ ਉਪਰਾਲੇ ਕਰ ਰਹੀ ਹੈ। ਨਵੀਆਂ ਸਰਾਵਾਂ ਬਣਾਈਆਂ ਜਾ ਰਹੀਆਂ ਹਨ, ਅਤੇ ਮਲਟੀ-ਲੈਵਲ ਕਾਰ ਪਾਰਕਿੰਗ ਅਤੇ ਐਮਆਰਆਈ-ਸੀਟੀ ਸਕੈਨ ਸੈਂਟਰ ਵਰਗੇ ਕਈ ਵੱਡੇ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ, ਜੋ ਨੇੜਲੇ ਭਵਿੱਖ ਵਿੱਚ ਪੂਰੇ ਹੋਣਗੇ, ਜਿਸ ਨਾਲ ਸੰਗਤ ਨੂੰ ਲਾਭ ਹੋਵੇਗਾ। ਉਨ੍ਹਾਂ ਦੱਸਿਆ ਕਿ ਮੌਜੂਦਾ ਹਾਲਾਤਾਂ ਵਿੱਚ ਵੀ ਤਖ਼ਤ ਸਾਹਿਬ ਵਿਖੇ 24 ਘੰਟੇ ਲੰਗਰ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਸ ਲਈ ਉਨ੍ਹਾਂ ਸਰਕਾਰ ਦਾ ਧੰਨਵਾਦ ਕੀਤਾ, ਜੋ ਤਖ਼ਤ ਸਾਹਿਬ ਨੂੰ ਗੈਸ ਸਿਲੰਡਰਾਂ ਦੀ ਪੂਰੀ ਸਪਲਾਈ ਕਰ ਰਹੀ ਹੈ।

# ਦੱਖਣੀ ਕੋਰੀਆ : ਕਾਰ ਪਾਰਟਸ ਫੈਕਟਰੀ 'ਚ ਲੱਗੀ ਭਿਆਨਕ ਅੱਗ ; 10 ਕਰਮਚਾਰੀਆਂ ਦੀ ਮੌਤ, 59 ਜ਼ਖ਼ਮੀ

ਡੇਜੇਓਨ , 21 ਮਾਰਚ (ਚ.ਨ.ਸ.) : ਕੇਂਦਰੀ ਦੱਖਣੀ ਕੋਰੀਆਈ ਸ਼ਹਿਰ ਡੇਜੇਓਨ ਵਿੱਚ ਸਥਿਤ ਇੱਕ ਕਾਰ ਪਾਰਟਸ ਫੈਕਟਰੀ ਵਿੱਚ ਸ਼ਨੀਵਾਰ ਨੂੰ ਲੱਗੀ ਭਿਆਨਕ



ਅੱਗ ਤੋਂ ਬਾਅਦ ਘੱਟੋ-ਘੱਟ 10 ਲੋਕਾਂ ਦਾ ਦਰਦਨਾਕ ਅੰਤ ਹੋ ਗਿਆ। ਅਧਿਕਾਰੀਆਂ ਦੇ ਅਨੁਸਾਰ, ਇਸ ਘਟਨਾ ਵਿੱਚ 59 ਹੋਰ ਵਿਅਕਤੀ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ 25 ਦੀ ਹਾਲਤ ਗੰਭੀਰ ਹੈ।ਬਚਾਅ ਟੀਮਾਂ ਇਸ ਸਮੇਂ ਮਲਬੇ ਵਿੱਚੋਂ ਚਾਰ ਹੋਰ ਵਿਅਕਤੀਆਂ ਦੀ ਭਾਲ ਕਰ ਰਹੀਆਂ ਹਨ ਜੋ ਅਜੇ ਵੀ ਲਾਪਤਾ ਹਨ। ਅੱਗ ਦੁਪਹਿਰ ਵੇਲੇ ਲੱਗੀ। ਗ੍ਰਹਿ ਮੰਤਰਾਲੇ ਦੇ ਆਫ਼ਤ ਪ੍ਰਬੰਧਨ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ 5:00 ਵਜੇ ਤੱਕ ਉਪਲਬਧ ਜਾਣਕਾਰੀ ਦੇ ਆਧਾਰ 'ਤੇ, ਮਰਨ ਵਾਲਿਆਂ ਦੀ ਗਿਣਤੀ 10 ਹੋ ਗਈ ਹੈ। ਜ਼ਖਮੀਆਂ ਵਿੱਚੋਂ 25 ਦੀ ਹਾਲਤ ਗੰਭੀਰ ਹੈ, ਜਦੋਂ ਕਿ 34 ਹੋਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।ਜਾਣਕਾਰੀ ਅਨੁਸਾਰ ਅੱਗ ਲੱਗਣ ਸਮੇਂ ਸਹੂਲਤ ਵਿੱਚ ਕੁੱਲ 170 ਕਰਮਚਾਰੀ ਕੰਮ ਕਰ ਰਹੇ ਸਨ। ਖੋਜ ਕਾਰਜ ਦੌਰਾਨ, ਦੂਜੀ ਮੰਜ਼ਿਲ ਤੋਂ ਇੱਕ ਲਾਸ਼ ਬਰਾਮਦ ਕੀਤੀ ਗਈ, ਜਦੋਂ ਕਿ ਬਾਕੀ ਤਿੰਨ ਲਾਸ਼ਾਂ ਤੀਜੀ ਮੰਜ਼ਿਲ ਤੋਂ ਬਰਾਮਦ ਕੀਤੀਆਂ ਗਈਆਂ।ਅੱਗ ਬੁਝਾਉਣ ਅਤੇ ਬਚਾਅ ਕਾਰਜ ਕਰਦੇ ਸਮੇਂ ਫਾਇਰਫਾਈਟਰਜ਼ ਨੂੰ ਕਾਫ਼ੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਢਾਂਚਾਗਤ ਢਹਿ ਜਾਣ ਦੇ ਜੋਖਮ ਕਾਰਨ ਬਚਾਅ ਟੀਮਾਂ ਤੁਰੰਤ ਇਮਾਰਤ ਵਿੱਚ ਦਾਖਲ ਨਹੀਂ ਹੋ ਸਕੀਆਂ। ਇਸ ਤੋਂ ਇਲਾਵਾ, ਫੈਕਟਰੀ ਵਿੱਚ 200 ਕਿਲੋਗ੍ਰਾਮ ਸੋਡੀਅਮ ਦਾ ਭੰਡਾਰ ਸੀ, ਜਿਸ ਨਾਲ ਧਮਾਕੇ ਦਾ ਵੱਡਾ ਖ਼ਤਰਾ ਸੀ।

## ਅਦਿੱਤੀ ਦੀ ਕੈਲੀਫੋਰਨੀਆ 'ਚ ਹੌਲੀ ਸ਼ੁਰੂਆਤ

ਮੇਨਲੋ , 21 ਮਾਰਚ (ਚ.ਨ.ਸ.) : ਪਾਰਕ (ਅਮਰੀਕਾ)- ਭਾਰਤ ਦੀ ਅਦਿੱਤੀ ਅਸ਼ੋਕ ਨੇ ਫੋਰਟੀਨੇਟ ਫਾਊਂਡਰਜ਼ ਕੱਪ ਗੋਲਫ 'ਚ ਆਪਣੀ ਮੁਹਿਮ ਦੀ ਹੌਲੀ ਸ਼ੁਰੂਆਤ ਕੀਤੀ ਅਤੇ ਈਵਨ ਪਾਰ 72 ਦੇ ਸਕੋਰ ਦੇ ਨਾਲ ਉਹ ਸਾਂਝੇ ਤੌਰ 'ਤੇ 72ਵੇਂ ਸਥਾਨ 'ਤੇ ਹੈ। ਅਦਿੱਤੀ ਦਾ ਇਹ ਇਸ ਸਾਲ ਦਾ ਦੂਜਾ ਟੂਰਨਾਮੈਂਟ ਹੈ। ਯੇ ਜੂ ਕਿਮ 9 ਅੰਡਰ 63 ਦੇ ਸਕੋਰ ਦੇ ਨਾਲ ਚੋਟੀ 'ਤੇ ਹੈ।

# ਹਿਜ਼ਬੁੱਲਾ 'ਤੇ ਵੱਡੀ ਕਾਰਵਾਈ ਆਲਮੀ ਵਿੱਤੀ ਨੈੱਟਵਰਕ ਨਾਲ ਜੁੜੇ 16 ਵਿਅਕਤੀਆਂ ਤੇ ਸੰਸਥਾਵਾਂ 'ਤੇ ਲਾਈਆਂ ਪਾਬੰਦੀਆਂ

ਵਾਸ਼ਿੰਗਟਨ, 21 ਮਾਰਚ (ਚ.ਨ.ਸ.) : ਸੰਯੁਕਤ ਰਾਜ ਅਮਰੀਕਾ ਨੇ ਅੱਤਵਾਦੀ ਸੰਗਠਨ ਹਿਜ਼ਬੁੱਲਾ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ ਨੂੰ ਰੋਕਣ ਲਈ ਇਕ ਵੱਡੀ ਕਾਰਵਾਈ ਕਰਦੇ ਹੋਏ ਇਸ ਦੇ ਗਲੋਬਲ ਵਿੱਤੀ ਨੈੱਟਵਰਕ @ਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਅਮਰੀਕੀ ਵਿਦੇਸ਼ ਵਿਭਾਗ ਦੇ ਉਪ-ਪ੍ਰਧਾਨ ਬੁਲਾਰੇ ਵੇਦਾਂਤ ਪਟੇਲ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਕਾਰਵਾਈ ਦਾ ਮੁੱਖ ਮਕਸਦ ਹਿਜ਼ਬੁੱਲਾ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਲੇ ਨੈੱਟਵਰਕ ਨੂੰ ਭੰਗ ਕਰਨਾ ਹੈ। ਪਟੇਲ ਅਨੁਸਾਰ, ਇਹ ਨੈੱਟਵਰਕ ਮੱਧ ਪੂਰਬ, ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਵੱਖ-ਵੱਖ ਕੰਪਨੀਆਂ ਅਤੇ ਪ੍ਰੋਜੈਕਟਾਂ ਰਾਹੀਂ ਫੰਡ ਇਕੱਠਾ ਕਰਨ ਅਤੇ ਪੈਸੇ ਦੀ ਲਾਂਡਰਿੰਗ ਵਿੱਚ ਸ਼ਾਮਲ ਸੀ। ਅਮਰੀਕਾ ਦਾ ਮੰਨਣਾ ਹੈ ਕਿ ਇਨ੍ਹਾਂ ਵਿੱਤੀ ਰਸਤਿਆਂ ਨੂੰ ਬੰਦ ਕਰਕੇ ਹਿਜ਼ਬੁੱਲਾ ਦੀ ਅੱਤਵਾਦ ਨੂੰ ਵਿੱਤ ਦੇਣ ਅਤੇ ਪਾਬੰਦੀਆਂ ਤੋਂ ਬਚਣ ਦੀ ਸਮਰੱਥਾ ਨੂੰ ਘਟਾਇਆ ਜਾ ਸਕਦਾ ਹੈ। ਅਮਰੀਕੀ ਖਜ਼ਾਨਾ ਵਿਭਾਗ ਦੇ ਵਿਦੇਸ਼ੀ ਸੰਪਤੀਆਂ ਦੇ ਨਿਯੰਤਰਣ ਦਫਤਰ ਨੇ ਆਪਣੀ ਤਾਜ਼ਾ ਪਾਬੰਦੀਆਂ ਦੀ ਸੂਚੀ ਵਿੱਚ 16 ਵਿਅਕਤੀਆਂ ਅਤੇ ਸੰਸਥਾਵਾਂ ਨੂੰ ਸ਼ਾਮਲ ਕੀਤਾ ਹੈ। ਇਸ ਗਲੋਬਲ ਨੈੱਟਵਰਕ ਦੀ ਅਗਵਾਈ ਅਲਾ ਹਸਨ ਹਮਾਦੇਹ ਵੱਲੋਂ ਕੀਤੀ ਜਾ ਰਹੀ ਸੀ, ਜੋ ਕਿ ਹਿਜ਼ਬੁੱਲਾ ਨਾਲ ਜੁੜਿਆ ਇੱਕ ਵਿੱਤਦਾਤਾ ਅਤੇ ਸਾਬਕਾ ਜਨਤਕ ਨਿਵੇਸ਼ ਅਧਿਕਾਰੀ ਰਿਹਾ ਹੈ।




# ਅਮਰੀਕਾ ਨਹੀਂ ਕਰੇਗਾ ਈਰਾਨ ਨਾਲ ਜੰਗਬੰਦੀ: ਟਰੰਪ

ਵਾਸ਼ਿੰਗਟਨ, 21 ਮਾਰਚ (ਚ.ਨ.ਸ.) : ਮੀਡੀਆ ਨਾਲ ਗੱਲ ਕਰਦੇ ਹੋਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ ਈਰਾਨ ਨਾਲ ਜੰਗਬੰਦੀ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਗੱਲਬਾਤ ਸੰਭਵ ਹੈ, ਪਰ ਲੜਾਈ ਨੂੰ ਰੋਕਣ ਦਾ ਕੋਈ ਇਰਾਦਾ ਨਹੀਂ ਹੈ। ਟਰੰਪ ਨੇ ਕਿਹਾ ਕਿ ਜਦੋਂ ਤੁਸੀਂ ਦੂਜੇ ਪਾਸੇ ਨੂੰ ਪੂਰੀ ਤਰ੍ਹਾਂ ਤਬਾਹ ਕਰ ਰਹੇ ਹੁੰਦੇ ਹੋ ਤਾਂ ਜੰਗਬੰਦੀ ਨਹੀਂ ਕੀਤੀ ਜਾਂਦੀ। ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕਾ ਨੇ ਈਰਾਨ ਦੀ ਫੌਜੀ ਸ਼ਕਤੀ ਨੂੰ ਵੱਡੇ ਪੱਧਰ @ਤੇ ਤਬਾਹ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਅਸੀਂ ਜਿੱਤ ਗਏ ਹਾਂ। ਅਸੀਂ ਉਨ੍ਹਾਂ ਦੀ ਜਲ ਸੈਨਾ, ਹਵਾਈ ਸੈਨਾ ਅਤੇ ਹਵਾਈ ਰੱਖਿਆ ਨੂੰ ਤਬਾਹ ਕਰ ਦਿੱਤਾ ਹੈ। ਹਾਲਾਂਕਿ ਉਨ੍ਹਾਂ ਇਹ ਵੀ ਸਵੀਕਾਰ ਕੀਤਾ ਕਿ ਈਰਾਨ ਅਜੇ ਵੀ ਹੋਰਮੁਜ਼ ਜਲਡਮਰੂ ਵਿਚ ਰੁਕਾਵਟ ਪਾ ਰਿਹਾ ਹੈ। ਹੋਰਮੁਜ਼ ਜਲਡਮਰੂ ਬਾਰੇ ਟਰੰਪ ਨੇ ਕਿਹਾ ਕਿ ਇਸ ਨੂੰ ਖੋਲ੍ਹਣਾ ਮੁਸ਼ਕਿਲ ਨਹੀਂ ਹੈ, ਪਰ ਅੰਤਰਰਾਸ਼ਟਰੀ ਸਹਿਯੋਗ ਜ਼ਰੂਰੀ ਹੋਵੇਗਾ। ਉਨ੍ਹਾਂ ਨੇ ਨਾਟੋ ਦੇਸ਼ਾਂ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਹ ਅਜੇ ਤੱਕ ਮਦਦ ਲਈ ਅੱਗੇ ਨਹੀਂ ਆਏ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੁੱਧ ਵਿਚ ਈਰਾਨ ਦਾ ਸਮਰਥਨ ਨਾ ਕਰਨ ਲਈ ਨਾਟੋ ਸਹਿਯੋਗੀਆਂ ਨਾਲ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਟਰੰਪ ਨੇ ਕਿਹਾ ਕਿ ਨਾਟੋ ਦੇਸ਼ ਕਾਇਰ ਹਨ ਅਤੇ ਅਮਰੀਕਾ ਤੋਂ ਬਿਨਾਂ, ਗਠਜੋੜ ਸਿਰਫ਼ ਇਕ ਕਾਗਜ਼ੀ ਸ਼ੇਰ ਹੈ।ਹੋਰਮੁਜ਼ ਜਲਡਮਰੂ ਦਾ ਹਵਾਲਾ ਦਿੰਦੇ ਹੋਏ ਟਰੰਪ ਨੇ ਕਿਹਾ ਕਿ ਇਸ ਨੂੰ ਖੁੱਲ੍ਹਾ ਰੱਖਣ ਲਈ ਫੌਜੀ ਸਹਾਇਤਾ ਪ੍ਰਦਾਨ ਕਰਨਾ ਆਸਾਨ ਹੈ, ਪਰ ਸਹਿਯੋਗੀ ਪਿੱਛੇ ਹਟ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਇਕ ਬਹੁਤ ਹੀ ਆਸਾਨ ਫੌਜੀ ਕਦਮ ਹੈ, ਬਹੁਤ ਘੱਟ ਜੋਖਮ ਦੇ ਨਾਲ, ਪਰ ਉਹ ਮਦਦ ਨਹੀਂ ਕਰਨਾ ਚਾਹੁੰਦੇ। ਉਹ ਡਰਪੋਕ ਹਨ ਅਤੇ ਅਸੀਂ ਇਸਨੂੰ ਯਾਦ ਰੱਖਾਂਗੇ।



# ਰਾਜਸਥਾਨ ਰਾਇਲਜ਼ ਨੂੰ ਵੱਡਾ ਝਟਕਾ, ਧਾਕੜ ਖਿਡਾਰੀ ਟੂਰਨਾਮੈਂਟ ਤੋਂ ਹੋਇਆ ਬਾਹਰ

ਜੈਪੁਰ, 21 ਮਾਰਚ (ਚ.ਨ.ਸ.) : ਇੰਗਲੈਂਡ ਦਾ ਚਮਤਕਾਰੀ ਆਲਰਾਊਂਡਰ ਸੈਮ ਕਿਊਰੇਨ ਗ੍ਰੋਇਨ ਦੀ ਸੱਟ ਕਾਰਨ ਰਾਜਸਥਾਨ ਰਾਇਲਜ਼ ਲਈ ਇੰਡੀਅਨ ਪ੍ਰੀਮੀਅਰ ਲੀਗ ਦਾ ਅਗਲਾ ਸੈਸ਼ਨ ਨਹੀਂ ਖੇਡ ਸਕੇਗਾ ਜਦਕਿ ਟੀਮ ਬਦਲਾਅ 'ਤੇ ਵਿਚਾਰ ਕਰ ਰਹੀ ਹੈ। ਭਾਰਤ ਹੱਥੋਂ ਟੀ-20 ਵਿਸ਼ਵ ਕੱਪ ਦੇ ਸੈਮੀਫਾਈਨਲ ਵਿਚ ਹਾਰ ਜਾਣ ਵਾਲੀ ਇੰਗਲੈਂਡ ਟੀਮ ਦੇ ਮੈਂਬਰ ਰਹੇ ਕਿਊਰੇਨ ਨੂੰ ਰਾਜਸਥਾਨ ਰਾਇਲਜ਼ ਨੇ ਚੇਨਈ ਸੁਪਰ ਕਿੰਗਜ਼ ਤੋਂ ਖਰੀਦਿਆ ਸੀ। ਉਸ ਦੇ ਬਦਲੇ 'ਚ ਸੰਜੂ ਸੈਮਸਨ ਹੁਣ ਚੇਨਈ ਟੀਮ ਲਈ ਖੇਡੇਗਾ।ਪੰਜਾਬ ਕਿੰਗਜ਼ ਤੇ ਚੇਨਈ ਲਈ ਖੇਡ ਚੁੱਕੇ 27 ਸਾਲ ਦੇ ਕਿਊਰੇਨ ਨੂੰ ਆਈ. ਪੀ. ਐੱਲ. 2023 ਸੈਸ਼ਨ ਤੋਂ ਪਹਿਲਾਂ 18.5 ਕਰੋੜ ਰੁਪਏ 'ਚ ਖਰੀਦਿਆ ਗਿਆ ਸੀ ਪਰ ਸੱਟ ਦੇ ਕਾਰਨ ਉਹ ਬਾਹਰ ਹੀ ਰਿਹਾ। ਚੇਨਈ ਲਈ 2020 ਤੇ 2021 'ਚ ਖੇਡ ਚੁੱਕਾ ਕਿਊਰੇਨ ਪਿਛਲੇ ਸੈਸ਼ਨ ਤੋਂ ਪਹਿਲਾਂ 2.4 ਕਰੋੜ ਰੁਪਏ 'ਚ ਟੀਮ ਨਾਲ ਜੁੜਿਆ ਸੀ। ਉਸ ਨੇ ਪਿਛਲੇ ਸੈਸ਼ਨ 'ਚ 114 ਦੌੜਾਂ ਬਣਾਈਆਂ ਤੇ 1 ਵਿਕਟ ਲਈ। ਭਾਰਤ ਦੇ ਸਾਬਕਾ ਤੇਜ਼ ਗੇਂਦਬਾਜ਼ ਲਕਸ਼ਮੀਪਤੀ ਬਾਲਾਜੀ ਨੇ ਰਵਿੰਦਰ ਜਡੇਜਾ ਜਾਂ ਕਿਊਰਨ ਨੂੰ ਕਪਤਾਨ ਨਾ ਬਣਾਏ ਜਾਣ 'ਤੇ ਹੈਰਾਨੀ ਜਤਾਈ ਸੀ। ਰਾਇਲਜ਼ ਨੇ ਰਿਆਨ ਪ੍ਰਾਗ ਨੂੰ ਕਪਤਾਨੀ ਸੌਂਪੀ ਸੀ।




# ਜੰਗ ਵਿਚਾਲੇ NATO ਦਾ ਵੱਡਾ ਕਦਮ ! ਇਰਾਕ 'ਚੋਂ ਕੱਢੀ ਆਪਣੀ ਫ਼ੌਜ




ਬਗਦਾਦ, 21 ਮਾਰਚ (ਚ.ਨ.ਸ.) : ਪੱਛਮੀ ਏਸ਼ੀਆ ਵਿੱਚ ਇਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਕਾਰ ਜਾਰੀ ਭਿਆਨਕ ਜੰਗ ਦਾ ਅਸਰ ਹੁਣ ਗੁਆਂਢੀ ਦੇਸ਼ਾਂ 'ਤੇ ਵੀ ਦਿਖਾਈ ਦੇਣ ਲੱਗਾ ਹੈ। ਇਸੇ ਦੌਰਾਨ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਨਾਟੋ ਮਿਸ਼ਨ ਨੇ ਇਰਾਕ @ਚੋਂ ਆਪਣੇ ਸਟਾਫ਼ ਨੂੰ ਅਸਥਾਈ ਤੌਰ @ਤੇ ਵਾਪਸ ਬੁਲਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।ਇਕ ਰਿਪੋਰਟ ਅਨੁਸਾਰ ਇਹ ਕਦਮ ਮਿਸ਼ਨ ਦੇ ਮੈਂਬਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ। ਰਿਪੋਰਟ ਅਨੁਸਾਰ ਖੇਤਰ ਵਿੱਚ ਚੱਲ ਰਹੀ ਜੰਗ ਅਤੇ ਇਰਾਕ ਵਿੱਚ ਸਥਿਤ ਵਿਦੇਸ਼ੀ ਮਿਸ਼ਨਾਂ @ਤੇ ਸੰਭਾਵੀ ਹਮਲਿਆਂ ਦਾ ਖ਼ਤਰਾ ਹੈ। ਨਾਟੋ ਦਾ ਇਹ ਮਿਸ਼ਨ ਗੈਰ-ਲੜਾਕੂ ਸੀ, ਜੋ 2018 ਤੋਂ ਇਰਾਕੀ ਸੁਰੱਖਿਆ ਬਲਾਂ ਨੂੰ ਟ੍ਰੇਨਿੰਗ ਅਤੇ ਸਲਾਹ ਦੇ ਰਿਹਾ ਸੀ। ਨਾਟੋ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਜਿਵੇਂ ਹੀ ਜੰਗ ਖ਼ਤਮ ਹੋਵੇਗੀ ਅਤੇ ਸੁਰੱਖਿਆ ਸਥਿਤੀ ਸਥਿਰ ਹੋਵੇਗੀ, ਉਨ੍ਹਾਂ ਦਾ ਇਹ ਫ਼ੌਜੀ ਸਟਾਫ਼ ਮੁੜ ਇਰਾਕ ਪਰਤ ਆਵੇਗਾ।ਮਾਹਿਰਾਂ ਦਾ ਮੰਨਣਾ ਹੈ ਕਿ ਨਾਟੋ ਵਰਗੀ ਵੱਡੀ ਸੰਸਥਾ ਦਾ ਪਿੱਛੇ ਹਟਣਾ ਇਹ ਸੰਕੇਤ ਦਿੰਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਰਾਕ ਅਤੇ ਸੀਰੀਆ ਵਰਗੇ ਦੇਸ਼ ਇਸ ਜੰਗ ਦੀ ਲਪੇਟ ਵਿੱਚ ਹੋਰ ਬੁਰੀ ਤਰ੍ਹਾਂ ਆ ਸਕਦੇ ਹਨ।

## ਵਿਸ਼ਵ ਜਲ ਦਿਵਸ ਵਿਸ਼ੇਸ਼

# ਸੇਵਾ ਮੁਕਤੀ ਤੋਂ ਬਾਅਦ ਪਾਣੀ ਬਚਾਉਣ ਦੀ ਸੇਵਾ ਵਿੱਚ ਜੁਟੇ ਗੋਬਿੰਦ ਸਿੰਘ ਭਾਟੀਆ

ਜਗਾਧਰੀ, 21 ਮਾਰਚ (ਪ੍ਰਭਦੀਪ ਸਿੰਘ) : ਵਿਸ਼ਵ ਜਲ ਦਿਵਸ ਦੇ ਮੌਕੇ 'ਤੇ ਅਜਿਹੇ ਵਿਅਕਤੀ ਦੀ ਗੱਲ ਕਰਨੀ ਬਣਦੀ ਹੈ ਜੋ ਪਿਛਲੇ ਕਈ ਸਾਲਾਂ ਤੋਂ ਪਾਣੀ ਦੀ ਸੰਭਾਲ ਲਈ ਲੋਕਾਂ ਵਿੱਚ ਜਾਗਰੂਕਤਾ ਫੈਲਾ ਰਹੇ ਹਨ। ਗੋਬਿੰਦ ਸਿੰਘ ਭਾਟੀਆ, ਜੋ ਕਿ ਇੱਕ ਸਿੱਖਿਅਕ ਅਤੇ ਲੇਖਕ ਰਹੇ ਹਨ, ਰਿਟਾਇਰਮੈਂਟ ਤੋਂ ਬਾਅਦ ਵੀ ਸਮਾਜ ਸੇਵਾ ਵਿੱਚ ਸਰਗਰਮ ਹਨ ਅਤੇ ਪਾਣੀ ਬਚਾਉਣ ਨੂੰ ਆਪਣੀ ਜੀਵਨ ਮੁਹਿੰਮ ਬਣਾ ਲਿਆ ਹੈ। ਪਿਛਲੇ ਲਗਭਗ 15 ਸਾਲਾਂ ਤੋਂ ਉਹ ਲਗਾਤਾਰ ਸਕੂਲਾਂ, ਕਾਲਜਾਂ ਅਤੇ ਸਮਾਜਿਕ ਪ੍ਰੋਗਰਾਮਾਂ ਵਿੱਚ ਜਾ ਕੇ ਲੋਕਾਂ ਨੂੰ ਪਾਣੀ ਦੀ ਮਹੱਤਤਾ ਬਾਰੇ ਦੱਸ ਰਹੇ ਹਨ। ਉਹ ਬੱਚਿਆਂ ਅਤੇ ਨੌਜਵਾਨਾਂ ਨੂੰ ਸਮਝਾਉਂਦੇ ਹਨ ਕਿ ਪਾਣੀ ਬਿਨਾਂ ਜੀਵਨ ਸੰਭਵ ਨਹੀਂ ਅਤੇ ਜੇਕਰ ਅਸੀਂ ਅੱਜ ਪਾਣੀ ਦੀ ਕਦਰ ਨਾ ਕੀਤੀ ਤਾਂ ਭਵਿੱਖ ਵਿੱਚ ਵੱਡਾ ਸੰਕਟ ਆ ਸਕਦਾ ਹੈ। ਗੋਬਿੰਦ ਸਿੰਘ ਭਾਟੀਆ ਦੀ ਸਭ ਤੋਂ ਵੱਖਰੀ ਪਛਾਣ ਇਹ ਹੈ ਕਿ ਉਨ੍ਹਾਂ ਨੇ ਪਾਣੀ ਬਚਾਓ ਨੂੰ ਆਪਣਾ ਡਰੈੱਸ ਕੋਡ ਬਣਾਇਆ ਹੋਇਆ ਹੈ। ਉਹ ਅਕਸਰ ਪਾਣੀ ਬਚਾਉਣ ਦੇ ਸੰਦੇਸ਼ ਵਾਲੀ ਟੀ-ਸ਼ਰਟ ਪਹਿਨ ਕੇ ਲੋਕਾਂ ਵਿੱਚ ਜਾਂਦੇ ਹਨ ਤਾਂ ਜੋ ਲੋਕਾਂ ਤੱਕ ਸਿੱਧਾ ਸੁਨੇਹਾ ਪਹੁੰਚੇ। ਉਨ੍ਹਾਂ ਦੀ ਟੀ-ਸ਼ਰਟ 'ਤੇ ਲਿਖਿਆ ਹੁੰਦਾ ਹੈ, ਅੱਜ ਅਸੀਂ ਜੋ ਪਾਣੀ ਬਚਾਉਂਦੇ ਹਾਂ ਉਸ ਦੀ ਹਰ ਬੂੰਦ ਅੰਮ੍ਰਿਤ ਵਾਂਗ ਸਾਬਤ ਹੋਵੇਗੀ। ਉਨ੍ਹਾਂ ਨੂੰ ਜਦੋਂ ਵੀ ਕਿਤੇ ਖੁੱਲ੍ਹੀ ਟੂਟੀ ਦਿਖਦੀ ਹੈ ਤਾਂ ਉਹ ਤੁਰੰਤ ਬੰਦ ਕਰ ਦਿੰਦੇ ਹਨ। ਜੇਕਰ ਕਿਸੇ ਜਗ੍ਹਾ ਟੂਟੀ ਖਰਾਬ ਹੋਣ ਕਾਰਨ ਪਾਣੀ ਲਗਾਤਾਰ ਵਗ ਰਿਹਾ ਹੋਵੇ ਤਾਂ ਉਹ ਆਪਣੇ ਖਰਚੇ ਨਾਲ ਉਸਦੀ ਮੁਰੰਮਤ ਵੀ ਕਰਵਾ ਦਿੰਦੇ ਹਨ। ਉਹ ਕਹਿੰਦੇ ਹਨ ਕਿ ਪਾਣੀ ਬਚਾਉਣਾ ਸਿਰਫ ਸਰਕਾਰ ਦਾ ਨਹੀਂ, ਹਰ ਨਾਗਰਿਕ ਦਾ ਫਰਜ਼ ਹੈ। ਉਹ ਲੋਕਾਂ ਨੂੰ ਸਧਾਰਨ ਤਰੀਕਿਆਂ ਨਾਲ ਪਾਣੀ ਬਚਾਉਣ ਲਈ ਪ੍ਰੇਰਿਤ ਕਰਦੇ ਹਨ ਜਿਵੇਂ ਕਿ ਦੰਦ ਸਾਫ਼ ਕਰਦੇ ਸਮੇਂ ਟੂਟੀ ਬੰਦ ਰੱਖੋ, ਬਾਲਟੀ ਨਾਲ ਨਹਾਓ, ਵਾਹਨ ਪਾਈਪ ਨਾਲ ਨਾ ਧੋਵੋ, ਘਰਾਂ ਵਿੱਚ ਲੀਕ ਹੋ ਰਹੀਆਂ ਟੂਟੀਆਂ ਠੀਕ ਕਰਵਾਓ ਅਤੇ ਜਿੰਨਾ ਲੋੜ ਹੋਵੇ ਉਨਾ ਹੀ ਪਾਣੀ ਵਰਤੋ।






ਅੱਜ ਵਿਸ਼ਵ ਦੀ ਲਗਭਗ 40 ਫੀਸਦੀ ਆਬਾਦੀ ਪਾਣੀ ਦੀ ਕਮੀ ਨਾਲ ਜੂਝ ਰਹੀ ਹੈ ਅਤੇ ਕਈ ਇਲਾਕਿਆਂ ਵਿੱਚ ਪਾਣੀ ਨੂੰ ਲੈ ਕੇ ਤਣਾਅ ਦੀ ਸਥਿਤੀ ਬਣੀ ਹੋਈ ਹੈ। ਅਜਿਹੇ ਸਮੇਂ ਵਿੱਚ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਸਾਡਾ ਧਨ, ਵਪਾਰ ਅਤੇ ਸੁਵਿਧਾਵਾਂ ਉਸ ਵੇਲੇ ਬੇਮਤਲਬ ਹੋ ਜਾਣਗੀਆਂ ਜਦੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੀਣ ਲਈ ਸਾਫ਼ ਪਾਣੀ ਹੀ ਉਪਲਬਧ ਨਹੀਂ ਹੋਵੇਗਾ। ਗੋਬਿੰਦ ਸਿੰਘ ਭਾਟੀਆ ਕਹਿੰਦੇ ਹਨ ਕਿ ਪਾਣੀ ਦੀ ਹਰ ਬੂੰਦ ਕੀਮਤੀ ਹੈ ਅਤੇ ਪਾਣੀ ਹੀ ਜੀਵਨ ਦੀ ਨੀਂਹ ਹੈ। ਜੇਕਰ ਅਸੀਂ ਅੱਜ ਤੋਂ ਹੀ ਪਾਣੀ ਬਚਾਉਣਾ ਸ਼ੁਰੂ ਕਰ ਦੇਵਾਂਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੱਡੀ ਸੇਵਾ ਹੋਵੇਗੀ। ਅੰਤ ਵਿੱਚ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਆਓ ਅਸੀਂ ਸਭ ਮਿਲ ਕੇ ਇਹ ਪ੍ਰਣ ਕਰੀਏ ਕਿ ਅਸੀਂ ਪਾਣੀ ਦੀ ਬਰਬਾਦੀ ਨਹੀਂ ਕਰਾਂਗੇ ਅਤੇ ਹੋਰਾਂ ਨੂੰ ਵੀ ਪਾਣੀ ਬਚਾਉਣ ਲਈ ਪ੍ਰੇਰਿਤ ਕਰਾਂਗੇ। ਪਾਣੀ ਬਚਾਓ-ਜੀਵਨ ਬਚਾਓ।

## ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਆਬਜ਼ਰਵੇਸ਼ਨ ਹੋਮ ਵਿਖੇ ਕਿਸ਼ੋਰਾਂ ਕੁਇਜ਼ ਮੁਕਾਬਲਾ

ਚੰਡੀਗੜ੍ਹ, 21 ਮਾਰਚ (ਚ.ਨ.ਸ.) : ਆਉਣ ਵਾਲੇ ਵਿਸ਼ਵ ਜਲ ਦਿਵਸ ਦੇ ਮੌਕੇ 'ਤੇ, ਅੱਜ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ ਵੱਲੋਂ ਸੈਕਟਰ 25, ਚੰਡੀਗੜ੍ਹ ਦੇ ਆਬਜ਼ਰਵੇਸ਼ਨ ਹੋਮ ਵਿਖੇ ਕਿਸ਼ੋਰਾਂ ਲਈ ਇੱਕ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਪ੍ਰੋਗਰਾਮ ਦਾ ਉਦੇਸ਼ ਕਿਸ਼ੋਰਾਂ ਵਿੱਚ ਪਾਣੀ ਦੀ ਸੰਭਾਲ ਅਤੇ ਇਸਦੀ ਟਿਕਾਊ ਵਰਤੋਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਭਾਗੀਦਾਰਾਂ ਨੂੰ ਰੋਜ਼ਾਨਾ ਜੀਵਨ ਵਿੱਚ ਪਾਣੀ ਦੀ ਮਹੱਤਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਮਹੱਤਵਪੂਰਨ ਕੁਦਰਤੀ ਸਰੋਤ ਨੂੰ ਸੰਭਾਲਣ ਦੀ ਜ਼ਰੂਰਤ ਬਾਰੇ ਜਾਣੂ ਕਰਵਾਇਆ ਗਿਆ। ਮੁਕਾਬਲੇ ਦੇ ਜੇਤੂਆਂ ਨੂੰ ਸੁਨੀਲ ਕੁਮਾਰ, ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ ਦੁਆਰਾ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਭਾਗੀਦਾਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਪਾਣੀ ਦੀ ਸੰਭਾਲ ਦੇ ਉਪਾਅ ਅਪਣਾਉਣ ਲਈ ਉਤਸ਼ਾਹਿਤ ਕੀਤਾ। ਪ੍ਰੋਗਰਾਮ ਦਾ ਸਮਾਪਨ ਪਾਣੀ ਦੀ ਸੰਭਾਲ ਅਤੇ ਵਾਤਾਵਰਣ ਸੁਰੱਖਿਆ ਪ੍ਰਤੀ ਸਮੂਹਿਕ ਜ਼ਿੰਮੇਵਾਰੀ ਦੇ ਸੰਦੇਸ਼ ਨਾਲ ਹੋਇਆ।



## ਘਰੇਲੂ ਸਿਲੰਡਰਾਂ ਦੀ ਵਾਪਰਿਕ ਕੰਮਕਾਰ 'ਚ ਵਰਤਣ ਵਾਲਿਆਂ 'ਤੇ ਕਦੋਂ ਹੋਵੇਗੀ ਕਾਰਵਾਈ : ਢੇਸੀ



ਫਿਲੌਰ 21 ਮਾਰਚ (ਅਜੇ ਸਿੰਘ ਨਾਗੀ)ਸਹਿਰ ਚ ਢਾਬਿਆਂ, ਹਲਵਾਈ ਦੀਆਂ ਦੁਕਾਨਾਂ, ਚੁੰਨੀਆਂ ਰੰਗਣ ਵਾਲੇ ਤੇ ਹੋਰ ਵਪਾਰਿਕ ਕੰਮਕਾਰ ਕਰਨ ਵਾਲੇ ਵਪਾਰਿਕ ਸਿਲੰਡਰ ਵਰਤਣ ਦੀ ਬਜਾਏ ਘਰੇਲੂ ਸਿਲੰਡਰਾਂ ਦੀ ਵਰਤੋਂ ਕਰਕੇ ਸ਼ਰੇਆਮ ਸਰਕਾਰਾਂ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਜੀਤ ਸਿੰਘ ਢੇਸੀ ਪ੍ਰਧਾਨ ਭੀਕੇਯੂ ਦੋਆਬਾ ਜਿਲ੍ਹਾ ਜਲੰਧਰ, ਸੁਰਿੰਦਰਪਾਲ ਸਿੰਘ ਢੇਸੀ ਸੀਨੀਅਰ ਮੀਤ ਪ੍ਰਧਾਨ ਜਲੰਧਰ, ਤਰਸੇਮ ਸਿੰਘ ਢਿੱਲੋਂ ਜਰਨਲ ਸਕੱਤਰ ਨੇ ਕਰਦਿਆਂ ਕਿਹਾ ਕਿ ਘੇਰਲੂ ਗੈਸ ਉਪਭੋਗਤਾ ਸਿਲੰਡਰ ਲੈਣ ਲਈ ਸਵੇਰੇ ਤੋ ਲੰਬੀਆਂ ਲਾਈਨਾਂ ਚ ਲੱਗਕੇ ਕੰਮਕਾਰ ਛੱਡਕੇ ਖੱਜਲ ਖੁਆਰ ਹੋ ਰਹੇ ਹਨ ਤੇ ਦੂਜੇ ਪਾਸੇ ਵਪਾਰਿਕ ਕੰਮਕਾਰ ਚ ਘਰੇਲੂ ਸਿਲੰਡਰ ਦੀ ਬਿਨਾਂ ਡਰ ਭੈਅ ਘਰੇਲੂ ਸਿਲੰਡਰ ਦੀ ਵਰਤੋਂ ਕਰਦੇ ਨਜਰ ਆ ਰਹੇ ਹਨ, ਉਹਨਾਂ ਨੇ ਸਰਕਾਰਾਂ ਤੇ ਸਬੰਧਤ ਵਿਭਾਗ ਨੂੰ ਅਪੀਲ ਧੱਜੀਆਂ ਉਡਣ ਖਿਲਾਫ ਕਾਰਵਾਈ ਕੀਤੀ ਜਾਵੇ ਨਹੀਂ ਤਾਂ ਲੋਕ ਮਜਬੂਰ ਹੋਕੇ ਰੋਡਾਂ ਤੇ ਆਉਣ ਲਈ ਮਜਬੂਰ ਹੋਣਗੇ, ਜਦੋਂ ਇਸ ਸਬੰਧੀ ਰਾਜ ਕੁਮਾਰ ਡੀ ਐਫ ਐਸ ਓ ਸਮੱਸਿਆ ਸਬੰਧੀ ਫੋਨ ਤੇ ਸੰਪਰਕ ਕੀਤਾ ਉਨ੍ਹਾਂ ਤੇ ਚੈਕਿੰਗ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਸੂਫ਼ੀ ਗਾਇਕ ਯਾਕੂਬ ਦੇ ਡੋਲਾ ਗੀਤ ਨੂੰ ਲੋਕ ਕਰ ਰਹੇ ਬੇਹੱਦ ਪਸੰਦ



ਧਾਰੀਵਾਲ, 21 ਮਾਰਚ ( ਅਸ਼ੋਕ ਕੁਮਾਰ ) ਸੂਫ਼ੀ ਰੂਹ ਦੀ ਆਵਾਜ਼ ਸੂਫ਼ੀ ਗਾਇਕੀ ਦੀ ਰੂਹਾਨੀ ਰਵਾਇਤ ਵਿਚ ਪੰਜਾਬ ਦਾ ਯਾਕੂਬ ਅੱਜ ਇਕ ਸਿਰਮੌਰ ਨਾਂਅ ਬਣ ਚੁੱਕਾ ਹੈ। ਉਸ ਦੀ ਆਵਾਜ਼ ਵਿਚ ਐਸਾ ਠਹਿਰਾਅ ਹੈ, ਜੋ ਸੁਣਨ ਵਾਲੇ ਦਾ ਮਨਮੋਹ ਲੈਂਦਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਵਾਤਾਵਰਣ ਪ੍ਰੇਮੀ ਅਤੇ ਸ਼ਿਫਾ ਆਯੁਰਵੇਦਾ ਦੇ ਮਾਲਕ ਤੇ ਸੂਫ਼ੀ ਗਾਇਕ ਯਾਕੂਬ ਦੇ ਨਜ਼ਦੀਕੀ ਸਾਥੀ ਡਾਕਟਰ ਐੱਸ ਯੂਸਫ ਨੇ ਦੱਸਿਆ ਕਿ ਲਗਦਾ ਹੈ, ਜਿਵੇਂ ਹਰ ਸੁਰ ਇਬਾਦਤ ਬਣ ਕੇ ਰੂਹ ਵਿਚ ਉਤਰ ਰਿਹਾ ਹੋਵੇ। ਯਾਕੂਬ ਦੀ ਗਾਇਕੀ ਸਿਰਫ਼ ਸੁਣੀ ਨਹੀਂ ਜਾਂਦੀ, ਮਹਿਸੂਸ ਕੀਤੀ ਜਾਂਦੀ ਹੈ। ਡਾਕਟਰ ਐੱਸ ਯੂਸਫ ਨੇ ਕਿਹਾ ਕਿ ਏਨੀ ਘੱਟ ਉਮਰ ਵਿੱਚ ਅੰਤਰਰਾਸ਼ਟਰੀ ਮੁਕਾਮ ਹਾਸਲ ਕਰਨਾ ਕੋਈ ਇਤਫ਼ਾਕ ਨਹੀਂ, ਸਗੋਂ ਸਾਲਾਂ ਦੀ ਮਿਹਨਤ, ਰਿਆਜ਼ ਅਤੇ ਇਮਾਨਦਾਰੀ ਦਾ ਨਤੀਜਾ ਹੈ। ਦੁਨੀਆਂ ਵਿਚ ਧਰੂ ਤਾਰੇ ਵਾਂਗ ਚਮਕਦੇ ਸੂਫ਼ੀ ਗਾਇਕ ਯਾਕੂਬ ਦੇ ਡੋਲਾ ਗੀਤ ਨੂੰ ਲੋਕ ਬੇਹੱਦ ਪਸੰਦ ਕਰ ਰਹੇ ਹਨ ਤੇ ਸੋਸ਼ਲ ਮੀਡੀਆ ਰਾਹੀਂ ਉਸ ਨੂੰ ਦਰਸ਼ਕਾਂ ਦਾ ਭਰਪੂਰ ਪਿਆਰ ਮਿਲ ਰਿਹਾ ਹੈ।

## ਰੋਜਾ ਸ਼ਰੀਫ ਫਤਿਹਗੜ੍ਹ ਸਾਹਿਬ ਵਿਖੇ ਈਦ ਦਾ ਤਿਉਹਾਰ ਮਨਾਇਆ



ਫਤਿਹਗੜ੍ਹ ਸਾਹਿਬ 21 ਮਾਰਚ (ਹਰਪ੍ਰੀਤ ਕੌਰ ਟਿਵਾਣਾ) ਛੋਟੇ ਮੱਕੇ ਵਜੋਂ ਜਾਣੇ ਜਾਂਦੇ ਰੋਜ਼ਾ ਸ਼ਰੀਫ ਫਤਿਹਗੜ੍ਹ ਸਾਹਿਬ ਵਿਖੇ ਈਦ ਦਾ ਤਿਉਹਾਰ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਦੇ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਦੇ ਵਿੱਚ ਮੁਸਲਮਾਨ ਭਾਈਚਾਰੇ ਨੇ ਸ਼ਿਰਕਤ ਕੀਤੀ। ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਈਦ ਮੌਕੇ ਰੋਜ਼ਾ ਸ਼ਰੀਫ ਵਿਖੇ ਮੁਸਲਮਾਨ ਭਾਈਚਾਰੇ ਨੂੰ ਮਿਲੇ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਉਹਨਾਂ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਖੁਸ਼ੀਆਂ ਅਤੇ ਰਹਿਮਤਾਂ ਦੇ ਤਿਉਹਾਰ ਈਦ ਨੂੰ ਮਨਾਉਣ ਲਈ ਇਕੱਠੇ ਹੋਏ ਹਾਂ। ਇਹ ਪਵਿੱਤਰ ਦਿਨ ਸਾਨੂੰ ਏਕਤਾ, ਪਿਆਰ ਅਤੇ ਸਹਿਯੋਗ ਦਾ ਸੰਦੇਸ਼ ਦਿੰਦਾ ਹੈ। ਰਮਜ਼ਾਨ ਦੇ ਮਹੀਨੇ ਦੌਰਾਨ ਅਸੀਂ ਸਬਰ, ਅਨੁਸ਼ਾਸਨ ਅਤੇ ਖੁਦਾ ਦੀ ਇਬਾਦਤ ਰਾਹੀਂ ਆਪਣੇ ਅੰਦਰ ਨਵੀਂ ਤਾਕਤ ਪੈਦਾ ਕਰਦੇ ਹਾਂ ਅਤੇ ਈਦ ਉਸੀ ਮਿਹਨਤ ਦਾ ਸੁਹਾਵਾ ਇਨਾਮ ਹੈ।ਈਦ ਸਾਨੂੰ ਸਿੱਖਾਉਂਦੀ ਹੈ ਕਿ ਅਸੀਂ ਆਪਣੇ ਦਿਲਾਂ ਵਿੱਚੋਂ ਨਫਰਤ ਨੂੰ ਦੂਰ ਕਰਕੇ ਮੋਹੱਬਤ ਨੂੰ ਜਗ੍ਹਾ ਦਈਏ। ਇਸ ਦਿਨ ਅਸੀਂ ਗਰੀਬਾਂ, ਯਤੀਮਾਂ ਅਤੇ ਲੋੜਵੰਦਾਂ ਦੀ ਮੱਦਦ ਕਰਦੇ ਹੋਏ ਅਸਲ ਖੁਸ਼ੀ ਮਹਿਸੂਸ ਕਰਦੇ ਹਾਂ। ਆਓ ਅਸੀਂ ਇਹ ਵਾਅਦਾ ਕਰੀਏ ਕਿ ਅਸੀਂ ਆਪਣੇ ਸਮਾਜ ਵਿੱਚ ਭਾਈਚਾਰੇ ਅਤੇ ਅਮਨ ਨੂੰ ਮਜ਼ਬੂਤ ਬਣਾਵਾਂਗੇ। ਅੰਤ ਵਿੱਚ ਉਹਨਾਂ ਈਦ ਦੀ ਮੁਬਾਰਕ ਦਿੰਦਿਆਂ ਕਿਹਾ ਕਿ ਧਾਰਮਿਕ ਤਿਉਹਾਰ ਸਾਡੀ ਭਾਈਚਾਰਕ ਸਾਂਝ ਨੂੰ ਵਧਾਉਣ ਦੇ ਵਿੱਚ ਸਹਾਈ ਹੁੰਦੇ ਹਨ। ਸਾਨੂੰ ਇੱਕ ਦੂਸਰੇ ਦੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋ ਕੇ ਖੁਸ਼ੀਆਂ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ। ਇਸ ਦੇ ਨਾਲ ਸਾਡੀ ਭਾਈਚਾਰਕ ਸਾਂਝ ਮਜ਼ਬੂਤ ਹੋਵੇਗੀ। ਇਸ ਮੌਕੇ ਰੋਜ਼ਾ ਸ਼ਰੀਫ ਦੇ ਖਲੀਫਾ, ਜ਼ਿਲ$ਾ ਮਾਈਨੌਰਟੀ ਵਿੰਗ ਦੇ ਪ੍ਰਧਾਨ ਡਾ. ਚਮਨ ਕੁਰੈਸ਼ੀ, ਕੁਲਵਿੰਦਰ ਸਿੰਘ ਡੇਰਾ, ਮਾਨਵ ਟਿਵਾਣਾ ਆਦਿ ਵੀ ਹਾਜਰ ਸਨ।

## ਮਾਊਂਟ ਲਿਟਰਾ ਜੀ ਸਕੂਲ ਵਿਖੇ ਮਨਾਇਆ 'ਕਿੰਡਰਗਰਟਨ ਗ੍ਰੈਜੂਏਸ਼ਨ ਡੇਅ'



ਰਾਮਪੁਰਾ ਫੂਲ,21 ਮਾਰਚ (ਮਨਪ੍ਰੀਤ ਮਿੰਟੂ) ਨਵੀਂ ਸ਼ੁਰੂਆਤ ਦਾ ਜਸ਼ਨ ਮਨਾਉਣ ਅਤੇ ਹਰ ਉਸ ਚੀਜ਼ ਨੂੰ ਅਲਵਿਦਾ ਕਹਿਣ ਦਾ ਸਮਾਂ ਹੈ ਗ੍ਰੈਜੂਏਸ਼ਨ ; ਜਿਸ ਨੇ ਤੁਹਾਨੂੰ ਮੁਸਕਰਾਉਣ ਦਾ ਕਾਰਨ ਦਿੱਤਾ ਹੈ। ਇਸੇ ਸਿਲਸਿਲੇ ਵਿਚ ਤਰੱਕੀ ਅਤੇ ਵਿਕਾਸ ਦਾ ਜਸ਼ਨ ਮਨਾਉਣ ਲਈ, ਮਾਊਂਟ ਲਿਟਰਾ ਜੀ ਸਕੂਲ ਰਾਮਪੁਰਾ ਨੇ ਵਿਦਿਆਰਥੀਆਂ ਦੀ ਸਾਲ ਭਰ ਦੀ ਸਿੱਖਿਆ ਨੂੰ ਦਰਸਾਉਂਦੀਆਂ ਬਹੁਤ ਸਾਰੀਆਂ ਸਟੇਜ ਗਤੀਵਿਧੀਆਂ ਨਾਲ ਭਰਪੂਰ ਗ੍ਰੈਜੂਏਸ਼ਨ ਦਿਵਸ ਮਨਾਇਆ ਗਿਆ। ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇਣ ਅਤੇ ਉਨ੍ਹਾਂ ਨੂੰ ਵਧੀਆ ਸਿਖਿਆਰਥੀ ਬਣਨ ਲਈ ਉਤਸ਼ਾਹਿਤ ਕਰਨ ਲਈ ਸਕੂਲ ਦੇ ਪ੍ਰਧਾਨ ਸ਼੍ਰੀ ਗਗਨ ਬਾਂਸਲ, ਜਨਰਲ ਸਕੱਤਰ ਸ੍ਰੀਮਤੀ ਨਮਿਤਾ ਬਾਂਸਲ ਅਤੇ ਪ੍ਰਿੰਸੀਪਲ ਸ੍ਰੀਮਤੀ ਗੀਤਾ ਪਿੱਲੇ ਨੇ ਆਪਣੀ ਹਾਜ਼ਰੀ ਨਾਲ ਇਸ ਮੌਕੇ ਨੂੰ ਮਹੱਤਵਪੂਰਨ ਬਣਾਇਆ। ਕਿੰਡਰਗਾਰਟਨ ਦੇ ਵਿਦਿਆਰਥੀਆਂ ਦੁਆਰਾ ਗ੍ਰੈਜੂਏਸ਼ਨ ਗੀਤ ਪੇਸ਼ ਕੀਤਾ।ਫਿਰ ਜਸ਼ਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਆਇਆ, ਜਦੋਂ ਸੀਨੀਅਰ ਕੇਜੀ ਦੇ ਹਰੇਕ ਸੈਕਸ਼ਨ ਦੇ ਵਿਦਿਆਰਥੀਆਂ ਨੇ ਆਪਣੇ ਕੇਜੀ ਕਨਵੋਕੇਸ਼ਨ ਲਈ ਸਟੇਜ ਤੇ ਤੁਰਦੇ ਹੋਏ ਆਪਣੇ ਬਾਰੇ ਤੇ ਆਪਣੇ ਸੁਪਨਿਆਂ ਬਾਰੇ ਜਾਣਕਾਰੀ ਦਿੱਤੀ। ਬੱਚਿਆਂ ਨੇ ਆਪਣੀਆਂ ਭਾਵਨਾਵਾਂ ਦਾ ਵਰਨਣ ਇੰਨੇ ਵਧੀਆਂ ਤੇ ਮਨਮੋਹਕ ਅੰਦਾਜ਼ ਵਿੱਚ ਕੀਤਾ ਕਿ ਸਾਰਿਆਂ ਨੂੰ ਕੀਲ ਕੇ ਰੱਖ ਦਿੱਤਾ। ਬੱਚਿਆਂ ਦੇ ਮੁਸਕਰਾਉਂਦੇ ਚਿਹਰਿਆਂ ਤੇ ਜੋਸ਼ੀਲੇ ਅੰਦਾਜ਼ ਦਾ ਦਰਸ਼ਕਾਂ ਵੱਲੋਂ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਇਸ ਪ੍ਰੋਗਰਾਮ ਦੇ ਅੰਤ ਵਿੱਚ ਸੀਨੀਅਰ ਕੇਜੀ ਦੇ ਨਿੱਕੇ ਪੰਜਾਬੀਆਂ ਤੇ ਪੰਜਾਬਣਾਂ ਵਲੋਂ ਪੰਜਾਬੀ ਡਾਂਸ ਪੇਸ਼ ਕੀਤਾ ਗਿਆ । ਇਹ ਸੱਚਮੁੱਚ ਛੋਟੇ ਬੱਚਿਆਂ ਲਈ ਇੱਕ ਖ਼ੁਸ਼ੀ ਭਰਿਆ ਅਤੇ ਯਾਦਗਾਰੀ ਦਿਨ ਸੀ ਕਿਉਂਕਿ ਉਨ੍ਹਾਂ ਨੇ ਸਾਡੇ ਪਤਵੰਤਿਆਂ ਤੋਂ ਗ੍ਰੈਜੂਏਸ਼ਨ ਸਰਟੀਫਿਕੇਟ ਪ੍ਰਾਪਤ ਕੀਤੇ ਸਨ। ਇਸ ਸਮਾਗਮ ਵਿੱਚ ਪਹੁੰਚੇ ਬੱਚਿਆਂ ਦੇ ਮਾਪਿਆ ਨੇ ਇਸ ਸਮਾਗਮ ਦਾ ਭਰਪੂਰ ਆਨੰਦ ਮਾਨਿਆ। ਇਸ ਮੌਕੇ ਤੇ ਬੋਲਦਿਆਂ ਸਕੂਲ ਪ੍ਰਧਾਨ ਸ਼੍ਰੀ ਗਗਨ ਬਾਂਸਲ, ਜਨਰਲ ਸਕੱਤਰ ਸ਼੍ਰੀਮਤੀ ਨਮਿਤਾ ਬਾਂਸਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਗੀਤਾ ਪਿੱਲੇ ਨੇ ਕਿਹਾ ਕਿ ਅੱਜ ਦੇ ਵਿਦਿਆਰਥੀ ਸਾਡੇ ਦੇਸ਼ ਦਾ ਆਉਣ ਵਾਲਾ ਭਵਿੱਖ ਹਨ ਅਤੇ ਇਹਨਾਂ ਨੂੰ ਸਹੀ ਸਿੱਖਿਆਂ ਤੇ ਉੱਤਮ ਭਵਿੱਖ ਦੇਣਾ ਸਾਡਾ ਸਭ ਦਾ ਪਹਿਲਾ ਫਰਜ ਹੈ ਅਤੇ ਇਸ ਮੱਕਸਦ ਦੀ ਪ੍ਰਾਪਤੀ ਲਈ ਮਾਊਂਟ ਲਿਟਰਾ ਜੀ ਸਕੂਲ ਦੀ ਪ੍ਰੰਬੰਧਕੀ ਕਮੇਟੀ ਤੇ ਸਕੂਲ ਸਟਾਫ਼ ਪੂਰੀ ਤਨਦੇਹੀ ਨਾਲ ਕੰਮ ਕਰੇਗਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿੱਚ ਕੌਮੀ ਕਾਨਫਰੰਸ ਕਨਫਲੂਐਂਸ 2026 ਸਮਾਪਤ




ਫਤਿਹਗੜ੍ਹ ਸਾਹਿਬ, 21 ਮਾਰਚ (ਹਰਪ੍ਰੀਤ ਕੌਰ ਟਿਵਾਣਾ )ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿੱਚ ਦੋ ਰੋਜ਼ਾ ਅੰਤਰ-ਵਿਭਾਗੀ ਪੰਜਾਬ ਦੇ ਸਮਕਾਲੀ ਸਰੋਕਾਰ ਵਿਸ਼ੇ 'ਤੇ ਆਧਾਰਿਤ ਰਾਸ਼ਟਰੀ ਕਾਨਫਰੰਸ ਕਨਫਲੂਐਂਸ 2026 ਦਾ ਦੂਜਾ ਦਿਨ ਸਮਾਜ ਵਿਗਿਆਨ ਅਤੇ ਭਾਸ਼ਾ ਤੇ ਸਾਹਿਤ ਦੇ ਤਕਨੀਕੀ ਇਜਲਾਸ ਨਾਲ ਸਮਾਪਤ ਹੋਇਆ, ਜਿਸ ਤੋਂ ਬਾਅਦ ਵਿਦਾਇਗੀ ਇਜਲਾਸ ਕੀਤਾ ਗਿਆ।ਸਮਾਜ ਵਿਗਿਆਨ ਭਾਗ ਦੇ ਇਜਲਾਸ ਵਿੱਚ ਡਾ. ਗੁਰਪ੍ਰੀਤ ਬਰਾੜ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਕੇਂਦਰ-ਰਾਜ ਸੰਬੰਧਾਂ ਅਤੇ ਸ਼ਾਸਨ ਦੀਆਂ ਚੁਣੌਤੀਆਂ 'ਤੇ ਵਿਸਥਾਰ ਨਾਲ ਵਿਚਾਰ ਪ੍ਰਗਟ ਕੀਤੇ। ਇਸ ਇਜਲਾਸ ਦੀ ਪ੍ਰਧਾਨਗੀ ਪ੍ਰੋ. ਦਲਜੀਤ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ ਅਤੇ ਉਨ੍ਹਾਂ ਨੇ ਆਧੁਨਿਕ ਮਸਲਿਆਂ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਨਾਲ ਸਮਝਣ 'ਤੇ ਜ਼ੋਰ ਦਿੱਤਾ। ਭਾਗ ਦੇ ਕੋਆਡੀਨੇਟਰ ਡਾ. ਨਵ ਸ਼ਗਨ ਦੀਪ ਕੌਰ, ਡਾ. ਰਮਨਦੀਪ ਕੌਰ, ਅਤੇ ਡਾ. ਜਸਪ੍ਰੀਤ ਕੌਰ ਨੇ ਦੱਸਿਆ ਕਿ ਲਗਭਗ 30 ਖੋਜਕਾਰਾਂ ਨੇ ਪੰਜਾਬ ਦੇ ਸਮਾਜਿਕ, ਰਾਜਨੀਤਿਕ ਅਤੇ ਇਤਿਹਾਸਕ ਮਸਲਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਏਕਰੂਪ ਕੌਰ ਅਤੇ ਡਾ. ਸੁਖਵਿੰਦਰ ਸਿੰਘ ਨੂੰ ਸਰਵੋਤਮ ਪਰਚੇ ਲਈ ਸਨਮਾਨਿਤ ਕੀਤਾ ਗਿਆ।ਭਾਸ਼ਾ ਅਤੇ ਸਾਹਿਤ ਇਜਲਾਸ ਵਿੱਚ ਪ੍ਰਸਿੱਧ ਨਾਟਕਕਾਰ ਪ੍ਰੋ. ਸਤੀਸ਼ ਕੁਮਾਰ ਵਰਮਾ ਨੇ ਮੁੱਖ ਭਾਸ਼ਣ ਦਿੱਤਾ ਅਤੇ ਉਨਾਂ ਨੇ ਪੰਜਾਬੀ ਬੋਲੀ ਅਤੇ ਸਾਹਿਤ ਨੂੰ ਚੁਣੌਤੀਆਂ ਉੱਪਰ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਨੇ ਆਪਣੀ ਗੱਲ ਇਤਿਹਾਸਕ ਹਵਾਲਿਆਂ ਨਾਲ ਰੱਖੀ। ਇਸ ਇਜਲਾਸ ਦੀ ਪ੍ਰਧਾਨਗੀ ਪ੍ਰੋ. ਸਵਰਾਜ ਰਾਜ ਨੇ ਕੀਤੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਉਹਨਾਂ ਨੇ ਪਰਚਾ ਪੇਸ਼ਕਾਰਾਂ ਨੂੰ ਜਿੱਥੇ ਮੁਲਵਾਨ ਸੁਝਾਅ ਦਿੱਤੇ ਉੱਥੇ ਉਹਨਾਂ ਨੇ ਖੋਜ ਵਿਧੀ ਦੇ ਅਹਿਮ ਨੁਕਤੇ ਸਾਂਝੇ ਕੀਤੇ। ਮੰਚ ਸੰਚਾਲਨ ਡਾ. ਹਰਪ੍ਰੀਤ ਕੌਰ ਅਤੇ ਡਾ. ਬਲਜੀਤ ਕੌਰ ਵੱਲੋਂ ਕੀਤਾ ਗਿਆ। ਜਿਸ ਵਿੱਚ ਕੁੱਲ 18 ਪੇਪਰ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚੋਂ ਡਾ. ਬਿੰਦਰ ਸਿੰਘ ਅਤੇ ਡਾ. ਨਵਰੂਪ ਕੌਰ ਨੂੰ ਸਰਵੋਤਮ ਪਰਚੇ ਲਈ ਸਨਮਾਨ ਮਿਲਿਆ। ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਕਾਨਫਰੰਸ ਦੀ ਸਫ਼ਲਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਸ ਨੇ ਅਕਾਦਮਿਕ ਚਰਚਾ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਨੌਜਵਾਨਾਂ ਨੂੰ ਖੋਜ ਦੀ ਸੰਸਕ੍ਰਿਤੀ ਨੂੰ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ ਹੈ।ਕਾਨਫਰੰਸ ਦੇ ਵਿਦਾਇਗੀ ਇਜਲਾਸ ਵਿੱਚ ਇੰਦਰ ਕੁਮਾਰ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਦੇ ਵਾਈਸ-ਚਾਂਸਲਰ ਪ੍ਰੋ. ਸੁਸ਼ੀਲ ਮਿੱਤਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਇਜਲਾਸ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਪਰਿਤ ਪਾਲ ਸਿੰਘ ਨੇ ਕੀਤੀ। ਸਮਾਪਤੀ ਇਜਲਾਸ ਵਿੱਚ ਡਾ. ਹਰਨੀਤ ਬਿਲਿੰਗ ਡੀਨ ਫੈਕਲਟੀ ਆਫ ਐਜੂਕੇਸ਼ਨ ਐਂਡ ਇਨਫੋਰਮੇਸ਼ਨ ਸਾਇੰਸ ਨੇ ਕਾਨਫਰੰਸ ਦੀ ਰਿਪੋਰਟ ਪੇਸ਼ ਕੀਤੀ ਅਤੇ ਦੋ ਦਿਨਾਂ ਦੀ ਚਰਚਾ ਦੌਰਾਨ ਸਾਹਮਣੇ ਆਏ ਪੰਜਾਬ ਦੇ ਮੁੱਖ ਮਸਲਿਆਂ ਦੀ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਪ੍ਰੋ. ਜਮਸ਼ੇਦ ਅਲੀ ਖਾਨ ਨੇ ਵਿਦਾਇਗੀ ਭਾਸ਼ਣ ਦਿੱਤਾ ਉਨਾਂ ਨੇ ਆਪਣੇ ਸੰਬੋਧਨ ਵਿੱਚ ਖੇਤਰੀ ਚੁਣੌਤੀਆਂ ਦੇ ਹੱਲ ਲਈ ਅੰਤਰ-ਵਿਭਾਗੀ ਖੋਜ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਮੁੱਖ ਮਹਿਮਾਨ ਪ੍ਰੋ. ਸੁਸ਼ੀਲ ਮਿੱਤਲ ਜਿੱਥੇ ਕਾਨਫਰੰਸ ਦੀ ਸ਼ਲਾਘਾ ਕੀਤੀ ਅਤੇ ਯੂਨੀਵਰਸਿਟੀਆਂ ਦੀ ਖੋਜ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨ ਵਿੱਚ ਭੂਮਿਕਾ 'ਤੇ ਜ਼ੋਰ ਦਿੱਤਾ ਉੱਥੇ ਹੀ ਉਨਾਂ ਨੇ ਪੰਜਾਬ ਦੀਆਂ ਮੁੱਖ ਮੁਸ਼ਕਲਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. ਪਰਿਤ ਪਾਲ ਸਿੰਘ ਨੇ ਕਿਹਾ ਕਿ ਇਸ ਸਮੇਂ ਪੰਜਾਬ ਨੂੰ ਆਪਣਾ ਅੰਦਰੋਂ ਮੁਲਾਂਕਣ ਕਰਨ ਦੀ ਲੋੜ ਹੈ ਤਾਂ ਜੋ ਅੱਜ ਦੇ ਸਮੇਂ ਵਿੱਚ ਦਰਪੇਸ਼ ਸਮੱਸਿਆਵਾਂ ਨੂੰ ਪਛਾਣਿਆ ਜਾ ਸਕੇ ਅਤੇ ਉਨਾਂ ਦੇ ਹੱਲ ਲਈ ਯਤਨ ਕੀਤੇ ਜਾ ਸਕਣ। ਉਹਨਾਂ ਨੇ ਆਪਣੇ ਭਾਸ਼ਣ ਵਿੱਚ ਸਫਲ ਕਾਨਫਰੰਸ ਲਈ ਸਮੂਹ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਵਿਦਾਇਗੀ ਸੈਸ਼ਨ ਵਿੱਚ ਕਾਨਫਰੰਸ ਦੇ ਸਰਪ੍ਰਸਤ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਕਿਹਾ ਕਿ ਯੂਨੀਵਰਸਿਟੀ ਪੰਜਾਬ ਦੇ ਮਸਲਿਆਂ ਨੂੰ ਮੁਖਾਤਬ ਹੋਣ ਲਈ ਪ੍ਰਤੀਬੱਧ ਹੈ। ਪੰਜਾਬ ਦੇ ਅਰਥਚਾਰੇ, ਸੱਭਿਆਚਾਰ ਅਤੇ ਸਮਾਜ ਦੇ ਸਾਹਮਣੇ ਆ ਰਹੀਆਂ ਮੁਸ਼ਕਲਾਂ ਅਤੇ ਉਨਾਂ ਦੇ ਹੱਲ ਲਈ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਤੇ ਸਮਾਗਮ ਕੀਤੇ ਜਾਂਦੇ ਹਨ ਜਿਨਾਂ ਨੂੰ ਦੂਰ-ਸੰਚਾਰ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ ਅਤੇ ਲੋਕਾਂ ਵੱਲੋਂ ਇਹਨਾਂ ਸਮਾਗਮਾਂ ਦੀ ਭਰਪੂਰ ਸ਼ਲਾਘਾ ਕੀਤੀ ਜਾਂਦੀ ਹੈ। ਕਾਨਫਰੰਸ ਦੇ ਅਖੀਰ ਵਿੱਚ ਡਾ. ਸਿਕੰਦਰ ਸਿੰਘ, ਡੀਨ ਭਾਸ਼ਾਵਾਂ ਵੱਲੋਂ ਧੰਨਵਾਦ ਦੀ ਮਤਾ ਪੇਸ਼ ਕੀਤਾ ਗਿਆ ਅਤੇ ਉਨਾਂ ਵੱਲੋਂ ਸੰਖੇਪ ਵਿੱਚ ਕਾਨਫਰੰਸ ਵਿੱਚ ਉਭਰੀਆਂ ਪੰਜਾਬ ਦੀਆਂ ਚੁਣੌਤੀਆਂ ਮਸਲਨ ਪੰਜਾਬ ਨਾਲ ਰਾਜਨੀਤਿਕ ਵਿਤਕਰਾ, ਆਵਾਸ ਅਤੇ ਪ੍ਰਵਾਸ ਦੇ ਮਾਰੂ ਸਿੱਟੇ, ਆਰਥਿਕ ਸਮੱਸਿਆਵਾਂ, ਪੰਜਾਬੀ ਬੰਦੇ ਅਤੇ ਸਮਾਜ ਦੇ ਰਿਵਾਜਾਂ ਵਿੱਚ ਤਬਦੀਲੀਆਂ, ਅਤੇ ਇੱਥੋਂ ਦੀ ਜਨਸੰਖਿਆ ਵਿੱਚ ਸਿੱਖਾਂ ਦੀ ਗਿਣਤੀ ਘੱਟ ਹੋਣਾ ਆਦਿ ਦੀ ਨਿਸ਼ਾਨਦੇਹੀ ਕੀਤੀ ਗਈ।

## ਭਾਰਤ ਸਰਕਾਰ ਅੰਗਰੇਜ਼ ਹਕੂਮਤ ਦੀਆਂ ਜੜ੍ਹਾਂ ਹਿਲਾਉਣ ਵਾਲੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਕੌਮੀ ਸ਼ਹੀਦ ਦੇ ਖਿਤਾਬ ਨਾਲ ਨਿਵਾਜੇ : ਪ੍ਰੋ. ਬਡੂੰਗਰ

ਫਤਿਹਗੜ੍ਹ ਸਾਹਿਬ, 21 ਮਾਰਚ (ਹਰਪ੍ਰੀਤ ਕੌਰ ਟਿਵਾਣਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਉਖਾੜਨ ਵਾਲੇ ਯੋਧੇ ਸ਼ਹੀਦ ਭਗਤ ਸਿੰਘ ਨੇਦੇਸ਼ ਦੀ ਆਜ਼ਾਦੀ ਵਾਸਤੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ ਤੇ ਅਜਿਹੇ ਸੂਰਬੀਰ ਯੋਧੇ ਨੂੰ ਭਾਰਤ ਸਰਕਾਰਵਲੋਂ ਕੌਮੀ ਸ਼ਹੀਦ ਤੇ ਭਾਰਤ ਰਤਨ ਦੇ ਸਨਮਾਨ ਨਾਲ ਨਿਵਾਜਿਆ ਜਾਣਾ ਚਾਹੀਦਾ ਹੈ ।ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਅਜਿਹੇ ਸੂਰਬੀਰ ਯੋਧੇ ਦੇ ਦੇਸ਼ ਪ੍ਰੇਮ ਦੇ ਜਜ਼ਬੇ ਨੂੰ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਬਕ ਲੈਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਅੰਗਰੇਜ਼ ਹਕੂਮਤ ਦੀਆਂ ਜੜ੍ਹਾਂ ਹਿਲਾਉਣ ਵਾਲੇ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਜਿਸ ਨੇ ਛੋਟੀ ਉਮਰ ਵਿੱਚ ਆਪਣੀ ਜਾਨ ਦੀ ਪਰਵਾਹ ਨਾ ਕੀਤਿਆਂ ਪੰਜਾਬੀਆਂ ਤੇ ਦੇਸ਼ ਵਾਸੀਆਂ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਉਨਾਂ ਦੇ ਬਤੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਕਾਲ ਦੇ ਸਮੇਂ ਵਿੱਚ ਸ਼ਹੀਦ ਊਧਮ ਸਿੰਘ ਦਾ ਗਦਰੀਆਂ ਦਾ ਵੱਡਾ ਵੱਖਰਾ ਸਮਾਗਮ, ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿੱਚ ਉੱਤਰਾਖੰਡ ਵਿਖੇ ਜਿੱਥੇ ਸ਼ਹੀਦ ਕਰਤਾਰ ਸਿੰਘ ਦਾ ਬੁੱਤ ਵੀ ਲੱਗਿਆ ਹੋਇਆ ਹੈ, ਉੱਥੇ ਵੀ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਵੱਲੋਂ ਵੱਡਾ ਸਮਾਗਮ ਕਰਵਾਇਆ ਗਿਆ ਸੀ ।ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਇੱਥੇ ਹੀ ਬੱਸ ਨਹੀਂ ਪ੍ਰੋ. ਬਡੂੰਗਰ ਨੇ ਕਿਹਾ ਕਿ ਉਹਨਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਬਤੌਰ ਪ੍ਰਧਾਨਗੀ ਕਾਲ ਵਿੱਚ ਗਦਰ ਪਾਰਟੀ ਨਾਲ ਜੁੜੇ ਹੋਏ ਦੇਸ਼ ਦੀ ਆਜ਼ਾਦੀ ਲਈ ਸ਼ਹੀਦੀਆਂ ਦਾ ਜਾਮ ਪੀ ਕੇ ਕੁਰਬਾਨ ਹੋਣ ਵਾਲੇ ਸ਼ਹੀਦ ਭਗਤ ਸਿੰਘ ਦਾ ਖਟਖਟ ਕਲਾ ਵਿਖੇ ਅਤੇ ਸ਼ਹੀਦ ਊਧਮ ਸਿੰਘ ਦੀ ਯਾਦ ਵਿੱਚ ਸੁਨਾਮ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ ਸਨ ਤੇ ਹੁਣ ਵੀ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ. ਊਧਮ ਸਿੰਘ ਦਾ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਵੱਡੇ ਪੱਧਰ ਤੇ ਸ਼ਹੀਦੀ ਸਮਾਗਮ ਕਰਵਾਏ ਜਾਣੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਤਿੰਨੋਂ ਸ਼ਹੀਦਾਂ ਨੇ ਉਸ ਸਮੇਂ ਦੀ ਅੰਗਰੇਜ਼ ਹਕੂਮਤ ਨਾਲ ਹਿਕ ਡਾਹ ਕੇ ਮੁਕਾਬਲਾ ਕੀਤਾ ਅਤੇ ਅੰਗਰੇਜ਼ ਰਾਜ ਦੀਆਂ ਜੜ੍ਹਾਂ ਹਲਾ ਕੇ ਰੱਖ ਦਿੱਤੀਆਂ ਅਤੇ ਖੁਦ ਸ਼ਹੀਦੀਆਂ ਦੇ ਜਾਮ ਪੀ ਗਏ।ਉਹਨਾਂ ਕਿਹਾ ਕਿ ਇਸ ਦੇ ਨਾਲ ਹੀ ਭਾਰਤ ਸਰਕਾਰ ਵੀ ਇਹਨਾਂ ਤਿੰਨੋ ਸ਼ਹੀਦਾਂ ਸ. ਭਗਤ ਸਿੰਘ 23 ਸਾਲ ਦੀ ਉਮਰ ਵਿੱਚ 1931 ਵਿੱਚ ਸ. ਕਰਤਾਰ ਸਿੰਘ ਸਰਾਭਾ ਜੋ ਕਿ 1915 ਵਿੱਚ ਮਹਿਜ 19 ਸਾਲ ਦੀ ਉਮਰ ਵਿੱਚ ਸ਼ਹੀਦ ਹੋਏ, ਅਤੇ ਸ. ਊਧਮ ਸਿੰਘ 40 ਸਾਲ ਦੀ ਉਮਰ ਵਿੱਚ ਦੇਸ਼ ਦੀ ਆਜ਼ਾਦੀ ਲਈ ਜਾਨਾ ਵਾਰ ਕੇ ਸ਼ਹੀਦੀਆਂ ਪਾ ਗਏ ਸਨ।ਉਹਨਾਂ ਕਿਹਾ ਕਿ ਭਾਰਤ ਸਰਕਾਰ ਤਿੰਨੇ ਸ਼ਹੀਦਾਂ ਨੂੰ ਕੌਮੀ ਸ਼ਹੀਦ ਦਾ ਦਰਜਾ ਅਤੇ ਭਾਰਤ ਰਤਨ ਦੇ ਸਨਮਾਨ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਕਿਹਾ ਕਿ ਭਾਵੇਂ ਇਹ ਸਨਮਾਨ ਇਹਨਾਂ ਮਹਾਨ ਸ਼ਹੀਦਾਂ ਲਈ ਅਤੁਛ ਹਨ ਪਰ ਫਿਰ ਵੀ ਉਹਨਾਂ ਨੂੰ ਇਹ ਸਨਮਾਨ ਦਿੱਤਾ ਜਾਣਾ ਚਾਹੀਦਾ।

# 11 ਮਈ ਨੂੰ ਦੇਸ਼ ਭਰ ਵਿੱਚ ਦਵਾਈਆਂ ਦੀਆਂ ਦੁਕਾਨਾਂ ਰਹਿਣਗੀਆਂ ਬੰਦ

ਸੁਨਾਮ, 21 ਮਾਰਚ (ਮੋਹਨ ਸ਼ਰਮਾ/ ਰਾਊਵਰਿੰਦਰ ਮਠਾੜੂ): ਦੇਸ਼ ਭਰ ਦੇ ਕੈਮਿਸਟਾਂ ਅਤੇ ਡਰੱਗਿਸਟਾਂ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਅਤੇ ਈ-ਫਾਰਮੇਸੀ ਦੇ ਵਧਦੇ ਪ੍ਰਭਾਵ ਖ਼ਿਲਾਫ਼ ਆਰ-ਪਾਰ ਦੀ ਲੜਾਈ ਦਾ ਬਿਗਲ ਫੂਕ ਦਿੱਤਾ ਹੈ। ਆਲ ਇੰਡੀਆ ਆਰਗੇਨਾਈਜ਼ੇਸ਼ਨ ਆਫ ਕੈਮਿਸਟਸ ਐਂਡ ਡਰੱਗਿਸਟਸ (19®34) ਨੇ ਆਉਣ ਵਾਲੀ 11 ਮਈ 2026 ਨੂੰ ਨੈਸ਼ਨਲ ਫਾਰਮੇਸੀ ਬੰਦ ਦੇ ਤਹਿਤ ਦੇਸ਼ ਵਿਆਪੀ ਹੜਤਾਲ ਦਾ ਰਸਮੀ ਐਲਾਨ ਕੀਤਾ ਹੈ।**ਚੋਣਾਂ ਕਾਰਨ ਬਦਲੀ ਗਈ ਤਰੀਕ**ਰਾਜਸਥਾਨ ਦੇ ਉਦੈਪੁਰ ਵਿਖੇ ਹੋਈ ਰਾਸ਼ਟਰੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿੱਚ ਇਹ ਅਹਿਮ ਫੈਸਲਾ ਲਿਆ ਗਿਆ। ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਨਰੇਸ਼ ਜਿੰਦਲ ਅਤੇ ਰਾਜੀਵ ਜੈਨ ਨੇ ਦੱਸਿਆ ਕਿ ਸ਼ੁਰੂ ਵਿੱਚ ਇਹ ਹੜਤਾਲ 15 ਅਪ੍ਰੈਲ ਲਈ ਪ੍ਰਸਤਾਵਿਤ ਸੀ, ਪਰ ਅਪ੍ਰੈਲ ਵਿੱਚ ਪੰਜ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਨੂੰ ਵਧਾ ਕੇ 11 ਮਈ ਕਰ ਦਿੱਤਾ ਗਿਆ ਹੈ।**ਹੜਤਾਲ ਦੇ ਮੁੱਖ ਕਾਰਨ ਅਤੇ ਮੰਗਾਂ**ਈ-ਫਾਰਮੇਸੀ ਤੇ ਇਤਰਾਜ਼: 19®34 ਦਾ ਦੋਸ਼ ਹੈ ਕਿ ਡਿਜੀਟਲ ਪਲੇਟਫਾਰਮ ਬਿਨਾਂ ਫਾਰਮਾਸਿਸਟ ਦੀ ਨਿਗਰਾਨੀ ਦੇ ਦਵਾਈਆਂ ਵੰਡ ਰਹੇ ਹਨ, ਜਿਸ ਨਾਲ ਸੈਲਫ-ਮੈਡੀਕੇਸ਼ਨ ਅਤੇ ਐਂਟੀਮਾਈਕਰੋਬੀਅਲ ਰੇਜ਼ਿਸਟੈਂਸ ਵਰਗੀਆਂ ਗੰਭੀਰ ਸਮੱਸਿਆਵਾਂ ਵਧ ਰਹੀਆਂ ਹਨ।ਨੋਟੀਫਿਕੇਸ਼ਨ ਰੱਦ ਕਰਨ ਦੀ ਮੰਗ: ਜਥੇਬੰਦੀ ਨੇ ਸਰਕਾਰ ਵੱਲੋਂ ਜਾਰੀ ਡਰਾਫਟ ਨਿਯਮਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਨਿਯਮ ਈ-ਫਾਰਮੇਸੀਆਂ ਨੂੰ ਡਰੱਗਜ਼ ਐਂਡ ਕਾਸਮੈਟਿਕਸ ਐਕਟ ਦੀਆਂ ਸਖ਼ਤ ਸ਼ਰਤਾਂ ਤੋਂ ਬਚਣ ਦੇ ਰਾਹ ਪ੍ਰਦਾਨ ਕਰਦੇ ਹਨ।ਡੋਰਸਟੈਪ ਡਿਲੀਵਰੀ ਦਾ ਵਿਰੋਧ: ਬਜ਼ੁਰਗ ਨਾਗਰਿਕਾਂ ਤੱਕ ਸਿੱਧੀਆਂ ਦਵਾਈਆਂ ਪਹੁੰਚਾਉਣ ਦੀ ਸਰਕਾਰੀ ਯੋਜਨਾ ਦਾ ਵੀ ਵਿਰੋਧ ਕੀਤਾ ਜਾ ਰਿਹਾ ਹੈ। ਕੈਮਿਸਟਾਂ ਦਾ ਮੰਨਣਾ ਹੈ ਕਿ ਇਸ ਨਾਲ ਸਥਾਨਕ ਫਾਰਮਾਸਿਸਟਾਂ ਦੀ ਪੇਸ਼ੇਵਰ ਭੂਮਿਕਾ ਖ਼ਤਮ ਹੋ ਜਾਵੇਗੀ।**ਭਾਰੀ ਛੋਟ**): ਆਨਲਾਈਨ ਕੰਪਨੀਆਂ ਵੱਲੋਂ ਦਿੱਤੀਆਂ ਜਾ ਰਹੀਆਂ ਭਾਰੀ ਛੋਟਾਂ ਨੂੰ ਬਾਜ਼ਾਰ ਨੂੰ ਅਸਥਿਰ ਕਰਨ ਵਾਲਾ ਅਤੇ ਛੋਟੇ ਦੁਕਾਨਦਾਰਾਂ ਦੇ ਹੋਂਦ ਲਈ ਖ਼ਤਰਾ ਦੱਸਿਆ ਗਿਆ ਹੈ।**ਮਰੀਜ਼ਾਂ ਲਈ ਰਾਹਤ: ਹਸਪਤਾਲਾਂ ਦੀਆਂ ਫਾਰਮੇਸੀਆਂ ਰਹਿਣਗੀਆਂ ਖੁੱਲ੍ਹੀਆਂ**ਹੜਤਾਲ ਦੌਰਾਨ ਦੇਸ਼ ਭਰ ਦੇ ਲਗਭਗ 12.40 ਲੱਖ ਰਿਟੇਲ ਅਤੇ ਹੋਲਸੇਲ ਮੈਡੀਕਲ ਸਟੋਰ ਮੁਕੰਮਲ ਬੰਦ ਰਹਿਣਗੇ। ਹਾਲਾਂਕਿ, ਲੋਕਾਂ ਦੀ ਸੁਰੱਖਿਆ ਅਤੇ ਐਮਰਜੈਂਸੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹਸਪਤਾਲਾਂ ਦੇ ਅੰਦਰ ਸਥਿਤ ਐਮਰਜੈਂਸੀ ਫਾਰਮੇਸੀਆਂ ਨੂੰ ਇਸ ਬੰਦ ਤੋਂ ਛੋਟ ਦਿੱਤੀ ਗਈ ਹੈ।

# ਆਕਸਫੋਰਡ ਸਕੂਲ ਵਿਖੇ ਪਾਏ ਗਏ ਸ੍ਰੀ ਅਖੰਡ ਸਾਹਿਬ ਜੀ ਦੇ ਭੋਗ



ਭਗਤਾ ਭਾਈ ਕਾ 21 ਮਾਰਚ (ਸਵਰਨ ਸਿੰਘ ਭਗਤਾ) 'ਬਾਣੀ ਗੁਰੂ , ਗੁਰੂ ਹੈ ਬਾਣੀ' ਦੇ ਮਹਾਂਵਾਕ ਅਨੁਸਾਰ ਅਥਾਹ ਸ਼ਰਧਾ ਰੱਖਦੇ ਹੋਏ 'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ' ਵੱਲੋਂ ਸਕੂਲ ਦੇ ਵਿਹੜੇ ਵਿੱਚ ਬੜੀ ਸ਼ਰਧਾ ਨਾਲ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਇਹ ਧਾਰਮਿਕ ਕਾਰਜ ਅਸਲ ਵਿੱਚ ਵਿੱਦਿਅਕ ਸੈਸ਼ਨ 2025-26 ਦੀ ਸ਼ਾਨਦਾਰ ਸਮਾਪਤੀ ਲਈ ਅਤੇ ਸੈਸ਼ਨ 2026-27 ਦੀ ਸੁੱਖਮਈ ਸ਼ੁਰੂਆਤ ਅਤੇ ਚੜ੍ਹਦੀ ਕਲਾ ਲਈ ਪ੍ਰਮਾਤਮਾ ਦਾ ਅਸ਼ੀਰਵਾਦ ਲੈਣ ਲਈ ਉਪਰਾਲਾ ਕੀਤਾ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਸ਼੍ਰੀ ਅਖੰਡ ਪਾਠ ਸਾਹਿਬ 19 ਦਿਨ ਵੀਰਵਾਰ ਨੂੰ ਪ੍ਰਕਾਸ਼ ਹੋਏ ਅਤੇ ਇਨ੍ਹਾਂ ਦੇ ਭੋਗ 21 ਮਾਰਚ ਦਿਨ ਸ਼ਨੀਵਾਰ ਨੂੰ ਪਾਏ ਗਏ।ਇਸ ਸਮੇਂ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈ ਕਾ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ'(ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਪ੍ਰਿੰਸੀਪਲ ਰੂਪ ਲਾਲ ਬਾਂਸਲ, ਕੋਆਰਡੀਨੇਟਰਜ਼, ਸਮੂਹ ਸਕੂਲ ਸਟਾਫ਼ ਮੈਂਬਰ, ਇਸ ਅਦਾਰੇ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਜੁੜੇ ਮੈਂਬਰ ਸਾਹਿਬਾਨ ਅਤੇ ਵਿਦਿਆਰਥੀਆਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਪਣੀ ਹਾਜ਼ਰੀ ਲਗਵਾਈ।ਜ਼ਿਕਰਯੋਗ ਹੈ ਕਿ 'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ, ਭਗਤਾ ਭਾਈਕਾ' ਹਰ ਸਾਲ ਆਪਣੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾ ਕੇ ਕਰਦਾ ਹੈ ਤਾਂ ਕਿ ਆਉਣ ਵਾਲਾ ਸੈਸ਼ਨ ਬਿਨਾਂ ਕਿਸੇ ਰੁਕਾਵਟ ਜਾਂ ਅੜਚਨ ਦੇ ਛਾਲਾਂ ਮਾਰਦਾ ਅੱਗੇ ਵੱਧਦਾ ਹੋਇਆ ਨੇਪਰੇ ਚੜ੍ਹੇ।ਇਸ ਕਾਰਜ ਵਿੱਚ ਇਸ ਸੰਸਥਾ ਦੀ ਤਰੱਕੀ, ਸਫਲਤਾ, ਇਸ ਨਾਲ ਜੁੜੇ ਹਰ ਮੈਂਬਰ ਦੀ ਸਿਹਤਯਾਬੀ ਦੀ ਅਰਦਾਸ ਕੀਤੀ ਹੋਈ।ਇਸ ਸ਼ੁੱਭ ਅਵਸਰ ਤੇ ਵਿਦਿਆਰਥੀਆਂ ਨੇ ਕੋਈ ਬੋਲੇ ਰਾਮ-ਰਾਮ ਅਤੇ ਜਾ ਤੂੰ ਮੇਰੇ ਵਲਿ ਹੈ, ਸ਼ਬਦ ਬੜੀ ਹੀ ਰਸਮਈ ਆਵਾਜ਼ ਵਿੱਚ ਗਾਇਨ ਕੀਤੇ।ਇਸ ਤੋਂ ਬਿਨ੍ਹਾਂ ਵਿਦਿਆਰਥੀਆਂ ਨੇ ਕਵੀਸ਼ਰੀ ਪੇਸ਼ ਕਰਕੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਸਕੂਲ ਦੇ ਪ੍ਰਿੰਸੀਪਲ ਸਾਹਿਬ ਰੂਪ ਲਾਲ ਬਾਂਸਲ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮਹਾਨ ਰੂਹਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਨਾਲ ਇਹ ਸੰਸਥਾ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ ਅਤੇ ਅੱਜ ਅਸੀਂ ਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਆਪਣਾ ਮਿਹਰ ਭਰਿਆ ਹੱਥ ਇਸ ਸੰਸਥਾ ਉੱਪਰ ਅਤੇ ਇਸਦੇ ਹਰੇਕ ਮੈਂਬਰ ਉੱਪਰ ਸਦਾ ਰੱਖਣ।ਵਿਦਿਆਰਥੀਆਂ ਨੂੰ ਨਵੀਂ ਚੇਤਨਾ ਅਤੇ ਉਤਸ਼ਾਹ ਨਾਲ ਗੁਰੂ ਜੀ ਦਾ ਓਟ ਆਸਰਾ ਲੈ ਕੇ ਨਵੇਂ ਸੈਸ਼ਨ ਦੀ ਸ਼ੁਰੂਆਤ ਕਰਨ ਲਈ ਕਿਹਾ।ਭੋਗ ਦੀ ਸਮਾਪਤੀ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਆਈ ਹੋਈ ਸਮੂਹ ਸੰਗਤ ਨੇ ਪੰਗਤ ਪ੍ਰਥਾ ਨੂੰ ਜਾਰੀ ਰੱਖਦੇ ਹੋਏ ਪੰਗਤਾਂ ਵਿੱਚ ਬੈਠ ਕੇ ਸ਼ਰਧਾ ਨਾਲ ਲੰਗਰ ਛਕਿਆ।ਇਸ ਕਾਰਜ ਵਿੱਚ ਸੰਸਥਾ ਦੇ ਡਰਾਈਵਰ ਵੀਰਾਂ ਤੇ ਸਹਾਇਕ ਕਰਮਚਾਰੀਆਂ ਨੇ ਆਪਣੀ ਅਣਥੱਕ ਸੇਵਾ ਨਿਭਾਈ।ਇਸ ਤਰ੍ਹਾਂ ਸਮੂਹ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ, ਪ੍ਰਿੰਸੀਪਲ ਸਾਹਿਬ, ਕੋਆਰਡੀਨੇਟਰਜ਼, ਸਮੂਹ ਸਕੂਲ ਸਟਾਫ਼ ਮੈਂਬਰ ਤੇ ਇਸ ਸੰਸਥਾ ਦੇ ਨਾਲ ਜੁੜੇ ਹਰੇਕ ਮੈਂਬਰ ਦੇ ਅਥੱਕ ਸਹਿਯੋਗ ਨਾਲ ਇਹ ਸਮਾਗਮ ਨੇਪਰੇ ਚਾੜ੍ਹਿਆ।ਇਸ ਤਰ੍ਹਾਂ ਸਮੂਹ ਪ੍ਰਬੰਧਕ ਕਮੇਟੀ ਦੇ ਮੈਬਰ ਸਾਹਿਬਾਨ, ਪ੍ਰਿੰਸੀਪਲ ਸਾਹਿਬ, ਕੋਆਰਡੀਨੇਟਰਜ਼, ਸਮੂਹ ਸਕੂਲ ਸਟਾਫ਼ ਮੈਂਬਰ ਤੇ ਇਸ ਸੰਸਥਾ ਦੇ ਨਾਲ ਜੁੜੇ ਹਰੇਕ ਮੈਂਬਰ ਦੇ ਅਥੱਕ ਸਹਿਯੋਗ ਨਾਲ ਇਹ ਸਮਾਗਮ ਨੇਪਰੇ ਚਾੜ੍ਹਿਆ।

## ਈਦ ਉਲ ਫਿਤਰ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



ਬਾਜਾਖਾਨਾ 21 ਮਾਰਚ (ਅਵਤਾਰ ਸਿੰਘ ਮੱਲਾ ) ਮੁਸਲਿਮ ਭਾਈਚਾਰੇ ਵੱਲੋਂ ਬਾਬਾ ਫਰੀਦ ਮਸਜਿਦ ਪਿੰਡ ਮੱਲਾਂ ਵਿਖੇ ਈਦ ਉਲ ਫਿਤਰ ਦੀ ਨਮਾਜ਼ ਅਦਾ ਕੀਤੀ ਗਈ । ਮਸਜਿਦ ਦੇ ਮੌਲਵੀ ਪਰਵੇਜ ਆਲਮ ਵੱਲੋਂ ਨਮਾਜ਼ ਪੜ੍ਹਾਈ ਗਈ। ਇਸ ਸਮੇਂ ਮੌਲਵੀ ਪਰਵੇਜ ਆਲਮ ਅਤੇ ਡਾ.ਮੁਹੰਮਦ ਰੂਪ ਨੇ ਗੱਲਬਾਤ ਕਰਦਿਆ ਦੱਸਿਆ ਕਿ ਇਹ ਤਿਉਹਾਰ ਮੁਸਲਿਮ ਭਾਈਚਾਰੇ ਲਈ ਬਹੁਤ ਹੀ ਖੁਸ਼ੀਆਂ ਭਰਿਆ ਹੁੰਦਾ ਹੈ ਇਸ ਦੌਰਾਨ ਭਾਈਚਾਰੇ ਵੱਲੋਂ ਅੱਲ੍ਹਾ ਦੀ ਇਬਾਦਤ ਕੀਤੀ ਜਾਂਦੀ ਹੈ ਅਤੇ ਸਰਬੱਤ ਦੇ ਭਲੇ ਲਈ ਦੁਆ ਕੀਤੀ ਜਾਂਦੀ ਹੈ। ਇਸ ਸਮਾਗਮ ਵਿੱਚ ਸੰਗਤਾਂ ਲਈ ਖੀਰ ਦਾ ਲੰਗਰ ਅਤੁੱਟ ਵਰਤਾਇਆ ਗਿਆ ।ਇਸ ਮੌਕੇ ਮਸਜਿਦ ਦੇ ਪ੍ਰਧਾਨ ਡਾ. ਮੁਹੰਮਦ ਰੂਪ, ਯੂਸਫ ਖਾਨ, ਪ੍ਰਗਟ ਖਾਨ, ਮੋਦਨ ਖਾਨ, ਮੱਖਣ ਖਾਨ, ਰਾਜ ਖਾਨ ,ਜ਼ਾਫਰ ਖਾਨ, ਲਾਲ ਦੀਨ ,ਡਾ ਮੁਹੰਮਦ ਖਾਨ,ਡਾ ਸਰੂਪ ਖਾਨ ਬਰਗਾੜੀ ਨਗਰ ਨਿਵਾਸੀਆਂ ਤੋ ਇਲਾਵਾ ਨਗਰ ਪੰਚਾਇਤ ਹਾਜ਼ਰ ਸੀ ।

## ਅਬੋਹਰ ਵਿੱਚ ਫਿਰ ਸੰਭਾਲਣਗੇ ਪ੍ਰਸ਼ਾਸਨਿਕ ਜ਼ਿੰਮੇਵਾਰੀ ਅਵਿਨਾਸ਼ ਚੰਦਰ

ਅਬੋਹਰ, 21 ਮਾਰਚ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਸਰਕਾਰ ਵੱਲੋਂ ਪ੍ਰਸ਼ਾਸਨਿਕ ਤਬਾਦਲਿਆਂ ਦੇ ਤਹਿਤ 2 ਤਹਿਸੀਲਦਾਰਾਂ ਅਤੇ 51 ਨਾਇਬ ਤਹਿਸੀਲਦਾਰਾਂ ਦੇ ਤਬਾਦਲੇ ਕੀਤੇ ਗਏ ਹਨ। ਜਾਰੀ ਸੂਚੀ ਅਨੁਸਾਰ ਸਬ-ਡਵੀਜ਼ਨ ਅਬੋਹਰ ਲਈ ਅਵਿਨਾਸ਼ ਚੰਦਰ ਨੂੰ ਨਵੇਂ ਨਾਇਬ ਤਹਿਸੀਲਦਾਰ ਵਜੋਂ ਨਿਯੁਕਤ ਕੀਤਾ ਗਿਆ ਹੈ। ਅਵਿਨਾਸ਼ ਚੰਦਰ ਇਸ ਤੋਂ ਪਹਿਲਾਂ ਮਮਦੋਟ ਸਬ-ਡਵੀਜ਼ਨ ਵਿੱਚ ਨਾਇਬ ਤਹਿਸੀਲਦਾਰ ਦੇ ਤੌਰ ਤੇ ਸੇ ਵਾ ਨਿਭਾ ਰਹੇ ਸਨ। ਖਾਸ ਗੱਲ ਇਹ ਹੈ ਕਿ ਉਹ ਅਬੋਹਰ ਦੇ ਰਹਿਣ ਵਾਲੇ ਹਨ ਅਤੇ ਹੁਣ ਆਪਣੇ ਹੀ ਸ਼ਹਿਰ ਵਿੱਚ ਮੁੜ ਤਾਇਨਾਤ ਹੋਣ ਨਾਲ ਸਥਾਨਕ ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਦਿਖਾਈ ਦੇ ਰਹੀ ਹੈ।

## ਮੁਸਲਿਮ ਭਾਈਚਾਰੇ ਵੱਲੋਂ ਮਨਾਇਆ ਗਿਆ ਈਦ ਉਲ ਫਿਤਰ ਦਾ ਤਿਉਹਾਰ



ਦੀਨਾਨਗਰ 21 ਮਾਰਚ (ਡਾ.ਰਮੇਸ਼ ਸਰੰਗਲ, ਵਰੁਣ ਸਰੰਗਲ ) ਅੱਜ ਜਾਮਾ ਮਸਜਿਦ ਦੀਨਾਨਗਰ ਵਿੱਚ ਈਦ ਉਲ ਫਿਤਰ ਦਾ ਤਿਉਹਾਰ ਬੜੀ ਹੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਤੇ ਮਾਇਨੋਰੀਟੀ ਡਿਪਾਰਟਮੈਂਟ ਵਿੱਚ ਜ਼ਿਲ੍ਹਾ ਵਾਇਸ ਚੇਅਰਮੈਨ ਸੂਰਮੁਦੀਨ ਅਤੇ ਮਸਜਿਦ ਦੇ ਇਮਾਮ ਜਹਗੀਰ ਕਾਲਸ ਨੇ ਪੂਰੇ ਦੇਸ਼ਵਾਸੀਆਂ ਨੂੰ ਈਦ ਉਲ ਫਿਤਰ ਦੀ ਵਧਾਈ ਦਿੱਤੀ ਅਤੇ ਆਪਸ ਵਿੱਚ ਭਾਈਚਾਰਾ ਅਤੇ ਏਕਤਾ ਦੇ ਨਾਲ ਅਮਨ ਸ਼ਾਂਤੀ ਬਣਾਏ ਰੱਖਣ ਦਾ ਸੰਦੇਸ਼ ਦਿੱਤਾ ਅਤੇ ਆਪਣੇ ਆਪਣੇ ਦੇਸ਼ ਵਾਸੀਆਂ ਲਈ ਦੁਆ ਕੀਤੀ। ਅਤੇ ਵਰਲਡ ਵਿੱਚ ਜੋ ਯੁੱਧ ਚੱਲ ਰਿਹਾ ਹੈ ਉਸਦੇ ਲਈ ਡੋਨਲਡ ਟਰੰਪ ਦੀ ਕੜੇ ਸ਼ਬਦਾਂ ਨਾਲ ਨਿੰਦਾ ਕੀਤੀ ਅਤੇ ਤਮਾਮ ਲੋਕਾਂ ਨੂੰ ਅਮਨ ਸ਼ਾਂਤੀ ਅਤੇ ਭਾਈਚਾਰਾ ਕਾਇਮ ਰੱਖਣ ਲਈ ਅਪੀਲ ਕੀਤੀ।ਇਸ ਮੌਕੇ ਤੇ ਪ੍ਰਧਾਨ ਯੂਸੁਫ਼, ਹਾਜੀ ਇਸਮਾਈਲ, ਹਾਜੀ ਜ਼ਬਰਦੀਨ, ਹਾਜੀ ਯੂਸੁਫ਼ ਲੰਬੜ, ਨਵਾਬ ਦੀਨ ਪਸਬਾਲ,ਪ੍ਰਧਾਨ ਲਾਲ ਹੁਸੈਨ, ਪ੍ਰਧਾਨ ਸ਼ਾਮ ਦੀਨ ਮਗਰਾਲਾ, ਆਲਮ, ਤਾਜ਼ ਮੁਹੰਮਦ, ਅਫਸਰ ਅਲੀ, ਸ਼ਮਸੂਦੀਨ,ਸਾਜਿਦ ਮੰਡਲ, ਸੀਰਾਜ ਅਲੀ ਅਤੇ ਹੋਰ ਬਹੁਤ ਸਾਰੇ ਲੋਕ ਹਾਜਰ ਸਨ।

## ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਦਾ ਹੈ ਈਦ ਦਾ ਤਿਉਹਾਰ : ਨਾਗਰਾ



ਫਤਹਿਗੜ੍ਹ ਸਾਹਿਬ, 31 ਮਾਰਚ: (ਨਰਿੰਦਰ ਸਿੰਘ )ਈਦ ਦੇ ਪਵਿੱਤਰ ਤਿਉਹਾਰ ਮੌਕੇ ਸਾਬਕਾ ਵਿਧਾਇਕ ਸ. ਕੁਲਜੀਤ ਸਿੰਘ ਨਾਗਰਾ ਵੱਲੋਂ ਰੌਜਾ ਸਰੀਫ ਫ਼ਤਹਿਗੜ੍ਹ ਸਾਹਿਬ ਵਿਖੇ ਹਾਜ਼ਰੀ ਭਰੀ ਗਈ ਅਤੇ ਸਜਦਾ ਕਰਦਿਆਂ ਸਮੂਹ ਮੁਸਲਿਮ ਭਾਈਚਾਰੇ ਨੂੰ ਦਿਲੋਂ ਮੁਬਾਰਕਬਾਦ ਦਿੱਤੀ ਗਈ।ਇਸ ਮੌਕੇ ਗੱਲਬਾਤ ਕਰਦਿਆਂ ਸ. ਨਾਗਰਾ ਨੇ ਕਿਹਾ ਕਿ ਈਦ ਦਾ ਤਿਉਹਾਰ ਆਪਸੀ ਪਿਆਰ, ਭਰਾਤਰੀਭਾਵ, ਸਾਂਝ ਅਤੇ ਏਕਤਾ ਦਾ ਪ੍ਰਤੀਕ ਹੈ, ਜੋ ਸਮਾਜ ਵਿੱਚ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਦਾ ਹੈ। ਉਨ੍ਹਾਂ ਕਿਹਾ ਕਿ ਈਦ ਸਿਰਫ਼ ਮੁਸਲਿਮ ਭਾਈਚਾਰੇ ਦਾ ਹੀ ਨਹੀਂ, ਸਗੋਂ ਹਰ ਧਰਮ ਅਤੇ ਵਰਗ ਦੇ ਲੋਕਾਂ ਵੱਲੋਂ ਸਾਂਝੀਵਾਲਤਾ ਅਤੇ ਪ੍ਰੇਮ ਭਾਵਨਾ ਨਾਲ ਮਨਾਇਆ ਜਾਣ ਵਾਲਾ ਪਵਿੱਤਰ ਤਿਉਹਾਰ ਹੈ।ਉਨ੍ਹਾਂ ਅੱਗੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਮਾਜ ਨੂੰ ਵੰਡਣ ਵਾਲੀਆਂ ਨਫ਼ਰਤੀ ਅਤੇ ਫੁੱਟਪਾਊ ਤਾਕਤਾਂ ਦੇ ਖਿਲਾਫ ਸਾਨੂੰ ਇਕੱਠੇ ਹੋ ਕੇ ਪਿਆਰ, ਸਾਂਝ ਅਤੇ ਭਾਈਚਾਰੇ ਦੀ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਸਾਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਵੀ ਇਨ੍ਹਾਂ ਮੁੱਲਾਂ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਵਿੱਚ ਅਮਨ ਅਤੇ ਇਕਤਾ ਬਣੀ ਰਹੇਇਸ ਮੌਕੇ ਉਨ੍ਹਾਂ ਨੇ ਦੇਸ਼ ਅਤੇ ਸੂਬੇ ਦੀ ਖੁਸ਼ਹਾਲੀ, ਅਮਨ-ਚੈਨ ਅਤੇ ਤਰੱਕੀ ਲਈ ਦੁਆ ਵੀ ਕੀਤੀ ਅਤੇ ਕਿਹਾ ਕਿ ਅਸੀਂ ਸਾਰੇ ਮਿਲ ਕੇ ਇੱਕ ਅਜਿਹਾ ਸਮਾਜ ਬਣਾਈਏ ਜਿੱਥੇ ਹਰ ਵਰਗ ਨੂੰ ਬਰਾਬਰੀ ਦਾ ਮੌਕਾ ਮਿਲੇ ਅਤੇ ਹਰ ਕੋਈ ਖੁਸ਼ਹਾਲ ਜੀਵਨ ਬਿਤਾ ਸਕੇ।ਇਸ ਮੌਕੇ ਰੋਜ਼ਾ ਸਰੀਫ ਦੇ ਖਲੀਫਾ ਸਈਅਦ ਸਾਦਿਕ ਰਜ਼ਾ,ਨਗਰ ਕੌਂਸਲ ਪ੍ਰਧਾਨ ਅਸ਼ੋਕ ਸੂਦ,ਸੈਫ ਅਹਿਮਦ,ਕੌਂਸਲਰ ਗੁਲਸ਼ਨ ਰਾਏ ਬੋਬੀ,ਕੌਂਸਲਰ ਆਨੰਦ ਮੋਹਨ,ਕੌਂਸਲਰ ਅਮਰਦੀਪ ਬੈਨੀਪਾਲ,ਕੌਂਸਲਰ ਪਵਨ ਕਾਲੜਾ,ਕੌਂਸਲਰ ਜਗਜੀਤ ਕੋਕੀ,ਕੌਂਸਲਰ ਵਿਸਾਖੀ ਰਾਮ,ਮਾਰਕਫੈੱਡ ਪੰਜਾਬ ਦੇ ਡਾਇਰੈਕਟਰ ਦਵਿੰਦਰ ਸਿੰਘ ਜੱਲ੍ਹਾ,ਗੁਰਜੀਤ ਲੋਗੀ,ਫਵਾਦ,ਦੀਨ ਮੁਹੰਮਦ,ਰਾਜੀਵ ਸ਼ਰਮਾ ਆਦਿ ਹਾਜ਼ਰ ਸਨ।

## ਭਾਜਪਾ ਆਗੂਆਂ ਨੇ ਕੀਤੀ ਸੰਗਰੂਰ ਵਿੱਚ ਈ.ਐੱਸ.ਆਈ ਦਾ ਜਿਲ੍ਹਾ ਦਫ਼ਤਰ ਖੋਲਣ ਦੀ ਮੰਗ



ਸੰਗਰੂਰ 21 ਮਾਰਚ (ਹਰਕੰਵਲ ਸਿੰਘ ਹੈਪੀ) ਭਾਜਪਾ ਦੇ ਜ਼ਿਲਾ ਕਾਰਜਕਾਰੀ ਪ੍ਰਧਾਨ ਸਰਜੀਵਨ ਜਿੰਦਲ ਅਤੇ ਜਿਲ੍ਹਾਂ ਜਨਰਲ ਸਕੱਤਰ ਪ੍ਰਦੀਪ ਗਰਗ ਨੇ ਕੇਂਦਰੀ ਲੇਬਰ ਤੇ ਰੋਜਗਾਰ ਮੰਤਰੀ ਮਨਸੁਖ ਮਾਂਡਵੀਆ ਨੂੰ ਇੱਕ ਪੱਤਰ ਲਿਖੇ ਸੰਗਰੂਰ ਵਿਖੇ ਈ.ਐੱਸ.ਆਈ ਦਾ ਜਿਲ੍ਹਾ ਦਫ਼ਤਰ ਖੋਲਣ ਦੀ ਮੰਗ ਕੀਤੀ ਹੈ। ਉਨ੍ਹਾ ਇਸ ਪੱਤਰ ਰਾਹੀਂ ਮੰਗ ਕੀਤੀ ਕਿ ਮਾਲੇਰਕੋਟਲਾ ਜਿਲ੍ਹਾ ਸਾਲ 2016 ਵਿੱਚ ਬਣ ਗਿਆ ਸੀ ਅਤੇ ਜਿਲ੍ਹਾ ਸੰਗਰੂਰ ਦੇ ਸਾਰੇ ਕੰਮ ਮਾਲੇਰਕੋਟਲਾ ਵਿਖੇ ਹੁੰਦੇ ਸਨ, ਪਰ ਹੁਣ ਸੰਗਰੂਰ ਵਿਖੇ ਕੋਈ ਵੀ ਈ.ਐੱਸ.ਆਈ ਦਾ ਜਿਲ੍ਹਾ ਦਫ਼ਤਰ ਨਹੀਂ ਹੈ ਅਤੇ ਇਸਦੇ ਆਲੇ ਦੁਆਲੇ 100 ਕਿਲੋਮੀਟਰ ਦੇ ਘੇਰੇ ਵਿੱਚ ਵਿਧਾਨ ਸਭਾ ਹਲਕਾ ਸੰਗਰੂਰ, ਦਿੜਬਾ, ਸੁਨਾਮ, ਲਹਿਰਾਗਾਗਾ ਆਉਂਦੇ ਹਨ, ਪਰ ਜਿਲ੍ਹਾ ਦਫ਼ਤਰ ਨਾ ਹੋਣ ਕਰਕੇ ਇਸ ਜਿਲ੍ਹੇ ਦੇ ਸਾਰੇ ਕਾਮਿਆਂ ਅਤੇ ਉਦਯੋਗਪਤੀਆਂ ਨੂੰ ਮਾਲੇਰਕੋਟਲਾ ਵਿਖੇ ਜਾਂਣਾ ਪੈਂਦਾ ਹੈ ਅਤੇ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾ ਕਿਹਾ ਕਿ ਹੁਣ ਕੇਂਦਰ ਸਰਕਾਰ ਵੱਲੋਂ ਸੱਪਰੀ 2025 ਸਕੀਮ ਵੀ ਲਾਂਚ ਕੀਤੀ ਗਈ ਹੈ, ਜਿਸ ਕਰਕੇ ਏਰੀਏ ਦੇ ਵਿੱਚ 300 ਤੋਂ 400 ਯੂਨਿਟ ਰਜਿਸਟਰਡ ਹੋ ਗਏ ਹਨ ਅਤੇ ਕਰੀਬ 200 ਪਹਿਲਾਂ ਹੀ ਕੰਮ ਕਰ ਰਹੇ ਹਨ, ਜਿਸ ਕਾਰਨ ਲੋਕਾਂ ਨੂੰ ਆਪਣੇ ਕੰਮਕਾਰ ਕਰਵਾਉਣ ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।ਉਨ੍ਹਾ ਮੰਗ ਕੀਤੀ ਕਿ ਕਾਮਿਆਂ ਅਤੇ ਉਦਯੋਗਤੀਆਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਈ.ਐੱਸ.ਆਈ ਦਾ ਜਿਲ੍ਹਾ ਦਫ਼ਤਰ ਸੰਗਰੂਰ ਵਿਖੇ ਅਤੇ ਇਸ ਦੇ ਨਾਲ ਨਾਲ ਸੁਨਾਮ ਦਿੜਬਾ ਲਹਿਰਾ ਗਾਗਾ ਅਤੇ ਭਵਾਨੀਗੜ੍ਹ ਵਿਖੇ ਈਐਸਆਈ ਸੀ ਦੀਆਂ ਡਿਸਪੈਂਸਰੀਆਂ ਖੋਲੀਆਂ ਜਾਣ ਤਾਂ ਕਿ ਕਾਮਿਆਂ ਨੂੰ ਸਹੀ ਤਰੀਕੇ ਨਾਲ ਉਹਨਾਂ ਦਾ ਬਣਦਾ ਹੱਕ ਮੈਡੀਕਲ ਸਹੂਲਤ ਮਿਲ ਸਕੇ । ਇਸ ਮੌਕੇ ਉਹਨਾਂ ਦੇ ਨਾਲ ਭਾਜਪਾ ਦੇ ਸੀਨੀਅਰ ਆਗੂ ਜੋਗੀ ਰਾਮ ਸਾਹਨੀ ਅਤੇ ਜਿਲਾ ਮੀਤ ਪ੍ਰਧਾਨ ਨਵਦੀਪ ਸ਼ਰਮਾ ਵੀ ਮੌਜੂਦ ਸਨ।

## ਜੇਐਨਵੀ ਪ੍ਰੀਖਿਆ'ਚ ਬੱਛੋਆਣਾ ਸਕੂਲ ਦੇ ਗੁਰਵਿੰਦਰ ਨੇ 21ਵਾਂ ਅਤੇ ਹਰਜੋਤ ਕੌਰ ਨੇ 24ਵਾਂ ਰੈਂਕ ਹਾਸਲ ਕੀਤਾ

ਬੁਢਲਾਡਾ 21 ਮਾਰਚ(ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ)- ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਦੇ ਜੇਐਨਵੀ ਸਿਖਿਆ ਪ੍ਰੋਜੈਕਟ ਦੇ ਸਹਿਯੋਗ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਬੱਛੋਆਣਾ ਦੇ ਦੋ ਵਿਦਿਆਰਥੀਆਂ ਗੁਰਵਿੰਦਰ ਦਾਸ ਅਤੇ ਹਰਜੋਤ ਕੌਰ ਨੇ ਜਵਾਹਰ ਨਵੋਦਿਆ ਵਿਦਿਆਲਿਆ ਦੀ ਪ੍ਰੀਖਿਆ ਪਾਸ ਕੀਤੀ। ਸਕੂਲ ਦੇ ਮੁੱਖ ਅਧਿਆਪਕ ਕੁਲਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਅਧਿਆਪਕ ਗੁਰਮੇਲ ਸਿੰਘ ਮੱਖਣ ਅਤੇ ਵਲੰਟੀਅਰ ਅਧਿਆਪਕ ਪਲਵਿੰਦਰ ਸਿੰਘ ਬਬਲੀ ਦੀ ਮਿਹਨਤ ਸਦਕਾ ਗੁਰਵਿੰਦਰ ਦਾਸ ਨੇ 85 ਫੀਸਦੀ ਅੰਕ ਲੈ ਕੇ 21ਵਾਂ ਰੈਂਕ ਅਤੇ ਹਰਜੋਤ ਕੌਰ ਨੇ 24ਵਾਂ ਰੈਂਕ ਹਾਸਲ ਕੀਤਾ। ਉਨਾਂ ਦੱਸਿਆ ਸਕੂਲ ਦੇ ਕੁੱਲ 15 ਬੱਚਿਆਂ ਨੇ ਇਹ ਪ੍ਰੀਖਿਆ ਦਿੱਤੀ ਸੀ ਜਿਨਾਂ ਵਿੱਚੋਂ 12 ਬੱਚਿਆਂ ਦਾ ਨਤੀਜਾ 85 ਫੀਸਦੀ ਤੋਂ ਲੈ ਕੇ 68 ਫੀਸਦੀ ਤੱਕ ਰਿਹਾ ਹੈ। 10 ਵਿਦੀਅਆਰਥੀ ਭਾਵੇਂ ਪਹਿਲੀ ਲਿਸਟ ਚ ਦਾਖਲੇ ਲਈ ਆਪਣਾ ਨਾਮ ਦਰਜ ਨਹੀਂ ਕਰਵਾ ਸਕੇ ਪਰ ਉਨਾਂ ਦਾ ਨਤੀਜਾ ਬਹੁਤ ਵਧੀਆ ਰਿਹਾ ਹੈ । ਹਰਮੀਤ ਕੌਰ ਅਤੇ ਬੱਬੂ ਸਿੰਘ ਨੇ 77.5, ਰੁਲਦੂ ਸਿੰਘ ਅਤੇ ਪ੍ਰਨੀਤ ਕੌਰ ਨੇ 76.25, ਅਰਸ਼ਦੀਪ ਸਿੰਘ ਨੇ 72.5, ਮੁਹੰਮਦ ਨੇ 71.25, ਕ੍ਰਿਸ਼ਨ ਸਿੰਘ ਨੇ 70, ਜਗਜੋਤ ਕੌਰ ਅਤੇ ਖੁਸ਼ਪ੍ਰੀਤ ਕੌਰ ਨੇ 69 ਫੀਸਦੀ ਅੰਕ ਲੈ ਕੇ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ। ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਦੇ ਪ੍ਰਬੰਧਕਾਂ ਵੱਲੋਂ ਵੱਲੋਂ ਜਵਾਹਰ ਨਵੋਦਿਆ ਵਿਦਿਆਲਿਆ ਦੀ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਲਈ ਸਕੂਲ ਦੇ ਵਿਦਿਆਰਥੀਆਂ ਨੂੰ ਤਿੰਨੇ ਪੇਪਰਾਂ ਹਿਸਾਬ,ਪੰਜਾਬੀ ਅਤੇ ਰੀਜਨਿੰਗ ਲਈ ਵਿਸ਼ੇਸ ਤਿਆਰ ਕੀਤੇ ਹੋਏ ਕਿਤਾਬਾਂ ਦੇ ਸੈੱਟ,ਟੈਸਟ ਸੀਰੀਜ਼ ਬੁੱਕਲੈੱਟ, ਓਐਮਆਰ ਸੀਟਾਂ ਹੋਰ ਸਿਖਿਆ ਸਮੱਗਰੀ ਤੋਂ ਇਲਾਵਾ ਵਲੰਟੀਅਰ ਅਧਿਆਪਕ ਦੀਆਂ ਸੇਵਾਵਾਂ ਮੁਹੱਈਆ ਕਰਵਾਈ ਗਈ ਸੀ ।ਫਾਊਂਡੇਸ਼ਨ ਦੇ ਜ਼ਿਲਾ ਮਾਨਸਾ ਦੇ ਕੋਆਰਡੀਨੇਟਰ ਪ੍ਰੋਫ਼ੈਸਰ ਸਤਨਾਮ ਸਿੰਘ ਬੱਛੋਆਣਾ ਨੇ ਟੈਸਟ ਪਾਸ ਕਰਨ ਵਾਲੇ ਬੱਚਿਆਂ ਨੂੰ ਵਧਾਈ ਦਿੱਤੀ।

# ਪੰਜਾਬ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਤੇ ਪਾਰਦਰਸ਼ੀ ਹੱਲ ਯਕੀਨੀ ਬਣਾਉਣ ਲਈ ਵਚਨਬੱਧ : ਸੰਧਵਾਂ

ਫਰੀਦਕੋਟ, 21 ਮਾਰਚ (ਅਵਤਾਰ ਸਿੰਘ ਮੱਲਾ): ਸਪੀਕਰ ਪੰਜਾਬ ਵਿਧਾਨ



ਸਭਾ ਕੁਲਤਾਰ ਸਿੰਘ ਸੰਧਵਾਂ ਵੱਲੋਂ ਨਗਰ ਕੌਂਸਲ ਕੋਟਕਪੂਰਾ ਵਿਖੇ ਲੋਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਡੀ ਗਿਣਤੀ ਵਿੱਚ ਪਹੁੰਚੇ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ ਅਤੇ ਸੰਬੰਧਤ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਤੇ ਪਾਰਦਰਸ਼ੀ ਹੱਲ ਯਕੀਨੀ ਬਣਾਉਣ ਲਈ ਵਚਨਬੱਧ ਹੈ ਤੇ ਲੋਕ ਮਿਲਣੀਆਂ ਇਸ ਮਕਸਦ ਨੂੰ ਪੂਰਾ ਕਰਨ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ, ਇਸ ਲਈ ਪ੍ਰਸ਼ਾਸਨ ਨੂੰ ਲੋਕਾਂ ਦੇ ਦਰ 'ਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਪਿਛਲੇ 4 ਸਾਲਾਂ ਤੋਂ ਲੋਕਾਂ ਵਿੱਚ ਵਿਚਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਦਾ ਹੱਲ ਯਕੀਨੀ ਬਣਾਉਂਦੇ ਹਨ।

ਇਸ ਮੌਕੇ ਲੋਕਾਂ ਵੱਲੋਂ ਪਾਣੀ ਸਪਲਾਈ, ਸੜਕਾਂ ਦੀ ਮੁਰੰਮਤ, ਸਫ਼ਾਈ ਪ੍ਰਬੰਧ ਤੇ ਹੋਰ ਨਗਰਿਕ ਸੁਵਿਧਾਵਾਂ ਨਾਲ ਸਬੰਧਤ ਮੁੱਦੇ ਉਠਾਏ ਗਏ। ਸਪੀਕਰ ਸੰਧਵਾਂ ਨੇ ਭਰੋਸਾ ਦਿੱਤਾ ਕਿ ਹਰ ਇਕ ਸਮੱਸਿਆ ਦਾ ਸਮਾਂ-ਬੱਧ ਹੱਲ ਕੀਤਾ ਜਾਵੇਗਾ ਅਤੇ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਨਿਰਧਾਰਤ ਸਮੇਂ ਅੰਦਰ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਲਾਕੇ ਦੀ ਵਿਕਾਸ ਪ੍ਰਕਿਰਿਆ ਵਿੱਚ ਸਰਕਾਰ ਦਾ ਸਾਥ ਦੇਣ।

ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 1 ਲੱਖ 80 ਹਜ਼ਾਰ ਆਮਦਨ ਦੀ ਲਿਮਟ ਨੂੰ ਵਧਾ ਕੇ 8 ਲੱਖ ਆਮਦਨ ਦੀ ਲਿਮਟ ਤੱਕ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਤਹਿਤ ਹੁਣ ਬਹੁਤ ਲੋਕ ਦਾਲ ਆਟਾ ਸਕੀਮ ਦਾ ਲਾਭ ਲੈ ਸਕਣਗੇ। ਇਸ ਮੌਕੇ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ, ਸਾਧੂ ਰਾਮ ਕੁਸਲਾ ਓ.ਐਸ.ਡੀ., ਮਨਪ੍ਰੀਤ ਸਿੰਘ ਧਾਲੀਵਾਲ ਪੀ.ਆਰ.ਓ, ਸੁਖਵੰਤ ਸਿੰਘ ਪੱਕਾ, ਗੈਰੀ ਵੜਿੰਗ, ਸਿਮਰਨਜੀਤ ਸਿੰਘ ਐਮ.ਸੀ. ਮਨਦੀਪ ਮੌਂਗਾ, ਅਮਨਦੀਪ ਸਿੰਘ ਪੀ.ਟੇ ਟੂ ਸਪੀਕਰ, ਰਾਜਪਾਲ ਢੁੱਡੀ ਤੋਂ ਇਲਾਵਾ ਨਗਰ ਕੌਂਸਲ ਦੇ ਅਧਿਕਾਰੀ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜ਼ਰ ਸਨ।

# ਏ.ਜੀ.ਟੀ.ਐਫ. ਤੇ ਬਠਿੰਡਾ ਪੁਲਿਸ ਦੇ ਸਾਂਝੇ ਐਕਸ਼ਨ ਤਹਿਤ ਦਿੱਲੀ ਤੋਂ ਲਿਆਂਦੇ ਨਾਜਾਇਜ਼ ਅਸਲੇ ਸਣੇ 2 ਕਾਬੂ

ਬਠਿੰਡਾ, 21 ਮਾਰਚ (ਦੀਪਕ ਸ਼ਰਮਾ): ਐਂਟੀ-ਗੈਂਗਸਟਰ ਟਾਸਕ ਫੋਰਸ ਪੰਜਾਬ ਤੇ ਬਠਿੰਡਾ ਪੁਲਿਸ ਨੇ ਇੱਕ ਸਾਂਝੇ ਆਪ੍ਰੇਸ਼ਨ



ਦੌਰਾਨ ਦੋ ਨੌਜਵਾਨਾਂ ਨੂੰ ਨਾਜਾਇਜ਼ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਦੀ ਮੁਢਲੀ ਪੜਤਾਲ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਫੜੇ ਗਏ ਇਹਨਾਂ ਮੁਲਜ਼ਮਾਂ ਦੇ ਨਿਸ਼ਾਨੇ 'ਤੇ ਸ਼ਹਿਰ ਦਾ ਇੱਕ ਵੱਡਾ ਵਪਾਰੀ ਸੀ ਤੇ ਇਹ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸਨ।ਇੱਕ ਪੁਖਤਾ ਸੋਚਨਾ ਦੇ ਅਧਾਰ ਤੇ ਮੁਲਜ਼ਮਾਂ ਨੂੰ ਸ਼ਹਿਰ ਦੀ ਪੱਟਾਂ ਮਾਰਕਿਟ ਚੋਂ ਗ੍ਰਿਫਤਾਰ ਕੀਤਾ ਗਿਆ ਹੈ।ਕਥਿਤ ਦੋਸ਼ੀਆਂ ਖਿਲਾਫ ਥਾਣਾ ਕੋਤਵਾਲੀ ਵਿਖੇ ਅਸਲਾ ਐਕਟ ਅਤੇ ਹੋਰ ਵੱਖ ਵੱਖ ਸੰਗੀਨ ਧਾਰਾਵਾਂ ਅਧੀਨ ਪਰਚਾ ਦਰਜ ਕੀਤਾ ਗਿਆ ਹੈ।ਉਕਤ ਮਾਮਲੇ ਦੀ ਤਫਤੀਸ਼ ਸਹਾਇਕ ਥਾਣੇਦਾਰ ਕੋਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਆਪਣੇ ਟਵਿੱਟਰ ਹੈਂਡਲ 'ਤੇ ਦੱਸਿਆ ਕਿ ਪੁਲਿਸ ਦੀ ਇਸ ਮੁਸਤੈਦੀ ਸਦਕਾ ਸ਼ਹਿਰ ਵਿੱਚ ਇੱਕ ਸੰਭਾਵੀ ਅਪਰਾਧਿਕ ਘਟਨਾ ਨੂੰ ਸਮੇਂ ਸਿਰ ਟਾਲ ਦਿੱਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਗ੍ਰਿਫਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਜੈਕੀ ਕੁਮਾਰ ਉਰਫ਼ ਜੈਕੀ ਅਤੇ ਵਿਕਾਸ ਅਰੋੜਾ ਵਜੋਂ ਹੋਈ ਹੈ। ਪੁਲਿਸ ਨੂੰ ਇਨ੍ਹਾਂ ਦੀਆਂ ਸ਼ੱਕੀ ਗਤੀਵਿਧੀਆਂ ਬਾਰੇ ਖੁਫ਼ੀਆ ਜਾਣਕਾਰੀ ਮਿਲੀ ਸੀ, ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਨੇ ਘੇਰਾਬੰਦੀ ਕਰਕੇ ਇਨ੍ਹਾਂ ਨੂੰ ਦਬੋਚ ਲਿਆ।ਜਾਂਚ ਦੌਰਾਨ ਖੁਲਾਸਾ ਹੋਇਆ ਕਿ ਇਹ ਮੁਲਜ਼ਮ ਸ਼ਹਿਰ ਦੇ ਇੱਕ ਨਾਮੀ ਕਾਰੋਬਾਰੀ ਦੀ ਰੇਕੀ ਕਰ ਰਹੇ ਸਨ।

ਪੁਲਿਸ ਅਨੁਸਾਰ ਮੁਲਜ਼ਮ ਵਿਕਾਸ ਅਰੋੜਾ ਦਾ ਪਿਛੋਕੜ ਅਪਰਾਧਿਕ ਹੈ ਅਤੇ ਉਸ ਵਿਰੁੱਧ ਪਹਿਲਾਂ ਹੀ ਘਰੇਲੂ ਹਿੰਸਾ ਸਮੇਤ ਕਈ ਹੋਰ ਸੰਗੀਨ ਮਾਮਲੇ ਦਰਜ ਹਨ।ਪੁੱਛਗਿੱਛ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਵਾਰਦਾਤ ਲਈ ਵਰਤੇ ਜਾਣ ਵਾਲੇ ਹਥਿਆਰ ਖ਼ਾਸ ਤੌਰ 'ਤੇ ਦਿੱਲੀ ਤੋਂ ਖ਼ਰੀਦ ਕੇ ਲਿਆਂਦੇ ਗਏ ਸਨ।ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ 2 ਦੇਸੀ ਪਿਸਤੌਲ (.32 ਬੋਰ), ਮੈਗਜ਼ੀਨ ਤੇ 4 ਜ਼ਿਊਂਦੇ ਕਾਰਤੂਸ ਬਰਾਮਦ ਕੀਤੇ ਹਨ।ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਅਗਲੇਰੀ ਤਫ਼ਤੀਸ਼ ਜਾਰੀ ਹੈ ਤਾਂ ਜੋ ਇਨ੍ਹਾਂ ਦੇ ਬਾਕੀ ਸਾਥੀਆਂ ਤੇ ਹਥਿਆਰ ਸਪਲਾਈ ਕਰਨ ਵਾਲੇ ਲਿੰਕਾਂ ਦਾ ਪਤਾ ਲਗਾਇਆ ਜਾ ਸਕੇ। ਕਥਿਤ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ। ਇਸ ਦੌਰਾਨ ਕਿੱਥੇ ਜਾਣ ਵਾਲੀ ਪੁੱਛਗਿਛ ਵਿੱਚ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ

ਇਸ ਮੌਕੇ ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਸ਼ਹੀਦੀ ਦਿਹਾੜਾ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ : ਭੁੱਲਰ ਭਾਈਚਾਰਾ

ਬਠਿੰਡਾ, 21 ਮਾਰਚ (ਜਗਸੀਰ ਭੁੱਲਰ): ਸ਼ਹੀਦ ਬਾਬਾ ਸਿੱਧ ਭੁੱਲਰ ਜੀ ਦੇ ਅਸਥਾਨ 'ਤੇ ਭੁੱਲਰ ਭਾਈਚਾਰੇ ਵੱਲੋਂ ਕਰਵਾਏ ਜਾ ਰਹੇ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਅੱਜ ਇੱਕ ਵਿਸ਼ੇਸ਼ ਇਕੱਤਰਤਾ ਕੀਤੀ ਗਈ।ਇਸ ਮੌਕੇ ਭੁੱਲਰ ਭਾਈਚਾਰੇ ਦੇ ਪ੍ਰਧਾਨ ਬਲਦੇਵ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਭਲਕੇ ਤੋਂ ਬਾਬਾ ਜੀ



ਦੇ ਅਸਥਾਨ 'ਤੇ ਸਮਾਹੀ ਜੋੜ ਮੇਲਾ ਤੇ ਸ਼ਹੀਦੀ ਦਿਹਾੜਾ ਪੂਰੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਦੇਸ਼-ਵਿਦੇਸ਼ ਤੋਂ ਸਮੁੱਚਾ ਭੁੱਲਰ ਭਾਈਚਾਰਾ ਨਤਮਸਤਕ ਹੋਣ ਲਈ ਪਹੁੰਚ ਰਿਹਾ ਹੈ।

ਗੱਲਬਾਤ ਕਰਦਿਆਂ ਪ੍ਰਧਾਨ ਬਲਦੇਵ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਕਮੇਟੀ ਵੱਲੋਂ ਉਨ੍ਹਾਂ ਦੇ ਪੁਰਖਿਆਂ ਦੇ ਇਤਿਹਾਸਕ ਅਸਥਾਨ ਦੀ ਜ਼ਮੀਨ ਹਥਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪਹਿਲਾਂ ਵੀ ਅਦਾਲਤੀ ਕਾਰਵਾਈ ਚੱਲੀ ਸੀ, ਜਿਸ ਵਿੱਚ ਭਾਈਚਾਰੇ ਨੇ ਮਾਨਯੋਗ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਉਪ-ਮੰਡਲ ਮੈਜਿਸਟ੍ਰੇਟ (ਐਸ.ਡੀ.ਐਮ.) ਅਤੇ ਜ਼ਿਲ੍ਹਾ ਅਦਾਲਤ ਬਠਿੰਡਾ ਤੋਂ ਜਿੱਤ ਹਾਸਲ ਕੀਤੀ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਈਚਾਰੇ ਨੇ ਆਪਣੇ ਪੱਧਰ 'ਤੇ ਕਰੋੜਾਂ ਰੁਪਏ ਖਰਚ ਕੇ ਇੱਥੇ ਵਿਸ਼ਾਲ ਲੰਗਰ ਹਾਲ ਅਤੇ ਹੋਰ ਇਮਾਰਤਾਂ ਦੀ ਉਸਾਰੀ ਕਰਵਾਈ ਹੈ।

ਭਾਈਚਾਰੇ ਦੇ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਮੁੜ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਭਾਈਚਾਰੇ ਨੂੰ ਜਾਣਬੁੱਝ ਕੇ ਖੱਜਲ-ਖੁਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਇਸ ਵਿਰਾਸਤੀ ਜਗ੍ਹਾ 'ਤੇ ਮੈਲੀ ਅੱਖ ਰੱਖਣੀ ਬੰਦ ਕਰਨ। ਉਨ੍ਹਾਂ ਦੋ-ਟੁੱਕ ਸ਼ਬਦਾਂ ਵਿੱਚ ਆਖਿਆ ਕਿ ਜੇਕਰ ਇਹ ਕਾਨੂੰਨੀ ਕਾਰਵਾਈ ਵਾਪਸ ਨਾ ਲਈ ਗਈ ਤਾਂ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭੁੱਲਰ ਭਾਈਚਾਰਾ ਪੰਜਾਬ ਭਰ ਵਿੱਚ ਇਨ੍ਹਾਂ ਦਾ ਜ਼ੋਰਦਾਰ ਵਿਰੋਧ ਕਰੇਗਾ ਅਤੇ ਪਿੰਡ-ਪਿੰਡ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

# ਇੰਡੀਅਨ ਜਰਨਲਿਸਟਸ ਯੂਨੀਅਨ ਦੀ 11ਵੀਂ ਪਲੈਨਰੀ 28-29 ਨੂੰ ਵਿਜੇਵਾੜਾ 'ਚ

ਭਗਤਾ ਭਾਈ ਕਾ, 21 ਮਾਰਚ (ਸਵਰਨ ਸਿੰਘ ਭਗਤਾ): ਇੰਡੀਅਨ ਜਰਨਲਿਸਟਸ ਯੂਨੀਅਨ (ਆਈ.ਜੇ.ਯੂ) ਦੀ 11ਵੀਂ ਪਲੈਨਰੀ 28-29 ਮਾਰਚ ਨੂੰ ਵਿਜੇਵਾੜਾ (ਅਮਰਾਵਤੀ) (ਆਂਧਰਾ ਪ੍ਰਦੇਸ਼) ਵਿੱਚ ਹੋਵੇਗੀ। ਆਈ.ਜੇ.ਯੂ ਪ੍ਰਧਾਨ ਕੇ ਸ੍ਰੀਨਿਵਾਸ ਰੈਡੀ, ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ ਤੇ ਸਕੱਤਰ ਡੀ. ਸੋਮ ਸੁੰਦਰ ਦੱਸਿਆ ਕਿ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ ਅਤੇ ਪਹਿਲੇ ਸੈਸ਼ਨ ਦਾ ਉਦਘਾਟਨ ਕਰਨਗੇ। ਉਨ੍ਹਾਂ ਦੱਸਿਆ ਕਿ ਕਈ ਕੇਂਦਰੀ ਮੰਤਰੀ ਅਤੇ ਆਂਧਰਾ ਪ੍ਰਦੇਸ਼ ਦੇ ਮੰਤਰੀ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ। ਆਂਧਰਾ ਪ੍ਰਦੇਸ਼ ਯੂਨੀਅਨ ਆਫ ਵਰਕਿੰਗ ਜਰਨਲਿਸਟਸ 34 ਸਾਲ ਬਾਅਦ ਆਈ.ਜੇ.ਯੂ ਪਲੈਨਰੀ ਦੀ ਮੇਜ਼ਬਾਨੀ ਕਰ ਰਹੀ ਹੈ। ਸੂਬਾਈ ਚੇਅਰਮੈਨ ਬਲਬੀਰ ਸਿੰਘ ਜੰਡੂ, ਪ੍ਰਧਾਨ ਜੈ ਸਿੰਘ ਛਿੱਬਰ, ਸਕੱਤਰ ਜਨਰਲ ਸੰਤੋਖ ਗਿੱਲ, ਬਿੰਦੂ ਸਿੰਘ, ਭੂਸ਼ਨ ਸੂਦ, ਦਵਿੰਦਰ ਸਿੰਘ ਭੰਗੂ, ਰਾਜਨ ਮਾਨ, ਸੁਖਨੈਬ ਸਿੰਘ ਸਿੱਧੂ ਅਤੇ ਹਰਜੀਤ ਸਿੰਘ ਕਪੂਰਥਲਾ ਪੰਜਾਬ ਦੀ ਨੁਮਾਇੰਦਗੀ ਕਰਨਗੇ।

ਪੰਜਾਬ ਤੇ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਸੂਬਾਈ ਸਕੱਤਰ ਜਨਰਲ ਸੰਤੋਖ ਗਿੱਲ ਤੇ ਜ਼ਿਲਾ ਇਕਾਈ ਬਠਿੰਡਾ ਦੇ ਪ੍ਰਧਾਨ ਪਰਵਿੰਦਰ ਸਿੰਘ ਜੌੜਾ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਤੋਂ ਪਹਿਲਾਂ 1992 ਵਿੱਚ ਵਿਜੇਵਾੜਾ ਵਿੱਚ ਦੂਜੀ ਆਈ.ਜੇ.ਯੂ ਪਲੈਨਰੀ ਹੋਈ ਸੀ। 25 ਰਾਜਾਂ ਦੀਆਂ ਐਫੀਲੀਏਟਿਡ ਯੂਨੀਅਨਾਂ ਦੇ ਚੁਣੇ ਹੋਏ ਨੁਮਾਇੰਦੇ, ਸੂਬਾਈ ਪ੍ਰਧਾਨ ਤੇ ਜਨਰਲ ਸਕੱਤਰ ਇਸ ਪਲੈਨਰੀ ਵਿੱਚ ਭਾਗ ਲੈਣਗੇ। ਪਲੈਨਰੀ 'ਚ ਪੇਸ਼ੇਵਾਰ ਮੁੱਦਿਆਂ, ਭਾਰਤ 'ਚ ਮੀਡੀਆ ਦੀ ਮੌਜੂਦਾ ਸਥਿਤੀ, ਮੀਡੀਆ ਦੀ ਅਜ਼ਾਦੀ ਉਪਰ ਹਾਲੀਆ ਖ਼ਤਰਿਆਂ ਤੋਂ ਇਲਾਵਾ ਤੇ ਜਥੇਬੰਦਕ ਮਾਮਲਿਆਂ 'ਤੇ ਵੀ ਚਰਚਾ ਹੋਵੇਗੀ। ਕਾਨਫਰੰਸ 'ਚ ਪੱਤਰਕਾਰਾਂ ਦੀਆਂ ਮੰਗਾਂ ਨੂੰ ਅੱਗੇ ਵਧਾਉਣ ਲਈ ਯੋਜਨਾਬੰਦੀ ਤਿਆਰ ਕਰੇਗੀ, ਜਿਸ 'ਚ ਪੇਸ਼ੇਵਾਰ ਤੇ ਪੱਤਰਕਾਰਾਂ ਦੀ ਭਲਾਈ ਲਈ ਉਪਾਅ ਸ਼ਾਮਲ ਹੋਣਗੇ। ਪਲੈਨਰੀ ਵਿੱਚ ਅਗਲੇ ਦੋ ਸਾਲਾਂ ਲਈ ਨਵੀਂ ਨੈਸ਼ਨਲ ਐਗਜ਼ੀਕਿਉਟਿਵ ਕਮੇਟੀ ਦੀ ਚੋਣ ਵੀ ਕੀਤੀ ਜਾਵੇਗੀ ਤੇ ਨਵੇਂ ਚੁਣੇ ਗਏ ਕੌਮੀ ਪ੍ਰਧਾਨ ਬਲਵਿੰਦਰ ਜੰਮੂ ਤੇ ਸਕੱਤਰ ਜਨਰਲ ਡੀ ਸੋਮ ਸੁੰਦਰ ਕਾਰਜ ਭਾਰ ਸੰਭਾਲਣਗੇ।

# ਬਠਿੰਡਾ 'ਚ ਬਾਰੂਦ ਦੀ ਦਸਤਕ: 20 ਦਿਨਾਂ 'ਚ 15 ਪਿਸਤੌਲ ਤੇ 2 ਹੈਂਡ ਗ੍ਰਨੇਡ ਬਰਾਮਦ

ਬਠਿੰਡਾ, 21 ਮਾਰਚ (ਦੀਪਕ ਸ਼ਰਮਾ): ਪੰਜਾਬ ਵਿੱਚ ਇਕ ਪਾਸੇ ਸਰਹੱਦ ਪਾਰ ਤੋਂ ਨਜਾਇਜ਼ ਅਸਲਾ ਆਉਣ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ, ਉੱਥੇ ਹੀ ਹੁਣ ਬਠਿੰਡਾ ਜ਼ਿਲ੍ਹੇ ਵਿੱਚ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਤੋਂ ਨਜਾਇਜ਼ ਹਥਿਆਰਾਂ ਦੀ ਸਪਲਾਈ ਹੋਣ ਦੇ ਸੰਕੇਤ ਮਿਲ ਰਹੇ ਹਨ। ਪਿਛਲੇ ਕੁਝ ਦਿਨਾਂ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਵੱਡੀ ਮਾਤਰਾ ਵਿੱਚ ਫੜੇ ਗਏ ਨਜਾਇਜ਼ ਅਸਲੇ ਨੇ ਸੁਰੱਖਿਆ ਏਜੰਸੀਆਂ ਦੀ ਚਿੰਤਾ ਵਧਾ ਦਿੱਤੀ ਹੈ ਅਤੇ ਇਹ ਸਪੱਸ਼ਟ ਹੋ ਗਿਆ ਹੈ ਕਿ ਗੈਰਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਪੰਜਾਬ ਨੂੰ ਇਕ ਵੱਡੀ ਮਾਰਕਿਟ ਮੰਨ ਰਹੇ ਹਨ। ਪੁਲਿਸ ਵੱਲੋਂ ਹਾਲ ਹੀ ਵਿੱਚ ਕੀਤੀਆਂ ਕਾਰਵਾਈਆਂ ਦੌਰਾਨ ਕਈ ਥਾਵਾਂ ਤੋਂ ਪਿਸਤੌਲ, ਰਿਵਾਲਵਰ ਅਤੇ ਕਾਰਤੂਸ ਬਰਾਮਦ ਕੀਤੇ ਗਏ ਹਨ। ਇਨ੍ਹਾਂ ਬਰਾਮਦਗੀਆਂ ਤੋਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਨਜਾਇਜ਼ ਅਸਲਾ ਸਿਰਫ਼ ਸਰਹੱਦੀ ਇਲਾਕਿਆਂ ਰਾਹੀਂ ਹੀ ਨਹੀਂ, ਸਗੋਂ ਹੋਰ ਸੂਬਿਆਂ ਤੋਂ ਵੀ ਪੰਜਾਬ ਵਿੱਚ ਲਿਆਂਦਾ ਜਾ ਰਿਹਾ ਹੈ। ਪੁਲਿਸ ਜਾਂਚ ਵਿੱਚ ਇਹ ਸੰਕੇਤ ਮਿਲ ਰਹੇ ਹਨ ਕਿ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੇ ਕੁਝ ਇਲਾਕਿਆਂ ਵਿੱਚ ਤਿਆਰ ਹੋਣ ਵਾਲੇ ਗੈਰਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਜਾਲ ਰਾਹੀਂ ਪੰਜਾਬ ਤਕ ਪਹੁੰਚਾਇਆ ਜਾ ਰਿਹਾ ਹੈ। ਬਠਿੰਡਾ ਜ਼ਿਲ੍ਹੇ ਦੀ ਭੂਗੋਲਿਕ ਸਥਿਤੀ ਵੀ ਇਸ ਸਮੱਸਿਆ



ਦਾ ਇਕ ਵੱਡਾ ਕਾਰਨ ਮੰਨੀ ਜਾ ਰਹੀ ਹੈ। ਬਠਿੰਡਾ ਦੀਆਂ ਸਰਹੱਦਾਂ ਹਰਿਆਣਾ ਅਤੇ ਰਾਜਸਥਾਨ ਨਾਲ ਲੱਗਦੀਆਂ ਹਨ, ਜਿਸ ਕਰਕੇ ਤਸਕਰਾਂ ਲਈ ਇਕ ਸੂਬੇ ਤੋਂ ਦੂਜੇ ਸੂਬੇ ਵਿੱਚ ਹਥਿਆਰ ਲਿਜਾਣਾ ਆਸਾਨ ਹੋ ਜਾਂਦਾ ਹੈ। ਕਈ ਵਾਰ ਇਹ ਹਥਿਆਰ ਪਹਿਲਾਂ ਹੋਰ ਸੂਬਿਆਂ ਵਿੱਚ ਪਹੁੰਚਾਏ ਜਾਂਦੇ ਹਨ ਅਤੇ ਉੱਥੋਂ ਛੋਟੇ-ਛੋਟੇ ਰੂਟਾਂ ਰਾਹੀਂ ਪੰਜਾਬ ਦੇ ਅੰਦਰ ਤਸਕਰੀ ਕਰ ਦਿੱਤੇ ਜਾਂਦੇ ਹਨ।

ਸੁਰੱਖਿਆ ਏਜੰਸੀਆਂ ਦਾ ਮੰਨਣਾ ਹੈ ਕਿ ਨਜਾਇਜ਼ ਹਥਿਆਰਾਂ ਦੀ ਇਹ ਸਪਲਾਈ ਅਪਰਾਧਿਕ ਗਿਰੋਹਾਂ ਅਤੇ ਗੈਂਗਸਟਰ ਗਰੁੱਪਾਂ ਦੀ ਮੰਗ ਕਾਰਨ ਵਧ ਰਹੀ ਹੈ। ਗੈਂਗਵਾਰ, ਲੁੱਟਖੋਹ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਵਿੱਚ ਇਹ ਹਥਿਆਰ ਵਰਤੇ ਜਾਂਦੇ ਹਨ। ਇਸ ਕਰਕੇ ਪੁਲਿਸ ਵੱਲੋਂ ਹੁਣ ਅਜਿਹੇ ਗਿਰੋਹਾਂ ਦੀ ਪਹਿਚਾਣ ਕਰਕੇ ਉਨ੍ਹਾਂ ਦੇ ਨੈੱਟਵਰਕ ਨੂੰ ਤੋੜਨ ਲਈ ਖ਼ਾਸ ਮੁਹਿੰਮ ਚਲਾਈ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਦੇ ਮੁਤਾਬਕ ਜ਼ਿਲ੍ਹੇ ਵਿੱਚ ਨਾਕਾਬੰਦੀ ਅਤੇ ਚੈਕਿੰਗ ਵਧਾ ਦਿੱਤੀ ਗਈ ਹੈ। ਖ਼ਾਸ ਕਰਕੇ ਉਨ੍ਹਾਂ ਸੜਕਾਂ ਅਤੇ ਰੂਟਾਂ ਤੇ ਨਿਗਰਾਨੀ ਕੀਤੀ ਜਾ ਰਹੀ ਹੈ ਜਿਹੜੀ ਹਰਿਆਣਾ ਅਤੇ ਰਾਜਸਥਾਨ ਰਾਹੀਂ ਬਠਿੰਡਾ ਵਿੱਚ ਦਾਖ਼ਲ ਹੁੰਦੇ ਹਨ। ਇਸ ਦੇ ਨਾਲ ਹੀ ਖ਼ੁਫ਼ੀਆ ਏਜੰਸੀਆਂ ਵੀ ਸਰਗਰਮ ਹੋ ਗਈਆਂ ਹਨ ਅਤੇ ਨਜਾਇਜ਼ ਅਸਲੇ ਦੀ ਤਸਕਰੀ ਕਰਨ ਵਾਲੇ ਗਿਰੋਹਾਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖ ਰਹੀਆਂ ਹਨ। ਹਾਲੀਆ ਬਰਾਮਦਗੀਆਂ ਨੇ ਇੱਕ ਵੱਡੇ ਨੈੱਟਵਰਕ ਵੱਲ ਇਸ਼ਾਰਾ ਕੀਤਾ ਹੈ ਅਤੇ ਸੰਭਵ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਗ੍ਰਿਫਤਾਰੀਆਂ ਹੋਣ। ਗ੍ਰਿਫਤਾਰ ਕੀਤੇ ਗਏ ਸ਼ੱਕੀ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਇਹ ਹਥਿਆਰ ਕਿੱਥੋਂ ਲਿਆਂਦੇ ਗਏ ਅਤੇ ਇਨ੍ਹਾਂ ਨੂੰ ਕਿਹੜੇ ਲੋਕਾਂ ਤਕ ਪਹੁੰਚਾਇਆ ਜਾਣਾ ਸੀ। ਸੁਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਨਜਾਇਜ਼ ਹਥਿਆਰਾਂ ਦੀ ਤਸਕਰੀ ਨੂੰ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਇਹ ਕਾਨੂੰਨ-ਵਿਵਸਥਾ ਲਈ ਵੱਡੀ ਚੁਣੌਤੀ ਬਣ ਸਕਦੀ ਹੈ। ਇਸ ਲਈ ਲੋੜ ਹੈ ਕਿ ਸਰਹੱਦੀ ਇਲਾਕਿਆਂ ਦੇ ਨਾਲ-ਨਾਲ ਹੋਰ ਸੂਬਿਆਂ ਤੋਂ ਆਉਣ ਵਾਲੇ ਰੂਟਾਂ ਤੇ ਵੀ ਸਖ਼ਤ ਨਿਗਰਾਨੀ ਰੱਖੀ ਜਾਵੇ।

## ਕਦੋਂ-ਕਦੋਂ ਹਥਿਆਰ ਹੋਏ ਬਰਾਮਦ

17 ਮਾਰਚ ਨੂੰ ਏਜਟੀਐੱਫ ਅਤੇ ਕਾਊਂਟਰ ਇੰਟੈਲੀਜੈਂਸ ਨੇ 2 ਹੈਂਡ ਗ੍ਰਨੇਡਾਂ ਸਮੇਤ ਕਥਿਤ ਦੋਸ਼ੀ ਬੂਟਾ ਸਿੰਘ ਅਤੇ ਹਰਮੰਦਰ ਸਿੰਘ ਨੂੰ ਦਬੋਚਿਆ ਸੀ। ਸੂਤਰਾਂ ਮੁਤਾਬਕ ਇਹ ਗ੍ਰਨੇਡ ਸਰਹੱਦ ਪਾਰ ਦੀ ਸਪਲਾਈ ਚੇਨ ਦਾ ਹਿੱਸਾ ਸਨ। ਇੰਨ੍ਹਾਂ ਗ੍ਰਨੇਡਾਂ ਦੀ ਵਰਤੋਂ ਬਠਿੰਡਾ ਵਿਚ ਕੀਤੀ ਜਾਣੀ ਸੀ। 21 ਮਾਰਚ ਨੂੰ ਏਜੀਟੀਐੱਫ ਅਤੇ ਬਠਿੰਡਾ ਪੁਲਿਸ . ਵੱਲੋਂ ਕੀਤੀ ਗਈ ਤਾਜ਼ਾ ਕਾਰਵਾਈ ਦੌਰਾਨ 2 ਨਜਾਇਜ਼ ਪਿਸਤੌਲ ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ। ਮੁਲਜ਼ਮਾਂ ਦੀ ਪਛਾਣ ਜੈਕੀ ਕੁਮਾਰ ਉਰਫ਼ ਜੈਕੀ ਅਤੇ ਵਿਕਾਸ ਅਰੋੜਾ ਵਜੋਂ ਹੋਈ ਹੈ। 26 ਫਰਵਰੀ ਨੂੰ ਥਾਣਾ ਸਿਵਲ ਲਾਈਨ ਪੁਲਿਸ ਨੇ ਕਥਿਤ ਦੋਸ਼ੀ ਮਨਿੰਦਰ ਸਿੰਘ ਉਰਫ਼ ਸਰਪੰਚ ਕੋਲੋਂ 9 ਦੇਸੀ ਪਿਸਤੌਲ ਤੇ ਮੈਗਜ਼ੀਨ ਬਰਾਮਦ ਕੀਤੇ ਸਨ। 10 ਮਾਰਚ ਨੂੰ ਥਾਣਾ ਸਦਰ ਪੁਲਿਸ ਨੇ ਬੀੜ ਤਲਾਬ ਨੇੜੇ ਕਥਿਤ ਦੋਸ਼ੀ ਅਕਾਸ਼ਦੀਪ ਸਿੰਘ ਕੋਲੋਂ 2 ਪਿਸਤੌਲ (32 ਬੋਰ) ਅਤੇ ਅਫ਼ੀਮ ਦੇ ਬੂਟੇ ਬਰਾਮਦ ਕੀਤੇ ਸਨ। ਇਸ ਤਰ੍ਹਾਂ ਹੀ ਪੁਲਿਸ ਨੇ ਗੋਨਿਆਣਾ ਰੋਡ ਤੋਂ ਤਿੰਨ ਨੌਜਵਾਨਾਂ ਨੂੰ ਚਾਰ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਸੀ, ਜਿੰਨ੍ਹਾਂ ਦੀ ਪਛਾਣ ਕੁਲਦੀਪ ਸਿੰਘ, ਗੁਰਵਿੰਦਰ ਸਿੰਘ ਤੇ ਗਗਨਦੀਪ ਸਿੰਘ ਵਜੋਂ ਹੋਈ ਸੀ। ਪੁਲਿਸ ਨੇ ਇੰਨ੍ਹਾਂ ਕੋਲੋ ਇਕ ਗਲੋਕ, ਦੋ 32 ਬੋਰ ਅਤੇ ਇਕ ਬਾਰਾ ਬੋਰ ਪਿਸਤੌਲ ਬਰਾਮਦ ਕੀਤਾ ਸੀ। ਇਸ ਤਰ੍ਹਾਂ ਹੀ ਰਣਜੀਤ ਸਿੰਘ ਸੱਪ ਕੋਲੋ ਪੁਲਿਸ ਨੇ 9 ਐਮਐਮ, 32 ਤੇ 12 ਬੋਰ ਪਿਸਤੌਲ ਬਰਾਮਦ ਕੀਤੇ ਸਨ। 17 ਫਰਵਰੀ ਨੂੰ ਕੋਤਵਾਲੀ ਪੁਲਿਸ ਨੇ ਰੇਲਵੇ ਸਟੇਸ਼ਨ ਨੇੜੇ ਪੁਲਿਸ ਮੁਕਾਬਲੇ ਦੌਰਾਨ ਕਥਿਤ ਦੋਸ਼ੀ ਨੀਰਜ ਕਾਲਾ ਨੂੰ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਸੀ।

ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸੇ ਹਨ ਨਜਾਇਜ਼ ਅਸਲਾ ਬਣਾਉਣ ਲਈ ਮਸ਼ਹੂਰ। ਮੀਡੀਆ ਰਿਪੋਰਟਾਂ ਤੇ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜ਼ਿਆਦਾਤਰ ਨਜਾਇਜ਼ ਅਸਲਾ ਮੱਧ ਪ੍ਰਦੇਸ਼ ਦੇ ਧਾਰ, ਬੜਵਾਨੀ ਤੇ ਖਰਗੋਨ ਤੇ ਉੱਤਰ ਪ੍ਰਦੇਸ਼ ਦੇ ਮੇਰਠ ਤੇ ਮੁਜ਼ੱਫਰਨਗਰ ਦੇ ਪੇਂਡੂ ਇਲਾਕਿਆਂ ਤੋਂ ਸਪਲਾਈ ਹੋ ਰਿਹਾ ਹੈ। ਇਨ੍ਹਾਂ ਇਲਾਕਿਆਂ ਵਿੱਚ ਬੈਠੇ ਤਸਕਰਾਂ ਨੇ ਪੰਜਾਬ ਨੂੰ ਆਪਣੀ ਸਭ ਤੋਂ ਵੱਡੀ ਮਾਰਕੀਟ ਬਣਾ ਲਿਆ ਹੈ।

ਮੱਧ ਪ੍ਰਦੇਸ਼ ਦੇ ਧਾਰ ਅਤੇ ਬੜਵਾਨੀ ਜ਼ਿਲ੍ਹਿਆਂ ਵਿੱਚ ਨਜਾਇਜ਼ ਅਸਲਾ ਬਣਾਉਣ ਦਾ ਕਾਰੋਬਾਰ ਦਹਾਕਿਆਂ ਤੋਂ ਚੱਲ ਰਿਹਾ ਹੈ। ਇਹ ਇਲਾਕੇ ਨਰਮਦਾ ਨਦੀ ਦੇ ਕੰਢੇ ਪੈਂਦੇ ਸੰਘਣੇ ਜੰਗਲਾਂ ਅਤੇ ਬਿਖੜੇ ਪਹਾੜੀ ਰਸਤਿਆਂ ਵਿੱਚ ਸਥਿਤ ਹਨ। ਇੱਥੋਂ ਦੇ ਪਿੰਡਾਂ ਵਿੱਚ ਜਾਣ ਲਈ ਪੱਕੀਆਂ ਸੜਕਾਂ ਨਹੀਂ ਹਨ। ਜਦੋਂ ਵੀ ਬਾਹਰਲੀ ਪੁਲਿਸ ਇੱਥੇ ਪਹੁੰਚਦੀ ਹੈ, ਤਾਂ ਉੱਚੀਆਂ ਪਹਾੜੀਆਂ 'ਤੇ ਬੈਠੇ ਮੁਖ਼ਬਿਰ ਪਹਿਲਾਂ ਹੀ ਤਸਕਰਾਂ ਨੂੰ ਸੁਚੇਤ ਕਰ ਦਿੰਦੇ ਹਨ। ਕਈ ਵਾਰ ਪੁਲਿਸ ਨੂੰ ਇਨ੍ਹਾਂ ਇਲਾਕਿਆਂ ਵਿੱਚ ਸਥਾਨਕ ਲੋਕਾਂ ਦੇ ਭਾਰੀ ਵਿਰੋਧ ਤੇ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਛਾਪੇਮਾਰੀ ਸਫ਼ਲ ਨਹੀਂ ਹੁੰਦੀ।

**ਪੀੜ੍ਹੀ ਦਰ ਪੀੜ੍ਹੀ ਕਾਰੋਬਾਰ:** ਇੱਥੇ ਦੇ ਲੋਕ ਪੀੜ੍ਹੀਆਂ ਤੋਂ ਹਥਿਆਰ ਬਣਾਉਣ ਦੇ ਮਾਹਿਰ ਹਨ। ਉਹ ਮਹਿਜ਼ ਕੁਝ ਘੰਟਿਆਂ ਵਿੱਚ ਲੋਹੇ ਦੇ ਟੁਕੜਿਆਂ ਤੋਂ ਘਾਤਕ ਪਿਸਤੌਲ ਤਿਆਰ ਕਰ ਦਿੰਦੇ ਹਨ।

# ਸਾਬਕਾ ਵਿਧਾਇਕ ਦਲਵੀਰ ਗੋਲਡੀ ਦੀ ਪਤਨੀ ਹਲਕੇ ਦੀਆਂ ਸੈਂਕੜੇ ਔਰਤਾਂ ਸਣੇ ਸੜਕਾਂ 'ਤੇ ਉਤਰੇ




ਧੂਰੀ, 21 ਮਾਰਚ (ਰਾਜੇਸ਼ਵਰ ਪਿੰਟੂ): ਹਲਕਾ ਧੂਰੀ ਦੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਦੀ ਪਤਨੀ ਸਿਮਰਤ ਖੰਗੂੜਾ ਦੀ ਅਗਵਾਈ ਹੇਠ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਵਿਰੁੱਧ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਹਲਕੇ ਦੀਆਂ ਸੈਂਕੜੇ ਔਰਤਾਂ ਨੇ ਸੜਕਾਂ 'ਤੇ ਉਤਰ ਕੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਸਰਕਾਰ 'ਤੇ ਚੋਣਾਂ ਸਮੇਂ ਕੀਤੇ ਵਾਅਦਿਆਂ ਤੋਂ ਮੁੱਕਰਨ ਦੇ ਗੰਭੀਰ ਦੋਸ਼ ਲਗਾਏ ਅਤੇ ਆਪਣੀਆਂ ਹੱਕੀ ਮੰਗਾਂ ਲਈ ਆਵਾਜ਼ ਬੁਲੰਦ ਕੀਤੀ। ਸ਼ਹਿਰ ਦੇ ਵੱਖ ਵੱਖ ਬਜਾਰਾਂ 'ਚ ਰੋਸ ਮਾਰਚ ਕਰਨ ਤੋਂ ਬਾਅਦ ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਪੁੱਜੇ ਧਰਨਾਕਾਰੀਆਂ ਨੇ ਸੱਤਾਧਾਰੀਆਂ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ। ਸਿਮਰਤ ਖੰਗੂੜਾ ਨੇ ਇਸ ਰੋਸ ਮਾਰਚ ਦੌਰਾਨ 'ਧੀਆਂ ਭੈਣਾਂ ਦੀ ਸੁਣੋ ਪੁਕਾਰ-ਰਾਜਨੀਤੀ ਦਾ ਰੱਖੋ ਮਿਆਰ' ਦਾ ਹੋਕਾ ਦਿੰਦਿਆਂ ਕਿਹਾ ਕਿ ਮੌਜੂਦਾ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਪੰਜਾਬ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਮਾਣ-ਭੱਤਾ ਦੇਣ ਦੀ ਗਰੰਟੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸਰਕਾਰ ਬਣਨ ਤੋਂ ਤੁਰੰਤ ਬਾਅਦ ਇਹ ਰਾਸ਼ੀ ਜਾਰੀ ਹੋਣੀ ਚਾਹੀਦੀ ਸੀ, ਪਰ ਅਫ਼ਸੋਸ ਦੀ ਗੱਲ ਹੈ ਕਿ ਸਰਕਾਰ ਆਪਣੇ ਕਾਰਜਕਾਲ ਦੇ ਆਖਰੀ ਪੜਾਅ ਵਿੱਚ ਪਹੁੰਚ ਕੇ ਵੀ ਸਿਰਫ ਰਜਿਸਟਰੇਸ਼ਨਾਂ ਦੇ ਨਾਂ 'ਤੇ ਡੰਗ-ਟਪਾਊ ਨੀਤੀ ਅਪਣਾ ਰਹੀ ਹੈ।

ਸਿਮਰਤ ਖੰਗੂੜਾ ਨੇ ਸਪੱਸ਼ਟ ਸ਼ਬਦਾਂ ਵਿੱਚ ਮੰਗ ਕੀਤੀ ਕਿ ਸਰਕਾਰ ਪਿਛਲੇ ਚਾਰ ਸਾਲਾਂ ਦਾ ਬਣਦਾ ਬਕਾਇਆ, ਜੋ ਕਿ ਲਗਭਗ 48,000 ਰੁਪਏ ਬਣਦਾ ਹੈ, ਹਰ ਔਰਤ ਦੇ ਖਾਤੇ ਵਿੱਚ ਤੁਰੰਤ ਜਮ੍ਹਾਂ ਕਰਵਾਏ। ਉਨ੍ਹਾਂ ਕਿਹਾ ਕਿ ਅਖੀਰਲੇ ਸਾਲ ਵਿੱਚ ਆ ਕੇ ਸਕੀਮ ਨੂੰ ਅਧੂਰੇ ਮਨ ਨਾਲ ਲਾਗੂ ਕਰਨਾ ਔਰਤਾਂ ਨਾਲ ਸਿੱਧਾ ਧੋਖਾ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਪਿਛਲੀ ਅਦਾਇਗੀ ਨਾ ਕੀਤੀ ਗਈ ਤਾਂ ਇਹ ਸੰਘਰਸ਼ ਹੋਰ ਵੀ ਤਿੱਖਾ ਰੂਪ ਧਾਰਨ ਕਰੇਗਾ। ਉਨ੍ਹਾਂ ਕਿਹਾ ਕਿ ਉਹ ਸਿਰਫ ਵੋਟਾਂ ਬਟੋਰਨ ਲਈ ਵਰਤੇ ਗਏ ਲਾਰਿਆਂ ਤੋਂ ਅੱਕ ਚੁੱਕੀਆਂ ਹਨ ਤੇ ਹੁਣ ਹਿਸਾਬ ਮੰਗਣ ਦਾ ਸਮਾਂ ਆ ਗਿਆ ਹੈ। ਸਿਮਰਤ ਖੰਗੂੜਾ ਨੇ ਅੰਤ ਵਿੱਚ ਕਿਹਾ ਕਿ ਰਾਜਨੀਤੀ ਵਿੱਚ ਮਰਿਆਦਾ ਤੇ ਵਚਨਬੱਧਤਾ ਹੋਣੀ ਚਾਹੀਦੀ ਹੈ, ਜਿਸ ਦੀ ਮੌਜੂਦਾ ਸਰਕਾਰ ਵਿੱਚ ਵੱਡੀ ਘਾਟ ਨਜ਼ਰ ਆ ਰਹੀ ਹੈ।

# ਗੈਸ ਦੀ ਕਿੱਲਤ ਕਾਰਨ ਲੋਕਾਂ 'ਚ ਰੋਸ ਦੀ ਲਹਿਰ, ਗੈਸ ਏਜੰਸੀ ਅੱਗੇ ਲੱਗੀਆਂ ਲੰਬੀਆਂ ਕਤਾਰਾਂ

ਧੂਰੀ, 21 ਮਾਰਚ (ਰਾਜੇਸ਼ਵਰ ਪਿੰਟੂ, ਅਮਨ ਗਰਗ): ਸਥਾਨਕ ਸ਼ਹਿਰ ਧੂਰੀ ਵਿੱਚ ਰਸੋਈ ਗੈਸ ਦੀ ਭਾਰੀ ਕਿੱਲਤ ਕਾਰਨ ਆਮ ਜਨਤਾ ਵਿੱਚ ਪ੍ਰਸ਼ਾਸਨ ਅਤੇ ਗੈਸ ਏਜੰਸੀਆਂ ਦੇ ਪ੍ਰਬੰਧਕਾਂ ਖ਼ਿਲਾਫ਼ ਤਿੱਖਾ ਰੋਸ ਪਾਇਆ ਜਾ ਰਿਹਾ ਹੈ। ਸਵੇਰ ਤੋਂ ਹੀ ਸ਼ਹਿਰ ਦੀ ਇੱਕ ਮੁੱਖ ਗੈਸ ਏਜੰਸੀ ਦੇ ਬਾਹਰ ਸੈਂਕੜੇ ਖਪਤਕਾਰਾਂ ਦੀਆਂ ਲੰਬੀਆਂ ਕਤਾਰਾਂ ਵੇਖਣ ਨੂੰ ਮਿਲੀਆਂ। ਲੋਕ ਸਵੇਰੇ ਤੜਕਸਾਰ ਤੋਂ ਹੀ ਆਪਣੇ ਖਾਲੀ ਸਿਲੰਡਰ ਲੈ ਕੇ ਲਾਈਨਾਂ ਵਿੱਚ ਲੱਗੇ ਹੋਏ ਸਨ, ਪਰ ਦੁਪਹਿਰ ਤੱਕ ਵੀ ਕਈਆਂ ਨੂੰ ਸਿਲੰਡਰ ਨਸੀਬ ਨਹੀਂ ਹੋਏ। ਲੋਕਾਂ ਦਾ ਕਹਿਣਾ ਹੈ ਕਿ ਘਰਾਂ ਵਿੱਚ ਚੁੱਲ੍ਹੇ ਠੰਢੇ ਪੈ ਰਹੇ ਹਨ ਤੇ ਏਜੰਸੀਆਂ ਵੱਲੋਂ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਜਾ ਰਿਹਾ। ਮੌਕੇ 'ਤੇ ਮੌਜੂਦ ਗੁੱਸੇ ਵਿੱਚ ਆਏ ਖਪਤਕਾਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਗੰਭੀਰ ਦੋਸ਼ ਲਗਾਇਆ ਕਿ ਗੈਸ ਦੀ ਕਿੱਲਤ ਜਾਣਬੁੱਝ ਕੇ ਪੈਦਾ ਕੀਤੀ ਗਈ ਹੈ। ਲੋਕਾਂ ਅਨੁਸਾਰ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ (ਬਲੈਕ) ਜ਼ੋਰਾਂ 'ਤੇ ਚੱਲ ਰਹੀ



ਹੈ ਤੇ ਜ਼ਰੂਰਤਮੰਦ ਲੋਕਾਂ ਨੂੰ ਖੱਜਲ-ਖੁਆਰ ਕੀਤਾ ਜਾ ਰਿਹਾ ਹੈ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਏਜੰਸੀਆਂ ਵਿੱਚ ਆਉਣ ਵਾਲੀਆਂ ਗੱਡੀਆਂ ਅਤੇ ਉਨ੍ਹਾਂ ਦੀ ਵੰਡ ਪ੍ਰਣਾਲੀ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਉਨ੍ਹਾਂ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਸਪਲਾਈ ਨੂੰ ਤੁਰੰਤ ਸੁਚਾਰੂ ਬਣਾਇਆ ਜਾਵੇ ਤਾਂ ਜੋ ਗਰੀਬ ਵਰਗ ਨੂੰ ਰਾਹਤ ਮਿਲ ਸਕੇ। ਸ਼ਹਿਰ ਨਿਵਾਸੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਜਲਦੀ ਸਪਲਾਈ ਠੀਕ ਨਾ ਹੋਈ ਤਾਂ ਉਹ ਤਿੱਖਾ ਸੰਘਰਸ਼ ਕਰਨਗੇ।

ਦੂਜੇ ਪਾਸੇ, ਜਦੋਂ ਇਸ ਪੂਰੇ ਮਾਮਲੇ ਸਬੰਧੀ ਵੀਨਸ ਗੈਸ ਏਜੰਸੀ ਧੂਰੀ ਦੇ ਹਿੱਸੇਦਾਰ ਗੁਰਵਿੰਦਰ ਸਿੰਘ ਨਾਲ ਫ਼ੋਨ 'ਤੇ ਸੰਪਰਕ ਕੀਤਾ ਗਿਆ, ਤਾਂ ਉਨ੍ਹਾਂ ਨੇ ਬਲੈਕ ਵਿੱਚ ਗੈਸ ਵੇਚਣ ਦੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ। ਉਨ੍ਹਾਂ ਕਿਹਾ ਕਿ ਕੰਪਨੀ ਵੱਲੋਂ ਪਿੱਛੋਂ ਹੀ ਸਪਲਾਈ ਵਿੱਚ ਕੁਝ ਕਮੀ ਆਈ ਹੈ, ਜਿਸ ਕਾਰਨ ਥੋੜ੍ਹੀ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਜਿਨ੍ਹਾਂ ਲੋਕਾਂ ਦੀ ਬੁਕਿੰਗ ਵਾਰੀ ਅਨੁਸਾਰ ਆਵੇਗੀ, ਉਨ੍ਹਾਂ ਨੂੰ ਗੈਸ ਸਿਲੰਡਰਾਂ ਦੀ ਹੋਮ ਡਿਲਿਵਰੀ ਉਨ੍ਹਾਂ ਦੇ ਘਰਾਂ ਤੱਕ ਹੀ ਪਹੁੰਚਾਈ ਜਾਵੇਗੀ। ਉਨ੍ਹਾਂ ਲੋਕਾਂ ਨੂੰ ਸੰਜਮ ਬਣਾਏ ਰੱਖਣ ਦੀ ਬੇਨਤੀ ਕੀਤੀ ਤੇ ਕਿਹਾ ਕਿ ਜਲਦੀ ਹੀ ਸਪਲਾਈ ਆਮ ਵਾਂਗ ਹੋ ਜਾਵੇਗੀ।

# ਸੰਗਰੂਰ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ 14 ਤੋਂ 20 ਤੱਕ 28 ਕੇਸ ਦਰਜ; 35 ਮੁਲਜ਼ਮ ਕਾਬੂ

ਸੰਗਰੂਰ, 21 ਮਾਰਚ (ਹਰਕੰਵਲ ਸਿੰਘ ਹੈਪੀ): ਸਰਤਾਜ ਸਿੰਘ ਚਾਹਲ , ਐਸ.ਐਸ. ਪੀ., ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਅਤੇ "ਪਿੰਡਾਂ ਦੇ ਪਹਿਰੇਦਾਰ" ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 14.03.2026 ਤੋਂ 20.03.2026 ਤਕ ਡਰੱਗ ਦੇ 22 ਕੇਸ ਦਰਜ



ਕਰ ਕੇ 27 ਮੁਲਜ਼ਮਾਂ ਨੂੰ ਕਾਬੂ ਕਰ ਕੇ 75 ਗ੍ਰਾਮ ਹੈਰੋਇਨ, 40 ਕਿੱਲੋ ਭੁੱਕੀ ਚੂਰਾ ਪੋਸਤ, 144 ਗ੍ਰਾਮ ਚਰਸ, 453 ਨਸ਼ੀਲੀਆਂ ਗੋਲੀਆਂ ਅਤੇ 10 ਕਿੱਲੋ ਹਰੇ ਪੌਦੇ ਪੋਸਤ ਬ੍ਰਾਮਦ ਕਰਵਾਏ ਗਏ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 6 ਕੇਸ ਦਰਜ ਕਰ ਕੇ 8 ਮੁਲਜ਼ਮਾਂ ਨੂੰ ਕਾਬੂ ਕਰ ਕੇ 52.500 ਲੀਟਰ ਸ਼ਰਾਬ ਠੇਕਾ ਦੇਸੀ, 18.750 ਲੀਟਰ ਸ਼ਰਾਬ ਨਜਾਇਜ਼ ਤੇ 9 ਲੀਟਰ ਸ਼ਰਾਬ ਅੰਗਰੇਜ਼ੀ ਬ੍ਰਾਮਦ ਕਰਵਾਈ ਗਈ। ਇਸ ਅਰਸੇ ਦੌਰਾਨ 4 ਪੀ.ਓਜ. (ਭਗੌੜੇ) ਗ੍ਰਿਫਤਾਰ ਕੀਤੇ ਗਏ। 19.03.2026 ਨੂੰ CASO ਅਪਰੇਸ਼ਨ ਦੌਰਾਨ ਜ਼ਿਲ੍ਹਾ ਸੰਗਰੂਰ ਵਿਖੇ "ਡਰੱਗ ਹਾਟ ਸਪਾਟ" ਖੇਤਰ ਦੀ ਸਰਚ ਦੌਰਾਨ ਡਰੱਗ/ਸ਼ਰਾਬ ਦੇ 13 ਮੁਕੱਦਮੇ ਦਰਜ ਕਰ ਕੇ 16 ਕਥਿਤ ਦੋਸ਼ੀਆਂ ਨੂੰ ਕਾਬੂ ਕਰ ਕੇ 37 ਗ੍ਰਾਮ ਹੈਰੋਇਨ, 144 ਗ੍ਰਾਮ ਚਰਸ, 233 ਨਸ਼ੀਲੀਆਂ ਗੋਲੀਆਂ ਤੇ 22.500 ਲੀਟਰ ਸ਼ਰਾਬ ਬ੍ਰਾਮਦ ਕਰਵਾਈ ਗਈ।

ਥਾਣਾ ਸਿਟੀ ਸੰਗਰੂਰ ਦੇ ਏਰੀਏ ਵਿੱਚ ਚੋਰੀਆਂ ਕਰਨ ਵਾਲੇ 1 ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 9 ਲੱਖ ਰੁਪਏ ਬ੍ਰਾਮਦ ਕਰਵਾਏ ਗਏ। ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰਾਂ ਨਾਲ ਮੀਟਿੰਗਾਂ/ਸੰਪਰਕ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਰਸੇ ਦੌਰਾਨ ਵੱਖ-ਵੱਖ ਗਜ਼ਟਿਡ ਅਫਸਰਾਂ/ਮੁੱਖ ਅਫਸਰਾਂ ਵੱਲੋਂ 32 ਪਿੰਡਾਂ/ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸ਼ੇ ਦਾ ਧੰਦਾ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਨਸ਼ੇ ਦਾ ਧੰਦਾ ਕਰਨ ਵਾਲੇ ਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# ਸ਼੍ਰੋਮਣੀ ਅਕਾਲੀ ਦਲ ਵੱਲੋਂ 24 ਦੀ ਰੈਲੀ ਸਬੰਧੀ ਵਰਕਰਾਂ ਤੇ ਅਹੁਦੇਦਾਰਾਂ ਨਾਲ ਮੀਟਿੰਗ

ਮੂਨਕ, 21 ਮਾਰਚ (ਸਮਸ਼ੇਰ ਸਿੰਘ ਭੁਟਾਲ): ਸਥਾਨਕ ਸ਼ਹਿਰ ਦੇ ਸ੍ਰੀ ਗੁਰਦੁਆਰਾ ਸਾਹਿਬ ਨੌਵੀਂ ਪਾਤਸ਼ਾਹੀ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਰਾਂ ਤੇ ਅਹੁਦੇਦਾਰਾਂ ਦੀ ਮੀਟਿੰਗ ਹਲਕਾ ਇੰਚਾਰਜ ਐਡਵੋਕੇਟ ਗਗਨਦੀਪ ਸਿੰਘ ਖੰਡੇਬਾਦ ਦੀ ਅਗਵਾਈ ਵਿੱਚ ਹੋਈ। ਇਸ ਮੀਟਿੰਗ ਵਿੱਚ ਜ਼ਿਲਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ, ਬੀ ਸੀ ਵਿੰਗ ਦੇ ਜ਼ਿਲਾ ਪ੍ਰਧਾਨ ਨਿਰਮਲ ਸਿੰਘ ਕੜੈਲ, ਯੂਥ ਪ੍ਰਧਾਨ ਹਰਪਾਲ ਸਿੰਘ ਖਡਿਆਲ, ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।ਇਸ ਦੌਰਾਨ ਮੂਨਕ ਦੀ ਅਨਾਜ ਮੰਡੀ ਵਿੱਚ 24 ਮਾਰਚ ਨੂੰ ਹੋਣ ਜਾ ਰਹੀ ਅਕਾਲੀ ਦਲ ਦੀ ਵਿਸ਼ਾਲ ਰੈਲੀ ਜਿਸ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਰ ਸੀਨੀਅਰ ਲੀਡਰਸ਼ਿਪ ਪਹੁੰਚ ਰਹੀ ਹੈ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਤੇ ਜਿੰਮੇਵਾਰੀਆਂ ਸੋਪੀਆਂ ਗਈਆਂ।ਰੈਲੀ ਨੂੰ ਇਤਿਹਾਸਕ ਬਣਾਉਣ ਲਈ ਹਰੇਕ ਵਰਕਰਾਂ ਤੇ ਅਹੁਦੇਦਾਰਾਂ ਨੇ ਪੂਰੀ ਜਿੰਮੇਵਾਰੀ ਨਾਲ ਕੰਮ ਕਰਨ ਦਾ ਸੰਕਲਪ ਲਿਆ।ਇਸ ਉਪਰੰਤ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕੁੱਝ ਦਿਨ ਪਹਿਲਾਂ ਨਿਯੁਕਤ ਬੀ ਸੀ ਵਿੰਗ ਦੇ ਜਿਲਾ ਪ੍ਰਧਾਨ ਨਿਰਮਲ ਸਿੰਘ ਕੜੈਲ ਨੂੰ ਵਿਸ਼ੇਸ਼ ਤੌਰ 'ਤੇ ਸਰੋਪਾ ਪਾ ਕੇ ਸਨਮਾਨਤ



ਕੀਤਾ ਗਿਆ।ਇਸ ਮੌਕੇ ਪਹੁੰਚੀ ਲੀਡਰਸ਼ਿਪ ਨੇ ਸਾਂਝੇ ਤੌਰ ਤੇ ਕਿਹਾ ਕਿ ਨਿਰਮਲ ਸਿੰਘ ਕੜੈਲ ਵੱਲੋਂ ਸਮਾਜਿਕ ਤੇ ਧਾਰਮਿਕ ਸੇਵਾਵਾਂ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਕਦਰ ਕਰਦਿਆਂ ਪਾਰਟੀ ਵੱਲੋਂ ਇਹ ਸਨਮਾਨ ਦਿੱਤਾ ਗਿਆ ਹੈ।

ਇਸ ਦੌਰਾਨ ਮੀਟਿੰਗ ਵਿੱਚ ਜਿਲਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ, ਗਗਨਦੀਪ ਸਿੰਘ ਖੰਡੇਬਾਦ ਹਲਕਾ ਇੰਚਾਰਜ ਲਹਿਰਾ, ਗੁਲਜ਼ਾਰ ਸਿੰਘ ਮੂਨਕ ਹਲਕਾ ਇੰਚਾਰਜ ਦਿੜ੍ਹਬਾ, ਹਰਪਾਲ ਸਿੰਘ ਖਡਿਆਲ ਜਿਲਾ ਪ੍ਰਧਾਨ ਯੂਥ ਅਕਾਲੀ ਦਲ, ਸਾਬਕਾ ਚੇਅਰਪਰਸਨ ਤੇ ਸੀਨੀਅਰ ਆਗੂ ਬੀਬੀ ਦਲਜੀਤ ਕੌਰ ਭੁੱਲਰ ਇਸਤਰੀ ਵਿੰਗ ਲਹਿਰਾ, ਜੁਗਰਾਜ ਸਿੰਘ ਬਾਗੜੀ ਸਰਕਲ ਪ੍ਰਧਾਨ ਮਨਕ, ਕੇਵਲ ਸਿੰਘ ਰਾਏ ਧਰਾਣਾ ਸਰਕਲ ਪ੍ਰਧਾਨ ਲਹਿਰਾ, ਭੁਪਿੰਦਰ ਸਿੰਘ ਸਿੱਧੂ ਜ਼ਿਲਾ ਜਨਰਲ ਸਕੱਤਰ, ਅਮਰੀਕ ਸਿੰਘ ਹਥਨ, ਗੁਰਮੀਤ ਸਿੰਘ ਘਰਾਚੋਂ, ਮਾਸਟਰ ਰਾਮ ਸਿੰਘ ਦਹੇਲਾ, ਸਰਪੰਚ ਜਸਪਾਲ ਸਿੰਘ ਦੇਹਲਾ, ਸਾਬਕਾ ਚੇਅਰਮੈਨ ਗੋਲਡੀ ਚੀਮਾ, ਸੁਰਜਮਲ ਗੁਲਾੜੀ, ਸਰਕਲ ਪ੍ਰਧਾਨ ਰਤਨ ਸਿੰਘ ਕਰੋਦਾ, ਸਰਕਲ ਪ੍ਰਧਾਨ ਖਨੌਰੀ ਜੁਗਰਾਜ ਸਿੰਘ ਬਖੋਰਾ ਸਰਕਲ ਪ੍ਰਧਾਨ ਬਖੋਰਾ, ਸੇਵਾ ਸਿੰਘ ਬੱਲਰਾ ਸਰਕਲ ਪ੍ਰਧਾਨ ਬਲਰਾਂ, ਸੀਨੀਅਰ ਆਗੂ ਕ੍ਰਿਸ਼ਨ ਗਿੱਲ ਬੁਸੈਹਰਾ, ਤਰਸੇਮ ਬੁਸੈਹਰਾ ਟਹਿਲ ਸਿੰਘ ਮੰਡਵੀ, ਪਰਮਜੀਤ ਜੰਮੂ ਮੰਡਵੀ, ਨੈਬ ਸਿੰਘ ਪੁਨੀਆ, ਕੋਡੀਨੇਟਰ ਸੰਗਰੂਰ, ਹਲਕਾ ਕੋਆਰਡੀਨੇਟਰ ਯੂਥ ਅਕਾਲੀ ਦਲ ਗੁਰਵਿੰਦਰ ਸਿੰਘ ਸ਼ੇਰਗੜ੍ਹ, ਜਗਦੇਵ ਸਿੰਘ ਖੰਡੇਬਾਦ ਪ੍ਰੋਫੈਸਰ ਹਜ਼ੂਰਾ ਸਿੰਘ,ਸਰਬਜੀਤ ਸਿੰਘ ਸੁਰਜਣ ਭੈਣੀ, ਰਣਵੀਰ ਸਿੰਘ ਚੋਟੀਆਂ, ਹਰਪਾਲ ਸਿੰਘ, ਮਨਜੀਤ ਸਿੰਘ ਮਨੀ, ਐਡ ਜਗਦੀਪ ਸਿੰਘ ਸੰਧੂ ਲੇਹਲ ਕਲਾਂ ਹਰਪ੍ਰੀਤ ਸਿੰਘ ਸੇਖੋਂ , ਸਿਮਰਤ ਸਿੰਘ ਮਕੌਰੜ ਸਾਹਿਬ ਨਵਜੋਤ ਸਿੰਘ ਮਕੌਰੜ ਸਾਹਿਬ, ਮਲਕੀਤ ਸਿੰਘ ਮਹਾਸਿੰਘ ਵਾਲਾ, ਜਸਵਿੰਦਰ ਸਿੰਘ ਵਿਰਕ, ਕਾਲਾ ਡੂਡੀਆਂ, ਹਰਵਿੰਦਰ ਸਿੰਘ ਰੋੜੇਵਾਲਾ, ਮਨਜੀਤ ਮਨੀ ਸੁਰਜਣ ਭੈਣੀ, ਲਾਲ ਸਿੰਘ ਹਮੀਰਗੜ੍ਹ, ਪ੍ਰਿਤਪਾਲ ਸਿੰਘ ਨਵਾ ਗਾਓਂ, ਗੁਰਵਿੰਦਰ ਸਿੰਘ ਹੋਤੀਪੁਰ, ਗੁਰਚੈਨ ਸਿੰਘ ਹਮੀਰਗੜ੍ਹ, ਚਰਨਜੀਤ ਸਿੰਘ ਕਾਕਾ ਹਮੀਰਗੜ੍ਹ, ਰਜਿੰਦਰ ਸਿੰਘ ਪ੍ਰਧਾਨ ਕੜੈਲ ਹਾਜਰ ਸਨ।

# ਭਾਈ ਭਗਤਾ ਜੀ ਸਤਿਕਾਰ ਕਮੇਟੀ ਨੇ ਈਦ ਮਨਾਈ



ਭਗਤਾ ਭਾਈ ਕਾ, 21 ਮਾਰਚ (ਸਵਰਨ ਸਿੰਘ ਭਗਤਾ): ਸਥਾਨਕ ਸ਼ਹਿਰ ਦੀ ਭਾਈ ਭਗਤਾ ਜੀ ਸਤਿਕਾਰ ਕਮੇਟੀ ਸੇਵਾਦਾਰਾਂ ਵੱਲੋਂ ਭਗਤਾ ਭਾਈ ਕਾ ਵਿਖੇ ਸਥਿਤ ਜਾਮਾ ਮਸਜਿਦ ਵਿੱਚ ਮੁਸਲਮਾਨ ਭਾਈਚਾਰੇ ਨਾਲ ਮਿਲ ਈਦ ਦਾ ਤਿਉਹਾਰ ਮਨਾਇਆ ਗਿਆ, ਭਾਈ ਭਗਤਾ ਜੀ ਸਤਿਕਾਰ ਕਮੇਟੀ ਵੱਲੋਂ ਮੁਸਲਿਮ ਭਾਈਚਾਰੇ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ, ਭਾਈ ਭਗਤਾ ਜੀ ਸਤਿਕਾਰ ਕਮੇਟੀ ਵੱਲੋਂ ਮੁਸਲਿਮ ਭਾਈਚਾਰੇ ਲਈ ਚਾਹ, ਭੁਜੀਆ ਬਦਾਨਾ ਤੇ ਚੌਲਾਂ ਦਾ ਲੰਗਰ ਲਗਾਇਆ ਗਿਆ।

ਇਸ ਈਦ ਦੇ ਮੌਕੇ ਤੇ ਭਾਈ ਭਗਤਾ ਜੀ ਸਤਿਕਾਰ ਕਮੇਟੀ ਪ੍ਰਧਾਨ ਸੇਵਕ ਸਿੰਘ ਸਿੱਧੂ, ਖਜ਼ਾਨਚੀ ਕੁਲਦੀਪ ਸਿੰਘ, ਸੈਕਟਰੀ ਜਸਪ੍ਰੀਤ ਸਿੰਘ, ਮੈਂਬਰ ਗੱਗੀ ਸਿੰਘ, ਮੈਂਬਰ ਗੁਰਵਿੰਦਰ ਸਿੰਘ, ਮੈਂਬਰ ਅਮਨਦੀਪ ਸਿੰਘ, ਸਤਨਾਮ ਸਿੰਘ, ਗੁਰਦਿੱਤ ਸਿੰਘ ਫੌਜੀ, ਮੁਸਲਿਮ ਵੀਰ ਦਰਸ਼ਨ ਖਾਨ, ਸਲਮਾਨ ਖਾਨ ਐਨ ਆਰ ਆਈ, ਨੁਸਰਤ ਅਲੀ, ਰਮਜ਼ਾਨ ਅਲੀ, ਸ਼ਰੀਫ਼ ਖਾਨ, ਕਾਜ਼ੀ ਸਾਬ ਤੇ ਭਾਈ ਭਗਤਾ ਜੀ ਸਤਿਕਾਰ ਕਮੇਟੀ ਸਾਰੇ ਸੇਵਾਦਾਰ ਹਾਜ਼ਰ ਸਨ।

# ਮੁਨੀਸ਼ ਜਿੰਦਲ ਤੇ ਜੋਨੀ ਸ਼ਰਮਾ ਭਾਜਪਾ ਛੱਡ ਕੇ ਅਕਾਲੀ ਦਲ 'ਚ ਸ਼ਾਮਲ

ਸੁਨਾਮ ਊਧਮ ਸਿੰਘ ਵਾਲਾ, 21 ਮਾਰਚ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ



ਵਿਨਰਜੀਤ ਸਿੰਘ ਖਡਿਆਲ ਦੇ ਨਿਵਾਸ ਵਿਖੇ ਭਾਜਪਾ ਆਗੂ ਮੁਨੀਸ਼ ਜਿੰਦਲ ਅਤੇ ਜੋਨੀ ਸ਼ਰਮਾ ਆਮ ਆਦਮੀ ਪਾਰਟੀ ਦੇ ਆਗੂ ਨੂੰ ਅਰਵਿੰਦ ਖੰਨਾ ਜੀ ਅਤੇ ਵਿਨਰਜੀਤ ਸਿੰਘ ਗੋਲਡੀ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰਵਾਇਆ।ਇਸ ਮੌਕੇ ਖੰਨਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਦੇਖਦੇ ਹੋਏ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਸੁਨਾਮ ਵਿਖੇ ਹਲਕੇ ਦੇ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਵੱਲੋਂ ਪਾਰਟੀ ਦੀ ਬਿਹਤਰੀ ਲਈ ਸਖ਼ਤ ਮਿਹਨਤ ਕਾਰਨ ਲੋਕ ਲਗਾਤਾਰ ਪਾਰਟੀ ਨਾਲ ਜੁੜ ਰਹੇ ਹਨ ਜਿਸ ਦੇ ਤਹਿਤ ਅੱਜ ਵਾਰਡ ਨੰਬਰ 15 ਤੋਂ ਮੁਨੀਸ਼ ਜਿੰਦਲ ਭਾਜਪਾ ਤੇ ਵਾਰਡ ਨੰਬਰ 6 ਤੋਂ ਜੋਨੀ ਸ਼ਰਮਾ ਆਮ ਆਦਮੀ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਵੱਖ ਵੱਖ ਪਾਰਟੀਆਂ ਦੇ ਆਗੂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ ਉਸ ਤੋਂ ਸਾਫ ਜਾਪਦਾ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨਾ ਤਿਹ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ ਅਤੇ ਲੋਕ ਚੋਣਾਂ ਦਾ ਇੰਤਜ਼ਾਰ ਕਰ ਰਹੇ ਹਨ। ਇਸ ਮੌਕੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਖਡਿਆਲ ਨੇ ਕਿਹਾ ਕਿ ਮੁਨੀਸ਼ ਜਿੰਦਲ ਅਤੇ ਜੋਨੀ ਸ਼ਰਮਾ ਦਾ ਪਾਰਟੀ ਵਿਚ ਆਉਣ ਤੇ ਸਵਾਗਤ ਹੈ ਅਤੇ ਪਾਰਟੀ ਵਿਚ ਇਹਨਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਮਨੀਸ਼ ਜਿੰਦਲ ਅਤੇ ਜੋਨੀ ਸ਼ਰਮਾ ਨੇ ਅਰਵਿੰਦ ਖੰਨਾ ਅਤੇ ਵਿਨਰਜੀਤ ਸਿੰਘ ਗੋਲਡੀ ਦਾ ਇਨਾਂ ਪਿਆਰ ਤੇ ਸਤਿਕਾਰ ਦੇਣ ਲਈ ਧੰਨਵਾਦ ਕੀਤਾ ਅਤੇ ਪਾਰਟੀ ਲਈ ਪੂਰੀ ਲਗਨ ਨਾਲ ਕੰਮ ਕਰਨ ਦਾ ਭਰੋਸਾ ਦਿਵਾਇਆ।

# ਵਿਸਾਖੀ ਦੇ ਤਿਉਹਾਰ ਤੇ ਈਰਾਨ, ਇਜ਼ਰਾਈਲ ਤੇ ਅਮਰੀਕਾ ਵਿਚਾਲੇ ਚਲ ਰਹੀ ਜੰਗ ਦੇ ਮੱਦੇਨਜ਼ਰ ਜਥੇਬੰਦੀ ਵੱਲੋਂ ਮੀਟਿੰਗ

ਬੁਢਲਾਡਾ, 21 ਮਾਰਚ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ): ਜ਼ਿਲ੍ਹਾ ਮਾਨਸਾ ਦੀ ਜਥੇਬੰਦੀ ਵੱਲੋਂ ਜਿਹੜਾ ਵਿਸਾਖੀ ਦੇ ਤਿਉਹਾਰ ਮੌਕੇ ਰੱਖੇ ਗਏ ਪ੍ਰੋਗਰਾਮ ਨੂੰ ਮੱਦੇਨਜ਼ਰ ਰੱਖਦੇ ਹੋਏ ਮੀਟਿੰਗ ਕੀਤੀ ਗਈ।ਇਸ ਤੋਂ ਇਲਾਵਾ ਜਿਹੜੀ ਜੰਗ ਈਰਾਨ, ਅਮਰੀਕਾ ਤੇ ਇਜ਼ਰਾਈਲ ਦੀ ਚਲ ਰਹੀ ਹੈ, ਉਸ ਸਬੰਧੀ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਬੇਟੇ ਇਮਾਨ ਸਿੰਘ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਈਰਾਨ, ਇਜ਼ਰਾਈਲ ਤੇ ਅਮਰੀਕਾ ਵਿਚਾਲੇ ਚਲ ਰਹੀ ਜੰਗ ਕਾਰਨ ਪੂਰੇ ਵਿਸ਼ਵ ਨੂੰ ਵਪਾਰ ਦੇ ਵਿਚ ਭਾਰੀ ਦਿੱਕਤਾਂ ਝੇਲਣੀਆਂ ਪੈ ਰਹੀਆਂ ਹਨ ਤੇ ਵੱਡੇ ਪੱਧਰ ਤੇ ਗੈਸ ਦੀ ਘਾਟ ਪੈ ਰਹੀ ਹੈ। ਆਪਣੇ ਦੇਸ਼ ਨੂੰ ਵੀ ਇਸ ਸਮੱਸਿਆ ਨਾਲ ਜੂਝਣਾ ਪੈ ਰਿਹਾ ਹੈ।ਇਸ ਸਮੱਸਿਆ ਨੂੰ ਮੁੱਖ ਰੱਖਦਿਆਂ ਸਾਡੀ ਪਾਰਟੀ ਵੱਲੋਂ 28 ਤਰੀਕ ਨੂੰ ਵਾਘਾ ਬਾਰਡਰ ਤੇ ਰੈਲੀ ਹੋ ਰਹੀ ਹੈ। ਜਿਸਦੇ ਵਿੱਚ ਜਿਹੜੀ ਗੈਸ ਦੀ ਪਾਈਪਲਾਈਨ ਤੁਰਕਮੇਨਿਸਤਾਨ, ਅਫਗਾਨਿਸਤਾਨ, ਪਾਕਿਸਤਾਨ ਤੇ ਭਾਰਤ ਰਾਹੀਂ ਇੱਥੇ ਫਾਜ਼ਿਲਕਾ ਦੇ ਉੱਤੇ ਪਹੁੰਚਣੀ ਹੈ, ਉਹਦੀ ਅਸੀਂ ਮੰਗ ਚੁੱਕਣ ਜਾ ਰਹੇ ਹਾਂ। ਲੋਕ ਤੜਫ ਰਹੇ ਹਾਂ ਕਿ ਜਿਹੜਾ ਤੇਲ ਤੇ ਗੈਸ ਦੇ ਰੇਟ ਵੱਧ ਰਹੇ ਹਾਂ ਤੇ ਅਸੀਂ ਸਮਝਦੇ ਹਾਂ ਕਿ ਜਿੱਥੇ ਭਾਰਤ ਨੇ ਸਿਰਫ਼



ਤੇ ਸਿਰਫ਼ ਜਹਾਜ਼ਾਂ ਰਾਹੀਂ, ਸਮੁੰਦਰੀ ਜਹਾਜ਼ਾਂ ਰਾਹੀਂ ਗੈਸ ਦਾ ਬੰਦੋਬਸਤ ਗੁਜਰਾਤ ਵਾਸਤੇ ਕੀਤਾ ਹੋਇਆ ਹੈ।ਉੱਥੇ ਪਾਈਪਲਾਈਨਾਂ ਤੁਰਕਮੇਨਿਸਤਾਨ, ਅਫਗਾਨਿਸਤਾਨ, ਪਾਕਿਸਤਾਨ ਤੇ ਭਾਰਤ ਇਧਰ ਸੁਲੇਮਾਨਕੀ ਸਾਡੇ ਪਹੁੰਚਣੀ ਚਾਹੀਦੀ ਹੈ।

ਇਹ ਗੈਸ ਆਏ ਤੇ ਸਾਡੇ ਬਠਿੰਡੇ ਏਰੀਏ 'ਚ ਬਹੁਤ ਡਿਵੈਲਪਮੈਂਟ ਹੋਣ ਦੀ ਆਸ ਹੈ। ਯੂਰੀਆ ਦੀਆਂ ਫੈਕਟਰੀਆਂ,ਪਲਾਸਟਿਕ ਦੀਆਂ ਫੈਕਟਰੀਆਂ, ਇੱਥੇਫਰਟੀਲਾਈਜ਼ਰ ਤੇ ਫਾਰਮਾਸਿਊਟੀਕਲ ਇੰਡਸਟਰੀ ਉਰੇ ਖੜ੍ਹੀ ਹੋ ਸਕਦੀ ਹੈ। ਬਿਜਲੀ ਗੈਸ ਦੇ ਰਾਹੀਂ ਪੈਦਾ ਹੋ ਸਕਦੀ ਹੈ ਸਾਫ਼-ਸੁਥਰੀ ਕੋਲੇ ਤੋਂ ਵਧੀਆ ਸਾਨੂੰ ਇੱਥੇ ਉਤਪਾਦਨ ਮਿਲ ਸਕਦਾ ਹੈ ਤੇ ਜਿਹੜਾ ਬਾਰਡਰ ਏਰੀਆ ਸਾਡਾ ਨਿਗਲੈਕਟ ਹੋਇਆ, ਪੰਜਾਬ ਨਿਗਲੈਕਟ ਹੋਇਆ, ਜਿਹਦੇ ਵਿੱਚ ਸਾਰੀ ਇੰਡਸਟਰੀ ਜਾ ਕੇ ਸਾਰੀ ਗੁਜਰਾਤ ਮਹਾਰਾਸ਼ਟਰ ਵਸੀ ਹੋਈ ਹੈ। ਉਹ ਵਾਪਸ ਇੱਥੇ ਆਉਣ ਦੀ ਆਸ ਹੈ। ਬਾਰਡਰ ਖੋਲ੍ਹਣ ਨਾਲ ਸਾਡੇ ਜਿਹੜੇ ਜਿਣਸ ਹੈ, ਉਹ 100-200 ਰੁਪਏ ਵੱਧ ਪਾਕਿਸਤਾਨ, ਅਫਗਾਨਿਸਤਾਨ, ਈਰਾਨ ਦੀਆਂ ਮੰਡੀਆਂ 'ਚ ਵਿਕ ਸਕਦੇ ਹਨ।ਟ੍ਰਾਂਸਪੋਰਟ ਅਦਾਰੇ ਦੇ ਵਿੱਚ ਬਹੁਤ ਵਾਧਾ ਆ ਜਾਵੇਗਾ। ਸਾਰੇ ਭਾਰਤ ਦੀ ਟ੍ਰੇਡ ਚਾਹੇ ਉਹ ਲੌਂਗ, ਇਲੈਚੀ ਜੋ ਮਰਜ਼ੀ ਹੋਵੇ ਉਹ ਸਾਰੇ ਸੈਂਟਰਲ ਏਸ਼ੀਆ ਤੱਕ ਪਹੁੰਚ ਜਾਵੇਗੀ। ਇਸ ਮੌਕੇ ਸਰਪ੍ਰਸਤ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਬਲਵੀਰ ਸਿੰਘ ਬੱਛੋਆਣਾ, ਬਲਵਿੰਦਰ ਸਿੰਘ ਮੰਡੇਰ, ਸਰਵਣ ਸਿੰਘ ਬਰ੍ਹੇ, ਸੁਖਚੈਨ ਸਿੰਘ ਟਾਹਲੀਆਂ, ਹਰਮਿੰਦਰ ਸਿੰਘ ਬਰ੍ਹੇ, ਸੁਖਵਿੰਦਰ ਸਿੰਘ ਹਸਨਪੁਰ, ਬਲਵਿੰਦਰ ਸਿੰਘ ਹਸਨਪੁਰ, ਮਲਕੀਤ ਸਿੰਘ ਬਰ੍ਹੇ, ਰੂਪ ਸਿੰਘ ਬਰ੍ਹੇ, ਮੇਜਰ ਸਿੰਘ ਬੁਢਲਾਡਾਅਤੇ ਸਤਨਾਮ ਸਿੰਘ ਕਲੀਪੁਰ ਆਦਿ ਹਾਜ਼ਰ ਸਨ।

# ਪੰਜਾਬ ਦੀਆਂ ਸੜਕਾਂ 'ਤੇ ਨਹੀਂ ਨਜ਼ਰ ਆਵੇਗਾ ਇੱਕ ਵੀ ਗਊਧਨ : ਕੀਮਤੀ ਭਗਤ

ਸੁਨਾਮ, 21 ਮਾਰਚ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਪੰਜਾਬ ਵਿੱਚ ਲਾਵਾਰਸ ਗਊਧਨ ਦੀ ਸਮੱਸਿਆ ਦੇ ਪੱਕੇ ਹੱਲ ਵੱਲ ਇਕ ਅਹਿਮ ਕਦਮ ਚੁੱਕਦਿਆਂ ਪੰਜਾਬ ਗਊ ਸੇਵਾ ਕਮਿਸ਼ਨ ਦੇ ਵਾਈਸ ਚੇਅਰਮੈਨ ਕੀਮਤੀ ਭਗਤ ਨੇ ਨਗਰ ਕੌਂਸਲ ਸੁਨਾਮ ਦੇ ਦਫਤਰ ਨੇੜੇ ਤੋਂ ਲਾਵਾਰਸ ਗਊਧਨ ਨੂੰ ਸੜਕਾਂ ਤੋਂ ਹਟਾ ਕੇ ਸਰਕਾਰੀ ਕੈਟਲ ਪਾਊਂਡ ਗਊਸ਼ਾਲਾ ਪਿੰਡ ਝਨੇੜੀ ਵਿਖੇ ਭੇਜਣ ਦੀ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਕੀਮਤੀ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਗਊਧਨ ਦੀ ਸੰਭਾਲ ਅਤੇ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਪਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਪੰਜਾਬ ਦੀਆਂ ਸੜਕਾਂ 'ਤੇ ਕੋਈ ਵੀ ਲਾਵਾਰਸ ਗਊਧਨ ਨਹੀਂ ਹੋਣਾ ਚਾਹੀਦਾ। ਉਹਨਾਂ ਕਿਹਾ ਕਿ ਸੜਕਾਂ 'ਤੇ ਘੁੰਮਦਾ ਲਾਵਾਰਸ ਗਊਧਨ ਕਾਰਨ ਹਾਦਸਿਆਂ ਅਤੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਦਾ ਖ਼ਦਸ਼ਾ ਰਹਿੰਦਾ ਹੈ ਅਤੇ ਸਾਡੀ ਸੰਸਕ੍ਰਿਤੀ ਨੂੰ ਵੀ ਢਾਹ ਲੱਗਦੀ ਹੈ। ਇਸ ਲਈ ਇਸ ਸਮੱਸਿਆ ਦਾ ਸਥਾਈ ਹੱਲ ਬਹੁਤ ਜ਼ਰੂਰੀ ਹੈ।

ਵਾਈਸ ਚੇਅਰਮੈਨ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦੇ ਪਿੰਡ ਝਨੇੜੀ ਵਿਖੇ ਸਥਿਤ ਸਰਕਾਰੀ ਕੈਟਲ ਪਾਊਂਡ ਇੱਕ ਵੱਡਾ ਕੇਂਦਰ ਹੈ, ਜਿੱਥੇ ਵੱਡੀ ਗਿਣਤੀ ਵਿੱਚ ਗਊਧਨ ਨੂੰ ਰੱਖਣ, ਖੁਰਾਕ, ਪਾਣੀ ਅਤੇ ਸਿਹਤ ਸੇਵਾਵਾਂ ਦੀ ਵਿਵਸਥਾ ਕੀਤੀ ਗਈ ਹੈ। ਉਹਨਾਂ



ਇਹ ਵੀ ਦੱਸਿਆ ਕਿ ਸਰਕਾਰੀ ਕੈਟਲ ਪਾਊਂਡ ਗਊਸ਼ਾਲਾ, ਝਨੇੜੀ ਵਿਖੇ ਗਊਧਨ ਦੇ ਦਾਖਲੇ ਸਬੰਧੀ ਆ ਰਹੀਆਂ ਦਿੱਕਤਾਂ ਨੂੰ ਦੂਰ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਹੁਣ ਉਥੇ ਗਊਧਨ ਦੇ ਦਾਖਲੇ ਦੀ ਪ੍ਰਕਿਰਿਆ ਹੋਰ ਸੁਗਮ ਅਤੇ ਪ੍ਰਭਾਵਸ਼ਾਲੀ ਬਣਾਈ ਗਈ ਹੈ।

ਇਸ ਦੇ ਨਾਲ ਹੀ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫਸਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਸ਼ਹਿਰਾਂ ਅਤੇ ਕਸਬਿਆਂ ਵਿੱਚੋਂ ਲਾਵਾਰਸ ਗਊਧਨ ਨੂੰ ਇਕੱਠਾ ਕਰਕੇ ਤੁਰੰਤ ਝਨੇੜੀ ਕੈਟਲ ਪਾਊਂਡ ਤੱਕ ਪੁਚਾਇਆ ਜਾਵੇ। ਉਹਨਾਂ ਚੇਤਾਵਨੀ ਦਿੱਤੀ ਕਿ ਇਸ ਸਬੰਧੀ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕੀਮਤੀ ਭਗਤ ਨੇ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਬੇਸਹਾਰਾ ਗਊਧਨ ਨੂੰ ਢੁੱਕਵਾਂ ਆਸਰਾ, ਸੰਭਾਲ ਅਤੇ ਸੁਰੱਖਿਆ ਮੁਹੱਈਆ ਕਰਵਾਉਣਾ ਸਰਕਾਰ ਦੀ ਪਹਿਲ ਹੈ। ਉਹਨਾਂ ਕਿਹਾ ਕਿ ਗਊ ਸੈੱਸ ਵਜੋਂ ਇਕੱਠੀ ਕੀਤੀ ਜਾ ਰਹੀ ਰਕਮ ਦੀ ਪਾਰਦਰਸ਼ੀ ਤੇ ਸੁਚੱਜੀ ਵਰਤੋਂ ਕਰਦੇ ਹੋਏ ਗਊਸ਼ਾਲਾਵਾਂ ਦੇ ਕੰਮਕਾਜ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਇਹ ਸੰਸਥਾਵਾਂ ਲੰਬੇ ਸਮੇਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਸੇਵਾ ਨਿਭਾ ਸਕਣ। ਉਹਨਾਂ ਕਿਹਾ ਕਿ ਗਊਧਨ ਦੀ ਸੁਚੱਜੀ ਸੰਭਾਲ ਲਈ ਉਹਨਾਂ ਵੱਲੋਂ ਵੱਖ ਵੱਖ ਜ਼ਿਲ੍ਹਿਆਂ ਵਿੱਚ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ ਜਾ ਰਹੇ ਹਨ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਨਗਰ ਕੌਂਸਲ ਦੇ ਨੁਮਾਇੰਦੇ, ਸਮਾਜਿਕ ਸੰਸਥਾਵਾਂ ਦੇ ਮੈਂਬਰ, ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

# ਈਦ-ਉਲ-ਫ਼ਿਤਰ ਮਨਾਈ, ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਇੱਕ-ਦੂਜੇ ਦੇ ਗਲੇ ਮਿਲ ਕੇ ਦਿੱਤੀਆਂ ਮੁਬਾਰਕਾਂ



ਧਨੌਲਾ, 21 ਮਾਰਚ (ਚਮਕੌਰ ਸਿੰਘ ਗੱਗੀ) : ਈਦ ਉੱਲ ਫ਼ਿਤਰ ਦਾ ਤਿਉਹਾਰ ਪੂਰੀ ਦੁਨੀਆਂ ਵਿੱਚ ਵਿੱਚ ਬਹੁਤ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ ਉੱਥੇ ਹੀ ਧਨੌਲਾ ਦੇ ਸਮੂਹ ਮੁਸਲਿਮ ਭਾਈਚਾਰੇ ਵੱਲੋਂ ਇਲਾਕੇ ਨਾਲ ਮਿਲ ਕੇ ਈਦ ਗਾਹ ਧਨੌਲਾ ਵਿਖੇ ਈਦ ਉਲ ਫਿਤ ਦਾ ਤਿਉਹਾਰ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਗਿਆ । ਇਸ ਮੌਕੇ ਮੌਲਵੀ ਮੁਹੰਮਦ ਖੁਵੈਦ ਅਹਿਮਦ, ਪ੍ਰਧਾਨ ਮਿੱਠੂ ਖਾਂ, ਡਾ. ਸਰਾਜ ਘਨੌਰ, ਜ਼ਿਲ੍ਹਾ ਸਕੱਤਰ ਘੱਟ ਗਿਣਤੀਆਂ,ਖਜ਼ਾਨਚੀ ਡਾਕਟਰ ਦਿਲਸ਼ਾਦ ਖਾ, ਗੁਰਮੇਲ, ਮੁਹੰਮਦ ਮਿੱਠੂ ਖਾਂ ਖੁਸ਼ੀ ਖਾਂ, ਭੋਲਾ ਖਾਂ, ਮੱਖਣ ਖਾਂ ਕਾਲੇਕੇ, ਰਾਜੂ ਸ਼ਾਹ, ਮੈਨੇਜਰ ਪ੍ਰਿੰਸ ਖਾਂ, ਸਲੀਮ ਖਾਂ ਪ੍ਰਬੰਧਕ ਮੈਂਬਰ ਜੀਵੀ ਖਾਂ ਪ੍ਰਬੰਧਕ ਮੈਂਬਰ ਚੇਅਰਮੈਨ ਤੌਤਾ ਖਾਂ ਅਤੇ ਸਮੂਹ ਮੁਸਲਿਮ ਭਾਈਚਾਰੇ ਵੱਲੋਂ ਨਵਾਜ਼ ਅਦਾ ਕੀਤੀ ਗਈ । ਇਸ ਮੌਕੇ ਹਲਕਾ ਵਿਧਾਇਕ ਕੁਲਦੀਪ ਸਿੰਘ ਢਿੱਲੋਂ ਵੱਲੋਂ ਆਪਣੀ ਧਨੌਲਾ ਟੀਮ ਨਾਲ ਪਹੁੰਚ ਕੇ ਮੁਸਲਿਮ ਭਾਈਚਾਰੇ ਨੂੰ ਈਦ ਦੀ ਮੁਬਾਰਕਬਾਦ ਦਿੱਤੀ, ਨਗਰ ਕੌਂਸਲ ਧਨੌਲਾ ਦੀ ਪ੍ਰਧਾਨ ਬੀਬੀ ਰਣਜੀਤ ਕੌਰ ਦੇ ਸਪੁੱਤਰ ਸਾਹਿਬ ਸਿੰਘ ਸੋਢੀ ,ਗੁਰਦੁਆਰਾ ਸ੍ਰੀ ਰਾਮਸਰ ਕਮੇਟੀ ਦੇ ਪ੍ਰਧਾਨ ਸੁਖਰਾਜ ਸਿੰਘ ਪੰਧੇਰ, ਹਰਿੰਦਰ ਜੀਤ ਸਿੰਘ ਤੇ ਸਮੂਹ ਮੈਂਬਰ ਗਊਸ਼ਾਲਾ ਕਮੇਟੀ ਦੇ ਪ੍ਰਧਾਨ ਅਤੇ ਬੀਜੇਪੀ ਆਗੂ ਜੀਵਨ ਕੁਮਾਰ ਬਾਂਸਲ ,ਡਾਕਟਰ ਸ਼ੰਕਰ ਬਾਂਸਲ ਸਾਬਕਾ ਸਬ ਇੰਸਪੈਕਟਰ ਹਰਦੀਪ ਸਿੰਘ ਸਾਗਰ , ਸ੍ਰੀ ਆਦਿ ਸ਼ਕਤੀ ਰਾਮਲੀਲਾ ਕਲੱਬ ਦੇ ਪ੍ਰਧਾਨ ਰਜਿੰਦਰ ਕੁਮਾਰ ਗਰਗ, ਸਮੇਤ ਸਮੂਹ ਮੈਂਬਰ ਜੈ ਸ੍ਰੀ ਦੁਰਗਾ ਭਜਨ ਮੰਡਲੀ ਦੇ ਸਮੂਹ ਮੈਂਬਰ ਅਤੇ ਕਾਂਗਰਸ ਪਾਰਟੀ ਦੇ ਸਮੂਹ ਆਗੂ,ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਆਗੂ ਬੀਜੇਪੀ ਪਾਰਟੀ ਦੇ ਆਗੂਆਂ ਸਮੇਤ ਕਿਸਾਨ ਯੂਨੀਅਨ ਦੇ ਆਗੂ, ਕੋਮਲ ਦੀਪ ਸਿੰਘ, ਢਿੱਲੋਂ ਆਦਿ ਨੇ ਪਹੁੰਚ ਕੇ ਸਮੂਹ ਮੁਸਲਿਮ ਭਾਈਚਾਰੇ ਨੂੰ ਈਦ ਦੀ ਵਧਾਈ ਦਿੱਤੀ । ਥਾਣਾ ਧਨੌਲਾ ਦੇ ਇਨਚਾਰਜ ਇੰਸਪੈਕਟਰ ਲਖਵੀਰ ਸਿੰਘ ਨੇ ਵਧਾਈ ਦਿੰਦਿਆਂ ਕਿਹਾ ਕਿ ਮਲੇਰਕੋਟਲੇ ਦੇ ਨਵਾਬ ਨੇ ਸਰਹੰਦ ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚੁਣੇ ਜਾਣ ਲਈ ਉਸ ਵੇਲੇ ਨਵਾਬ ਵੱਲੋਂ ਹਾ ਦਾ ਨਾਰਾ ਮਾਰਿਆ ਸੀ ਤੇ ਕਿਹਾ ਕਿ ਇਹਨਾਂ ਬੱਚਿਆਂ ਦਾ ਕੀ ਕਸੂਰ ਹੈ ਇਹਨਾਂ ਨੂੰ ਨੀਹਾਂ ਵਿੱਚ ਨਹੀਂ ਚੁਣਿਆ ਜਾਣਾ ਚਾਹੀਦਾ। ਜਿਸ ਕਾਰਨ ਹਿੰਦੂ ਸਿੱਖ ਮੁਸਲਿਮ ਦਾ ਪਿਆਰ ਆਪਸੀ ਭਾਈਚਾਰੇ ਦਾ ਪ੍ਰਤੀਕ ਹੈ, ਪ੍ਰਧਾਨ ਮਿੱਠੂ ਖਾਂ, ਡਾਕਟਰ ਸਰਾਜ ਘਨੌਰ , ਖੁਸ਼ੀ ਕਾ ਬਿੱਲੂ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮੂਹ ਭਾਈਚਾਰਕ ਮਸੀਤ ਵਿੱਚ ਬੈਠੇ ਨਵਾਜ਼ ਪੜ੍ਹਨ ਸਮੇਂ ਜਦੋਂ ਸਾਰੇ ਗੁੱਸੇ ਗਿਲੇ ਦੂਰ ਹੋ ਜਾਂਦੇ ਹਨ ਸਭ ਤੋਂ ਵੱਧ ਭਾਈਚਾਰਕਤਾ ਮੈ ਧਨੌਲਾ ਮੰਡੀ ਵਿੱਚ ਦੇਖੀ ਗਈ ਹੈ। ਇਸ ਮੌਕੇ ਪ੍ਰਧਾਨ ਮਿੱਠੂ ਖਾਂ ਤੇ ਮੌਲਵੀ ਖੁਵੈਦ ਖਾਂ ਅਤੇ ਸਮੂਹ ਭਾਈਚਾਰਕ ਵੱਲੋਂ ਆਏ ਮਹਿਮਾਨਾਂ ਦਾ ਸਨਮਾਨ ਕਰਦਿਆਂ ਵਧਾਈ ਦਿੱਤੀ ਗਈ।

# ਵਿਧਾਇਕ ਉਗੋਕੇ ਦੇ ਯਤਨਾਂ ਸਦਕਾ ਭਦੌੜ ਦੀਆਂ ਸੜਕਾਂ ਦੀ ਨੁਹਾਰ ਬਦਲਣੀ ਸ਼ੁਰੂ : ਮੁਨੀਸ਼ ਕੁਮਾਰ ਗਰਗ



ਭਦੌੜ, 21 ਮਾਰਚ (ਸੁਖਵਿੰਦਰ ਪਲਾਹਾ) : ਆਮ ਆਦਮੀ ਪਾਰਟੀ ਦੇ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਦੇ ਯਤਨਾਂ ਸਦਕਾ ਭਦੌੜ ਨੂੰ ਮਿਲੀਆਂ ਗਰਾਂਟਾਂ ਦੇ ਗੱਫਿਆਂ ਵਿੱਚੋਂ ਤਕਰੀਬਨ 6 ਕਰੋੜ ਰੁਪਇਆ ਭਦੌੜ ਦੀ ਨਗਰ ਕੌਂਸਲ ਖੇਤਰ ਅਧੀਨ ਆਉਂਦੀਆਂ ਸੜਕਾਂ ਉੱਪਰ ਲੱਗੇਗਾ । ਨਗਰ ਕੌਂਸਲ ਭਦੌੜ ਦੇ ਪ੍ਰਧਾਨ ਮਨੀਸ਼ ਕੁਮਾਰ ਗਰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੰਤ ਬਾਬਾ ਕਾਲ੍ਹਾ ਸਿੰਘ ਜੀ ਦੀ ਯਾਦ ਵਿੱਚ ਬਣਾਈ ਗਈ ਸੁੰਦਰ ਡਿਊੜੀ ਤੋਂ ਲੈ ਕੇ ਸ਼ਿਵ ਮੰਦਿਰ ਪੱਥਰਾਂ ਵਾਲੀ ਸੜਕ ਨੂੰ ਪੂਰਨ ਤੌਰ 'ਤੇ 20 ਫੁੱਟ ਚੌੜੀ ਕਰਨ ਦਾ ਕੰਮ ਪੂਰੇ ਜ਼ੋਰਾਂ ਤੇ ਚੱਲ ਰਿਹਾ ਹੈ। ਉਹਨਾਂ ਕਿਹਾ ਕਿ ਇਹ ਰੋਡ ਪਹਿਲਾਂ ਸਿਰਫ ਨੌ ਫੁੱਟ ਚੌੜੀ ਹੀ ਸੀ ਅਤੇ ਲਿੰਕ ਰੋਡ ਹੋਣ ਕਰਕੇ ਆਉਣ ਜਾਣ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਰੋਡ ਉੱਪਰ ਕਈ ਧਾਰਮਿਕ ਅਸਥਾਨ ਵੀ ਸੁਸ਼ੋਭਿਤ ਹਨ ਜਿਵੇਂ ਕਿ ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਕਾਲ੍ਹਾ ਸਿੰਘ ਜੀ, ਸੰਤ ਬਾਬਾ ਮਲਕੀਤ ਸਿੰਘ ਜੀ, ਨਾਨਕਸਰ ਠਾਠ ਸੰਤ ਬਾਬਾ ਈਸ਼ਰ ਸਿੰਘ ਜੀ, ਪ੍ਰਾਚੀਨ 11 ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ, ਜੈਨ ਸਮਾਧੀ, ਡੇਰਾ ਬਾਬਾ ਮੇਹਰ ਦਾਸ ਜੀ ਤੋਂ ਇਲਾਵਾ ਬਾਬਾ ਬਾਲਕ ਰਾਮ ਪ੍ਰਾਇਮਰੀ ਸਕੂਲ ,ਮਾਤਾ ਗੁਜਰੀ ਪਬਲਿਕ ਸਕੂਲ, ਲਾਲਾ ਲਾਜਪਤ ਰਾਏ ਆਰੀਆ ਮਾਡਲ ਸਕੂਲ ਆਦਿ ਵੀ ਇਸ ਰੋਡ ਉੱਪਰ ਬਣੇ ਹੋਣ ਕਰਕੇ ਜਿਆਦਾਤਰ ਆਵਾਜਾਈ ਇਸ ਸੜਕ ਉੱਪਰ ਰਹਿੰਦੀ ਸੀ, ਪਰ ਇਹ ਸੜਕ ਦੇ 20 ਫੁੱਟ ਚੌੜਾ ਹੋਣ ਕਾਰਨ ਲੋਕਾਂ ਨੂੰ ਆਉਣ ਜਾਣ ਵਿੱਚ ਕਦੇ ਵੀ ਪਰੇਸ਼ਾਨੀ ਨਹੀਂ ਹੋਵੇਗੀ। ਪ੍ਰਧਾਨ ਮਨੀਸ਼ ਕੁਮਾਰ ਗਰਗ ਨੇ ਦੱਸਿਆ ਕਿ ਇਸ ਤੋਂ ਇਲਾਵਾ ਤਿੰਨ ਕੋਣੀ ਚੌਕ ਤੋਂ ਲੈ ਕੇ ਬੱਸ ਸਟੈਂਡ ਭਦੌੜ, ਨਗਰ ਕੌਂਸਲ ਚੌਕ, ਥਾਣਾ ਭਦੌੜ, ਤਹਿਸੀਲ ਰੋਡ, ਮਹੱਲਾ ਬੁੱਟਰਾਂ ਦਾ ,ਤਲਵੰਡੀ ਰੋਡ , ਮੁਹੱਲਾ ਡਿੱਬੀਪੁਰਾ, ਮੁਹੱਲਾ ਜੰਗੀ ਕਾ, ਮੁਹੱਲਾ ਮਾਨਾਂ ਦਾ ,ਮੁਹੱਲਾ ਵੱਡੇ ਕੌੜੇ ਤੱਕ ਸੜਕ ਵੀ ਦੁਬਾਰਾ ਨਵੀਂ ਬਣਾਈ ਜਾਵੇਗੀ । ਪ੍ਰਧਾਨ ਮਨੀਸ਼ ਕੁਮਾਰ ਗਰਗ ਨੇ ਕਿਹਾ ਕਿ ਮਾਨਾ ਵਾਲਾ ਪ੍ਰਾਈਮਰੀ ਸਕੂਲ ਤੋਂ ਲੈ ਕੇ ਬਰਨਾਲਾ-ਬਾਜਾਖਾਨਾ ਮੇਨ ਸੜਕ ਤੱਕ ਵੀ ਰੋਡ ਨੂੰ ਦੁਬਾਰਾ ਬਣਾਇਆ ਜਾਵੇਗਾ। ਉਹਨਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਖਹਿਰਾ ਪੈਲੇਸ ਰੋਡ ਦੀ ਹਾਲਤ ਜਿਆਦਾ ਖ਼ਸਤਾ ਹੋਣ ਕਾਰਨ ਇਸ ਰੋਡ ਉੱਪਰ ਲੌਕ ਟਾਇਲ ਲਗਾਉਣ ਦਾ ਕੰਮ ਵੀ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ, ਤਾਂ ਕਿ ਭਦੌੜ ਵਿੱਚ ਇੰਟਰ ਹੋਣ ਵੇਲੇ ਕਿਸੇ ਨੂੰ ਕਿਸੇ ਵੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਨਾਨਕਸਰ ਰੋਡ ਦੇ ਵਸਨੀਕਾਂ ਗੁਰਚਰਨ ਸਿੰਘ ਪਲਾਹਾ , ਡਾਕਟਰ ਅਮਰ ਸਿੰਘ, ਮੇਵਾ ਸਿੰਘ, ਸ਼ਮਸ਼ਾਨ ਘਾਟ ਕਮੇਟੀ ਅਗਰਵਾਲ ,ਸ਼ਮਸ਼ਾਨਘਾਟ ਕਮੇਟੀ ਜੈਦ ਭੈਣੀ, ਗਿਆਰਾਂ ਰੁਦਰ ਸ਼ਿਵ ਮੰਦਿਰ ਪੱਥਰਾਂ ਵਾਲੀ ਕਮੇਟੀ ਦੇ ਪ੍ਰਧਾਨ ਹੀਰਾ ਲਾਲ ਸਿੰਗਲਾ, ਸ਼ੀਤਲ ਕੁਮਾਰ ,ਸਾਬਕਾ ਕੌਂਸਲਰ ਅਤੇ ਆਰੀਆ ਮਾਡਲ ਸਕੂਲ ਭਦੌੜ ਦੇ ਪ੍ਰਧਾਨ ਭੂਸ਼ਣ ਕੁਮਾਰ ਸਿੰਗਲਾ, ਕਾਕਾ ਸਿੰਘ ਭਲੇਰੀਆ, ਸੇਵਕ ਸਿੰਘ ਭਲੇਰੀਆ, ਮੱਖਣ ਸਿੰਘ ਭਲੇਰੀਆ ਆਦਿ ਨੇ ਕਿਹਾ ਕਿ ਭਦੌੜ ਦਾ ਇਹ ਵਿਕਾਸ ਹੋਣਾ ਅਤਿ ਜਰੂਰੀ ਸੀ ਅਤੇ ਭਦੌੜ ਦੀਆਂ ਇਹ ਸੜਕਾਂ ਦੇ ਬਨਣ ਨਾਲ ਭਦੌੜ ਦੀ ਨੁਹਾਰ ਬਦਲੀ ਜਾਵੇਗੀ ਅਤੇ ਲੋਕਾਂ ਨੂੰ ਵਧੀਆ ਸੁਵਿਧਾਵਾਂ ਮਿਲਣ ਨਾਲ ਆਵਾਜਾਈ ਵਿੱਚ ਕੋਈ ਵਿਘਨ ਵੀ ਨਹੀਂ ਪਵੇਗਾ, ਕਿਉਂਕਿ ਪਹਿਲਾਂ ਜਿਆਦਾਤਰ ਸੜਕਾਂ 'ਤੇ ਵੱਡੇ-ਵੱਡੇ ਟੋਏ ਪੈ ਚੁੱਕੇ ਸਨ ਅਤੇ ਕਿਸੇ ਸਮੇਂ ਕੋਈ ਵੀ ਭਿਆਨਕ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਸੀ। ਉਹਨਾਂ ਕਿਹਾ ਕਿ ਕਿਹਾ ਕਿ ਤਿੰਨ ਕੋਣੀ ਭਦੌੜ ਤੋਂ ਤਹਿਸੀਲ ਕੰਪਲੈਕਸ ਤੱਕ ਜਿਆਦਾ ਟਰੈਫਿਕ ਕਾਰਨ ਲੋਕਾਂ ਨੂੰ ਆਉਣ ਜਾਣ ਵਿੱਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ,ਕਿਉਂਕਿ ਸੜਕ ਦੇ ਵਿੱਚ ਟੋਏ ਅਤੇ ਸੜਕ ਦੇ ਟੁੱਟਣ ਕਾਰਨ ਆਮ ਲੋਕਾਂ ਨੂੰ ਆਉਣ ਜਾਣ ਵਿੱਚ ਦਿੱਕਤ ਪੇਸ਼ ਆਉਂਦੀ ਸੀ ,ਪਰ ਇਹ ਸੜਕਾਂ ਨਵੀਆਂ ਬਣਨ ਨਾਲ ਇਹ ਮੁਸ਼ਕਲਾਂ ਦਾ ਹੱਲ ਵੀ ਹੋ ਜਾਵੇਗਾ।

# ਇਨਕਲਾਬੀ ਕੇਂਦਰ ਪੰਜਾਬ ਅਤੇ ਲੋਕ ਮੋਰਚਾ ਪੰਜਾਬ ਵੱਲੋਂ ਜਾਰੀ ਕੀਤਾ ਲੀਫਲੈੱਟ ਵੰਡਿਆ

## 23 ਮਾਰਚ ਸਾਮਰਾਜੀ ਵਿਰੋਧੀ ਕਾਨਫਰੰਸ 'ਚ ਪੁੱਜਣ ਦੀ ਅਪੀਲ



ਮਹਿਲਕਲਾਂ ,ਬਰਨਾਲਾ, 21 ਮਾਰਚ (ਬਘੇਲ ਸਿੰਘ ਧਾਲੀਵਾਲ) : ਇਨਕਲਾਬੀ ਕੇਂਦਰ ਪੰਜਾਬ ਜ਼ਿਲ੍ਹਾ ਬਰਨਾਲਾ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਮਹਿਲਕਲਾਂ ਇਲਾਕੇ ਦੇ ਪਿੰਡਾਂ ਵਿੱਚ ਡਾ. ਰਜਿੰਦਰ ਪਾਲ ਦੀ ਅਗਵਾਈ ਵਿੱਚ ਲੀਫਲੈੱਟ ਵੰਡਣ ਦੀ ਮੁਹਿੰਮ ਚਲਾਈ ਗਈ। ਇਸ ਲੀਫਲੈੱਟ ਵੰਡਣ ਦੀ ਮੁਹਿੰਮ ਸਮੇਂ ਗੱਲਬਾਤ ਕਰਦਿਆਂ ਡਾ ਰਜਿੰਦਰ ਪਾਲ, ਜਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ ਅਤੇ ਯਾਦਵਿੰਦਰ ਠੀਕਰੀਵਾਲ, ਅਜਮੇਰ ਸਿੰਘ ਕਾਲਸਾਂ ਨੇ ਕਿਹਾ ਕਿ 23 ਮਾਰਚ ਦੇ ਸ਼ਹੀਦਾਂ ਦੀ ਸਾਮਰਾਜ ਵਿਰੋਧੀ ਵਿਰਾਸਤ ਬੁਲੰਦ ਕਰਦਿਆਂ ਸਾਮਰਾਜੀ ਲੁੱਟ ਅਤੇ ਦਾਬੇ ਦਾ ਡੱਟਵਾਂ ਵਿਰੋਧ ਕਰਨ, ਅਮਰੀਕਾ ਇਜ਼ਰਾਈਲ ਵੱਲੋਂ ਈਰਾਨ ਉੱਤੇ ਠੋਸੀ ਨਿੱਹਕੀ ਜੰਗ ਦਾ ਵਿਰੋਧ ਕਰਨ ਅਤੇ ਲੋਕ ਏਕਤਾ ਅਤੇ ਸਾਂਝੇ ਤਿੱਖੇ ਸਿਆਸੀ ਘੋਲਾਂ ਦਾ ਕਿਲ੍ਹਾ ਮਜ਼ਬੂਤ ਕਰਨ ਦੀ ਲੋੜ ਹੈ। ਇਸ ਸਮੇਂ ਕਿਸਾਨ ਆਗੂਆਂ ਪ੍ਰੀਤਮ ਸਿੰਘ ਮਹਿਲਕਲਾਂ, ਚਮਕੌਰ ਸਿੰਘ ਮਹਿਲਖੁਰਦ, ਜਗਦੀਪ ਸਿੰਘ, ਕਮਲਦੀਪ ਸਿੰਘ ਦੱਧਾਹੂਰ, ਨਿਰਮਲ ਸਿੰਘ ਅਮਲਾ ਸਿੰਘ ਵਾਲਾ ਨੇ ਕਿਹਾ ਕਿ ਘਰ ਘਰ ਇਹ ਲੀਫਲੈੱਟ ਦਾ ਮਕਸਦ ਹੈ ਕਿ 23 ਮਾਰਚ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਵਿਗਿਆਨਕ ਵਿਚਾਰਧਾਰਾ ਦਾ ਸੁਨੇਹਾ ਗ੍ਰਹਿਣ ਕਰਦਿਆਂ ਨਵਾਂ ਜਮਹੂਰੀ ਲੋਕ ਪੱਖੀ ਬਰਾਬਰਤਾ ਲੁੱਟ ਜ਼ਬਰ ਅਤੇ ਦਾਬੇ ਤੋਂ ਮੁਕਤ ਸਮਾਜ ਸਿਰਜਣ ਦੇ ਰਾਹ ਅੱਗੇ ਵਧਿਆ ਜਾਵੇ। ਆਗੂਆਂ ਨੇ 23 ਮਾਰਚ ਨੂੰ ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੀ ਸਾਮਰਾਜੀ ਵਿਰੋਧੀ ਵਿਰੋਧੀ ਕਾਨਫਰੰਸ ਵਿੱਚ ਕਾਫ਼ਲੇ ਬੰਨ੍ਹ ਕੇ ਪੁੱਜਣ ਦੀ ਅਪੀਲ ਕੀਤੀ।

# 15 ਗ੍ਰਾਮ ਪਾਬੰਦੀਸ਼ੁਦਾ ਪਾਊਡਰ ਸਮੇਤ ਨੌਜਵਾਨ ਕਾਬੂ

ਬਰਨਾਲਾ , 21 ਮਾਰਚ (ਬਘੇਲ ਸਿੰਘ ਧਾਲੀਵਾਲ) : ਥਾਣਾ ਸਿਟੀ 2 ਬਰਨਾਲਾ ਦੀ ਪੁਲਿਸ ਨੇ 15 ਗ੍ਰਾਮ ਪਾਬੰਦੀਸ਼ੁਦਾ ਪਾਊਡਰ ਬ੍ਰਾਮਦ ਕਰਕੇ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲਿਸ ਪਾਰਟੀ ਚੈਕਿੰਗ ਦੌਰਾਨ ਅਗਰਸੇਨ ਕਲੋਨੀ ਬਰਨਾਲਾ ਦੀਆਂ ਬੰਦ ਪਈਆਂ ਦੁਕਾਨਾਂ ਕੋਲ ਪੁੱਜੀ। ਕਰੀਬ 01:15 ਪੀ.ਐਮ. ਦੇ ਸਮੇਂ ਬੰਦ ਦੁਕਾਨਾਂ ਕੋਲੋਂ ਇੱਕ ਮੋਨਾ ਨੌਜਵਾਨ ਅਰਸਦੀਪ ਸਿੰਘ ਉਰਫ ਗੱਬਰ ਵਾਸੀ ਸੇਖਾ ਰੋਡ, ਬਰਨਾਲਾ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਉਸ ਕੋਲੋਂ 15 ਗ੍ਰਾਮ ਪਾਬੰਦੀਸੁਦਾ ਪਾਊਡਰ ਬਰਾਮਦ ਹੋਇਆ, ਜਿਸ ਤੋਂ ਬਾਅਦ ਉਸ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀ ਨੂੰ ਕਾਬੂ ਕਰਕੇ ਅੱਗੇ ਦੀ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਉਹ ਇਹ ਨਸ਼ੀਲਾ ਪਦਾਰਥ ਕਿੱਥੋਂ ਲੈ ਕੇ ਆਇਆ ਸੀ ਅਤੇ ਕਿਸਨੂੰ ਸਪਲਾਈ ਕਰਦਾ ਸੀ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਨਸ਼ਿਆਂ ਖ਼ਿਲਾਫ਼ ਮੁਹਿੰਮ ਹੋਰ ਵੀ ਤੇਜ਼ ਕੀਤੀ ਜਾਵੇਗੀ। ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਨਸ਼ਿਆਂ ਦੇ ਖ਼ਾਤਮੇ ਲਈ ਉਹ ਪੁਲਿਸ ਦਾ ਸਹਿਯੋਗ ਕਰਨ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਜਾਣਕਾਰੀ ਦੇਣ, ਤਾਂ ਜੋ ਸਮਾਜ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ।

# ਪਿੰਡ ਰਾਮਪੁਰਾ ਅਤੇ ਲਹਿਰਾ ਮੁਹੱਬਤ ਵਿਖੇ ਸ਼ਹੀਦਾਂ ਦੀ ਯਾਦ 'ਚ ਸਰਬ ਸਾਂਝਾ ਸ਼ਰਧਾਂਜਲੀ ਸਮਾਗਮ ਅੱਜ



ਰਾਮਪੁਰਾ ਫੂਲ,21 ਮਾਰਚ (ਮਨਪ੍ਰੀਤ ਮਿੰਟੂ) : ਸ਼ਹੀਦ ਭਗਤ ਸਿੰਘ ,ਰਾਜਗੁਰੂ ,ਸੁਖਦੇਵ ਦਾ ਸ਼ਰਧਾਂਜਲੀ ਸਮਾਗਮ ਅੱਜ 22 ਮਾਰਚ ਦਿਨ ਐਤਵਾਰ ਨੂੰ ਲੋਕ ਨਾਟਕ ਮੰਡਲੀ ਮੰਡੀ ਮੁੱਲਾਂਪੁਰ ਵੱਲੋਂ ਸਵੇਰੇ ਦਸ ਵਜੇ ਪਿੰਡ ਰਾਮਪੁਰਾ ਵਿਖੇ ਅਤੇ ਸ਼ਾਮ ਚਾਰ ਵਜੇ ਲਹਿਰਾ ਮੁਹੱਬਤ ਵਿਖੇ ਕੀਤਾ ਜਾ ਰਿਹਾ ਹੈ, ਜਿਸ ਦੌਰਾਨ ਇਨਕਲਾਬੀ ਨਾਟਕ, ਸਾਫ ਸੁਥਰਾ ਗੀਤ ਸੰਗੀਤ ਅਤੇ ਕੋਰੀਓਗ੍ਰਾਫੀ ਪੇਸ਼ ਕੀਤੀ ਜਾਵੇਗੀ। ਇਹ ਪ੍ਰੋਗ੍ਰਾਮ ਪਿੰਡ ਰਾਮਪੁਰਾ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ, ਇਨਕਲਾਬੀ ਕੇਂਦਰ ਪੰਜਾਬ, ਡੈਮੋਕ੍ਰੇਟਿਕ ਟੀਚਰਜ਼ ਫਰੰਟ , ਜਮਹੂਰੀ ਅਧਿਕਾਰ ਸਭਾ , ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ, ਟੈਕਨੀਕਲ ਸਰਵਿਸ ਯੂਨੀਅਨ, ਭੱਠਾ ਮਜ਼ਦੂਰ ਯੂਨੀਅਨ ਆਦਿ ਵੱਖ ਵੱਖ ਜਥੇਬੰਦੀਆਂ ਦੇ ਆਗੂ ਸਾਹਿਬਾਨ ਦੀ ਦੇਖ ਰੇਖ ਹੇਠ ਕਰਵਾਇਆ ਜਾ ਰਿਹਾ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਮੁਖਤਿਆਰ ਸਿੰਘ ਪੂਹਲਾ ਅਤੇ ਜਗਜੀਤ ਸਿੰਘ ਲਹਿਰਾ ਮੁਹੱਬਤ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਲਿਖਿਆ ਸੀ ਕਿ ਸਾਮਰਾਜਵਾਦ ਇੱਕ ਵੱਡੀ ਡਾਕੇ ਮਾਰਨ ਦੀ ਸਾਜਿਸ਼ ਤੋਂ ਬਗੈਰ ਕੁੱਝ ਨਹੀਂ ਅਤੇ ਸਾਮਰਾਜੀ ਲੁੱਟ ਕਰਨ ਲਈ ਉਹ ਜੰਗ ਵਰਗੇ ਵੱਡੇ ਜੁਰਮ ਵੀ ਕਰਦੇ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂ ਗੁਰਦੀਪ ਸਿੰਘ ਗੁਰਨਾਮ ਸਿੰਘ ਅਮਰਜੀਤ ਸਿੰਘ ਹਨੀ,ਪਾਲਾ ਸਿੰਘ ,ਜਗਦੀਸ਼ ਸਿੰਘ ਪਰਮਜੀਤ ਸਿੰਘ ਸੁਖਜਿੰਦਰ ਸਿੰਘ ਨੇ ਅਮਰੀਕਾ ਅਤੇ ਹੋਰ ਸਾਮਰਾਜੀਆਂ ਨਾਲ ਕਿਸਾਨਾਂ ਤੇ ਭਾਰਤੀ ਮਜਦੂਰਾਂ ਵਿਰੋਧੀ ਸਮਝੌਤਿਆਂ ਦੀ ਵਿਆਖਿਆ ਕੀਤੀ। ਟੈਕਨੀਕਲ ਸਰਵਿਸ ਯੂਨੀਅਨ ਦੇ ਪਰਵਿੰਦਰ ਸਿੰਘ ਬਿੱਟੂ, ਗੁਰਕੀਰਤ ਸਿੰਘ,ਭੱਠਾ ਮਜ਼ਦੂਰ ਯੂਨੀਅਨ ਦੇ ਆਗੂ ਰਮਨ ਸਿੰਘ,ਜੇਰਾ ਸਿੰਘ ਜਮਹੂਰੀ ਅਧਿਕਾਰ ਸਭਾ ਦੇ ਮੰਦਰ ਸਿੰਘ ਜੱਸੀ, ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ ਦੇ ਜਗਤਾਰ ਸਿੰਘ ਫੂਲ, ਕੌਂਦਰ ਦੇ ਹਰਮੇਸ਼ ਕੁਮਾਰ ਰਾਮਪੁਰਾ ਅਤੇ ਡਾਕਟਰ ਨਰੰਜਣ ਸਿੰਘ ਆਦਿ ਨੇ ਇਰਾਨ ਉੱਪਰ ਸਾਮਰਾਜੀ ਜੰਗ ਬੰਦ ਕਰਨ, ਭਾਰਤ ਦੀ ਸਰਜਮੀਨ ਨੂੰ ਅਮਰੀਕਾ ਜੰਗਬਾਜਾਂ ਵੱਲੋਂ ਇਰਾਨ ਵਿਰੋਧੀ ਵਰਤੇ ਜਾਣ ਤੋਂ ਰੋਕਣ ਅਤੇ ਅਮਰੀਕਾ ਨਾਲ ਕੀਤੇ ਇੱਕਪਾਸੜ ਸਮਝੌਤੇ ਨੂੰ ਰੱਦ ਕਰਨ ਦੀ ਮੰਗ ਕੀਤੀ।

ਇਲਾਕਾ ਨਿਵਾਸੀਆਂ ਨੂੰ ਇਹਨਾਂ ਪ੍ਰੋਗਰਾਮਾਂ ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।ਇਹਨਾਂ ਸਮਾਗਮਾਂ ਚ ਸਾਫ ਸੁਥਰੇ ਇਨਕਲਾਬੀ ਗੀਤਾਂ ਤੋਂ ਇਲਾਵਾ ਨਾਟਕ ਅਤੇ ਕੋਰਿਓਗਰਾਫੀ ਆਦਿ ਪੇਸ਼ ਕੀਤੀਆਂ ਜਾਣਗੀਆਂ।

# ਜੇਲ੍ਹ ਅੰਦਰੋਂ 14.68 ਗ੍ਰਾਮ ਸੁਲਫ਼ਾ ਬਰਾਮਦ, ਕਈ ਹਵਾਲਾਤੀਆਂ 'ਤੇ ਕੇਸ ਦਰਜ

ਬਰਨਾਲਾ, 21 ਮਾਰਚ (ਬਘੇਲ ਸਿੰਘ ਧਾਲੀਵਾਲ) : ਥਾਣਾ ਸਿਟੀ-1 ਬਰਨਾਲਾ ਦੀ ਪੁਲਿਸ ਨੇ ਜ਼ਿਲ੍ਹਾ ਜੇਲ੍ਹ ਅੰਦਰ ਚਲਾਈ ਗਈ ਚੈਕਿੰਗ ਦੌਰਾਨ 14.68 ਗ੍ਰਾਮ ਸੁਲਫਾ ਬਰਾਮਦ ਕਰਕੇ ਵੱਡੀ ਕਾਰਵਾਈ ਕੀਤੀ ਹੈ। ਜਾਣਕਾਰੀ ਅਨੁਸਾਰ ਜ਼ਿਲ੍ਹਾ ਜੇਲ੍ਹ ਬਰਨਾਲਾ ਦੀ ਬੈਰਕ ਨੰਬਰ 06 ਵਿੱਚ ਬੰਦ ਹਵਾਲਾਤੀ ਹਰਮਨ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਮੱਝੂਕੇ ਤੋਂ ਸੁਲਫਾ ਬਰਾਮਦ ਹੋਇਆ। ਦੌਰਾਨੇ ਪੁੱਛਗਿੱਛ ਹਰਮਨ ਸਿੰਘ ਨੇ ਖੁਲਾਸਾ ਕੀਤਾ ਕਿ ਇਹ ਸੁਲਫਾ ਹੋਰ ਕੈਦੀਆਂ ਅਤੇ ਹਵਾਲਾਤੀਆਂ ਨੂੰ ਵੀ ਵੰਡਿਆ ਗਿਆ ਸੀ। ਜਿਸ ਦੇ ਆਧਾਰ 'ਤੇ ਪੁਲਿਸ ਵੱਲੋਂ ਬੰਟੀ ਡਾਬੀ, ਅਜਾਦ ਮੁਹੰਮਦ, ਸਤਨਾਮ ਸਿੰਘ ਉਰਫ ਵੱਡਾ ਸਿੰਘ, ਗੁਰਵਿੰਦਰ ਸਿੰਘ ਉਰਫ ਮੇਹਰ ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਦੀ ਵੀ ਤਲਾਸ਼ੀ ਲਈ ਗਈ। ਚੈਕਿੰਗ ਦੌਰਾਨ ਉਕਤ ਸਾਰੇ ਵਿਅਕਤੀਆਂ ਕੋਲੋਂ ਕੁੱਲ ਮਿਲਾ ਕੇ 14.68 ਗ੍ਰਾਮ ਸੁਲਫਾ ਬਰਾਮਦ ਕੀਤਾ ਗਿਆ। ਪੁਲਿਸ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਸਾਰੇ ਦੋਸ਼ੀਆਂ ਖ਼ਿਲਾਫ਼ ਐਨ.ਡੀ.ਪੀ.ਐਸ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ ਅਤੇ ਹੋਰ ਪੁੱਛਗਿੱਛ ਜਾਰੀ ਹੈ। ਇਸ ਦੇ ਨਾਲ ਹੀ ਜੇਲ੍ਹ ਪ੍ਰਸ਼ਾਸਨ ਵੱਲੋਂ ਵੀ ਸੁਰੱਖਿਆ ਪ੍ਰਬੰਧ ਹੋਰ ਕੜੇ ਕਰਨ ਦੀ ਗੱਲ ਕਹੀ ਜਾ ਰਹੀ ਹੈ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਪੁਲਿਸ ਅਧਿਕਾਰੀਆਂ ਮੁਤਾਬਕ ਇਸ ਮਾਮਲੇ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਜੇਲ੍ਹ ਅੰਦਰ ਨਸ਼ੀਲਾ ਪਦਾਰਥ ਕਿਵੇਂ ਪਹੁੰਚਿਆ।

# ਅਪੰਗ ਵਿਅਕਤੀ ਦੇ ਘਰ ਉੱਪਰ ਜਬਰੀ ਕਬਜ਼ਾ ਕਰਨ 'ਤੇ ਸੇਵਾ ਮੁਕਤ ਅਧਿਆਪਕ ਖ਼ਿਲਾਫ਼ ਪਰਚਾ ਦਰਜ



ਭਦੌੜ, 21 ਮਾਰਚ (ਸੁਖਵਿੰਦਰ ਪਲਾਹਾ) : ਥਾਣਾ ਭਦੌੜ ਵਿਖੇ ਇੱਕ ਅਪਾਹਜ ਵਿਅਕਤੀ ਦੇ ਘਰ ਉੱਪਰ ਇੱਕ ਰਿਟਾਇਰਡ ਅਧਿਆਪਕ ਵੱਲੋਂ ਜਬਰੀ ਕਬਜ਼ਾ ਕਰਨ ਦੇ ਮਾਮਲੇ ਨੂੰ ਲੈ ਕੇ ਅੱਜ ਥਾਣਾ ਭਦੌੜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਥਾਣਾ ਭਦੌੜ ਮੁਖੀ ਇੰਸਪੈਕਟਰ ਹਰਸਿਮਰਨਜੀਤ ਸਿੰਘ ਮਹਿਰੋਕ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇੱਕ ਰਿਟਾਇਰਡ ਅਧਿਆਪਕ ਨੀਲੂ ਖ਼ਾਨ ਪੁੱਤਰ ਮੇਹਰਦੀਨ ਨੇ ਮਿਤੀ 14-4-2025 ਨੂੰ ਆਪਣੇ ਸਾਥੀਆਂ ਸਮੇਤ ਇੱਕ ਅਪਾਹਜ ਵਿਅਕਤੀ ਦੇ ਘਰ 'ਤੇ ਕਬਜ਼ਾ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਸੀ, ਜਿਸ 'ਤੇ ਥਾਣਾ ਭਦੌੜ ਨੇ ਕਾਰਵਾਈ ਕਰਦਿਆਂ ਹਰਪ੍ਰੀਤ ਸਿੰਘ ਪੁੱਤਰ ਰਣ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਭਦੌੜ ਵਿਖੇ ਮੁਕਦਮਾ ਨੰਬਰ 19 ਮਿਤੀ 18-3-2026 ਅੰਡਰ ਸੈਕਸ਼ਨ 333,329 (3), 62, 351 (2) ਬੀ ਐਨ ਐਸ ਅਧੀਨ ਮੁਕੱਦਮਾ ਦਰਜ ਕੀਤਾ ਗਿਆ ਹੈ ।ਉਹਨਾਂ ਕਿਹਾ ਕਿ ਇਸ ਸਬੰਧੀ ਬਰੀਕੀ ਨਾਲ ਜਾਂਚ ਪੜਤਾਲ ਚੱਲ ਰਹੀ ਹੈ ਅਤੇ ਇਸ ਮਾਮਲੇ ਵਿੱਚ 30 ਤੋਂ 32 ਵਿਅਕਤੀ ਹੋਰ ਵੀ ਸ਼ਾਮਿਲ ਹਨ । ਇਸ ਸਬੰਧੀ ਹਰਪ੍ਰੀਤ ਸਿੰਘ ਪੁੱਤਰ ਰਣ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਭਦੌੜ ਪੁਲਿਸ ਪ੍ਰਸ਼ਾਸਨ ਦੇ ਇਸ ਫੈਸਲੇ ਤੋਂ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ, ਕਿਉਂਕਿ ਬੇਸ਼ੱਕ ਮੈਂ ਅਤੀ ਗਰੀਬ ਅਤੇ ਅਪਾਹਜ ਵਿਅਕਤੀ ਹਾਂ ਪਰ ਪੁਲਿਸ ਪ੍ਰਸ਼ਾਸਨ ਨੇ ਮੈਨੂੰ ਪੂਰਨ ਇਨਸਾਫ਼ ਦੇਣ ਦਾ ਭਰੋਸਾ ਦਵਾਇਆ ਹੈ। ਇਸ ਕਰਕੇ ਮੈਂ ਭਦੌੜ ਪੁਲਿਸ ਪ੍ਰਸ਼ਾਸਨ ਦਾ ਅਤਿ ਧੰਨਵਾਦੀ ਹਾਂ।

# ਅੱਜ ਬਿਜਲੀ ਬੰਦ ਰਹੇਗੀ

ਬਰਨਾਲਾ, 21 ਮਾਰਚ (ਹਮੀਰ ਸਿੰਘ) : ਸ਼ਹਿਰ ਨਿਵਾਸਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 22 ਮਾਰਚ ਦਿਨ ਐਤਵਾਰ ਨੂੰ ਸਵੇਰੇ 09.00 ਵਜੇ ਤੋਂ ਸਾਮ 05.00 ਵਜੇ ਤੱਕ 11 ਕੇ.ਵੀ ਫੀਡਰ ਬਾਜਾਖਾਨਾ ਰੋਡ ਦੀ ਬਾਈਫਰਕੇਸਨ ਦਾ ਕੰਮ ਚੱਲਣਾ ਹੈ, ਇਸ ਲਈ 11 ਕੇ.ਵੀ ਫੀਡਰ ਬਾਜਾਖਾਨਾ ਰੋਡ,11 ਕੇ.ਵੀ ਲੱਖੀ ਕਲੋਨੀ ਅਤੇ 11 ਕੇ.ਵੀ ਫੀਡਰ ਹਾਟ ਲਾਈਨ ਕੋਰਟ ਕੰਪਲੈਕਸ ਦੀ ਸਪਲਾਈ ਬੰਦ ਰਹੇਗੀ । ਜਿਸ ਕਾਰਣ ਢਿੱਲੋਂ ਨਗਰ, ਅਨਾਜ ਮੰਡੀ, ਤਰਕਸੀਲ ਚੌਕ, ਨਾਈਵਾਲਾ ਰੋਡ, ਬਾਜਾਖਾਨਾ ਰੋਡ, ਲੱਖੀ ਕਲੋਨੀ, ਨਾਨਕਸਰ ਰੋਡ, ਸਹੀਦ ਭਗਤ ਸਿੰਘ ਨਗਰ ਸਹਾਇਕ ਕਾਰਜਕਾਰੀ ਇੰਜ.ਵੰਡ ਉਪ ਮੰਡਲ ਦਿਹਾਤੀ ਬਰਨਾਲਾ ਆਦਿ ਏਰੀਏ ਪ੍ਰਭਾਵਿਤ ਹੋਣਗੇ।

# ਸਫ਼ਾਈ ਸੇਵਕ ਯੂਨੀਅਨ ਵੱਲੋਂ ਮੰਗਾਂ ਨਾ ਮੰਨੇ ਜਾਣ 'ਤੇ ਅਣਮਿੱਥੇ ਸਮੇਂ ਲਈ ਧਰਨੇ ਦਾ ਐਲਾਨ



ਸੰਗਰੂਰ, 21 ਮਾਰਚ (ਹਰਕੰਵਲ ਸਿੰਘ ਹੈਪੀ) : ਪਿਛਲੇ ਲੰਬੇ ਸਮੇਂ ਤੋਂ ਨਗਰ ਕੌਂਸਲ ਸੰਗਰੂਰ ਦੇ ਸਫ਼ਾਈ ਸੇਵਕਾਂ ਨੂੰ ਕੂੜਾ ਸੁੱਟਣ ਲਈ ਜਗ੍ਹਾ ਨਹੀਂ ਦਿੱਤੀ ਜਾ ਰਹੀ। ਇਸ ਬਾਰੇ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਸੀ ਪਿਛਲੇ ਹਫਤੇ ਮੀਟਿੰਗ ਵਿੱਚ ਅਧਿਕਾਰੀਆਂ ਵੱਲੋਂ ਵਿਸ਼ਵਾਸ ਦਵਾਇਆ ਗਿਆ ਸੀ ਕਿ ਦੋ ਦਿਨਾ ਤਕ ਸਫ਼ਾਈ ਸੇਵਕਾਂ ਨੂੰ ਕੂੜਾ ਸੁੱਟਣ ਲਈ ਥਾ ਦਿੱਤੀ ਜਾਵੇਗੀ ਪ੍ਰੰਤੂ ਦੋ ਦਿਨ ਬੀਤ ਜਾਣ ਤੋਂ ਬਾਅਦ ਵੀ ਸਫ਼ਾਈ ਸੇਵਕਾਂ ਨੂੰ ਕੂੜਾ ਸੁੱਟਣ ਲਈ ਥਾ ਨਹੀਂ ਦਿੱਤੀ ਗਈ ਇਸ ਕਰਕੇ ਮਜਬੂਰ ਹੋਏ ਸਫ਼ਾਈ ਸੇਵਕ ਯੂਨੀਅਨ ਪੰਜਾਬ ਰਜਿਸਟਰ ਨੰਬਰ 37 ਸੰਗਰੂਰ ਬ੍ਰਾਂਚ ਨੇ ਇਹ ਫ਼ੈਸਲਾ ਕੀਤਾ ਕਿ ਜੇਕਰ ਉਹਨਾਂ ਨੂੰ ਸੋਮਵਾਰ ਤਕ ਕੂੜਾ ਸੁੱਟਣ ਦੀ ਥਾਂ ਨਾ ਮਿਲੀ ਤਾਂ 24 ਮਾਰਚ ਤੋਂ ਉਹ ਅਣਮਿੱਥੇ ਸਮੇਂ ਲਈ ਧਰਨਾ ਦੇਣਗੇ। ਇਸ ਮੌਕੇ ਭਾਰਤ ਬੇਦੀ ਜ਼ਿਲ੍ਹਾ ਪ੍ਰਧਾਨ, ਲੋਕਲ ਪ੍ਰਧਾਨ ਅਜੇ ਬੇਦੀ, ਊਸ਼ਾ ਦੇਵੀ ਚੇਅਰਮੈਨ, ਰਮੇਸ਼ ਕੁਮਾਰ ਜਨਰਲ ਸਕੱਤਰ ਅਤੇ ਸੁਰੇਸ਼ ਬੇਦੀ ਮੀਤ ਪ੍ਰਧਾਨ ਨੇ ਕਿਹਾ ਕਿ ਨਗਰ ਕੌਂਸਲ ਸੰਗਰੂਰ ਵਿਖੇ ਮੁਲਾਜ਼ਮ ਬਹੁਤ ਘਟ ਹਨ, ਜਦਕਿ ਸ਼ਹਿਰ ਦੀ ਅਬਾਦੀ ਅਨੁਸਾਰ 200 ਸਫ਼ਾਈ ਸੇਵਕ ਸ਼ਹਿਰ ਵਿਚ ਸਫ਼ਾਈ ਨਹੀਂ ਕਰ ਸਕਦੇ। ਉਹਨਾਂ ਕਿਹਾ ਕਿ ਨਗਰ ਕੌਂਸਲ ਸੰਗਰੂਰ ਦੇ ਅਨੁਸਾਰ ਸ਼ਹਿਰ ਵਿਚ 500 ਦੇ ਕਰੀਬ ਸਫਾਈ ਸੇਵਕ ਹੋਣੇ ਚਾਹੀਦੇ ਹਨ ਫੇਰ ਜਾਕੇ ਸੰਗਰੂਰ ਦੀ ਵਧੀਆ ਤਰੀਕੇ ਨਾਲ ਸਫ਼ਾਈ ਹੋ ਸਕੇਗੀ। ਉਹਨਾਂ ਕਿਹਾ ਕਿ ਸੰਗਰੂਰ ਦੀਆਂ ਸੰਸਥਾਵਾਂ ਨੂੰ ਜੇਕਰ ਸ਼ਹਿਰ ਨਿਵਾਸੀਆ ਦੀ ਸੱਚੇ ਦਿਲੋਂ ਫ਼ਿਕਰ ਹੈ ਤਾਂ ਉਹ ਸਾਡੀ ਸ਼ਿਕਾਇਤਾ ਕਰਨ ਦੀ ਬਜਾਏ ਮੌਕੇ ਦੀ ਮੌਜੂਦਾ ਵਿਧਾਇਕ ਅਤੇ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਦੇ ਵਿਰੁੱਧ ਸ਼ਹਿਰ ਨਿਵਾਸੀਆ ਦੇ ਹੱਕ 'ਚ ਧਰਨੇ, ਰੋਸ ਪ੍ਰਦਰਸ਼ਨ ਕਰਨ 'ਚ ਯੂਨੀਅਨ ਦੀ ਮੱਦਦ ਕਰਨ।

# ਸੱਤ ਰੋਜ਼ਾ ਐਨ.ਐੱਸ.ਐੱਸ. ਕੈਂਪ ਸੰਪੰਨ, ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਮਜ਼ਬੂਤ



ਬਰਨਾਲਾ, 21 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਵਿਖੇ ਪ੍ਰਿੰਸੀਪਲ ਡਾਕਟਰ ਸ਼੍ਰੀਮਤੀ ਸੁਸ਼ੀਲ ਬਾਲਾ ਜੀ ਦੀ ਅਗਵਾਈ ਅਤੇ ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਸ਼੍ਰੀ ਅਰੁਣ ਕੁਮਾਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਸਫਲਤਾਪੂਰਕ ਸੰਪੰਨ ਹੋਇਆ। ਇਸ ਮੌਕੇ ਮੁੱਖ ਮਹਿਮਾਨ ਸ਼੍ਰੀ ਮਨੋਜ ਕੁਮਾਰ ਜਨਰਲ ਮੈਨੇਜਰ ਚੰਡੀਗੜ੍ਹ ਸਰਕਲ ਕੇਨਰਾ ਬੈਂਕ ਧਰਮ ਪਤਨੀ ਸ਼੍ਰੀਮਤੀ ਸੁਜਾਤਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੰਸਥਾਂ ਦੀ ਮੈਨੇਜਿੰਗ ਕਮੇਟੀ ਦੇ ਜਨਰਲ ਸਕੱਤਰ ਸ਼੍ਰੀ ਕੇਵਲ ਜਿੰਦਲ, ਉਪ ਪ੍ਰਧਾਨ ਸ਼੍ਰੀ ਰਾਮ ਕੁਮਾਰ ਸੋਬਤੀ, ਸ੍ਰੀ ਪ੍ਰਦੀਪ ਗੋਇਲ, ਫਾਈਨੈਂਸ ਸੈਕਟਰੀ ਡਾਕਟਰ ਪ੍ਰਦੀਪ ਗੋਇਲ, ਸ੍ਰੀ ਸੰਜੀਵ ਸ਼ੋਰੀ, ਸ਼੍ਰੀ ਪ੍ਰਹਿਲਾਦ ਮੈਨਨ, ਸ੍ਰੀ ਸੁਖਮਹਿੰਦਰ ਸਿੰਘ ਸੰਧੂ, ਸ੍ਰੀ ਪਰਮਜੀਤ ਸਿੰਘ ਭਾਰਦਵਾਜ, ਸ਼੍ਰੀ ਜੀਵਨ ਜੋਤ ਸਿੰਘ ਇਸ ਮੌਕੇ 'ਤੇ ਹਾਜ਼ਰ ਸਨ। ਕੈਂਪ ਦੌਰਾਨ ਵਲੰਟੀਅਰ ਵਿੱਚ ਸਮਾਜਿਕ ਜ਼ਿੰਮੇਵਾਰੀ, ਨਾਗਰਿਕ ਚੇਤਨਾ ਅਤੇ ਨੈਤਿਕ ਮੁੱਲਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ ।ਨੈਤਿਕ ਸਿੱਖਿਆ, ਸਿਹਤਮੰਦ ਜੀਵਨ, ਨਸ਼ਿਆਂ, ਲੋਕਤੰਤਰੀ ਮੁੱਲਾਂ ਅਤੇ ਸਿੱਖਿਅਤ ਵੋਟਰ ਦੀ ਭੂਮਿਕਾ ਆਦਿ ਵਿਸ਼ਿਆਂ ਉੱਤੇ ਵਿਸ਼ੇਸ਼ ਲੈਕਚਰ ਕਰਵਾਏ ਗਏ।ਮਹਿਮਾਨਾਂ ਦਾ ਸਵਾਗਤ ਕਰਦੇ ਪ੍ਰਿੰਸੀਪਲ ਮੈਡਮ ਡਾਕਟਰ ਸ੍ਰੀਮਤੀ ਸੁਸ਼ੀਲ ਬਾਲਾ ਜੀ ਨੇ ਕਿਹਾ ਕਿ ਇਹ ਯੋਜਨਾ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਸਮਾਜ ਸੇਵਾ ਅਤੇ ਜ਼ਿੰਮੇਵਾਰ ਨਾਗਰਿਕਤਾ ਦੀ ਭਾਵਨਾ ਪੈਦਾ ਕਰਦੀ ਹੈ। ਇਸ ਦਾ ਮੁੱਖ ਮਨੋਰਥ ਸਿੱਖਿਆ ਦੇ ਨਾਲ ਨਾਲ ਵਿਦਿਆਰਥੀਆਂ ਵਿੱਚ ਭਾਈਚਾਰਕ ਅਤੇ ਸਮਾਜਿਕ ਸੇਵਾ ਦੀ ਭਾਵਨਾ ਦੀਆਂ ਕਦਰਾਂ ਕੀਮਤਾਂ ਉਜਾਗਰ ਕਰਨਾ ਹੈ। ਇਸ ਨਾਲ ਲੋਕਾਂ ਨਾਲ ਮਿਲ ਜੁਲ ਕੇ ਕੰਮ ਕਰਨ ਅਤੇ ਆਪਣੇ ਆਪ ਨੂੰ ਸਮਾਜ ਦੀ ਉਸਾਰੂ ਅਤੇ ਰਚਨਾਤਮਕ ਕੰਮਾਂ ਵਿੱਚ ਲਗਾਉਣ ਲਈ ਪ੍ਰੇਰਿਤ ਕਰਨਾ ਹੈ। ਇਸ ਮੌਕੇ ਮੁੱਖ ਮਹਿਮਾਨ ਸ਼੍ਰੀ ਮਨੋਜ ਕੁਮਾਰ ਦਾਸ ਨੇ ਵਲੰਟੀਅਰ ਦੇ ਰੂਬਰੂ ਹੁੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਪਛਾਣ ਕੇ ਅੱਗੇ ਵਧਣ ਦਾ ਸੰਦੇਸ਼ ਦਿੱਤਾ ਤੇ ਮਹਾਂਪੁਰਸ਼ਾਂ ਤੇ ਸਫਲ ਵਿਅਕਤੀਆਂ ਦੀਆਂ ਕਈ ਉਦਾਹਰਣਾਂ ਦਿੱਤੀਆਂ।ਉਹਨਾਂ ਨੇ ਆਪਣਾ ਸੰਘਰਸ਼ਸ਼ੀਲ ਜੀਵਨ ਸਾਂਝਾ ਕਰਦੇ ਹੋਏ ਵਿਦਿਆਰਥੀਆਂ ਨੂੰ ਆਰਥਿਕ ਰੂਪ ਵਿੱਚ ਸੁਤੰਤਰ ਹੋਣ ਦਾ ਸੰਦੇਸ਼ ਦਿੱਤਾ। ਕੈਂਪ ਦੌਰਾਨ ਵਲੰਟੀਅਰਾਂ ਨੂੰ ਮੁੱਖ ਮਹਿਮਾਨ, ਪ੍ਰਿੰਸੀਪਲ ਅਤੇ ਮੈਨੇਜਿੰਗ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਪ੍ਰੋਗਰਾਮ ਅਫਸਰ ਮੈਡਮ ਰਿੰਪੀ ਅਤੇ ਮੈਡਮ ਵੀਰਪਾਲ ਕੌਰ ਦੀ ਐਨ.ਐੱਸ.ਐੱਸ. ਕੈਂਪ ਸਬੰਧੀ ਸਾਰਿਆਂ ਵੱਲੋਂ ਸ਼ਲਾਘਾ ਕੀਤੀ ਗਈ।ਅੰਤ ਵਿੱਚ ਐਨ.ਐੱਸ.ਐੱਸ.ਵਿਭਾਗ ਅਤੇ ਵਲੰਟੀਅਰ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਟਾਫ ਅਤੇ ਵਲੰਟੀਅਰ ਹਾਜ਼ਰ ਸਨ।

# ਮੀਰੀ ਪੀਰੀ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਵਿਧਾਨ ਸਭਾ ਦਾ ਦੌਰਾ



ਭਦੌੜ, 21 ਮਾਰਚ (ਸੁਖਵਿੰਦਰ ਪਲਾਹਾ) : ਮੀਰੀ ਪੀਰੀ ਖਾਲਸਾ ਕਾਲਜ ਭਦੌੜ ਦੇ ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਇੱਕ ਰੋਜ਼ਾ ਵਿੱਦਿਅਕ ਟੂਰ ਲਗਾਇਆ ਗਿਆ, ਜਿਸ ਸੰਬੰਧੀ ਰਾਜਨੀਤੀ ਸ਼ਾਸਤਰ ਦੇ ਪ੍ਰੋ. ਹਰਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਿੰਸੀਪਲ ਮਲਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਰਾਜਨੀਤੀ ਸ਼ਾਸਤਰ ਵਿਭਾਗ ਦੇ ਵਿਦਿਆਰਥੀਆਂ ਨੂੰ ਚੰਡੀਗੜ੍ਹ ਦੀ ਪੰਜਾਬ ਵਿਧਾਨ ਸਭਾ ਦਾ ਦੌਰਾ ਕਰਵਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਵਿਧਾਨ ਸਭਾ ਦੇ ਸ਼ੈਸ਼ਨ ਵਿੱਚ ਸਿਰਕਤ ਕੀਤੀ ਅਤੇ ਪੰਜਾਬ ਦੇ ਮਸਲਿਆਂ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ। ਇਸ ਉਪਰੰਤ ਵਿਦਿਆਰਥੀਆਂ ਨੇਂ ਰਾਕ ਗਾਰਡਨ ਅਤੇ ਸੁਖਨਾ ਝੀਲ ਦਾ ਆਨੰਦ ਮਾਣਿਆ। ਸੰਸਥਾ ਮੁਖੀ ਪ੍ਰਿੰਸੀਪਲ ਮਲਵਿੰਦਰ ਸਿੰਘ ਨੇਂ ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਪ੍ਰੋ. ਸਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਦੇ ਹਨ ਅਤੇ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਗਤੀਵਿਧੀਆ ਵੀ ਜ਼ਰੂਰੀ ਹਨ। ਉਨ੍ਹਾਂ ਭਵਿੱਖ ਵਿੱਚ ਅਜਿਹੇ ਪ੍ਰੋਗਰਾਮ ਉਲੀਕਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਵੰਦਨਾ ਸੁਖੀਜਾ, ਪ੍ਰੋ. ਹਰਦੀਪ ਕੌਰ, ਪ੍ਰੋ. ਹਰਦੀਪ ਸਿੰਘ, ਪ੍ਰੋ. ਸਮਸ਼ੇਰ ਸਿੰਘ, ਸ੍ਰੀਮਤੀ ਕੁਲਜੀਤ ਕੌਰ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਛੇ ਦਹਾਕਿਆਂ ਬਾਅਦ ਪੰਜਾਬ ਨੂੰ ਮਿਲਣ ਲੱਗੇ ਰੇਲਵੇ ਦੇ ਨਵੇਂ ਲਿੰਕ : ਗੁਰਪ੍ਰੀਤ ਮਲੂਕਾ



ਭਗਤਾ ਭਾਈ ਕਾ, 21 ਮਾਰਚ (ਸਵਰਨ ਸਿੰਘ ਭਗਤਾ) : ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਰੇਲ ਲਿੰਕ ਨਾਲ ਜੋੜਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਰੇਲ ਰਾਜ ਮੰਤਰੀ ਰਵਨੀਤ ਬਿੱਟੂ ਅਤੇ ਰੇਲਵੇ ਦੇ ਉੱਚ ਅਧਿਕਾਰੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਤਕਰੀਬਨ 6 ਦਹਾਕਿਆ ਬਾਅਦ ਕੋਈ ਨਵਾਂ ਰੇਲ ਲਿੰਕ ਮਿਲਿਆ ਹੈ, ਅਜ਼ਾਦੀ ਤੋਂ ਬਾਅਦ ਪੰਜਾਬ ਅੰਗਰੇਜਾਂ ਵੱਲੋਂ ਸਥਾਪਿਤ ਰੇਲ ਢਾਂਚੇ 'ਤੇ ਹੀ ਨਿਰਭਰ ਰਿਹਾ। ਅਜ਼ਾਦੀ ਤੋਂ ਬਾਅਦ ਪੰਜਾਬ 'ਚ ਸਿਰਫ਼ ਲੁਧਿਆਣਾ ਤੋਂ ਚੰਡੀਗੜ੍ਹ ਨੂੰ ਰੇਲ ਲਿੰਕ ਨਾਲ ਜੋੜਿਆ ਗਿਆ। ਪੰਜਾਬ ਦੇ ਕਈ ਮੁੱਖ ਸ਼ਹਿਰਾਂ ਨੂੰ ਰੇਲ ਲਿੰਕ ਨਾਲ ਜੋੜਨ ਲਈ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਨੇ ਕੋਈ ਉਪਰਾਲੇ ਨਹੀਂ ਕੀਤੇ, ਦੂਜੇ ਪਾਸੇ ਬਿਹਾਰ ਅਤੇ ਉਤਰ ਪ੍ਰਦੇਸ਼ 'ਚ ਸੈਂਕੜੇ ਨਵੇਂ ਜੰਕਸ਼ਨ ਬਣੇ ਹਨ । ਗੁਰਪ੍ਰੀਤ ਮਲੂਕਾ ਨੇ ਕਿਹਾ ਕਿ ਤਖ਼ਤ ਸ਼੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ)ਨੂੰ ਲੰਮੇ ਸਮੇ ਤੋਂ ਰੇਲ ਲਿੰਕ ਨਾਲ ਜੋੜਨ ਦੀ ਸਿੱਖ ਸੰਗਤ ਵੱਲੋਂ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਰਵਨੀਤ ਬਿੱਟੂ ਦੀ ਪਹਿਲ ਕਦਮੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿੱਖ ਪੰਥ ਤੇ ਪੰਜਾਬ ਪ੍ਰਤੀ ਸੋਚ ਸਦਕਾ ਇਹ ਪ੍ਰੋਜੈਕਟ ਸੰਭਵ ਹੋਇਆ ਹੈ , ਇਸ ਤੋਂ ਇਲਾਵਾ ਰਾਜਪੁਰਾ ਮੋਹਾਲੀ ਅਤੇ ਫਿਰੋਜ਼ਪੁਰ ਪੱਟੀ ਰੇਲ ਲਿੰਕ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਦਮਦਮਾ ਸਾਹਿਬ ਰੇਲ ਲਿੰਕ ਨਾਲ ਜਿੱਥੇ ਸਿੱਖ ਸੰਗਤ ਨੂੰ ਆਵਾਜਾਈ 'ਚ ਅਸਾਨੀ ਹੋਵੇਗੀ ਉਥੇ ਹੀ ਲਾਲੇਆਣਾ ਰਾਮਾ ਮੰਡੀ ਕਮਾਲੂ ਜਗਾ ਰਾਮ ਤੀਰਥ ਸਦਾ ਸਿੰਘ ਵਾਲਾ ਤੇ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਵੀ ਲਾਭ ਹੋਵੇਗਾ। ਮਲੂਕਾ ਨੇ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਜਲਦ ਪੂਰੇ ਕੀਤੇ ਜਾਣਗੇ ਤੇ ਹੋਰ ਵੀ ਕਈ ਨਵੇਂ ਪ੍ਰੋਜੈਕਟ ਪੰਜਾਬ ਲਈ ਮਨਜੂਰ ਹੋਣਗੇ। ਮਲੂਕਾ ਦੇ ਨਾਲ ਜਿਲ੍ਹਾ ਜਰਨਲ ਸਕੱਤਰ ਮੇਜਰ ਸਿੰਘ ਬਰਾੜ, ਜਿਲ੍ਹਾ ਸਕੱਤਰ ਅਮਨ ਚੱਠਾ, ਜਰਨਲ ਸਕੱਤਰ ਚੰਦਨ ਕਾਂਤ ,ਜਸਵੀਰ ਸਿੰਘ ਮਹਿਰਾਜ ,ਐਸ ਸੀ ਮੋਰਚਾ ਪ੍ਰਧਾਨ ਸਵਰਨ ਸਿੰਘ ,ਮਹਿਲਾ ਮੋਰਚਾ ਪ੍ਰਧਾਨ ਸੁੱਖਵਿੰਦਰ ਕੌਰ ਸ਼ੇਰਗੜ, ਓ ਬੀ ਸੀ ਮੋਰਚਾ ਪ੍ਰਧਾਨ ਗੋਰਾ ਸੋਨੀ ,ਕਿਸਾਨ ਮੋਰਚਾ ਪ੍ਰਧਾਨ ਬੂਟਾ ਭਾਈਰੂਪਾ ,ਯੂਵਾ ਮੋਰਚਾ ਪ੍ਰਧਾਨ ਜਸਪ੍ਰੀਤ ਜੱਸਾ ਭੁੱਚੋ, ਸਕੱਤਰ ਤੇਲੂ ਰਾਮ ਰਾਮਾ, ਘੱਟ ਗਿਣਤੀ ਮੋਰਚਾ ਪ੍ਰਧਾਨ ਭਾਰਤ ਭੂਸ਼ਨ ਜੈਨ, ਗੁਰਜੀਤ ਸਿੰਘ ਗੋਰਾ, ਵਿਵੇਕ ਗਰਗ ਮਨਦੀਪ ਸ਼ਰਮਾ ਤੇ ਮੀਡੀਆ ਕੰਨਵੀਨਰ ਰਤਨ ਸ਼ਰਮਾ ਮਲੂਕਾ ਵੱਲੋਂ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੇਲ ਮੰਤਰੀ ਅਸ਼ਵਨੀ ਵੈਸ਼ਨਵ ਤੇ ਰੇਲ ਰਾਜ ਮੰਤਰੀ ਰਵਨੀਤ ਬਿੱਟੂ ਦਾ ਧੰਨਵਾਦ ਕੀਤਾ।



# ਪਟਿਆਲਾ-ਆਸ/ਪਾਸ



## ਈਦ ਮੌਕੇ ਡਾ. ਬਲਬੀਰ ਸਿੰਘ ਵੱਲੋਂ ਮੁਸਲਿਮ ਭਾਈਚਾਰੇ ਅਤੇ ਸਮੂਹ ਪੰਜਾਬੀਆਂ ਨੂੰ ਵਧਾਈਆਂ

**➢ਸਾਰੇ ਤਿਉਹਾਰ ਸਾਂਝੇ ਤੌਰ 'ਤੇ ਮਨਾਉਣਾ ਪੰਜਾਬ ਦੀ ਪਹਿਚਾਣ: ਡਾ. ਬਲਬੀਰ ਸਿੰਘ**



ਪਟਿਆਲਾ, 21 ਮਾਰਚ (ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦੇ ਵਿਕਾਸ ਨਗਰ ਦੀ ਮਸਜਿਦ ਵਿਖੇ ਈਦ ਦੇ ਪਵਿੱਤਰ ਮੌਕੇ 'ਤੇ ਸ਼ਿਰਕਤ ਕਰਦੇ ਹੋਏ ਮੁਸਲਿਮ ਭਾਈਚਾਰੇ ਸਮੇਤ ਸਮੂਹ ਪੰਜਾਬ ਵਾਸੀਆਂ ਨੂੰ ਈਦ ਦੀਆਂ ਦਿਲੋਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਸਾਂਝੀ ਵਿਰਾਸਤ ਅਤੇ ਭਾਈਚਾਰੇ ਦੀ ਮਿਸਾਲ ਹੈ, ਜਿੱਥੇ ਹਰ ਧਰਮ ਦੇ ਲੋਕ ਇਕੱਠੇ ਹੋ ਕੇ ਤਿਉਹਾਰ ਮਨਾਉਂਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹੀ ਏਕਤਾ ਅਤੇ ਪਿਆਰ ਸਾਡੇ ਸਮਾਜ ਦੀ ਸਭ ਤੋਂ ਵੱਡੀ ਤਾਕਤ ਹੈ। ਡਾ. ਬਲਬੀਰ ਸਿੰਘ ਨੇ 'ਸਰਬੱਤ ਦੇ ਭਲੇ' ਦੀ ਅਰਦਾਸ ਕਰਦਿਆਂ ਦੇਸ਼ ਅਤੇ ਦੁਨੀਆ ਵਿੱਚ ਅਮਨ-ਚੈਨ ਬਣੇ ਰਹਿਣ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਿਸ਼ਵ ਸ਼ਾਂਤੀ ਦੀ ਸਭ ਤੋਂ ਵੱਧ ਲੋੜ ਹੈ ਅਤੇ ਜਿੱਥੇ ਵੀ ਦੇਸ਼ਾਂ ਵਿੱਚ ਟਕਰਾਅ ਚੱਲ ਰਹੇ ਹਨ, ਉਹ ਜਲਦ ਖਤਮ ਹੋਣ ਚਾਹੀਦੇ ਹਨ।ਉਨ੍ਹਾਂ ਦੁਆ ਕੀਤੀ ਕਿ ਪਰਮਾਤਮਾ ਸਾਰੇ ਦੇਸ਼ਾਂ ਨੂੰ ਸਮਝ ਬਖ਼ਸ਼ੇ ਤਾਂ ਜੋ ਉਹ ਲੜਾਈ ਦੀ ਬਜਾਏ ਗੱਲਬਾਤ ਅਤੇ ਸਹਿਯੋਗ ਦਾ ਰਾਹ ਅਪਨਾਉਣ। ਉਨ੍ਹਾਂ ਕਿਹਾ ਕਿ ਗੱਲਬਾਤ ਹੀ ਹਰ ਸਮੱਸਿਆ ਦਾ ਸਥਾਈ ਹੱਲ ਹੈ ਅਤੇ ਇਸ ਨਾਲ ਹੀ ਦੁਨੀਆ ਵਿੱਚ ਸਥਿਰਤਾ ਅਤੇ ਖੁਸ਼ਹਾਲੀ ਆ ਸਕਦੀ ਹੈ। ਇਸ ਮੌਕੇ ਸਥਾਨਕ ਨਿਵਾਸੀਆਂ ਅਤੇ ਧਾਰਮਿਕ ਅਗੂਆਂ ਨੇ ਵੀ ਡਾ. ਬਲਬੀਰ ਸਿੰਘ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਸਰਾਹਨਾ ਕੀਤੀ। ਅੰਤ ਵਿੱਚ ਉਨ੍ਹਾਂ ਫਿਰ ਤੋਂ ਸਭ ਨੂੰ ਈਦ ਦੀਆਂ ਵਧਾਈਆਂ ਦਿੰਦਿਆਂ ਭਾਈਚਾਰੇ ਅਤੇ ਸ਼ਾਂਤੀ ਲਈ ਮਿਲਜੁਲ ਕੇ ਕੰਮ ਕਰਨ ਦੀ ਅਪੀਲ ਕੀਤੀ।

## ਸੁਖਬੀਰ ਸਿੰਘ ਬਾਦਲ ਦਾ ਅਕਾਲੀ ਆਗੂਆਂ ਵੱਲੋਂ ਭਰਵਾਂ ਸਵਾਗਤ

ਸਮਾਣਾ, 21 ਮਾਰਚ (ਜਵੰਦਾ) : ਸੁਖਬੀਰ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਾ ਸਮਾਣਾ ਇਲਾਕੇ ਵਿੱਚ ਪਹੁੰਚਣ 'ਤੇ ਅਕਾਲੀ ਆਗੂਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਹਲਕਾ ਸਮਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਜਥੇਦਾਰ ਜਗਮੀਤ ਸਿੰਘ ਹਰਿਆਊ, ਕੌਮੀ ਜਨਰਲ ਸਕੱਤਰ ਮਲਕੀਤ ਸਿੰਘ ਚੀਮਾ, ਕੌਮੀ ਜਨਰਲ ਸਕੱਤਰ ਬਲਜਿੰਦਰ ਸਿੰਘ ਬੱਲੀ, ਸਾਬਕਾ ਚੇਅਰਮੈਨ ਅਮਰਜੀਤ ਸਿੰਘ ਟੋਡਰਪੁਰ ਅਤੇ ਸੀਨੀਅਰ ਅਕਾਲੀ



ਆਗੂ ਅੰਮ੍ਰਿਤਪਾਲ ਸਿੰਘ ਸੰਧੂ ਆਦਿ ਵੱਲੋਂ ਸ ਬਾਦਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਉਥੇ ਹੀ ਜਥੇਦਾਰ ਹਰਿਆਊ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਅਜਿਹੀ ਪਾਰਟੀ ਹੈ ਜੋ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਚਲਦੀ ਹੈ। ਉਨ੍ਹਾਂ ਦੱਸਿਆ ਕਿ ਸ ਬਾਦਲ ਜੋ ਵੀ ਵਾਅਦੇ ਕਰਦੇ ਹਨ, ਉਹਨਾਂ ਨੂੰ ਪੂਰਾ ਕਰਨ ਲਈ ਵਚਨਬੱਧ ਰਹਿੰਦੇ ਹਨ।ਇਸ ਮੌਕੇ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਅਤੇ ਸਥਾਨਕ ਲੋਕ ਮੌਜੂਦ ਸਨ, ਜਿਨ੍ਹਾਂ ਨੇ ਜੋਸ਼ ਨਾਲ ਸਵਾਗਤ ਕਰਦਿਆਂ ਪਾਰਟੀ ਪ੍ਰਤੀ ਆਪਣਾ ਸਮਰਥਨ ਜ਼ਾਹਿਰ ਕੀਤਾ।

## ਹਡਾਣਾ ਦੀ ਅਗਵਾਈ ਹੇਠ ਪੰਜਾਬ ਟਰੇਡ ਕਮਿਸ਼ਨ ਵੱਲੋਂ ਵਪਾਰੀਆਂ ਦੀਆਂ ਮੁਸ਼ਕਲਾਂ ਸੁਣਨ ਲਈ ਮੀਟਿੰਗ

**➢ਵਪਾਰੀ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ : ਹਲਕਾ ਇੰਚਾਰਜ**

ਦੇਵੀਗੜ੍ਹ, 21 ਮਾਰਚ (ਗੁਰਜੀਤ ਸਿੰਘ ਢੋਟ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰੀ ਵਰਗ ਨੂੰ ਦਰਪੇਸ਼ ਦਰਪੇਸ਼ ਮੁਸ਼ਕਲਾਂ ਦੇ ਸਥਾਈ ਹੱਲ ਲਈ ਵਿੱਢੀ ਗਈ ਵਿਸ਼ੇਸ਼ ਮੁਹਿੰਮ ਤਹਿਤ ਅੱਜ ਪੰਜਾਬ ਟਰੇਡ ਕਮਿਸ਼ਨ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਦੀ ਅਗਵਾਈ ਤੇ ਵਪਾਰ ਕਮਿਸ਼ਨ ਦੇ ਚੇਅਰਮੈਨ ਵੇਦ ਪ੍ਰਕਾਸ਼ ਗਰਗ ਦੀ ਪ੍ਰਧਾਨਗੀ ਹੇਠ ਬਹਾਦਰਗੜ੍ਹ ਦੀਆਂ ਸਮੂਹ ਮਾਰਕਿਟ ਐਸੋਸੀਏਸ਼ਨਾਂ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ। ਹੋਈ ਇਸ ਮੀਟਿੰਗ ਦੀ ਅਗਵਾਈ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਵੱਲੋਂ ਕੀਤੀ ਗਈ। ਇਸ ਮੌਕੇ ਵਪਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਆਪਣੀਆਂ ਦਰਪੇਸ਼ ਸਮੱਸਿਆਵਾਂ ਕਮਿਸ਼ਨ ਦੇ ਸਾਹਮਣੇ ਰੱਖੀਆਂ। ਮੀਟਿੰਗ ਨੂੰ ਸੰਬੋਧਨ ਕਰਦਿਆਂ ਰਣਜੋਧ ਸਿੰਘ



ਹਡਾਣਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਵਪਾਰੀ ਵਰਗ ਹਮੇਸ਼ਾ ਅਣਗੌਲਿਆ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣੇ ਜਾਇਜ਼ ਕੰਮਾਂ ਲਈ ਵੀ ਦਫ਼ਤਰਾਂ ਦੇ ਧੱਕੇ ਖਾਣੇ ਪੈਂਦੇ ਸਨ। ਮੀਟਿੰਗ ਵਿੱਚ ਹਾਜ਼ਰ ਪੰਜਾਬ ਟਰੇਡ ਕਮਿਸ਼ਨ ਦੇ ਮੈਂਬਰ ਸੰਜੀਵ ਕੁਮਾਰ ਅਤੇ ਜ਼ਿਲ੍ਹਾ ਚੇਅਰਮੈਨ ਵਿਨੋਦ ਕੁਮਾਰ ਸਿੰਗਲਾ ਨੇ ਵਪਾਰੀਆਂ ਨੂੰ ਸਰਕਾਰ ਦੀਆਂ ਨਵੀਆਂ ਵਪਾਰ-ਪੱਖੀ ਨੀਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਅਹਿਮ ਮੀਟਿੰਗ ਦੌਰਾਨ ਮੈਂਬਰ ਮਹੇਸ਼ ਕੁਮਾਰ, ਗੁਰਿੰਦਰ ਸਿੰਘ, ਗੁਰਪ੍ਰੀਤ ਸਿੰਘ ਅਤੇ ਰਾਜਿਤ ਕਪੂਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਬਲਾਕ ਸੰਮਤੀ ਦੇ ਵਾਈਸ ਚੇਅਰਮੈਨ ਸਿਮਰਜੀਤ ਸਿੰਘ ਸੋਹਲ ਸਿੰਘ, ਹਰਪ੍ਰੀਤ ਸਿੰਘ ਘੁਮਾਣ, ਗੁਰਪ੍ਰੀਤ ਸਿੰਘ ਸਰਪੰਚ, ਰਾਜਾ ਧੰਜੂ ਸਰਪੰਚ, ਵਿਕਰਮ ਹਡਾਣਾ ਅਤੇ ਬਹਾਦਰਗੜ੍ਹ ਦੀਆਂ ਵੱਖ-ਵੱਖ ਮਾਰਕਿਟ ਐਸੋਸੀਏਸ਼ਨਾਂ ਦੇ ਅਹੁਦੇਦਾਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸ. ਹਡਾਣਾ ਨੇ ਅਖੀਰ ਵਿੱਚ ਸਮੂਹ ਵਪਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਪਾਰੀ ਸੂਬੇ ਦੀ ਆਰਥਿਕਤਾ ਦੀ ਗੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦਾ ਮਾਨ-ਸਨਮਾਨ ਬਰਕਰਾਰ ਰੱਖਣਾ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੈ।

## ਸਵੈ-ਇੱਛੁਕ ਖ਼ੂਨਦਾਨ ਕਰਨਾ ਤੰਦਰੁਸਤੀ ਦੀ ਨਿਸ਼ਾਨੀ: ਦਵਿੰਦਰ ਨਰਮਾਣਾ

ਦੇਵੀਗੜ੍ਹ, 21 ਮਾਰਚ (ਗੁਰਜੀਤ ਸਿੰਘ ਢੋਟ) : ਮਨੁੱਖਤਾ ਦੇ ਭਲੇ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਚ 342ਵਾਂ ਰੈਗੂਲਰ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਗੁਰਤੇਜ ਸਿੰਘ ਭੱਟੀਆਂ ਨੇ 57ਵੀਂ ਵਾਰ ਖ਼ੂਨਦਾਨ ਕਰਕੇ ਕੀਤਾ। ਇਸ ਮੌਕੇ ਜਸਵਿੰਦਰ ਸਿੰਘ ਪੰਜੋਲਾ ਨੇ 20ਵੀਂ ਵਾਰ, ਸਤਨਾਮ ਸਿੰਘ ਮਹਿਮਦਪੁਰ ਰੁੜਕੀ, ਸੁਖਜਿੰਦਰ ਸਿੰਘ ਸਿਉਣਾ, ਲਛਮਣ ਸਿੰਘ ਨਰਮਾਣਾ, ਗੁਰਿੰਦਰ ਸਿੰਘ ਕੁਲਾਰਾਂ ਅਤੇ ਦਵਿੰਦਰ ਸਿੰਘ ਨਰਮਾਣਾ ਨੇ ਵੀ ਖ਼ੂਨਦਾਨ ਕੀਤਾ। ਵਲੰਟੀਅਰਾਂ ਦੀ ਸਰਟੀਫਿਕੇਟ ਤੇ



ਮਫਲਰ ਦੇ ਕੇ ਹੌਸਲਾ ਅਫਜਾਈ ਕਰਦਿਆਂ ਮੁੱਖ ਮਹਿਮਾਨ ਯੂਥ ਆਗੂ ਦਵਿੰਦਰ ਸਿੰਘ ਨਰਮਾਣਾ ਨੇ ਕਿਹਾ ਕਿ ਸ਼ਹੀਦਾਂ ਨੂੰ ਯਾਦ ਕਰਦਿਆਂ ਲੋੜਵੰਦ ਮਰੀਜ਼ਾਂ ਲਈ ਸਵੈਇੱਛੁਕ ਖ਼ੂਨਦਾਨ ਕਰਨਾ ਤੰਦਰੁਸਤੀ ਦੀ ਨਿਸ਼ਾਨੀ ਹੈ ਅਤੇ ਸਾਡੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੀ ਸ਼ਹਾਦਤ ਸਾਡਾ ਮਾਰਗ ਦਰਸ਼ਨ ਕਰਦੀ ਹੈ। ਇਸ ਮੌਕੇ ਮਿਸ਼ਨ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਜਥੇਦਾਰ ਕਰਨ ਸਿੰਘ ਜੌਲੀ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਗੁਰਤੇਜ ਸਿੰਘ ਸਿਉਣਾ, ਭਾਈ ਉਤਮ ਸਿੰਘ ਬਾਜਵਾ ਤੇ ਭਾਈ ਜਰਨੈਲ ਸਿੰਘ ਝੰਡੀ ਵੀ ਹਾਜ਼ਰ ਸਨ। ਹਰਦੀਪ ਸਿੰਘ ਸਨੌਰ ਨੇ ਦੱਸਿਆ ਕਿ ਗਰੁੱਪ ਵੱਲੋਂ 29 ਮਾਰਚ ਨੂੰ ਰਾਜਪੁਰਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ।

## 'ਆਪ' ਸਰਕਾਰ ਦੀ 10 ਲੱਖ ਦੀ ਕੈਸ਼ਲੈਸ ਸਿਹਤ ਬੀਮਾ ਯੋਜਨਾ ਤੋਂ ਪੰਜਾਬ ਦੇ ਲੋਕ ਖੁਸ਼ : ਅਜੀਤਪਾਲ ਸਿੰਘ ਕੋਹਲੀ

ਪਟਿਆਲਾ, 21 ਮਾਰਚ (ਰੁਪਾਣਾ) : ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਅੱਜ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਵਾਰਡ ਨੰਬਰ 54 ਦੇ ਕੌਂਸਲਰ ਜਗਮੋਹਨ ਸਿੰਘ ਚੌਹਾਨ, ਵਾਰਡ ਨੰਬਰ 1 ਕੌਂਸਲਰ ਸੋਨੀਆ ਦਾਸ, ਵਾਰਡ ਨੰਬਰ 56 ਕੌਂਸਲਰ ਇਤਵਿੰਦਰ ਸਿੰਘ, ਵਾਰਡ ਨੰਬਰ 35 ਦੇ ਇੰਚਾਰਜ ਰੋਹਿਤ ਸਿੰਗਲਾ ਅਤੇ ਯੂਥ ਹਲਕਾ ਇੰਚਾਰਜ ਹਰਮਨ ਸੰਧੂ ਵੱਲੋਂ ਲਗਾਏ ਜਾ ਰਹੇ ਸਿਹਤ ਕਾਰਡਾਂ ਦੇ ਕੈਂਪਾਂ ਦਾ ਦੌਰਾ ਕੀਤਾ। ਇਸ ਦੌਰਾਨ ਸ. ਕੋਹਲੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ। ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਦੀਆਂ ਜ਼ਰੂਰਤਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨਾ ਅਤੇ ਪੰਜਾਬ ਨੂੰ ਵਿਕਾਸ ਦੀ ਰਾਹ 'ਤੇ ਅੱਗੇ ਵਧਾਉਣਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਚਹੁੰਪੱਖੀ ਵਿਕਾਸ ਅਤੇ ਤਰੱਕੀ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕਰ ਦਿੱਤੀ ਗਈ ਹੈ, ਜਿਸਦੇ ਤਹਿਤ ਸੂਬੇ ਦੇ 65 ਲੱਖ ਪਰਿਵਾਰਾਂ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਇਲਾਜ ਮਿਲੇਗਾ। ਇਹ ਸਹੂਲਤ ਸਿਰਫ਼ ਸਰਕਾਰੀ ਹਸਪਤਾਲਾਂ ਤੱਕ ਸੀਮਤ ਨਹੀਂ ਹੈ, ਸਗੋਂ ਇਸ ਵਿੱਚ ਨਿੱਜੀ ਹਸਪਤਾਲਾਂ ਨੂੰ ਵੀ ਸੂਚੀਬੱਧ ਕੀਤਾ ਗਿਆ ਹੈ। ਇਸਦੇ ਨਾਲ ਹੀ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਆਮ



ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਵਾਅਦੇ ਪੂਰੇ ਕਰਦਿਆਂ ਹੋਇਆਂ ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਮਹਿਲਾਵਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਿੱਤੀ ਜਾ ਰਹੀ ਹੈ। ਸਕੂਲਾਂ ਨੂੰ ਵਧੀਆ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸਦੇ ਨਾਲ ਹੀ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਸੂਬੇ ਭਰ ਵਿੱਚ ਖੇਡ ਮੈਦਾਨ ਬਣਾਏ ਜਾ ਰਹੇ ਹਨ। ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਸਾਰਿਆਂ ਨੂੰ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ।

## ਦਾਜ ਲਈ ਤੰਗ ਕਰਨ ਦੇ ਵੱਖ-ਵੱਖ ਮਾਮਲੇ ਦਰਜ

ਪਟਿਆਲਾ, 21 ਮਾਰਚ (ਵਿਨੋਦ ਸ਼ਰਮਾ): ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਰੇਖਾ ਦੇਵੀ ਪੁੱਤਰੀ ਅਮਰਜੀਤ ਰਾਮ ਹਾਲ ਵਾਸੀ ਪਿੰਡ ਥੰਮਣਾ ਨੇ ਕਥਿਤ ਦੋਸ਼ੀ ਗੁਰਮੀਤ ਸਿੰਘ ਵਾਸੀ ਮੁਹੱਲਾ ਅਮਾਮਗੜ੍ਹ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਮਿਤੀ 27-2-21 ਨੂੰ ਕਥਿਤ ਦੋਸ਼ੀ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਿਆ, ਜੋ ਉਸ ਦੇ ਦਾਜ ਦਾ ਸਮਾਨ ਵੀ ਦੋਸ਼ੀ ਦੇ ਕਬਜੇ ਵਿੱਚ ਹੈ। ਪੁਲਿਸ ਨੇ ਧਾਰਾ 316(2),85 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਗੁਰਲੀਨ ਕੌਰ ਪਤਨੀ ਗੁਰਪ੍ਰੀਤ ਸਿੰਘ ਹਾਲ ਵਾਸੀ ਗੁਰਦੀਪ ਕਲੋਨੀ ਨਾਭਾ ਰੋਡ ਪਟਿਆਲਾ ਨੇ ਕਥਿਤ ਦੋਸ਼ੀ ਗੁਰਪ੍ਰੀਤ ਸਿੰਘ, ਗੁਰਪਿਆਰ ਸਿੰਘ ਵਾਸੀ ਗਲੀ ਨੰ. 5 ਸ਼ਰੀਫਪੁਰਾ ਜਿਲਾ ਅੰਮ੍ਰਿਤਸਰ ਸਾਹਿਬ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ 21-10-17 ਨੂੰ ਕਥਿਤ ਦੋਸ਼ੀ ਗੁਰਮੀਤ ਸਿੰਘ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਏ। ਉਸ ਦੇ ਦਾਜ ਦਾ ਸਮਾਨ ਵੀ ਦੋਸ਼ੀਆਨ ਦੇ ਕਬਜੇ ਵਿੱਚ ਹੈ। ਪੁਲਿਸ ਨੇ ਧਾਰਾ 316(2),85 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਕਿਲ੍ਹਾ ਚੌਕ ਦੁਆਲੇ ਪੁਰਾਣੀਆਂ ਦੁਕਾਨਾਂ ਦਾ ਮੁੱਦਾ ਹੱਲ ਹੋਣ ਨਾਲ ਵੱਡੀ ਰਾਹਤ ਮਿਲੇਗੀ : ਪਾਲੀ

ਪਟਿਆਲਾ, 21 ਮਾਰਚ (ਚ.ਨ.ਸ.) : ਨਗਰ ਨਿਗਮ ਪਟਿਆਲਾ ਦੇ ਕੌਂਸਲਰ ਅੰਮ੍ਰਿਤਪਾਲ ਸਿੰਘ ਪਾਲੀ ਨੇ ਕਿਹਾ ਕਿ ਜੋ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਵਿਧਾਨ ਸਭਾ 'ਚ ਮੁੱਦਾ ਉਠਾਇਆ ਸੀ ਕਿ ਕਿਲਾ ਚੌਕ ਦੇ ਆਸ-ਪਾਸ ਪੁਰਾਣੇ



ਬਾਜ਼ਾਰਾਂ ਜਿਵੇਂ ਚੂੜੀਆਂ ਵਾਲਾ ਬਾਜ਼ਾਰ, ਗੁੜ ਮੰਡੀ, ਸਰਹੰਦੀ ਬਾਜ਼ਾਰ, ਅਤੇ ਹੋਰ ਨਾਲ ਬਾਜ਼ਾਰ 'ਚ ਪੁਰਾਣੀਆਂ ਲੰਬੇ ਸਮੇਂ ਤੋਂ ਦੁਕਾਨਾਂ ਹਨ। ਉਹਨਾਂ ਦਾ ਮਸਲਾ ਵਿਧਾਨ ਸਭਾ ਵਿੱਚ ਉਠਾਇਆ ਸੀ। ਜੇਕਰ ਇਹ ਮਸਲਾ ਜਲਦੀ ਹੱਲ ਹੋ ਜਾਂਦਾ ਹੈ, ਤਾਂ ਉਥੋਂ ਦੇ ਦੁਕਾਨਦਾਰਾਂ ਨੂੰ ਵੱਡੀ ਰਾਹਤ ਮਿਲੇਗੀ। ਅੰਮ੍ਰਿਤਪਾਲ ਸਿੰਘ ਪਾਲੀ ਨੇ ਕਿਹਾ ਕਿ ਪਹਿਲਾਂ ਇਹਨਾਂ ਦੁਕਾਨਦਾਰਾਂ ਨੂੰ ਆਪਣੀਆਂ ਦੁਕਾਨਾਂ ਦੀ ਰਿਪੇਅਰ ਕਰਾਉਣ ਲਈ ਕੇਂਦਰ ਸਰਕਾਰ ਦੇ ਪੁਰਾਤਤਵ ਵਿਭਾਗ ਤੋਂ ਆਗਿਆ ਲੈਣੀ ਪੈਂਦੀ ਹੈ, ਜੋ ਕਿ ਬਹੁਤ ਮਹਿੰਗੀ ਅਤੇ ਲੰਬੇ ਸਮੇਂ ਦੀ ਪ੍ਰਕਿਰਿਆ ਹੈ। ਇਸ ਲਈ ਜੇਕਰ ਬਦਲਾਅ ਕਰਕੇ ਇਹ ਆਗਿਆ ਨਗਰ ਨਿਗਮ ਤੱਕ ਸੀਮਤ ਕਰ ਦਿੱਤੀ ਜਾਵੇ ਤਾਂ ਇਹਨਾਂ ਦੁਕਾਨਦਾਰਾਂ ਨੂੰ ਫਾਇਦਾ ਹੋਏਗਾ। ਇਸ ਲਈ ਇਹਨਾਂ ਦੁਕਾਨਦਾਰਾਂ ਨੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ।

## ਏਅਰ ਟਿਕਟਾਂ ਰਿਫੰਡ ਕਰਨ ਦਾ ਝਾਂਸਾ ਦੇ ਕੇ ਮਾਰੀ ਠੱਗੀ

ਪਟਿਆਲਾ, 21 ਮਾਰਚ (ਵਿਨੋਦ ਸ਼ਰਮਾ) : ਥਾਣਾ ਸਾਇਬਰ ਕਰਾਇਮ ਪਟਿਆਲਾ ਪੁਲਿਸ ਕੋਲ ਜਸਬੀਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਨਿਊ ਮੋਤੀ ਬਾਗ ਕਲੋਨੀ ਪਟਿਆਲਾ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਸ ਨਾਲ ਆਨ-ਲਾਇਨ ਸੰਪਰਕ ਕਰਕੇ ਉਸ ਨੂੰ ਏਅਰ ਟਿਕਟਾਂ ਰਿਫੰਡ ਕਰਨ ਦਾ ਝਾਂਸਾ ਦੇ ਕੇ ਕਰੀਬ 1,48,000 ਰੁਪਏ ਦੀ ਠੱਗੀ ਮਾਰੀ ਹੈ। ਪੁਲਿਸ ਨੇ ਧਾਰਾ 318(4), 316(2),61(2) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਈਦ-ਉੱਲ-ਫ਼ਿਤਰ ਧੂਮ-ਧਾਮ ਨਾਲ ਮਨਾਇਆ

ਅਮਰਗੜ੍ਹ, 21 ਮਾਰਚ (ਲਵਦੀਪ ਮੰਨਵੀਂ/ਗੁਰਮੀਤ ਮੰਨਵੀਂ) : ਅਮਰਗੜ੍ਹ ਵਿਖੇ ਈਦ-ਉੱਲ-ਫਿਤਰ ਦਾ ਤਿਉਹਾਰ ਬੜੇ ਧੂਮਧਾਮ ਨਾਲ ਮਨਾਇਆ ਗਿਆ। ਅਮਰਗੜ੍ਹ ਦੇ ਚੌਂਦਾ ਰੋਡ ਤੇ ਸਥਿਤ ਈਦਗਾਹ ਵਿੱਚ ਮੁਫ਼ਤੀ ਅਫ਼ਰੋਜ਼ ਆਲਮ ਨੇ ਈਦ-ਉਲ-ਫਿਤਰ ਦੀ ਨਮਾਜ਼ ਅਦਾ ਕਰਵਾਈ। ਇਸ ਸਮੇਂ ਵੱਖ-ਵੱਖ ਰਾਜਨੀਤਕ ਆਗੂਆਂ ਜਿਨ੍ਹਾਂ ਵਿੱਚ ਸੀਨੀਅਰ ਕਾਂਗਰਸੀ ਆਗੂ ਕਮਲ ਧਾਲੀਵਾਲ, ਇਕਬਾਲ ਸਿੰਘ ਝੂੰਦਾਂ (ਸਾਬਕਾ ਵਿਧਾਇਕ ਅਮਰਗੜ੍ਹ), ਸਰਬਜੀਤ ਸਿੰਘ ਗੋਗੀ (ਸਾਬਕਾ ਸਰਪੰਚ), ਗੁਰਦਾਸ ਸਿੰਘ ਵਾਈਸ ਪ੍ਰਧਾਨ, ਸ਼ਰਧਾਂ ਰਾਮ (ਐਮ.ਸੀ), ਸਵਰਨਜੀਤ ਸਿੰਘ ਐਮ.ਡੀ. ਦਸਮੇਸ਼ ਮਕੈਨੀਕਲ ਵਰਕਸ ਅਮਰਗੜ੍ਹ, ਬੇਅੰਤ ਸਿੰਘ



ਮੰਨਵੀਂ ਸਾਬਕਾ ਉੱਤਰੀ ਰੇਲਵੇ ਮੈਂਬਰਾਂ ਭਾਰਤ ਸਰਕਾਰ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਮੰਨਵੀਂ, ਹੀਰਾ ਸਿੰਘ, ਜੱਗੀ ਸਿੰਘ, ਨੇ ਮੁਸਲਿਮ ਭਾਈਚਾਰੇ ਨੂੰ ਈਦ-ਉੱਲ-ਫਿਤਰ ਦੀਆਂ ਮੁਬਾਰਕਾਂ ਦਿੱਤੀਆਂ। ਇਸ ਸਮੇਂ ਸੀਨੀਅਰ ਕਾਂਗਰਸੀ ਆਗੂ ਕਮਲ ਧਾਲੀਵਾਲ ਨੇ ਨਵੀਂ ਬਣ ਰਹੀ ਮਸਜਿਦ, 'ਮਦੀਨਾ ਮਸਜਿਦ ਅਮਰਗੜ੍ਹ' ਨੂੰ ਐਲਾਨੀ 51 ਹਜ਼ਾਰ ਰੁਪਏ ਦੀ ਰਕਮ ਕਮੇਟੀ ਮੈਂਬਰਾਂ ਨੂੰ ਭੇਂਟ ਕੀਤੀ। ਇਸ ਸਮੇਂ ਮਸਜਿਦ ਕਮੇਟੀ ਅਮਰਗੜ੍ਹ ਨੇ ਨਮਾਜ਼ੀਆਂ ਲਈ ਲੱਡੂ ਵੰਡੇ। ਇਸ ਮੌਕੇ ਨਾਜ਼ਰ ਖ਼ਾਨ, ਮੰਗੂ ਖ਼ਾਨ, ਮੁਹੰਮਦ ਯੂਨਿਸ (ਬੰਟੀ), ਨਿੱਕਾ ਖ਼ਾਨ, ਮੁਹੰਮਦ ਸੁਲੇਮਾਨ, ਅਮਰੀਕ ਖਾਂ, ਰਫ਼ੀਕ ਖਾਂ, ਪੱਤਰਕਾਰ ਜਗਰਾਜ ਖ਼ਾਨ, ਸੀਨਾ, ਮੁਹੰਮਦ ਗੁਲਜ਼ਾਰ ਲਾਂਗੜੀਆਂ, ਨਿਆਜੂ, ਬੱਬੂ, ਨਵਾਬ ਖ਼ਾਨ, ਮੁਹੰਮਦ ਯੂਸਫ ਜੂਸਾਂ , ਹੈਪੀ, ਮੁਹੰਮਦ ਰਫ਼ੀ, ਫਾਨਾ, ਮੁਹੰਮਦ ਅਕਰਮ, ਅਲੀ ਖ਼ਾਨ, ਫੌਜੀ ਲਾਂਗੜੀਆਂ, ਜਗਸੀਰ (ਸੀਰਾ), ਬੁੰਦੂ, ਕਾਲਾ, ਟੀਨੂੰ, ਦਿਲਸ਼ਾਦ ਖ਼ਾਨ (ਸੱਤੀ) ਲਾਂਗੜੀਆਂ, ਦਿਲਬਰ ਖਾਂ, ਮੁਹੰਮਦ ਫ਼ਾਰੂਕ, ਨਾਜ਼ਰ ਖ਼ਾਨ, ਬਹਾਦਰ ਖ਼ਾਨ ਅਤੇ ਮਸਜਿਦ ਕਮੇਟੀ ਅਮਰਗੜ੍ਹ ਦੇ ਸਮੂਹ ਮੈਂਬਰ ਹਾਜ਼ਰ ਸਨ।

## ਡਾ. ਨੰਦਨੀ ਸ਼ਰਮਾ ਨੇ ਐਸ.ਐਮ.ਓ. ਵਜੋਂ ਅਹੁਦਾ ਸੰਭਾਲਿਆ



ਸਮਾਣਾ, 21 ਮਾਰਚ (ਵਿਜੇ ਕੁਮਾਰ) ਈ.ਐਸ.ਆਈ. ਬਹਾਦਰਗੜ੍ਹ 'ਚ ਬਤੌਰ ਮੈਡੀਕਲ ਅਫਸਰ ਵਜੋਂ ਤੈਨਾਤ ਡਾ: ਨੰਦਨੀ ਸ਼ਰਮਾ ਦੀ ਪਦ ਉਨਤੀ ਕਰਕੇ ਸਿਹਤ ਵਿਭਾਗ ਵੱਲੋਂ ਸਮਾਣਾ ਦੇ ਸਿਵਲ ਹਸਪਤਾਲ ਵਿਚ ਸੀਨੀ: ਮੈਡੀਕਲ ਅਫਸਰ ( ਐਸ.ਐਮ.ਓ) ਵਜੋਂ ਤੈਨਾਤ ਕੀਤਾ ਗਿਆ ਹੈ, ਜਿਨ੍ਹਾਂ ਸ਼ੁੱਕਰਵਾਰ ਨੂੰ ਆਪਣਾ ਚਾਰਜ ਸੰਭਾਲ ਲਿਆ ਹੈ। ਡਾ: ਨੰਦਨੀ ਸ਼ਰਮਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਸਿਹਤ ਵਿਭਾਗ ਵਿਚ 2009 ਵਿਚ ਨਿਯੁਕਤੀ ਹੋਈ ਸੀ ਅਤੇ ਉਹ ਪੰਜਾਬ ਦੇ ਵੱਖ-ਵੱਖ ਹਸਪਤਾਲਾਂ ਵਿਚ ਡਿਊਟੀ ਨਿਭਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਕਰੋਨਾ ਕਾਲ ਵਿਚ ਸਰਕਾਰ ਵੱਲੋਂ ਕੋਵਿਡ ਸੈਂਟਰ ਦਾ ਇੰਚਾਰਜ ਲੱਗਾਇਆ ਗਿਆ ਸੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਵੇਖਦਿਆਂ ਸਰਕਾਰ ਵੱਲੋਂ ਐਵਾਰਡ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਸੀ। ਉਨ੍ਹਾਂ ਸਿਵਲ ਹਸਪਤਾਲ ਸਮਾਣਾ ਨੂੰ ਇਕ ਵਧੀਆ ਹਸਪਤਾਲ ਬਣਾਉਣ ਲਈ ਯਤਨਸ਼ੀਲ ਰਹਿਣਗੇ।

## 18 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 21 ਮਾਰਚ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਮਹਿਲਾ ਬੇਬੀ ਵਾਸੀ ਦਿਲਾਵਰਪੁਰ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਨਵਦੀਪ ਸਿੰਘ ਸਮੇਤ ਸਮੇਤ ਪੁਲਿਸ ਪਾਰਟੀ ਪਿੰਡ ਸ਼ੇਰਮਾਜਰਾ ਮੌਜੂਦ ਸੀ, ਜੋ ਕਥਿਤ ਦੋਸ਼ੀ ਮਹਿਲਾ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 18 ਬੋਤਲਾਂ ਸ਼ਰਾਬ ਠੇਕਾ ਦੇਸੀ ਕਲੱਬ ਮਾਲਟਾ ਹਰਿਆਣਾ ਦੀਆ ਬ੍ਰਾਮਦ ਹੋਈਆਂ।

## ਭੋਲੇਨਾਥ ਮੰਦਰ ਵਿਖੇ ਰਾਮ ਕਥਾ 27 ਨੂੰ : ਹਰਿੰਦਰ ਭਟੇਜਾ, ਸੰਜੇ ਥਰੇਜਾ

ਸਮਾਣਾ, 21 ਮਾਰਚ (ਹਰਜਿੰਦਰ ਸਿੰਘ) : ਸ਼੍ਰੀ ਇੱਛਾਪੂਰਨ ਭੋਲੇਨਾਥ ਮੰਦਿਰ ਦੀ ਚੌਥੀ ਵਰ੍ਹੇਗੰਢ ਅਤੇ ਰਾਮ ਨੌਵੀਂ ਦੇ ਸ਼ੁਭ ਮੌਕੇ 'ਤੇ ਗ੍ਰੀਨ ਟਾਊਨ



ਸਥਿਤ ਮੰਦਿਰ ਵਿਖੇ 27 ਮਾਰਚ 2026 (ਸ਼ੁੱਕਰਵਾਰ) ਨੂੰ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਮਰਯਾਦਾ ਪੁਰਸ਼ੋਤਮ ਸ਼੍ਰੀ ਰਾਮ ਜੀ ਦੀ ਜੀਵਨ ਗਾਥਾ ਸ਼੍ਰੀ ਰਾਮ ਕਥਾ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਕਰਵਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗ੍ਰੀਨ ਟਾਊਨ ਵੈਲਫੇਅਰ ਸੋਸਾਇਟੀ ਅਤੇ ਧਰਮਸ਼ਾਲਾ ਕਮੇਟੀ (ਰਜਿ.) ਸਮਾਣਾ ਦੇ ਪ੍ਰਧਾਨ ਹਰਿੰਦਰ ਭਟੇਜਾ ਅਤੇ ਮੈਂਬਰ ਸੰਜੇ ਥਰੇਜਾ ਨੇ ਦੱਸਿਆ ਕਿ ਇਸ ਮੌਕੇ ਮਸ਼ਹੂਰ ਕਥਾ ਵਾਚਕ ਡਾ. ਸਵਾਮੀ ਰਾਮਤੀਰਥ ਜੀ ਮਹਾਰਾਜ ਵੱਲੋਂ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਉਨ੍ਹਾਂ ਸਮੂਹ ਕਲੋਨੀ ਵਾਸੀਆਂ ਅਤੇ ਸ਼ਹਿਰ ਦੇ ਧਰਮ ਪ੍ਰੇਮੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਮੇਂ ਅਨੁਸਾਰ ਪਹੁੰਚ ਕੇ ਇਸ ਪਵਿੱਤਰ ਸਮਾਗਮ ਦਾ ਲਾਭ ਲੈਣ ਅਤੇ ਭਗਵਾਨ ਸ਼੍ਰੀ ਰਾਮ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ।

## ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਮੁਸਲਿਮ ਭਾਈਚਾਰੇ ਨਾਲ ਈਦ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆ



ਸਨੌਰ, 21 ਮਾਰਚ (ਪ੍ਰਥਮ ਕੁਮਾਰ) : ਬੀਤੇ ਦਿਨ ਸਨੌਰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਲੀਡਰ ਅਤੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਰਮਜ਼ਾਨ ਸ਼ਰੀਫ਼ ਦੇ ਪਵਿੱਤਰ ਮਹੀਨੇ ਦੇ 30 ਰੋਜ਼ੇ ਮੁਕੰਮਲ ਹੋਣ 'ਤੇ ਹਲਕਾ ਸਨੌਰ ਦੇ ਪਿੰਡ ਚੌਰਾ ਦੀ ਮਸਜਿਦ ਵਿੱਚ ਪਹੁੰਚ ਕੇ ਮੁਸਲਿਮ ਭਾਈਚਾਰੇ ਨਾਲ ਈਦ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਸਾਬਕਾ ਵਿਧਾਇਕ ਚੰਦੂਮਾਜਰਾ ਨੇ ਸਮੂਹ ਦੇਸ਼ ਵਾਸੀਆਂ ਨੂੰ ਈਦ-ਉਲ- ਫ਼ਿਤਰ ਦੇ ਪਵਿੱਤਰ ਦਿਹਾੜੇ ਦੀਆਂ ਮੁਬਾਰਕਾਂ ਦਿੰਦਿਆਂ ਕਾਮਨਾ ਕੀਤੀ ਕਿ ਇਹ ਦਿਹਾੜਾ ਸਭ ਦੀ ਜ਼ਿੰਦਗੀ ਵਿੱਚ ਇਬਾਦਤ, ਰੂਹਾਨੀਅਤ ਅਤੇ ਖੁਸ਼ੀਆਂ, ਖੇੜਿਆਂ ਦੇ ਪੈਗਾਮ ਲੈ ਕੇ ਆਵੇ। ਇਸ ਮੌਕੇ ਚਰਨਜੀਤ ਖਾਨ, ਰਾਜੂ ਖਾਨ ਪ੍ਰਧਾਨ, ਭੂਰੀਆ ਖਾਨ, ਰਮਜਾਨ ਖਾਨ, ਕੁਲਦੀਪ ਸਿੰਘ ਚੌਰਾ ਸਰਪੰਚ, ਭੁਪਿੰਦਰ ਸਿੰਘ ਚੌਰਾ, ਜੋਗਿੰਦਰ ਸਿੰਘ ਚੌਰਾ , ਬਲਵੀਰ ਖਾਨ, ਕਸ਼ਮੀਰ ਖਾਨ, ਨਸੀਬ ਖਾਨ, ਗੁਰਜੰਟ ਸਿੰਘ ਨੂਰ ਖੇੜੀਆਂ, ਕੁਲਦੀਪ ਸਿੰਘ ਸਮਸਪੁਰ, ਗੁਰਮੁੱਖ ਸਿੰਘ ਸੁਹਾਗਹੇੜੀ,ਕੈਪਟਨ ਖੁਸ਼ਵੰਤ ਸਿੰਘ, ਪ੍ਰਗਟ ਸਿੰਘ ਬੋਲੜ , ਸਕੀਲ ਖਾਨ, ਸਲੀਮ ਖਾਨ ਆਦਿ ਹਾਜ਼ਰ ਸਨ।

## ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਦੀ ਸਰਬਸੰਮਤੀ ਨਾਲ ਚੋਣ

**ਰਾਜਿੰਦਰ ਪ੍ਰਸ਼ਾਦ ਦੂਜੀ ਵਾਰ ਪ੍ਰਧਾਨ, ਬ੍ਰਿਸ਼ਭਾਨ ਕਾਂਸਲ ਸੈਕਟਰੀ ਅਤੇ ਸੁਮੀਤ ਸਿੰਗਲਾ ਕੈਸ਼ੀਅਰ ਬਣੇ**

ਸਮਾਣਾ, 21 ਮਾਰਚ (ਵਿਜੇ ਕੁਮਾਰ) : ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਦੀ ਜਨਰਲ ਮੀਟਿੰਗ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ 'ਚ ਹੋਈ । ਜਿਸ ਵਿਚ ਸਰਬਸੰਮਤੀ ਨਾਲ 2026-27 ਲਈ ਪ੍ਰੀਸ਼ਦ ਦੀ ਚੋਣ ਕਰਦਿਆਂ ਰਾਜਿੰਦਰ ਪ੍ਰਸ਼ਾਦ (ਹੈਪੀ) ਨੂੰ ਉਨ੍ਹਾਂ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਲਗਾਤਾਰ ਦੂਜੀ ਵਾਰ ਪ੍ਰਧਾਨ ਚੁਣ ਲਿਆ ਗਿਆ। ਜਦੋਂ ਕਿ ਬ੍ਰਿਸ਼ਭਾਨ ਕਾਂਸਲ ਨੂੰ ਸੈਕਟਰੀ ਅਤੇ ਸੁਮੀਤ ਸਿੰਗਲਾ ਦੀ ਕੈਸ਼ੀਅਰ ਵਜੋਂ ਚੋਣ ਕੀਤੀ ਗਈ। ਚਮਨ ਲਾਲ ਧਨੇਠਾ ਦੀ ਸਰਪ੍ਰਸਤੀ ਹੇਠ ਆਯੋਜਿਤ ਮੀਟਿੰਗ ਵਿਚ ਚੋਣ ਆਬਜ਼ਰਵਰ ਵਜੋਂ ਨਿਯੁਕਤ ਹੋਏ ਨਵਦੀਪ ਗੁਪਤਾ ਨੇ ਸ਼ਮੂਲੀਅਤ ਕੀਤੀ ਅਤੇ ਚੋਣ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ। ਇਸ ਸਮੇਂ ਉਨ੍ਹਾਂ ਨਾਲ ਸਟੇਟ ਕਨਵੀਨਰ ਵਿਜੇ



ਡਾਵਰ ਅਤੇ ਜ਼ਿਲ੍ਹਾ ਕਨਵੀਨਰ ਸੰਦੀਪ ਗੋਇਲ ਵੀ ਮੌਜੂਦ ਰਹੇ, ਜਿਨ੍ਹਾਂ ਰਾਜਿਦਰ ਪ੍ਰਸ਼ਾਦ ਵੱਲੋਂ ਪਿਛਲੇ ਵਰ੍ਹੇ ਦੌਰਾਨ ਕੀਤੇ ਕੰਮਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸੇ ਕਰਕੇ ਪ੍ਰੀਸ਼ਦ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਦੂਜੀ ਵਾਰ ਫਿਰ ਤੋਂ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ। ਚੋਣ ਆਬਜ਼ਰਵਰ ਨਵਦੀਪ ਗੁਪਤਾ ਨੇ ਦੱਸਿਆ ਕਿ ਪ੍ਰੀਸ਼ਦ ਦੀ ਚੋਣ ਇਕ ਸਾਲ ਲਈ ਕੀਤੀ ਗਈ ਹੈ। ਉਨ੍ਹਾਂ ਨਵੀ ਬਣੀ ਟੀਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਪ੍ਰੀਸ਼ਦ ਦੇ ਨਿਯਮਾਂ ਅਤੇ ਅਸੂਲਾਂ ਦੀ ਪਾਲਨਾ ਕਰਦਿਆਂ ਨਵੇਂ ਪ੍ਰਾਜੈਕਟ ਲੱਗਾ ਕੇ ਸਮਾਜ ਦੀ ਸੇਵਾ ਕੀਤੀ ਜਾਵੇ। ਇਸ ਮੌਕੇ ਜਿਥੇ ਪ੍ਰੀਸ਼ਦ ਪ੍ਰਧਾਨ ਨੇ ਬੀਤੇ ਵਰ੍ਹੇ ਆਯੋਜਿਤ ਸਮਾਜ ਸੇਵੀ ਕਾਰਜਾ ਬਾਰੇ ਵੀ ਸਾਰਿਆ ਨੂੰ ਜਾਣੂ ਕਰਵਾਇਆ, ਉਥੇ ਉਨ੍ਹਾਂ ਆਪਣੀ ਦੂਜੀ ਟਰਮ 'ਚ ਆਉਣ ਵਾਲੇ ਸਮੇਂ ਵਿਚ ਸੰਸਥਾ ਮੈਬਰਾਂ ਦੇ ਸਹਿਯੋਗ ਨਾਲ ਹੋਰ ਵੀ ਨਵੇਂ ਪ੍ਰੋਜੈਕਟ ਲਗਾਏ ਜਾਣਗੇ। ਇਸ ਸਮੇਂ ਪ੍ਰੀਸ਼ਦ ਮੈਂਬਰ ਹਰੀਸ਼ ਸਡਾਨਾ, ਗਗਨਦੀਪ ਗੋਇਲ,ਪਰਮਿੰਦਰ ਅਰੋੜਾ, ਵਿਜੇ ਪਾਹਵਾ, ਰਮੇਸ਼ ਅਗਰਵਾਲ,ਰਿਕੀ ਸਿੰਗਲਾ, ਸੀਤਾ ਰਾਮ ਗੁਪਤਾ, ਵਿਕਾਸ ਛੋਟੂ, ਯਸ਼ਪਾਲ ਗਰਗ,ਭੀਮ ਸਿੰਗਲਾ, ਐਡਵੋਕੇਟ ਨਵੀਨ ਬਾਂਸਲ, ਰਾਜਿੰਦਰ ਕੁਮਾਰ, ਭੀਮ ਗਰਗ, ਅਸ਼ਮਨ ਜਿੰਦਲ, ਰਾਕੇਸ਼ ਅਧਿਆਪਕ, ਅਜੇ ਜਿੰਦਲ, ਜੋਲੀ ਗਰਗ, ਅਜੇ ਗਰਗ, ਰਾਜ ਅਗਰਵਾਲ, ਸ਼ਿਵ ਕੁਮਾਰ ਗੁਪਤਾ, ਰਿਕੀ ਸਿੰਗਲਾ, ਦਿਨੇਸ਼ ਸਿੰਗਲਾ, ਮਹਿੰਦਰਪਾਲ ਗਰਗ, ਨਰੈਣ ਦਾਸ, ਬੀ.ਕੇ. ਮਿੱਤਲ , ਨੂਰੀ ਬਾਂਸਲ, ਸੇਖਰ ਸ਼ਰਮਾ, ਸੁਰੇਸ਼ ਜਿੰਦਲ, ਪ੍ਰਦੀਪ ਜਿੰਦਲ,ਆਨੰਦ ਗਰਗ,ਅਰਿਹੰਤ ਸ਼ਰਮਾ, ਸਾਹਿਲ ਗੋਇਲ, ਲਵ ਗੋਇਲ, ਰੋਹਿਤ ਵਰਮਾ ਆਦਿ ਵੀ ਹਾਜ਼ਰ ਸਨ।

## ਜਥੇਦਾਰ ਅਮਰਜੀਤ ਸਿੰਘ ਪੰਜਰਥ ਦੇ ਗ੍ਰਹਿ ਵਿਖੇ ਪੁੱਜੇ ਸੁਖਬੀਰ ਸਿੰਘ ਬਾਦਲ

ਸਮਾਣਾ, 21 ਮਾਰਚ (ਜਵੰਦਾ) : ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅੱਜ ਜਥੇਦਾਰ ਸ ਅਮਰਜੀਤ ਸਿੰਘ ਪੰਜਰਥ ਦੇ ਗ੍ਰਹਿ ਵਿਖੇ ਪੁੱਜੇ। ਇਸ ਮੌਕੇ ਪੰਜਰਥ ਪਰਿਵਾਰ ਵੱਲੋਂ ਸ. ਬਾਦਲ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਹਲਕਾ ਸਮਾਣਾ ਤੋਂ ਸ਼੍ਰੋਮਣੀ



ਅਕਾਲੀ ਦਲ ਦੇ ਇੰਚਾਰਜ ਸ. ਜਗਮੀਤ ਸਿੰਘ ਹਰਿਆਊ ਵੀ ਮੌਜੂਦ ਰਹੇ।ਇਸ ਦੌਰਾਨ ਸ. ਬਾਦਲ ਨੇ ਸਵ. ਜੋਗਿੰਦਰ ਸਿੰਘ ਪੰਜਰਥ ਦੀਆਂ ਸੇਵਾਵਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਰਹਿੰਦੇ ਹੋਏ ਕੌਮ ਲਈ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਵ. ਪੰਜਰਥ ਦੀ ਸਵ. ਪ੍ਰਕਾਸ਼ ਸਿੰਘ ਬਾਦਲ ਨਾਲ ਦਿਲੀ ਸਾਂਝ ਹਮੇਸ਼ਾ ਯਾਦ ਰਹੇਗੀ।ਇਸ ਮੌਕੇ ਪੰਜਰਥ ਪਰਿਵਾਰ ਵੱਲੋਂ ਸ. ਸੁਖਬੀਰ ਸਿੰਘ ਬਾਦਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

## ਰਣਪ੍ਰੀਤ ਸਿੰਘ ਨੇ ਅੰਤਰਰਾਸ਼ਟਰੀ ਵਾਲੀਬਾਲ 'ਚ ਲਹਿਰਾਇਆ ਪਿੰਡ ਟਿੱਬਾ ਦਾ ਝੰਡਾ

**➢ਛੋਟੇ ਪਿੰਡ ਤੋਂ ਵੱਡੀ ਉਡਾਨ, ਰਣਪ੍ਰੀਤ ਸਿੰਘ ਦੀ ਅੰਤਰਰਾਸ਼ਟਰੀ ਪਛਾਣ**

ਸ਼ੇਰਪੁਰ, 21 ਮਾਰਚ (ਬਲਜੀਤ ਸਿੰਘ ਟਿੱਬਾ): ਪਿੰਡ ਟਿੱਬਾ ਲਈ ਮਾਣ ਵਾਲੀ ਗੱਲ ਹੈ ਕਿ ਇੱਥੋਂ ਦਾ ਨੌਜਵਾਨ ਫੁੱਟਬਾਲ ਖਿਡਾਰੀ ਰਣਪ੍ਰੀਤ ਸਿੰਘ ਸੁਪਰਾ ਨਿਊਜ਼ੀਲੈਂਡ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਫੁੱਟਬਾਲ ਮੈਚ ਖੇਡ ਕੇ ਸਫਲਤਾਪੂਰਵਕ ਵਾਪਸ ਪਿੰਡ ਪਰਤ ਆਇਆ ਹੈ। ਵਿਦੇਸ਼ੀ ਧਰਤੀ 'ਤੇ ਆਪਣੀ ਖੇਡ ਕਾਬਲੀਅਤ ਦਾ ਲੋਹਾ ਮਨਵਾ ਕੇ ਉਸ ਨੇ ਨਾ ਸਿਰਫ਼ ਆਪਣੇ ਪਰਿਵਾਰ, ਸਗੋਂ ਪੂਰੇ ਪਿੰਡ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਅੱਜ ਦੇ ਸਮੇਂ ਵਿੱਚ ਖੇਡਾਂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਰਹੀਆਂ, ਸਗੋਂ ਇਹ ਨੌਜਵਾਨਾਂ ਲਈ ਇੱਕ ਉਜਲਾ ਭਵਿੱਖ ਵੀ ਤਿਆਰ ਕਰ ਰਹੀਆਂ ਹਨ। ਰਣਪ੍ਰੀਤ ਸਿੰਘ ਵਰਗੇ ਨੌਜਵਾਨ ਇਸ ਗੱਲ ਦਾ ਜੀਵੰਤ ਉਦਾਹਰਨ ਹਨ ਕਿ ਜੇ ਇਰਾਦੇ ਮਜ਼ਬੂਤ ਹੋਣ ਤਾਂ ਪਿੰਡਾਂ ਤੋਂ ਵੀ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਿਆ ਜਾ ਸਕਦਾ ਹੈ।ਪਿੰਡ ਟਿੱਬਾ ਦੇ ਨੌਜਵਾਨ ਰਣਪ੍ਰੀਤ ਸਿੰਘ ਨੇ ਵਾਲੀਬਾਲ ਖੇਡ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਪਿੰਡ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਛੋਟੀ ਉਮਰ ਤੋਂ ਹੀ ਖੇਡਾਂ ਵੱਲ ਰੁਝਾਨ ਰੱਖਣ ਵਾਲੇ ਰਣਪ੍ਰੀਤ ਨੇ ਆਪਣੇ ਜਜ਼ਬੇ, ਮਿਹਨਤ ਅਤੇ ਲਗਨ ਨਾਲ ਉਹ ਮਕਾਮ ਹਾਸਲ



ਕੀਤਾ ਜਿਸਦਾ ਹਰ ਖਿਡਾਰੀ ਸੁਪਨਾ ਦੇਖਦਾ ਹੈ। ਇਲਾਕੇ ਦੇ ਨੌਜਵਾਨਾਂ ਲਈ ਰਣਪ੍ਰੀਤ ਇੱਕ ਪ੍ਰੇਰਣਾ ਸਰੋਤ ਬਣ ਗਿਆ ਹੈ, ਜੋ ਇਹ ਦਰਸਾਉਂਦਾ ਹੈ ਕਿ ਸਖ਼ਤ ਮਿਹਨਤ ਨਾਲ ਕਿਸੇ ਵੀ ਉੱਚਾਈ ਨੂੰ ਛੂਹਿਆ ਜਾ ਸਕਦਾ ਹੈ। ਰਣਪ੍ਰੀਤ ਦੇ ਪਰਿਵਾਰ ਨੇ ਵੀ ਉਸਦੀ ਸਫਲਤਾ 'ਤੇ ਮਾਣ ਜਤਾਇਆ ਅਤੇ ਉਸਦੇ ਪਿਤਾ ਜਗਦੇਵ ਸਿੰਘ ਨੰਬਰਦਾਰ ਨੇ ਕਿਹਾ ਕਿ ਇਹ ਸਿਰਫ਼ ਉਹਨਾਂ ਦੇ ਪਰਿਵਾਰ ਲਈ ਨਹੀਂ, ਸਗੋਂ ਸਾਰੇ ਇਲਾਕੇ ਲਈ ਮਾਣ ਦੀ ਗੱਲ ਹੈ। ਕੋਚਾਂ ਅਤੇ ਸਾਥੀ ਖਿਡਾਰੀਆਂ ਨੇ ਵੀ ਉਸਦੀ ਮਿਹਨਤ ਅਤੇ ਖੇਡ ਪ੍ਰਤੀ ਸਮਰਪਣ ਦੀ ਖੂਬ ਪ੍ਰਸ਼ੰਸਾ ਕੀਤੀ। ਰਣਪ੍ਰੀਤ ਸਿੰਘ ਦੀ ਇਹ ਉਪਲੱਬਧੀ ਹਰ ਨੌਜਵਾਨ ਲਈ ਪ੍ਰੇਰਨਾ ਹੈ ਕਿ ਉਹ ਆਪਣੇ ਸੁਪਨਿਆਂ ਨੂੰ ਸੱਚ ਕਰਨ ਲਈ ਡਟ ਕੇ ਮਿਹਨਤ ਕਰੇ। ਰਣਪ੍ਰੀਤ ਸਿੰਘ ਨੇ ਦੱਸਿਆ ਕਿ ਵਾਲੀਬਾਲ ਪ੍ਰਤੀ ਉਸ ਦਾ ਸ਼ੌਕ ਬਚਪਨ ਤੋਂ ਹੀ ਸੀ ਅਤੇ ਉਸ ਨੇ ਪਿੰਡ ਦੇ ਖੇਡ ਮੈਦਾਨ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ। ਕੜੀ ਮਿਹਨਤ, ਅਨੁਸ਼ਾਸਨ ਅਤੇ ਕੋਚਾਂ ਦੀ ਰਹਿਨੁਮਾਈ ਨਾਲ ਉਹ ਅੱਜ ਇਸ ਮੰਜ਼ਿਲ ਤੱਕ ਪਹੁੰਚਿਆ ਹੈ। ਉਸ ਨੇ ਕਿਹਾ ਕਿ ਨਿਊਜ਼ੀਲੈਂਡ ਵਿੱਚ ਖੇਡਣਾ ਉਸ ਲਈ ਇੱਕ ਸੁਪਨੇ ਵਰਗਾ ਅਨੁਭਵ ਸੀ, ਜਿੱਥੇ ਉਸ ਨੂੰ ਅੰਤਰਰਾਸ਼ਟਰੀ ਪੱਧਰ ਦੀ ਟ੍ਰੇਨਿੰਗ ਅਤੇ ਖੇਡ ਸੰਸਕ੍ਰਿਤੀ ਸਿੱਖਣ ਦਾ ਮੌਕਾ ਮਿਲਿਆ।ਇਲਾਕੇ ਦੇ ਖੇਡ ਪ੍ਰਬੰਧਕਾਂ ਅਤੇ ਬੁੱਧੀਜੀਵੀ ਪ੍ਰਿੰਸਿਪਲ ਕਮਲਜੀਤ ਸਿੰਘ ਟਿੱਬਾ ਨੇ ਕਿਹਾ ਕਿ ਇਹ ਉਪਲਬਧੀ ਪਿੰਡ ਦੇ ਹੋਰ ਨੌਜਵਾਨਾਂ ਲਈ ਪ੍ਰੇਰਨਾ ਬਣੇਗੀ ਅਤੇ ਉਹ ਵੀ ਖੇਡਾਂ ਵੱਲ ਵਧ ਚੜ੍ਹ ਕੇ ਹਿੱਸਾ ਲੈਣਗੇ। ਰਣਪ੍ਰੀਤ ਸਿੰਘ ਨੇ ਨੌਜਵਾਨਾਂ ਨੂੰ ਸੰਦੇਸ਼ ਦਿੱਤਾ ਕਿ ਜੇ ਮਨ ਵਿੱਚ ਲਗਨ ਹੋਵੇ ਤਾਂ ਪਿੰਡਾਂ ਤੋਂ ਵੀ ਅੰਤਰਰਾਸ਼ਟਰੀ ਮੈਦਾਨਾਂ ਤੱਕ ਪਹੁੰਚਣਾ ਸੰਭਵ ਹੈ। ਉਸ ਨੇ ਆਪਣੇ ਮਾਤਾ-ਪਿਤਾ, ਕੋਚਾਂ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਹਰ ਕਦਮ 'ਤੇ ਉਸ ਦਾ ਹੌਸਲਾ ਵਧਾਇਆ।

## ਸਨੌਰ ਦੇ ਲੋਕਾਂ ਦੀ ਆਵਾਜ਼: ਸੜਕਾਂ 'ਤੇ ਸੀਵਰੇਜ, ਕਿੱਥੇ ਹੈ ਵਿਕਾਸ

**➢ਖੁੱਲ੍ਹਾ ਨਾਲਾ ਲੋਕਾਂ ਲਈ ਵੱਡਾ ਖ਼ਤਰਾ**

ਸਨੌਰ, 21 ਮਾਰਚ (ਪ੍ਰਥਮ ਕੁਮਾਰ) : ਸਨੌਰ ਸ਼ਹਿਰ ਵਿੱਚ ਵਿਕਾਸ ਦੇ ਦਾਵਿਆਂ ਦੀ ਹਕੀਕਤ ਇੱਕ ਵਾਰ ਫਿਰ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ। ਫਤਿਹਪੁਰ ਰੋਡ ਉੱਤੇ ਸਥਿਤ ਇੱਕ ਖੁੱਲ੍ਹਾ ਨਾਲਾ ਸਥਾਨਕ ਲੋਕਾਂ ਲਈ ਵੱਡਾ ਖਤਰਾ ਬਣਿਆ ਹੋਇਆ ਹੈ। ਨੱਥੀ ਤਸਵੀਰ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਸੜਕ ਦੇ ਵਿਚਕਾਰ ਇਕ ਡੂੰਘਾ ਸੀਵਰੇਜ ਖੁੱਲ੍ਹਾ ਪਿਆ ਹੈ, ਜਿਸ ਵਿੱਚ ਗੰਦਾ ਪਾਣੀ ਭਰਿਆ ਹੋਇਆ ਹੈ ਅਤੇ ਆਸ-ਪਾਸ ਮਿੱਟੀ, ਮਲਬਾ ਅਤੇ ਕੂੜਾ ਵੀ ਫੈਲਿਆ ਪਿਆ ਹੈ। ਇਲਾਕਾ ਵਾਸੀਆਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਇਸ ਮਸਲੇ ਨੂੰ ਇੱਕ ਸੀਨੀਅਰ ਕਾਂਗਰਸੀ ਆਗੂ ਵੱਲੋਂ ਉਠਾਇਆ ਗਿਆ ਸੀ। ਲੋਕਾਂ ਨੂੰ ਉਮੀਦ ਸੀ ਕਿ ਜਲਦੀ ਹੀ ਇਸ ਦਾ ਹੱਲ ਕੀਤਾ ਜਾਵੇਗਾ, ਪਰ ਇਸਦੇ ਉਲਟ ਸਥਿਤੀ ਹੋਰ ਵੀ ਖ਼ਰਾਬ ਹੋ ਗਈ ਹੈ। ਸੂਤਰਾਂ ਨੇ ਦੱਸਿਆ ਕਿ ਬੀਤੇ ਦਿਨੀਂ ਨਗਰ ਕੌਂਸਲ ਸਨੌਰ ਦੇ ਕਰਮਚਾਰੀਆਂ ਵੱਲੋਂ ਇਥੇ ਲੱਗੀ ਲੋਹੇ ਦੀ ਟੁੱਟੀ ਜਾਲੀ ਨੂੰ ਉਖਾੜ ਕੇ ਆਪਣੇ



ਨਾਲ ਲੈ ਜਾਇਆ ਗਿਆ। ਪਹਿਲਾਂ ਨਾਲੇ ਉੱਤੇ ਲੱਗੀ ਸੁਰੱਖਿਆ ਲਈ ਜਾਲੀ ਹੁੰਦੀ ਸੀ, ਜੋ ਹੁਣ ਹਟਾ ਦਿੱਤੀ ਗਈ ਹੈ। ਇਸ ਕਾਰਨ ਇਹ ਖੁੱਲ੍ਹਾ ਸੀਵਰੇਜ ਹੁਣ ਮੌਤ ਦਾ ਖੂਹ ਬਣਦਾ ਜਾ ਰਿਹਾ ਹੈ। ਸਥਾਨਕ ਵਾਸੀ ਬਲਜਿੰਦਰ ਸਿੰਘ ਨੇ ਦੱਸਿਆ ਕਿ ਇਹ ਸੜਕ 'ਤੇ ਕਾਫੀ ਭੀੜ ਵਾਲੀ ਹੈ ਅਤੇ ਇੱਥੇ ਹਰ ਵੇਲੇ ਲੋਕਾਂ ਦੀ ਆਵਾਜਾਈ ਰਹਿੰਦੀ ਹੈ। ਖ਼ਾਸ ਕਰਕੇ ਰਾਤ ਦੇ ਸਮੇਂ ਜਾਂ ਬਾਰਿਸ਼ ਦੌਰਾਨ ਇਹ ਖੱਡਾ ਦਿਖਾਈ ਨਹੀਂ ਦਿੰਦਾ, ਜਿਸ ਨਾਲ ਕਿਸੇ ਵੀ ਸਮੇਂ ਵੱਡਾ ਹਾਦਸਾ ਹੋ ਸਕਦਾ ਹੈ। ਬੱਚਿਆਂ ਅਤੇ ਬਜ਼ੁਰਗਾਂ ਲਈ ਇਹ ਹੋਰ ਵੀ ਜ਼ਿਆਦਾ ਖਤਰਨਾਕ ਸਾਬਿਤ ਹੋ ਸਕਦਾ ਹੈ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ, ਸੀਵਰੇਜ ਵਿੱਚ ਖੜ੍ਹਾ ਗੰਦਾ ਪਾਣੀ ਸਿਹਤ ਲਈ ਵੀ ਹਾਨੀਕਾਰਕ ਹੈ ਅਤੇ ਬਿਮਾਰੀਆਂ ਦੇ ਫੈਲਣ ਦਾ ਕਾਰਨ ਬਣ ਸਕਦਾ ਹੈ ਨੇੜਲੇ ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਮਸਲੇ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਤੁਰੰਤ ਨਾਲੇ ਨੂੰ ਢੱਕ ਕੇ ਸੜਕ ਦੀ ਮੁਰੰਮਤ ਕਰਵਾਈ ਜਾਵੇ। ਜੇਕਰ ਸਮੇਂ-ਸਿਰ ਕਾਰਵਾਈ ਨਾ ਕੀਤੀ ਗਈ ਤਾਂ ਇਹ ਲਾਪਰਵਾਹੀ ਕਿਸੇ ਵੱਡੇ ਹਾਦਸੇ ਨੂੰ ਜਨਮ ਦੇ ਸਕਦੀ ਹੈ, ਜਿਸਦੀ ਜ਼ਿੰਮੇਵਾਰੀ ਸੰਬੰਧਤ ਵਿਭਾਗਾਂ ਦੀ ਹੋਵੇਗੀ।



# ਪਟਿਆਲਾ-ਆਸ/ਪਾਸ



## ਯੁੱਧ ਨਸ਼ਿਆਂ ਵਿਰੁੱਧ 'ਸੰਪਰਕ 2026' ਹੇਠ ਡੀ.ਸੀ. ਤੇ ਐਸ.ਐਸ.ਪੀ. ਦਾ ਸਾਂਝਾ ਸੰਦੇਸ਼

**➢ਪੁਲਿਸ-ਪ੍ਰਸ਼ਾਸਨ ਤੇ ਲੋਕਾਂ ਦੀ ਸਾਂਝੀ ਕੋਸ਼ਿਸ਼ ਨਾਲ ਹੀ ਮੁਕਾਬਲਾ ਸੰਭਵ: ਵਰਜੀਤ ਵਾਲੀਆ**

**➢ਸਪਲਾਈ ਚੇਨ ਤੋੜਨ ਦੇ ਨਾਲ ਡਿਮਾਂਡ ਘਟਾਉਣ ਲਈ ਸਮਾਜ ਦੀ ਲੋੜ: ਵਰੁਣ ਸ਼ਰਮਾ**

ਪਟਿਆਲਾ 21 ਮਾਰਚ (ਰੁਪਾਣਾ/ਵਿਨੋਦ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲ ਰਹੀ ਮੁਹਿੰਮ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੁਲਿਸ ਵਿਭਾਗ ਵੱਲੋਂ ਸੰਪਰਕ 2026 ਪੰਜਾਬ ਪੁਲਿਸ ਪਾਰਟਨਰਸ਼ਿਪ ਪ੍ਰੋਗਰਾਮ ਅਧੀਨ ਇੱਕ ਮਹੱਤਵਪੂਰਨ ਬੈਠਕ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ , ਐਸ ਐਸ ਪੀ ਸ੍ਰੀ ਵਰੁਣ ਸ਼ਰਮਾ ਅਤੇ ਐਸ ਪੀ ਸ੍ਰੀ ਵੈਭਵ ਚੌਧਰੀ ਵੱਲੋਂ ਸਮਾਜ ਦੇ ਵਿਲੇਜ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਦਿਆਂ ਨਸ਼ਿਆਂ ਦੇ ਖਾਤਮੇ ਲਈ ਸਾਂਝੀ ਰਣਨੀਤੀ ਬਣਾਉਣ 'ਤੇ ਜ਼ੋਰ ਦਿੱਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਨਸ਼ਿਆਂ ਵਿਰੁੱਧ ਜੰਗੀ ਪੱਧਰ 'ਤੇ ਕਾਰਵਾਈ ਕਰ ਰਹੀ ਹੈ। ਇਸੇ ਤਰ੍ਹਾਂ ਪਟਿਆਲਾ ਦਾ ਪ੍ਰਸ਼ਾਸਨ ਵੀ ਪੂਰੀ ਲਗਨ ਅਤੇ ਦ੍ਰਿੜ੍ਹਤਾ ਨਾਲ ਇਸ ਮੁਹਿੰਮ ਨੂੰ ਅੱਗੇ ਵਧਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਪੁਲਿਸ ਜਾਂ ਪ੍ਰਸ਼ਾਸਨ ਦੀ ਨਹੀਂ, ਸਗੋਂ ਸਾਰੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਦ੍ਰਿੜ੍ਹ ਨਿਸ਼ਚੇ ਨਾਲ ਕਿਹਾ ਕਿ ਅਸੀਂ ਸਾਰੇ ਇਕ ਟੀਮ ਵਜੋਂ ਕੰਮ ਕਰਦਿਆਂ ਇਸ ਮੁਹਿੰਮ ਵਿੱਚ ਡਟੇ ਰਹਾਂਗੇ। ਡਿਪਟੀ ਕਮਿਸ਼ਨਰ ਨੇ ਯੂਥ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਮੋੜਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਨੌਜਵਾਨਾਂ ਲਈ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ, ਪਿੰਡਾਂ ਵਿੱਚ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ-ਵੱਖ ਸੱਭਿਆਚਾਰਕ ਮੇਲੇ ਕਰਵਾਏ ਜਾ ਰਹੇ ਹਨ, ਤਾਂ ਜੋ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਸਕਣ। ਇਸ ਮੌਕੇ ਸਿਹਤ ਵਿਭਾਗ ਦੀ ਭੂਮਿਕਾ ਨੂੰ ਵੀ ਬਹੁਤ ਮਹੱਤਵਪੂਰਨ ਕਰਾਰ ਦਿੱਤਾ ਗਿਆ। ਡੀ ਸੀ ਨੇ ਕਿਹਾ ਕਿ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਇੱਕ ਅਪਰਾਧੀ ਨਹੀਂ, ਸਗੋਂ ਮਰੀਜ਼ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਸਹਾਇਤਾ ਕਰਦਿਆਂ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖ਼ਲ ਕਰਵਾਉਣਾ ਚਾਹੀਦਾ ਹੈ, ਤਾਂ ਜੋ ਉਹ ਮੁੜ ਸਧਾਰਣ ਜੀਵਨ ਜੀ ਸਕਣ। ਓਹਨਾਂ ਕਿਹਾ ਕਿ ਪਟਿਆਲਾ ਵਿੱਚ ਨਸ਼ਾ ਛੁਡਾਊ ਕੇਂਦਰਾਂ ਤੋਂ ਬਾਹਰ ਆਏ ਨੌਜਵਾਨਾਂ ਲਈ ਸਕਿਲ ਡਿਵੈਲਪਮੈਂਟ ਟ੍ਰੇਨਿੰਗ ਪ੍ਰੋਗਰਾਮ ਵੀ ਚਲਾਏ ਜਾ ਰਹੇ ਹਨ। ਇਸ ਨਾਲ ਉਹ ਨੌਜਵਾਨ ਖ਼ੁਦਮੁਖ਼ਤਿਆਰ ਬਣ ਕੇ ਰੋਜ਼ਗਾਰ ਪ੍ਰਾਪਤ ਕਰ ਸਕਣ ਅਤੇ ਸਮਾਜ ਵਿੱਚ ਸਨਮਾਨ ਨਾਲ ਜੀਵਨ ਬਤੀਤ ਕਰ ਸਕਣ। ਐਸ ਐਸ ਪੀ ਸ੍ਰੀ ਵਰੁਣ ਸ਼ਰਮਾ ਨੇ ਕਿਹਾ ਕਿ ਨਸ਼ਾ ਇੱਕ ਗੰਭੀਰ ਸਮਾਜਿਕ ਬਿਮਾਰੀ ਹੈ, ਜਿਸ ਨੂੰ ਖ਼ਤਮ ਕਰਨ ਲਈ ਸਪਲਾਈ ਅਤੇ ਡਿਮਾਂਡ ਦੋਹਾਂ 'ਤੇ ਕੰਮ ਕਰਨ ਦੀ ਲੋੜ ਹੈ। ਓਹਨਾਂ ਕਿਹਾ ਕਿ ਪੁਲਿਸ ਵੱਲੋਂ ਸਪਲਾਈ ਚੇਨ ਨੂੰ ਤੋੜਨ ਲਈ ਕੜੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਵਿੱਚ ਕਾਫ਼ੀ ਸਫਲਤਾ ਵੀ ਮਿਲੀ ਹੈ। ਅੰਤ ਵਿੱਚ ਐਸ ਐਸ ਪੀ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ ਗਈਆਂ ਅਤੇ ਉਨ੍ਹਾਂ ਦੇ ਜਲਦ ਹੱਲ ਲਈ ਭਰੋਸਾ ਦਵਾਇਆ ਗਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਪ੍ਰਸ਼ਾਸਨ ਦਾ ਸਾਥ ਦੇਣ ਅਤੇ ਆਪਣੇ ਆਸ-ਪਾਸ ਦੇ ਨੌਜਵਾਨਾਂ ਨੂੰ ਸਹੀ ਰਸਤੇ 'ਤੇ ਲਿਆਉਣ ਵਿੱਚ ਯੋਗਦਾਨ ਪਾਉਣ।



## ਭਾਜਪਾ ਨੇ ਪਿਛਲੇ ਦਸ ਸਾਲਾਂ ਦੌਰਾਨ ਹਰਿਆਣਾ ਦੀ ਕਾਇਆ ਕਲਪ ਕੀਤੀ : ਨਾਇਬ ਸਿੰਘ ਸੈਣੀ

**ਡਾ. ਮੋਹਨ ਲਾਲ ਸ਼ਰਮਾ ਭਾਜਪਾ 'ਚ ਹੋਏ ਸ਼ਾਮਲ**



ਸਮਾਣਾ, 21 ਮਾਰਚ(ਸੁਖਜਿੰਦਰ ਸਿੰਘ ਕੁਲਾਰਾਂ/ਵਿਜੇ ਕੁਮਾਰ/ਜਵੰਦਾ) : ਡਾ. ਮੋਹਨ ਲਾਲ ਸ਼ਰਮਾ ਅੱਜ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਏ ਇਸ ਦੌਰਾਨ ਉਨ੍ਹਾਂ ਵੱਲੋਂ ਕਿਸਾਨ ਪੈਲਸ ਵਿੱਚ ਇੱਕ ਪ੍ਰੋਗਰਾਮ ਰੱਖਿਆ ਗਿਆ ਜਿਸ ਵਿੱਚ ਮੁੱਖ ਤੌਰ 'ਤੇ ਹਰਿਆਣਾ ਦੇ ਮੁੱਖ ਮੰਤਰੀ ਨੈਬ ਸਿੰਘ ਸੈਣੀ ਪਹੁੰਚੇ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਮਾਗਮ ਦੌਰਾਨ ਕਿਹਾ ਕਿ ਜਿੱਥੇ ਹਰਿਆਣਾ ਵਿਚ ਭਾਜਪਾ ਦੀ ਸਰਕਾਰ ਨੇ ਪਿਛਲੇ ਦਸ ਸਾਲਾਂ ਦੌਰਾਨ ਹਰਿਆਣਾ ਦੀ ਕਾਇਆ ਕਲਪ ਕਰ ਦਿੱਤੀ ਹੈ । ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸੂਬੇ ਦੇ ਵਿਕਾਸ ਅਤੇ ਆਪਣੇ ਬੱਚਿਆਂ ਦੇ ਭਵਿੱਖ ਲਈ ਇਸ ਵਾਰ ਪੰਜਾਬ ਵਿਚ ਭਾਜਪਾ ਨੂੰ ਲਿਆਓ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਉਨ੍ਹਾਂ ਦੀ ਸਰਕਾਰ ਮਹਿਲਾਵਾਂ ਨੂੰ 2100 ਰੁਪਏ ਪੈਨਸ਼ਨ ਦੇ ਰਹੀ ਹੈ, ਜਦੋਂਕਿ ਪੰਜਾਬ ਸਰਕਾਰ ਨੇ ਆਪਣੇ 4 ਸਾਲਾਂ ਦੌਰਾਨ ਮਹਿਲਾਵਾਂ ਨੂੰ ਸਿਵਾਏ ਲਾਰੇ ਤੋਂ ਕੁੱਝ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਕਿਸਾਨਾਂ ਨੂੰ ਆਪਣਾ ਪਰਿਵਾਰ ਮਨਦੀ ਹੈ ਤੇ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਕੁਦਰਤੀ ਆਫਤਾਂ ਦੇ ਮੁਆਵਜੇ ਵੱਜੋਂ 16 ਹਜ਼ਾਰ ਕਰੋੜ ਰੁਪਏ ਇੱਕ ਸਾਲ ਵਿਚ ਦਿੱਤੇ ਹਨ, ਜਦੋਂਕਿ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਕੁੱਝ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਦੇਸ਼ ਵਾਸੀਆਂ ਦੇ ਕਲਿਆਣ ਲਈ ਬਹੁਤ ਸਾਰੀਆਂ ਕਲੀਆਣਕਾਰੀ ਨੀਤੀਆਂ ਬਣਾਈਆਂ ਹਨ ਜਿਨ੍ਹਾਂ ਲਈ ਉਹ ਹਰ ਸਾਲ ਕਰੋੜਾਂ ਅਰਬਾਂ ਰੁਪਏ ਜਾਰੀ ਕਰ ਰਹੇ ਹਨ ਜਿਨ੍ਹਾਂ ਨੂੰ ਪੰਜਾਬ ਸਰਕਾਰ ਲੋਕਾਂ ਤੱਕ ਨਹੀ ਪਹੁੰਚਾ ਰਹੀ ਤੇ ਉਹ ਪੈਸੇ ਦਾ ਹੋਰ ਕੰਮਾਂ ਵਿਚ ਇਸਤੇਮਾਲ ਕਰ ਰਹੀ ਹੈ, ਜਿਸਦਾ ਲੋਕਾਂ ਤਾ ਕੋਈ ਫਾਇਦਾ ਨਹੀਂ ਪੰਹੁਚ ਰਿਹਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਬਾਰ ਭਾਜਪਾ ਨੂੰ ਮੌਕਾ ਦੇਣ, ਕਿਉਂਕਿ ਭਾਜਪਾ ਹੀ ਦੇਸ ਦੇ ਨਾਲ ਨਾਲ ਪੰਜਾਬ ਨੂੰ ਤੱਰਕੀ ਦੇ ਸਕਦੈ। ਇਸ ਮੌਕੇ ਭਾਨੂੰ ਪ੍ਰਤਾਪ ਸਿੰਗਲਾ, ਰਮੇਸ਼ ਡਕਾਲਾ, ਪ੍ਰਦਮਣ ਵਿਰਕ,ਸੰਜੀਵ ਗਰਗ,ਦਮਣ ਭੱਲਾ ਆਦਿ ਹਾਜ਼ਰ ਸਨ।

## ਸਰਬ ਭਾਰਤੀ ਵੈਟਰਨ ਖੇਡਾਂ 'ਚ ਸਹਾਇਕ ਡਾਇਰੈਕਟਰ ਡਾ. ਹਰਨੇਕ ਢੋਟ ਨੇ ਜਿੱਤਿਆ ਗੋਲਡ ਮੈਡਲ




ਪਟਿਆਲਾ, 21 ਮਾਰਚ (ਰੁਪਾਣਾ) : ਪਿਛਲੇ ਦਿਨੀਂ 14 ਮਾਰਚ ਤੋਂ 16 ਮਾਰਚ, 2026 ਤੱਕ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ, ਬਠਿੰਡਾ ਵਿਖੇ ਹੋਈ 45ਵੀਂ ਸਰਬ ਭਾਰਤੀ ਵੈਟਰਨ ਐਥਲੇਟਿਕ ਚੈਂਪੀਅਨਸ਼ਿਪ ਵਿਚ ਭਾਸ਼ਾ ਵਿਭਾਗ ਦੇ ਸਾਬਕਾ ਸਹਾਇਕ ਡਾਇਰੈਕਟਰ ਡਾ ਹਰਨੇਕ ਸਿੰਘ ਢੋਟ ਵਲੋਂ ਆਪਣੀ ਉਮਰ ਵਰਗ ਵਿੱਚ 3 ਕਿਲੋਮੀਟਰ ਵਾਕ ਵਿੱਚ ਸੋਨੇ ਦਾ ਮੈਡਲ ਪ੍ਰਾਪਤ ਕਰਕੇ ਆਪਣੇ ਸ਼ਹਿਰ ਅਤੇ ਸੂਬੇ ਦਾ ਨਾਂ ਰੋਸ਼ਨ ਕੀਤਾ ਹੈ। ਡਾ. ਢੋਟ ਇਸ ਤੋਂ ਪਹਿਲਾਂ ਰਾਜ ਪੱਧਰ ਤੇ ਵੀ 800 ਮੀਟਰ ਅਤੇ 1500 ਮੀਟਰ ਰੇਸ ਵਿੱਚ ਮੈਡਲ ਪ੍ਰਾਪਤ ਕਰ ਚੁੱਕੇ ਹਨ। ਦੱਸਣਯੋਗ ਹੈ ਕਿ ਪਿਛਲੇ ਸਾਲ 2025 ਵਿੱਚ ਮੈਸੂਰ ਵਿਖੇ ਹੋਈਆਂ ਸਰਬ ਭਾਰਤੀ ਖੇਡਾਂ ਵਿੱਚ ਵੀ ਡਾ ਢੋਟ ਵੱਲੋਂ ਸ਼ਮੂਲੀਅਤ ਕੀਤੀ ਗਈ ਸੀ। ਤਿੰਨ ਪੁਸਤਕਾਂ ਦੇ ਰਚੈਤਾ ਡਾ. ਹਰਨੇਕ ਸਿੰਘ ਢੋਟ ਭਾਸ਼ਾ ਵਿਭਾਗ ਪੰਜਾਬ ਵਿੱਚੋਂ ਤਿੰਨ ਦਹਾਕੇ ਦੀਆਂ ਸ਼ਾਨਦਾਰ ਸੇਵਾਵਾਂ ਤੋਂ ਬਾਦ ਰਿਟਾਇਰ ਹੋਏ ਹਨ। ਉਹਨਾਂ ਦੀਆਂ ਲਿਖਤਾਂ ਪੰਜਾਬੀ ਦੀਆਂ ਪ੍ਰਸਿੱਧ ਪੱਤਰਕਾਵਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਡਾ. ਢੋਟ ਆਪਣੇ ਸਕੂਲ ਕਾਲਜ ਦੇ ਦਿਨਾਂ ਵਿੱਚ ਵੀ ਐਥਲੈਟਿਕਸ ਕਰਦੇ ਰਹੇ ਹਨ। ਉਸ ਸਮੇਂ ਵੀ ਉਨ੍ਹਾਂ ਨੇ ਸਰਬ ਭਾਰਤੀ ਪੇਂਡੂ ਖੇਡਾਂ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਕੀਤੀ ਸੀ ਅਤੇ ਸੁਨਾਮ ਵਿਖੇ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਦੀ ਐਥਲੈਟਿਕ ਮੀਟ ਵਿਚ ਕਾਲਜ ਦੇ ਬੈਸਟ ਐਥਲੀਟ ਵੀ ਐਲਾਨੇ ਗਏ ਸਨ।ਡਾ. ਢੋਟ ਨੇ ਦੱਸਿਆ ਕਿ ਮੇਰਾ ਸੁਪਨਾ ਅੱਛੀਆਂ ਕਿਤਾਬਾਂ ਪੜ੍ਹਨ ਅਤੇ ਅੱਛਾ ਸਾਹਿਤ ਲਿਖਣ ਦੇ ਨਾਲ ਨਾਲ ਅੰਤਰ ਰਾਸ਼ਟਰੀ ਪੱਧਰ 'ਤੇ ਮੈਡਲ ਪ੍ਰਾਪਤ ਕਰਨਾ ਹੈ।

*ਮੇਅਰ ਤੇ ਕਮਿਸ਼ਨਰ ਦੀ ਵੱਡੀ ਪਹਿਲ*

## ਹੁਣ ਰਾਤ ਨੂੰ ਵੀ ਚਮਕੇਗਾ ਪਟਿਆਲਾ, ਸਵੀਪਿੰਗ ਮਸ਼ੀਨਾਂ ਰਾਹੀਂ ਸਫ਼ਾਈ ਮੁਹਿੰਮ ਜਾਰੀ

ਪਟਿਆਲਾ, 21 ਮਾਰਚ (ਰੁਪਾਣਾ) : ਸ਼ਾਹੀ ਸ਼ਹਿਰ ਪਟਿਆਲਾ ਨੂੰ ਦੇਸ਼ ਦੇ ਸਭ ਤੋਂ ਸਾਫ਼-ਸੁਥਰੇ ਸ਼ਹਿਰਾਂ ਦੀ ਸੂਚੀ ਵਿੱਚ ਮੋਹਰੀ ਸਥਾਨ ਦਿਵਾਉਣ ਲਈ ਮੇਅਰ ਕੁੰਦਨ ਗੋਗੀਆ ਅਤੇ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਦੀ ਅਗਵਾਈ ਹੇਠ ਨਗਰ ਨਿਗਮ ਵੱਲੋਂ ਸਫ਼ਾਈ ਵਿਵਸਥਾ ਨੂੰ ਲੈ ਕੇ ਇੱਕ ਨਵੀਂ ਪਿਰਤ ਪਾਈ ਗਈ ਹੈ। ਸ਼ਹਿਰ ਵਾਸੀਆਂ ਨੂੰ ਸਵੇਰੇ ਉੱਠਦਿਆਂ ਹੀ ਸਾਫ਼-ਸੁਥਰੀਆਂ ਸੜਕਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਹੁਣ ਰਾਤ ਦੇ ਸਮੇਂ ਵੀ ਸਵੀਪਿੰਗ ਮਸ਼ੀਨਾਂ ਰਾਹੀਂ ਸਫ਼ਾਈ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹੈ। ਇਸ ਬਾਬਤ ਸ਼ਹਿਰ ਦੇ ਮੁੱਖ ਬਾਜ਼ਾਰ ਸਰਹੰਦੀ ਗੇਟ ਵਿਖੇ ਚੱਲ ਰਹੀ ਸਫ਼ਾਈ ਦਾ ਮੁਆਇਨਾ ਕਰਨ ਵਿਸ਼ੇਸ਼ ਤੌਰ 'ਤੇ ਪਹੁੰਚੇ ਮੇਅਰ ਨੇ ਕਿਹਾ ਕਿ ਦਿਨ ਵੇਲੇ ਸ਼ਹਿਰ ਦੀਆਂ ਸੜਕਾਂ 'ਤੇ ਟ੍ਰੈਫਿਕ ਦਾ ਭਾਰੀ ਦਬਾਅ ਰਹਿੰਦਾ ਹੈ, ਜਿਸ ਕਾਰਨ ਮਸ਼ੀਨਾਂ ਰਾਹੀਂ ਸਫ਼ਾਈ ਕਰਨਾ ਚੁਣੌਤੀਪੂਰਨ ਹੁੰਦਾ ਹੈ। ਇਸ ਸਮੱਸਿਆ ਦੇ ਹੱਲ ਲਈ ਮੇਅਰ ਨੇ ਦਿਨ ਦੇ ਨਾਲ ਨਾਲ ਰਾਤ ਨੂੰ ਵੀ ਸ਼ਿਫਟ ਵਿੱਚ ਸਫ਼ਾਈ ਕਰਵਾਉਣ ਦਾ ਫੈਸਲਾ ਲਿਆ ਹੈ। ਰਾਤ ਵੇਲੇ ਸੜਕਾਂ ਖਾਲੀ ਹੋਣ ਕਾਰਨ ਇਹ ਹਾਈ-ਟੈਕ ਮਸ਼ੀਨਾਂ ਬਿਨਾਂ ਕਿਸੇ ਰੁਕਾਵਟ ਦੇ ਸੜਕਾਂ ਦੇ ਕਿਨਾਰਿਆਂ ਤੋਂ ਧੂੜ ਅਤੇ ਕੂੜਾ ਚੁੱਕਣ ਵਿੱਚ ਵਧੇਰੇ ਕਾਰਗਰ ਸਾਬਿਤ ਹੋ ਰਹੀਆਂ ਹਨ। ਉਹਨਾਂ ਕਿਹਾ ਕਿ ਸ਼ੁਰੂਆਤੀ ਦੌਰ ਵਿੱਚ ਤ੍ਰਿਪੜੀ, ਬਾਰਾਦਰੀ ਅਤੇ ਮਾਡਲ ਟਾਊਨ ਵਿੱਚ ਇਹ ਸਫਾਈ ਮੁਹਿੰਮ ਸ਼ੁਰੂ ਕਰਨ ਮਗਰੋਂ ਹੁਣ ਸ਼ਹਿਰ ਦੇ ਹਰ ਹਿੱਸੇ ਵਿੱਚ ਪੜਾਅ ਦਰ ਪੜਾਅ ਸਫਾਈ ਦਾ ਵਿਸ਼ੇਸ਼ ਕੰਮ ਜਾਰੀ ਹੈ, ਜਿੱਥੇ ਇਹ ਮਸ਼ੀਨਾਂ ਰਾਤ ਭਰ ਕੰਮ ਕਰ ਰਹੀਆਂ ਹਨ। ਮੇਅਰ ਕੁੰਦਨ ਗੋਗੀਆ ਨੇ ਸਪੱਸ਼ਟ ਕੀਤਾ ਕਿ ਸ਼ਹਿਰ ਦੇ ਅੰਦਰੂਨੀ ਅਤੇ ਭੀੜ-ਭੜੱਕੇ ਵਾਲੇ ਹਿੱਸੇ, ਜਿੱਥੇ ਮੈਨੂਅਲ ਸਫ਼ਾਈ ਕਰਨਾ ਔਖਾ ਸੀ, ਉੱਥੇ ਹੁਣ ਇਨ੍ਹਾਂ ਮਸ਼ੀਨਾਂ ਰਾਹੀਂ ਚੰਗੀ ਸਫ਼ਾਈ ਯਕੀਨੀ ਬਣਾਈ ਜਾ ਰਹੀ ਹੈ। ਕਮਿਸ਼ਨਰ ਪਰਮਜੀਤ ਸਿੰਘ ਨੇ ਦੱਸਿਆ ਕਿ ਇਸ ਰਾਤ ਦੀ ਮੁਹਿੰਮ ਦੀ ਪਾਰਦਰਸ਼ਤਾ ਅਤੇ ਗੁਣਵੱਤਾ ਨੂੰ ਬਰਕਰਾਰ ਰੱਖਣ ਲਈ ਖ਼ੁਦ ਨਗਰ ਨਿਗਮ ਦੀ ਟੀਮ ਮੈਦਾਨ ਵਿੱਚ ਡਟੀ ਹੋਈ ਹੈ। ਕਮਿਸ਼ਨਰ ਅਨੁਸਾਰ ਇਨ੍ਹਾਂ ਮਸ਼ੀਨਾਂ ਦੀ ਲੋਕੇਸ਼ਨ ਅਤੇ ਕੰਮ ਦੀ ਪ੍ਰਗਤੀ ਦੀ ਡਿਜੀਟਲ ਮਨੀਟਰਿੰਗ ਕੀਤੀ ਜਾ ਰਹੀ ਹੈ। ਅਧਿਕਾਰੀ ਅਤੇ ਕੌਂਸਲਰ ਰਾਤ ਦੇ ਸਮੇਂ ਵੀ ਕੰਮ ਦਾ ਨਿਰੀਖਣ ਕਰ ਰਹੇ ਹਨ ਤਾਂ ਜੋ ਕਿਸੇ ਵੀ ਪੱਧਰ 'ਤੇ ਲਾਪ੍ਰਵਾਹੀ ਨਾ ਹੋਵੇ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਅਸੀਂ ਪਟਿਆਲਾ ਨੂੰ ਕੂੜਾ-ਮੁਕਤ ਅਤੇ ਸਿਹਤਮੰਦ ਵਾਤਾਵਰਣ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ। ਰਾਤ ਦੇ ਸਮੇਂ ਸਫ਼ਾਈ ਹੋਣ ਨਾਲ ਸਵੇਰੇ ਸੈਰ ਕਰਨ ਵਾਲੇ ਲੋਕਾਂ ਨੂੰ ਸਾਫ਼ ਹਵਾ ਅਤੇ ਸੜਕਾਂ ਮਿਲ ਰਹੀਆਂ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸੜਕਾਂ 'ਤੇ ਕੂੜਾ ਨਾ ਸੁੱਟਣ ਅਤੇ ਨਿਗਮ ਦੀ ਇਸ ਮੁਹਿੰਮ ਵਿੱਚ ਸਹਿਯੋਗ ਦੇਣ।



## ਹਰਪਾਲ ਜੁਨੇਜਾ ਨੂੰ ਚੇਅਰਮੈਨ ਲਗਾਉਣ 'ਤੇ ਪੰਜਾਬ ਸਰਕਾਰ ਦਾ ਧੰਨਵਾਦ



ਪਟਿਆਲਾ, 21 ਮਾਰਚ (ਰੁਪਾਣਾ) : ਪੰਜਾਬ ਮੈਡੀਕਲ ਰੀਪ੍ਰੈਜ਼ੈਂਟੇਟਿਵ ਐਸੋਸੀਏਸ਼ਨ) ਪਟਿਆਲਾ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਪੀਆਰਟੀਸੀ ਦੇ ਚੇਅਰਮੈਨ ਸ਼੍ਰੀ ਹਰਪਾਲ ਜੁਨੇਜਾ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਐਸੋਸੀਏਸ਼ਨ ਵੱਲੋਂ ਆ ਰਹੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ ਗਈ ਅਤੇ ਹਰਪਾਲ ਜੁਨੇਜਾ ਜੀ ਵੱਲੋਂ ਪੂਰਨ ਤੌਰ 'ਤੇ ਐਸੋਸੀਏਸ਼ਨ ਦੇ ਸਾਰੇ ਮਸਲੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਅਰਵਿੰਦਰ ਸ਼ਰਮਾ (ਨੌਰਥ ਹੈਡ) ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇੱਕ ਸਾਫ਼ ਸੁਥਰੀ ਸ਼ਖ਼ਸੀਅਤ ਨੂੰ ਇਹ ਮਾਣ ਬਖ਼ਸ਼ਿਆ । ਇਸ ਮੌਕੇ 'ਤੇ ਐਸੋਸੀਏਸ਼ਨ ਦੇ ਪ੍ਰਧਾਨ ਹਰਸ਼ ਵਾਹਨ, ਸੈਕਰੇਟਰੀ ਰਾਜਨ ਸ਼ਰਮਾ, ਅਰਵਿੰਦਰ ਸ਼ਰਮਾ (ਨੌਰਥ ਹੈੱਡ), ਮੁਨੀਸ਼, ਰਮਨ ਲੁਭਾਣਾ ,ਮਨਜੋਤ ਭੰਡਾਰੀ , ਸਚਿਨ, ਸੁਨੀਲ, ਅਜੀਤ, ਜਤਿਨ ਆਦਿ ਹੋਰ ਵੀ ਕਈ ਮੈਂਬਰ ਮੌਜੂਦ ਸਨ।

## ਸੁਖਵਿੰਦਰ ਸਿੰਘ ਰਾਜਲਾ ਅਕਾਲੀ ਦਲ (ਪੁਨਰ ਸੁਰਜੀਤ) ਦੇ ਮੀਤ ਪ੍ਰਧਾਨ ਨਿਯੁਕਤ, ਸੁਰਜੀਤ ਸਿੰਘ ਰੱਖੜਾ ਨੇ ਦਿੱਤੀ ਵਧਾਈ



ਸਮਾਣਾ, 21 ਮਾਰਚ (ਜਵੰਦਾ) : ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਸੁਖਵਿੰਦਰ ਸਿੰਘ ਰਾਜਲਾ ਨੂੰ ਪਾਰਟੀ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਨਾਲ ਹਲਕੇ ਦੇ ਆਗੂਆਂ ਅਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਮੌਕੇ ਸਾਬਕਾ ਮੰਤਰੀ ਸ ਸੁਰਜੀਤ ਸਿੰਘ ਰੱਖੜਾ ਨੇ ਸ ਰਾਜਲਾ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸ.ਰਾਜਲਾ ਪਾਰਟੀ ਨੂੰ ਮਜ਼ਬੂਤ ਕਰਨ ਲਈ ਅਹਿਮ ਭੂਮਿਕਾ ਨਿਭਾਉਣਗੇ। ਇਸ ਦੌਰਾਨ ਸ ਸੁਖਵਿੰਦਰ ਸਿੰਘ ਰਾਜਲਾ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸਨੂੰ ਇਮਾਨਦਾਰੀ ਅਤੇ ਲਗਨ ਨਾਲ ਨਿਭਾਉਣਗੇ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਇਆ ਜਾਵੇਗਾ ਅਤੇ ਵਰਕਰਾਂ ਨੂੰ ਨਾਲ ਲੈ ਕੇ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।ਇਸ ਮੌਕੇ ਚਰਨਜੀਤ ਸਿੰਘ ਧਾਲੀਵਾਲ, ਨਾਜ਼ਮ ਸਿੰਘ, ਜਸਪਾਲ ਸਿੰਘ ਕਲਿਆਣ ਅਤੇ ਕਸ਼ਮੀਰ ਸਿੰਘ ਅਸਰਪੁਰ ਆਦਿ ਆਗੂ ਵੀ ਮੌਜੂਦ ਰਹੇ।

## ਫਰੀਡਮ ਫਾਈਟਰ ਉਤਰਾਧਿਕਾਰੀ ਸੰਸਥਾ ਦੀ ਮਹੀਨਾਵਾਰ ਮੀਟਿੰਗ



ਪਟਿਆਲਾ, 21 ਮਾਰਚ (ਚ.ਨ.ਸ.) : ਅੱਜ ਫਰੀਡਮ ਫਾਈਟਰ ਉਤਰਾਧਿਕਾਰੀ ਸੰਸਥਾ ਪਟਿਆਲਾ ਬਲਾਕ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਬੇਅੰਤ ਸਿੰਘ ਦੀ ਰਹਿਨੁਮਾਈ ਹੇਠ ਸਵੇਰੇ 11 ਵਜੇ ਨਜਦੀਕ ਦੋਸਤੀ ਭਵਨ, ਬੰਦੇਲਾ ਮੰਦਿਰ ਵਿਖੇ ਹੋਈ.ਮੀਟਿੰਗ ਵਿਚ ਜਿਲ੍ਹਾ ਪ੍ਰਧਾਨ ਜਗਦੀਸ਼ ਸਿੰਘ ਧਨੇਠਾ, ਜਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਖੁਰਾਣਾ ਵਿਸ਼ੇਸ਼ ਤੌਰ ਤੇ ਪਹੁੰਚੇ.ਮੀਟਿੰਗ ਵਿੱਚ ਫਰੀਡਮ ਫਾਈਟਰ ਪਰਿਵਾਰਾਂ ਨੂੰ ਆਉਂਦੀਆਂ ਮੁਸ਼ਕਲਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਜਿਲ੍ਹਾ ਪ੍ਰਧਾਨ ਜਗਦੀਸ਼ ਸਿੰਘ ਧਨੇਠਾ ਨੇ ਕਿਹਾ ਕਿ ਸਾਰੇ ਫਰੀਡਮ ਫਾਈਟਰ ਉਤਰਾਧਿਕਾਰੀ ਦੇ ਪਰਿਵਾਰ ਆਪਣੀ ਸੰਸਥਾ ਦੀ ਮੈਂਬਰਸ਼ਿਪ ਜ਼ਰੂਰ ਪ੍ਰਾਪਤ ਕਰਨ। ਜਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਖੁਰਾਣਾ ਵਲੋਂ ਪੰਜਾਬ ਸਰਕਾਰ ਨੂੰ ਮੁੜ ਯਾਦ ਕਰਵਾਉਂਦੇ ਹੋਏ ਪੁਰਜ਼ੋਰ ਅਪੀਲ ਕੀਤੀ ਕਿ ਸਰਕਾਰ ਦਾ ਜੋ ਸਮਾਂ ਰਹਿ ਗਿਆ ਹੈ ਉਸ ਵਿਚ ਸੰਸਥਾ ਦੀਆਂ ਮੁੱਖ ਮੰਗਾਂ ਨੂੰ ਪਹਿਲ ਦੇ ਅਧਾਰ ਤੇ ਜਲਦੀ ਤੋਂ ਜਲਦੀ ਪੂਰਾ ਕਰਵਾਇਆ ਜਾਵੇ ਅਤੇ ਨੋਟੀਫਿਕੇਸ਼ਨ ਜਾਰੀ ਕਰਕੇ ਮੰਗਾਂ ਦਾ ਹੱਲ ਕੀਤਾ ਜਾਵੇ। ਬਲਾਕ ਪ੍ਰਧਾਨ ਬੇਅੰਤ ਸਿੰਘ ਨੇ ਆਏ ਮੈਂਬਰਾਂ ਦਾ ਧੰਨਵਾਦ ਕਰਦਿਆ ਜੀ ਆਇਆ ਆਖਿਆ। ਮੀਟਿੰਗ ਵਿੱਚ ਸ਼ਾਮਿਲ ਬਲਾਕ ਸਕੱਤਰ ਰਾਜਵੀਰ ਸਿੰਘ, ਬਲਾਕ ਖਜਾਨਚੀ ਜਰਨੈਲ ਸਿੰਘ, ਰੇਸ਼ਮ ਸਿੰਘ, ਬਲਵਿੰਦਰ ਸਿੰਘ, ਰਣਧੀਰ ਸਿੰਘ, ਜਸਵੰਤ ਸਿੰਘ, ਲਖਵੀਰ ਸਿੰਘ, ਅਨਿਲ ਕੁਮਾਰ, ਰਛਪਾਲ ਸਿੰਘ ਬਾਗੀ, ਬਲਜੀਤ ਸਿੰਘ ਮੰਡੋਲੀ, ਹਰਪ੍ਰੀਤ ਸਿੰਘ ਮੱਲ੍ਹੀ, ਵਿਕਰਮਜੀਤ ਸਿੰਘ, ਗੁਰਪ੍ਰੀਤ ਸਿੰਘ ਕੋਹਲੀ, ਨਰਿੰਦਰ ਸਿੰਘ ਕੋਹਲੀ, ਸੁਰਿੰਦਰ ਸਿੰਘ ਮੁਰਾਦਪੁਰ, ਸੁਖਦੇਵ ਸਿੰਘ, ਗੁਰਦੇਵ ਸਿੰਘ, ਜਗਮੋਹਨ ਸਿੰਘ, ਨਰਿੰਦਰ ਕੌਰ, ਪ੍ਰੈਸ ਸਕੱਤਰ ਲਖਵਿੰਦਰ ਕੌਰ ਲੌਟ ਅਤੇ ਪ੍ਰਿੰਸੀਪਲ (ਰਿਟਾ:) ਭਰਪੂਰ ਸਿੰਘ ਲੌਟ ਆਦਿ ਹਾਜ਼ਰ ਸਨ।

## ਸੜਕ ਹਾਦਸੇ 'ਚ ਇੱਕ ਦੀ ਮੌਤ, ਦੋ ਜ਼ਖ਼ਮੀ

ਪਟਿਆਲਾ, 21 ਮਾਰਚ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਧੀਰਜ ਪੁੱਤਰ ਨਰਪਤ ਸਿੰਘ ਵਾਸੀ ਪਿੰਡ ਛਿੱਤਰਪੁਰਾ ਥਾਣਾ ਸਿਕੰਦਰਾ ਰਾਊ ਯੂ.ਪੀ. ਹਾਲ ਕਿਰਾਏਦਾਰ ਪਰਜਾਪਤ ਕਲੋਨੀ ਸਨੌਰ ਰੋਡ ਪਟਿਆਲਾ ਨੇ ਕਥਿਤ ਦੋਸ਼ੀ ਬਿਨ੍ਹਾ ਨੰਬਰੀ ਈ-ਰਿਕਸ਼ਾ ਦਾ ਡਰਾਇਵਰ ਬਲਜੀਤ ਸਿੰਘ ਵਾਸੀ ਵਾਰਡ ਨੰ 8 ਪਠਾਣਾ ਵਾਲਾ ਮੁਹੱਲਾ ਸਨੌਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਚਾਚੇ ਦੇ ਲੜਕੇ ਜੈ ਪ੍ਰਕਾਸ਼ ਪੁੱਤਰ ਰਾਧੇ ਸ਼ਿਆਮ ਨਾਲ ਠਾਕੁਰ ਪ੍ਰਾਪਰਟੀ ਸਨੌਰ ਰੋਡ ਪਟਿਆਲਾ ਕੋਲ ਪੈਦਲ ਜਾ ਰਿਹਾ ਸੀ ਤਾਂ ਕਥਿਤ ਦੋਸ਼ੀ ਡਰਾਇਵਰ ਨੇ ਆਪਣਾ ਈ-ਰਿਕਸ਼ਾ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਜੈ ਪ੍ਰਕਾਸ਼ ਵਿੱਚ ਮਾਰਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਇਸੇ ਤਰ੍ਹਾਂ ਥਾਣਾ ਬਖਸ਼ੀਵਾਲਾ ਪੁਲਿਸ ਕੋਲ ਸੀਮਾ ਪਤਨੀ ਰਜਿੰਦਰ ਸਿੰਘ ਵਾਸੀ ਸੁਖਦੇਵ ਨਗਰ ਸਿਊਨਾ ਰੋਡ ਪਟਿਆਲਾ ਨੇ ਗੱਡੀ ਦੇ ਅਣਪਛਾਤੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਪਤੀ ਨਾਲ ਕਾਰ 'ਤੇ ਸਵਾਰ ਹੋ ਕੇ ਪਿੰਡ ਕਲਿਆਣ ਨੇੜੇ ਟੋਲ ਪਲਾਜਾ ਪਾਸ ਜਾ ਰਹੀ ਸੀ ਤਾਂ ਅਣਪਛਾਤੇ ਡਰਾਇਵਰ ਨੇ ਆਪਣੀ ਕਾਰ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਹ ਅਤੇ ਉਸਦੇ ਪਤੀ ਦੇ ਕਾਫੀ ਸੱਟਾ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਟ੍ਰੇਡ ਵਿੰਗ ਵੱਲੋਂ ਬਾਜ਼ਾਰਾਂ 'ਚ ਹੋਰ ਸੀਸੀਟੀਵੀ ਲਗਾਉਣ ਦੀ ਮੰਗ



ਸਮਾਣਾ, 21 ਮਾਰਚ (ਵਿਜੇ ਕੁਮਾਰ) : ਵਪਾਰੀ ਵਰਗ ਦੀਆਂ ਸਮੱਸਿਆਵਾਂ ਸੁਣਨ ਅਤੇ ਉਹਨਾਂ ਦੇ ਹੱਲ ਲਈ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਸਥਾਨਕ ਵਿੰਗ ਦੀ ਮੀਟਿੰਗ ਚੇਅਰਮੈਨ ਰਾਜੂ ਛਾਬੜਾ ਦੀ ਅਗਵਾਈ ਵਿੱਚ ਸਤੀ ਬਾਜ਼ਾਰ ਦੇ ਨੇੜੇ ਹੋਈ ਮੀਟਿੰਗ ਵਿਚ ਹੋਰ ਸੀਸੀਟੀਵੀ ਲਗਾਉਣ ਦੀ ਮੰਗ ਵੀ ਰੱਖੀ ਗਈ। ਇਸ ਵਿੱਚ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਐਸ.ਡੀ.ਐਮ. ਰਿਚਾ ਗੋਇਲ ਅਤੇ ਟ੍ਰੇਡ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਵਿਨੋਦ ਸਿੰਗਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਸਾਰੇ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਰਹੇ। ਬੈਠਕ ਦੌਰਾਨ ਵਪਾਰੀਆਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਅਤੇ ਜਲਦ ਨਿਪਟਾਰੇ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਗੁਰਦੇਵ ਟਿਵਾਣਾ (ਜ਼ਿਲ੍ਹਾ ਪ੍ਰੀਸ਼ਦ ਮੈਂਬਰ), ਅਪਰਅਪਾਰ ਸਿੰਘ ਈ.ਓ. ਅਤੇ ਜੀ.ਐਸ.ਟੀ., ਨਗਰ ਕੌਂਸਲ, ਪੁਲਿਸ ਵਿਭਾਗ, ਕਿਰਤ ਵਿਭਾਗ, ਖੁਰਾਕ ਸਪਲਾਈ ਅਤੇ ਬਿਜਲੀ ਵਿਭਾਗ ਦੇ ਅਧਿਕਾਰੀ ਮੌਜੂਦ ਸਨ।ਵਪਾਰੀਆਂ ਨੇ ਮੰਗ ਕੀਤੀ ਕਿ ਅੱਜ-ਕੱਲ੍ਹ ਸ਼ਹਿਰ ਵਿੱਚ ਚੋਰੀ ਦੀਆਂ ਘਟਨਾਵਾਂ ਬਹੁਤ ਹੋ ਰਹੀਆਂ ਹਨ, ਜਿਸ ਨੂੰ ਦੇਖਦੇ ਹੋਏ ਬਾਜ਼ਾਰਾਂ ਵਿੱਚ ਸੀ.ਸੀ.ਟੀ.ਵੀ. ਕੈਮਰਿਆਂ ਦੀ ਗਿਣਤੀ ਵਧਾਈ ਜਾਵੇ। ਬਿਜਲੀ ਵਿਭਾਗ ਦੀ ਅਕਾਊਂਟਸ ਸ਼ਾਖਾ ਵਿੱਚ ਸਾਫਟਵੇਅਰ ਅਪਡੇਟ ਹੋਣ ਕਾਰਨ ਖਪਤਕਾਰਾਂ ਦੇ ਖਾਤਾ ਨੰਬਰ ਬਦਲ ਗਏ ਹਨ, ਜਿਸ ਕਾਰਨ ਉਹਨਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਇਸ ਮੌਕੇ ਗੋਪਾਲ ਕ੍ਰਿਸ਼ਨ ਗਰਗ, ਰਮਨਦੀਪ ਸ਼ਰਮਾ, ਮਨੋਜ ਕੁਮਾਰ ਆਦਿ ਹਾਜ਼ਰ ਸਨ।

## ਜੈ ਸ੍ਰੀ ਰਾਮ ਸੇਵਾ ਸੰਮਤੀ ਵੱਲੋਂ ਭਜਨ ਸੰਧਿਆ



ਨਾਭਾ, 21 ਮਾਰਚ (ਗੁਰਚਰਨ ਸਿੰਘ ਚੌਧਰੀ ਮਾਜਰਾ) : ਜੈ ਸ਼੍ਰੀ ਰਾਮ ਸੇਵਾ ਸਮਿਤੀ ਨਾਭਾ ਪ੍ਰਧਾਨ ਮੋਹਿਤ ਅਰੋੜਾ ਸੋਨੂੰ ਦੀ ਅਗਵਾਈ ਹੇਠ ਮਾਤਾ ਸ਼੍ਰੀ ਅਠਾਰਾ ਭੁਜਾ ਦੁਰਗਾ ਸ਼ਿਵ ਮੰਦਿਰ ਪਟਿਆਲਾ ਗੇਟ ਵਿਖੇ ਭਜਨ ਸੰਧਿਆ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਥਾਵਾਚਕ ਸ਼੍ਰੀ ਗੋਬਿੰਦ ਦਾਸ ਜੀ ਮਹਾਰਾਜ ਵਰਿੰਦਾਵਨ ਵਾਲੇ ਵੱਲੋਂ ਆਪਣੇ ਭਜਨਾਂ ਰਾਹੀਂ ਸ਼ਰਧਾਲੂਆਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਪ੍ਰਧਾਨ ਮੋਹਿਤ ਅਰੋੜਾ, ਸੰਜੀਵ ਜਿੰਦਲ ਵਿਕਾਸ ਮਿੱਤਲ ਅਤੇ ਸਮੂਹ ਮੈਂਬਰਾਂ ਵੱਲੋਂ ਸ਼੍ਰੀ ਗੋਬਿੰਦ ਦਾਸ ਜੀ ਮਹਾਰਾਜ ਵਰਿੰਦਾਵਨ ਵਾਲੇ ਅਤੇ ਆਈਆਂ ਹੋਏ ਸਖ਼ਸ਼ੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਲੀਪ ਅਰੋੜਾ ਦੀਪੀ, ਮੰਗਤ ਰਾਮ ਜਿੰਦਲ, ਸੋਨੂ ਜਿੰਦਲ, ਸੰਜੀਵ ਜਿੰਦਲ, ਵਿਕਾਸ ਮਿੱਤਲ, ਜਤਿੰਦਰ ਗੁਪਤਾ ਜਤਿਨ, ਸ਼ਿਵ ਕੌਸ਼ਲ, ਲੱਕੀ ਖੁੱਲਰ, ਸੰਜੀਵ ਵਰਮਾ, ਸੰਜੀਵ ਜਿੰਦਲ ਸ਼ਾਲੂ, ਦਿਵੇਸ਼ ਜਿੰਦਲ, ਨਿਤਿਨ ਕਿੰਗਰ, ਕਮਲ ਚੋਪੜਾ, ਮਹਿੰਦਰ ਗਰਗ, ਤਰੁਣ ਗੁਪਤਾ, ਅਜੇ ਕੁਮਾਰ, ਆਸ਼ੂ ਗੋਇਲ, ਅਜੇ ਗਰਗ, ਗਿਰੀਸ਼ ਬਾਂਸਲ, ਆਸ਼ੂ ਕੁਮਾਰ, ਅਰੁਣ ਚੋਪੜਾ, ਅਜੇ ਸਾਮੀ, ਦੀਵੀਜ਼ ਜਿੰਦਲ, ਰਜਨੀਸ਼ ਗੁਪਤਾ, ਮਨੀਸ਼ ਸਿੰਗਲਾ, ਰਜੇਸ਼ ਕੁਮਾਰ, ਅਮਨਦੀਪ ਗਰਗ, ਮਹੇਸ਼ ਗਾਬਾ, ਕੇਸ਼ਵ ਗਰਗ, ਲਵ ਜਿੰਦਲ, ਮਯੰਕ ਸਹਿਗਲ ਆਦਿ ਹਾਜ਼ਰ ਸਨ।

## ਭਾਰਤ-ਅਮਰੀਕਾ ਵਪਾਰ ਸਮਝੌਤੇ ਖ਼ਿਲਾਫ਼ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਮੀਟਿੰਗਾਂ ਜਾਰੀ



ਭੁਨਰਹੇੜੀ, 21 ਮਾਰਚ (ਗੁਰਜੀਤ ਸਿੰਘ ਢੋਟ) : ਭਾਰਤ ਅਮਰੀਕਾ ਵਪਾਰਕ ਸਮਝੌਤਾ ਭਾਰਤੀ ਲੋਕਾਂ ਨਾਗਰਿਕਾਂ ਦੇ ਹੱਕਾਂ ਤੇ ਸਿੱਧੇ ਤੌਰ ਤੇ ਡਾਕਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਅਤੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਕੌਮੀ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਵੱਲੋਂ ਇੱਕ ਭਰਮੀ ਮੀਟਿੰਗ ਜੋ ਕਿ ਜਸਪਾਲ ਸਿੰਘ ਡੰਡੋਆ, ਗੁਰਲਾਲ ਸਿੰਘ ਖੇੜੀ ਅਤੇ ਗੁਰਮੇਸ਼ ਸਿੰਘ ਅਲੀਪੁਰ ਰਾਈਆਂ ਦੀ ਪ੍ਰਧਾਨਗੀ ਹੇਠਾਂ ਰੱਖੀ ਗਈ ਮੀਟਿੰਗ ਹੁਣ ਵਿਸ਼ੇਸ਼ ਤੌਰ ਤੇ ਸਮੂਲੀਅਤ ਕਰਨ ਦੌਰਾਨ ਕੀਤਾ। ਇਸ ਮੌਕੇ ਕਿਸਾਨਾਂ ਵੱਲੋਂ ਇਸ ਵਪਾਰਕ ਸਮਝੌਤੇ ਦੇ ਖਿਲਾਫ ਦੱਬ ਕੇ ਨਾਅਰੇਬਾਜ਼ੀ ਕੀਤੀ ਗਈ ਅਤੇ ਕੇਂਦਰ ਸਰਕਾਰ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ। ਇਸ ਮੀਟਿੰਗ ਦੌਰਾਨ ਸ਼ਾਦੀਪੁਰ ਨੇ ਕਿਹਾ ਕਿ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ ਐਸਕੇਐਮ ਦੇ ਫੈਸਲੇ ਅਨੁਸਾਰ ਤਹਿਸੀਲ ਪੱਧਰ ਬਲਾਕ ਪੱਧਰ ਜਿਲਾ ਪੱਧਰ ਤੇ ਮਨਾਇਆ ਜਾਣਾ ਹੈ ਅਤੇ ਜਥੇਬੰਦੀ ਵੱਲੋਂ ਹੈਡ ਆਫਿਸ ਭਨਰਹੇੜੀ ਵਿਖੇ ਸਾਰੇ ਸਾਥੀਆਂ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ ਕਿ ਭਨਰਹੇੜੀ ਦਫਤਰ ਵਿਖੇ ਮਨਾਇਆ ਜਾਵੇਗਾ। ਇਸ ਮੌਕੇ ਹਰਬੰਸ ਸਿੰਘ ਦਦੇੜਾ ਨੇ ਸਾਰੇ ਸਾਥੀਆਂ ਨੂੰ ਅਪੀਲ ਕੀਤੀ ਕਿ ਜਥੇਬੰਦੀ ਵੱਲੋਂ ਜੋ ਦਸਤਾਰ ਪੱਕੀ ਕੀਤੀ ਗਈ ਹੈ ਸਾਨੂੰ ਸਾਰਿਆਂ ਨੂੰ ਆਪਣੀਆਂ ਮੀਟਿੰਗਾਂ ਦੇ ਵਿੱਚ ਜਥੇਬੰਦੀ ਵੱਲੋਂ ਪੱਕੀ ਕੀਤੀ ਗਈ ਦਸਤਾਰ ਬੈਚ ਤੇ ਝੰਡਾ ਲੈ ਕੇ ਹੀ ਹਰ ਇੱਕ ਨੂੰ ਪਹੁੰਚਣਾ ਚਾਹੀਦਾ ਹੈ। ਇਸ ਮੌਕੇ ਮੇਜਰ ਕੈਪਟਨ ਮੇਜਰ ਸਿੰਘ, ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਸ਼ੰਕਰਪੁਰ, ਬਲਕਾਰ ਸਿੰਘ,ਕਰਨੈਲ ਸਿੰਘ ਸੈਕਟਰੀ, ਸ਼ਾਮ ਮਿਲਾਲ ਕਟਾਰੀਆ, ਅਲੀਪੁਰ ਅਰਾਈਆਂ ਦੀ ਨਵੀਂ ਬਣੀ ਕਮੇਟੀ ਤੇ ਸ਼ੰਭੂ ਖੁਰਦ ਦੀ ਨਵੀਂ ਬਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ ਤੇ ਬੈਚ ਲਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਲਵਿੰਦਰ ਸਿੰਘ, ਰਣਜੀਤ ਸਿੰਘ, ਨਿਸ਼ਾਨ ਸਿੰਘ ਫਿਲਕਣੀ, ਮਿਆਲਾ ਬਖਸ਼ੀਸ਼ ਸਿੰਘ, ਹਾਕਮ ਸਿੰਘ ਬੂਹੀ, ਮਹਿੰਗਾ ਸਿੰਘ ਲੀਪੁਰ, ਲਵਪ੍ਰੀਤ ਸਿੰਘ, ਰਣਜੀਤ ਸਿੰਘ ਊਝਾਂ, ਗੁਰਪ੍ਰੀਤ ਸਿੰਘ ਡੰਡੋਆ, ਗੁਰਮੀਤ ਸਿੰਘ ਕਟਕੇੜੀ, ਕਾਲਾ ਕਰਨਪੁਰ ਅਤੇ ਜਰਨੈਲ ਸਿੰਘ ਅਲੀਪੁਰ ਰਾਈਆਂ ਮੌਜੂਦ ਸਨ।

## ਈਦ-ਉਲ-ਫ਼ਿਤਰ ਦੀਆਂ ਇੰਦਰਜੀਤ ਸਿੰਘ ਸੰਧੂ ਨੇ ਮੁਸਲਿਮ ਭਾਈਚਾਰੇ ਨੂੰ ਵਧਾਈਆਂ ਦਿੱਤੀਆਂ



ਸਨੌਰ/ਦੇਵੀਗੜ੍ਹ, 21 ਮਾਰਚ (ਪ੍ਰਥਮ ਕੁਮਾਰ/ਗੁਰਜੀਤ ਢੋਟ) : ਈਦ-ਉਲ-ਫਿਤਰ ਦਾ ਪਵਿੱਤਰ ਦਿਹਾੜਾ ਮੁਸਲਿਮ ਭਾਈਚਾਰੇ ਵੱਲੋਂ ਦੁਨੀਆਂ ਭਰ ਵਿੱਚ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਲੋਕਾਂ ਵੱਲੋਂ ਇਕ ਦੂਜੇ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਇਸ ਖੁਸ਼ੀ ਦੇ ਤਿਉਹਾਰ ਨੂੰ ਮਿੱਠੀ ਈਦ ਵੀ ਕਿਹਾ ਜਾਂਦਾ ਹੈ। ਇਸ ਤੋਂ ਪਹਿਲਾਂ ਲਗਾਤਾਰ 30 ਦਿਨ ਰੋਜ਼ੇ ਰੱਖੇ ਜਾਂਦੇ ਹਨ ਅਤੇ ਈਦ ਵਾਲੇ ਦਿਨ ਸਾਰੇ ਮੁਸਲਿਮ ਇਕੱਤਰ ਹੋ ਕੇ ਨਮਾਜ਼ ਅਦਾ ਕਰਦੇ ਹਨ। ਇਸੇ ਤਰ੍ਹਾਂ ਅੱਜ ਇਲਾਕਾ ਹਲਕੇ ਸਨੌਰ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਇਕੱਤਰ ਹੋ ਕੇ ਈਦ ਦੀ ਨਮਾਜ਼ ਅਦਾ ਕੀਤੀ। ਨਮਾਜ਼ ਅਤੇ ਦੁਆ ਤੋਂ ਬਾਅਦ ਸਭ ਨੇ ਇੱਕ ਦੂਜੇ ਦੇ ਗਲੇ ਮਿਲ ਕੇ ਮੁਬਾਰਕਾਂ ਦਿੱਤੀਆਂ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਲੀਡਰ ਅਤੇ ਪੰਜਾਬ ਸਟੇਟ ਕੰਟੇਨਰ ਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੇ ਮੁਸਲਿਮ ਭਾਈਚਾਰੇ ਨੂੰ ਵਧਾਈਆਂ ਦਿੱਤੀਆਂ।

## ਦੀਪ ਉੱਦਮ ਸਿੰਘ ਵੱਲੋਂ ਵਾਰਡ ਵਾਸੀਆਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਪਾਵਰਕਾਮ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ



ਨਾਭਾ, 21 ਮਾਰਚ (ਗੁਰਚਰਨ ਸਿੰਘ ਚੌਧਰੀ ਮਾਜਰਾ) : ਹਲਕਾ ਨਾਭਾ ਦੇ ਵਾਰਡ ਨੰਬਰ 18 ਤੋਂ ਆਮ ਆਦਮੀ ਪਾਰਟੀ ਦੇ ਮੁੱਖ ਸੇਵਾਦਾਰ ਦੀਪ ਉੱਦਮ ਸਿੰਘ ਨੇ ਵਾਰਡ ਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਬਿਜਲੀ ਬੋਰਡ ਵਿਭਾਗ ਦੇ ਐਕਸੀਐਨ ਪ੍ਰੀਕਸ਼ਿਤ ਪਨੌਟ, ਐਸਡੀਓ ਅਮਨਦੀਪ ਸਿੰਘ, ਜੇ ਈ ਗੁਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਮੀਟਿੰਗ ਕਰਨ ਉਪਰੰਤ ਦੀਪ ਉੱਦਮ ਸਿੰਘ ਨੇ ਦੱਸਿਆ ਕਿ ਵਾਰਡ ਨੰਬਰ 18 ਵਿੱਚ ਬਿਜਲੀ ਦੀਆਂ ਲਟਕ ਰਹੀਆਂ ਤਾਰਾਂ ਵਾਰਡ ਵਾਸੀਆਂ ਲਈ ਬਹੁਤ ਮੁਸ਼ਕਿਲ ਪੈਦਾ ਕਰ ਰਹੀਆਂ ਸਨ। ਉਨ੍ਹਾਂ ਕਿਹਾ ਕਿ ਕੁਝ ਗਲੀਆਂ ਦੇ ਵਿੱਚ ਬਿਜਲੀ ਦੇ ਨਵੇਂ ਖੰਬੇ ਲੱਗਣ ਵਾਲੇ ਹਨ, ਜਿਸ ਨੂੰ ਹੱਲ ਕਰਵਾਉਣ ਲਈ ਸਬੰਧਤ ਉੱਚ ਅਧਿਕਾਰੀਆਂ ਨੂੰ ਦੱਸ ਕੇ ਐਕਸੀਅਨ, ਐਸਡੀਓ ਅਤੇ ਹੋਰ ਸਟਾਫ ਨੂੰ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬਹੁਤ ਜਲਦੀ ਹੱਲ ਕਰਵਾਉਣ ਸਬੰਧਤ ਮਹਿਕਮੇ ਵੱਲੋਂ ਭਰੋਸਾ ਦਿੱਤਾ ਗਿਆ ਹੈ। ਦੀਪ ਉੱਦਮ ਸਿੰਘ ਨੇ ਕਿਹਾ ਕਿ ਵਾਰਡ ਦੇ ਰਹਿੰਦੇ ਕੰਮ ਬਹੁਤ ਜਲਦੀ ਹੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਵਿੱਚ ਪੂਰੇ ਕੀਤੇ ਜਾਣਗੇ। ਇਸ ਮੌਕੇ ਗੋਪਾਲ ਜੀਤ, ਹਰੀਸ਼ ਮਦਾਨ, ਖਵਾਈਸ਼ ਪਾਂਡੇ, ਨਰਿੰਦਰ ਮੋਹਨ, ਅਭਿਸ਼ੇਕ ਸ਼ਰਮਾ, ਕਸ਼ਮੀਰ ਸਿੰਘ ਲਾਲਕਾ, ਕੌਂਸਲਰ ਗੌਤਮ ਬਾਤਿਸ਼, ਹਰਸਿਮਰਨ ਸਿੰਘ ਸਾਹਨੀ, ਕ੍ਰਿਸ਼ਨ ਕੁਮਾਰ ਕੌਂਸਲਰ, ਯਾਦਵਿੰਦਰ ਯਾਦੂ, ਅਰਮਾਨ ਆਦਿ ਹਾਜ਼ਰ ਸਨ।

## ਵਿਕੀਪੀਡੀਆ ਵਰਕਸ਼ਾਪ ਦੌਰਾਨ ਤੇਜਿੰਦਰ ਮਹਿਤਾ ਨੂੰ ਮੰਗ ਪੱਤਰ ਸੌਂਪਿਆ




ਪਟਿਆਲਾ, 21 ਮਾਰਚ (ਚ.ਨ.ਸ.) : ਪੰਜਾਬੀ ਵਿਕੀਮੀਡੀਅਨਜ਼ ਯੂਜ਼ਰ ਗਰੁੱਪ ਵੱਲੋਂ ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਆਯੋਜਿਤ ਵਿਕੀਪੀਡੀਆ ਸਿਖਲਾਈ ਵਰਕਸ਼ਾਪ ਦੌਰਾਨ ਇੱਕ ਮਹੱਤਵਪੂਰਨ ਮੰਗ ਪੱਤਰ ਮੁੱਖ ਮਹਿਮਾਨ ਤੇਜਿੰਦਰ ਮਹਿਤਾ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ, ਨੂੰ ਸੌਂਪਿਆ ਗਿਆ। ਵਰਕਸ਼ਾਪ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਪੰਜਾਬੀ ਵਰਲਡ ਸੈਂਟਰ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਨੇ ਕੀਤੀ, ਜਦਕਿ ਉੱਥੇ ਅਨੁਵਾਦਕ ਚਰਨ ਗਿੱਲ, ਉੱਤਰੀ ਖੇਤਰੀ ਭਾਸ਼ਾਵਾਂ ਕੇਂਦਰ ਦੇ ਪ੍ਰਿੰਸੀਪਲ ਡਾ. ਪਵਨ ਟਿੱਬਾ ਅਤੇ ਸਾਹਿਤਕਾਰ ਬਲਰਾਮ ਬੋਧੀ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਗਰੁੱਪ ਦੇ ਵਲੰਟੀਅਰ ਮੀਡੀਆ ਐਡਵਾਈਜ਼ਰ ਅਮਨ ਅਰੋੜਾ ਨੇ ਦੱਸਿਆ ਕਿ ਸੀਨੀਅਰ ਵਿਕੀਮੀਡੀਅਨਜ਼ ਸਤਦੀਪ ਗਿੱਲ, ਨਿਤੇਸ਼ ਗਿੱਲ ਅਤੇ ਗਰੁੱਪ ਕੋਆਰਡੀਨੇਟਰ ਕੁਲਦੀਪ ਬੁਰਜ ਭਲਾਈਕੇ ਵੱਲੋਂ ਦਿੱਤੇ ਮੰਗ ਪੱਤਰ ਵਿੱਚ ਪੰਜਾਬ ਸਰਕਾਰ ਕੋਲੋਂ ਜਨਤਕ ਧਨ ਨਾਲ ਛਪਣ ਵਾਲੀ ਸਾਰੀ ਸਮੱਗਰੀ ਨੂੰ ਕਾਪੀਰਾਈਟ ਤੋਂ ਮੁਕਤ ਕਰਨ ਦੀ ਅਪੀਲ ਕੀਤੀ ਗਈ ਹੈ। ਗਰੁੱਪ ਦਾ ਮੰਨਣਾ ਹੈ ਕਿ ਏਆਈ ਦੇ ਦੌਰ ਵਿੱਚ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਅਤੇ ਵਿਕਾਸ ਲਈ ਇੰਟਰਨੈੱਟ ਅਤੇ ਡਿਜੀਟਲ ਪਲੇਟਫਾਰਮ 'ਤੇ ਗਿਆਨ-ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਬਾਰੇ ਪੰਜਾਬੀ ਵਿੱਚ ਵੱਧ ਤੋਂ ਵੱਧ ਸਮੱਗਰੀ ਉਪਲੱਬਧ ਹੋਣੀ ਚਾਹੀਦੀ ਹੈ। ਮੰਗ ਪੱਤਰ ਵਿੱਚ ਇਹ ਵੀ ਦਰਸਾਇਆ ਗਿਆ ਕਿ ਤਾਮਿਲਨਾਡੂ ਅਤੇ ਓਡੀਸ਼ਾ ਵਰਗੇ ਰਾਜਾਂ ਵੱਲੋਂ ਇਸ ਤਰ੍ਹਾਂ ਦੇ ਕਦਮ ਪਹਿਲਾਂ ਹੀ ਚੁੱਕੇ ਜਾ ਚੁੱਕੇ ਹਨ। ਮੁੱਖ ਮਹਿਮਾਨ ਤੇਜਿੰਦਰ ਮਹਿਤਾ ਨੇ ਗਰੁੱਪ ਵੱਲੋਂ ਕੀਤੀ ਮੰਗ ਬਾਰੇ ਸਕਾਰਾਤਮਕ ਪ੍ਰਤੀਕ੍ਰਿਆ ਦਿੰਦੇ ਹੋਏ ਭਰੋਸਾ ਦਿਵਾਇਆ ਕਿ ਉਹ ਇਸ ਮੰਗ ਦੇ ਪੈਰੋਕਾਰ ਅਤੇ ਵਕੀਲ ਵਜੋਂ ਭੂਮਿਕਾ ਨਿਭਾਉਂਦੇ ਹੋਏ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਹਰੇਕ ਸਬੰਧਤ ਅਥਾਰਟੀ ਤੱਕ ਇਸ ਮੰਗ ਨੂੰ ਮੰਜ਼ੂਰ ਕਰਵਾਉਣ ਲਈ ਪਹੁੰਚ ਕਰਨਗੇ। ਪ੍ਰਧਾਨਗੀ ਭਾਸ਼ਣ ਦੌਰਾਨ ਡਾ. ਭੀਮ ਇੰਦਰ ਸਿੰਘ ਨੇ ਵੀ ਇਸ ਮੰਗ ਨੂੰ ਜਾਇਜ਼ ਕਰਾਰ ਦਿੱਤਾ। ਚਰਨ ਗਿੱਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਡਿਜੀਟਲ ਯੁੱਗ ਨਾਲ ਜੋੜਨਾ ਸਮੇਂ ਦੀ ਲੋੜ ਹੈ ਅਤੇ ਵਿਕੀਮੀਡੀਆ ਪ੍ਰੋਜੈਕਟ ਇਸ ਕੰਮ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।ਵਰਕਸ਼ਾਪ ਦੇ ਤਕਨੀਕੀ ਸੈਸ਼ਨਾਂ ਦੌਰਾਨ ਨਿਤੇਸ਼ ਗਿੱਲ, ਸਤਦੀਪ ਗਿੱਲ ਅਤੇ ਕੁਲਦੀਪ ਬੁਰਜ ਭਲਾਈਕੇ ਨੇ ਮੁੱਖ ਟ੍ਰੇਨਰਾਂ ਵਜੋਂ ਭਾਗੀਦਾਰਾਂ ਨੂੰ ਵਿਕੀਪੀਡੀਆ ਸੰਪਾਦਨ, ਰੈਫਰੰਸ ਜੋੜਨ ਅਤੇ ਨਵੀਂ ਸਮੱਗਰੀ ਜੋੜਣ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਵਰਕਸ਼ਾਪ ਵਿੱਚ ਸੋਨੀਆ ਅਟਵਾਲ, ਤਮਨਪ੍ਰੀਤ ਕੌਰ, ਗੁਰਤੇਜ ਚੌਹਾਨ, ਗੁਰਮੇਲ ਕੌਰ ਗਿੱਲ, ਅਸ਼ਵਿੰਦਰ ਕੌਰ, ਰਾਜਦੀਪ ਕੌਰ, ਹਰਪ੍ਰੀਤ ਦੁਗਾਲ, ਤਰਨ ਗੋਸਵਾਮੀ, ਹਰਮਨਜੀਤ ਸਿੰਘ ਅਤੇ ਹੋਰ ਵਿਦਿਆਰਥੀਆਂ, ਖੋਜ ਸਕਾਲਰਾਂ ਅਤੇ ਵਿਕੀਪੀਡੀਆ ਵਿੱਚ ਰੁਚੀ ਰੱਖਣ ਵਾਲੇ ਲੋਕਾਂ ਨੇ ਭਾਗ ਲਿਆ।